*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 14, ਅੰਕ-7, ਜੁਲਾਈ 2024
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਪਰਵਾਸ ਅਤੇ ਉਖੜੇ ਲੋਕਾਂ ਦਾ ਘਰ ਕੈਨੇਡਾ

ਵਿਸ਼ਵ ਪੱਧਰ 'ਤੇ ਵੱਖ ਵੱਖ ਮੁਲਕਾਂ ਵਿਚ ਪੈਦਾ ਹੋਏ ਸੰਕਟਾਂ ਨੂੰ ਆਰਥਿਕ ਗੈਰ-ਬਰਾਬਰੀ, ਸਮਾਜਿਕ ਟਕਰਾਅ ਅਤੇ ਫੇਲ੍ਹ ਹੋ ਰਹੀਆਂ ਜਮਹੂਰੀਅਤ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਵਰਲਡ ਡਿਵੈਲਪਮੈਂਟ ਰਿਪੋਰਟ 2023 ਜੋ ਕਿ ਪਰਵਾਸ, ਜਬਰੀ ਪੈਦਾ ਕੀਤਾ ਜਾ ਰਹੇ ਰਫਿਊਜੀ ਅਤੇ ਸਮਾਜਿਕ ਸੰਕਟਾਂ ਨੂੰ ਕੇਂਦਰ ਵਿਚ ਰੱਖ ਕੇ ਜ਼ਿਕਰ ਕਰਦੀ ਹੈ, "ਅਜੋਕੇ ਸੰਸਾਰ ਵਿਚ 184 ਮਿਲੀਅਨ ਲੋਕਾਂ ਨੇ ਪਰਵਾਸ ਕੀਤਾ ਹੈ। ਜਿਨ੍ਹਾਂ ਵਿਚ 37 ਮਿਲੀਅਨ ਲੋਕ ਰਫਿਊਜੀ ਹਨ। ਬਹੁਤ ਵੱਡਾ ਪਰਵਾਸ ਜੰਗੀ ਖੇਤਰਾਂ, ਗਰੀਬ ਅਤੇ ਵਿਕਾਸਸ਼ੀਲ ਮੁਲਕਾਂ ਵਿਚੋਂ ਹੋਇਆ ਹੈ। ਜਿਨ੍ਹਾਂ ਮੁਲਕਾਂ ਵਿਚ ਕਿਰਤ ਦੀ ਕੀਮਤ ਬੜੀ ਘੱਟ ਹੈ। ਕਈ ਖੇਤਰਾਂ ਵਿਚ ਸਮਾਜਿਕ ਅਤੇ ਵਾਤਾਵਰਣਕ ਸਥਿਤੀਆਂ ਵਿਚ ਅਸੰਤੁਲਨ ਪੈਦਾ ਹੋ ਗਿਆ ਹੈ। ਜਿਸ ਕਾਰਨ ਵੱਡੀ ਪੱਧਰ 'ਤੇ ਪੁਰਸ਼ ਹੀ ਨਹੀਂ ਬਲਕਿ 49 ਪ੍ਰਤੀਸ਼ਤ ਔਰਤ ਅਤੇ ਲੜਕੀਆਂ ਨੇ ਪਰਵਾਸ ਕੀਤਾ ਹੈ। ਜੰਗ ਦੇ ਖੇਤਰ ਜਿਨ੍ਹਾਂ ਦੀ ਸੀਰੀਆ, ਅਫ਼ਗਾਨਿਸਤਾਨ, ਸਾਊਥ ਸੁਡਾਨ ਵਿਚੋਂ 19.9 ਮਿਲੀਅਨ ਲੋਕਾਂ ਨੇ ਜੰਗ ਤੋਂ ਭੈਅ-ਭੀਤ ਹੁੰਦਿਆਂ ਜਾਂ ਜੰਗ ਅਖਾੜੇ ਕਾਰਨ ਪਰਵਾਸ ਕੀਤਾ ਹੈ। ਹੁਣ ਫਲਸਤੀਨ ਦਾ ਇਕ ਕਿਸਮ ਨਾਲ ਤਬਾਹੀ ਦੇ ਕੰਢੇ ਖੜ੍ਹਾ ਗਿਆ ਹੈ। ਦੁਨੀਆ ਵਿਚ ਸਭ ਤੋਂ ਵੱਡਾ ਪਰਵਾਸ 1900 ਵਿਚ ਬਰਤਾਨੀਆ ਤੋਂ ਹੋਇਆ ਸੀ। ਜਦੋਂ 41 ਪ੍ਰਤੀਸ਼ਤ ਲੋਕ ਜਿਨ੍ਹਾਂ ਦੀ ਗਿਣਤੀ




17 ਮਿਲੀਅਨ ਬਣਦੀ ਸੀ, ਨੇ ਉਜੜ ਰਹੀ ਕਿਸਾਨੀ ਕਾਰਨ ਪਰਵਾਸ ਕੀਤਾ ਸੀ। ਇਹ ਪਰਵਾਸ ਵਿਚੋਂ ਬਹੁਗਿਣਤੀ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਮੁਲਕਾਂ ਵਿਚ ਚਲੀ ਗਈ ਸੀ। ਵਰ੍ਹਾ 1960 ਤੋਂ ਬਾਅਦ ਜਿਸ ਕਿਸਮ ਨਾਲ ਅਮਰੀਕਾ ਨੂੰ ਡਾਕਟਰਾਂ, ਖੇਤੀ ਮਾਹਿਰਾਂ ਅਤੇ ਬਾਅਦ ਵਿਚ ਆਈ.ਟੀ. ਸੈਕਟਰਾਂ ਦੇ ਇੰਜੀਨੀਅਰਾਂ ਦੀ ਲੋੜ ਪਈ। ਬਹੁਗਿਣਤੀ ਭਾਰਤ ਸਮੇਤ ਪੰਜਾਬ ਵਿਚੋਂ ਬਰੇਨ-ਡਰੇਨ ਦੇ ਰੂਪ ਵਿਚ ਪਰਵਾਸ ਕੀਤਾ।

ਅਜੋਕਾ ਦੌਰ ਜਦੋਂ ਅਮਰੀਕਾ ਅਤੇ ਉਸ ਵਰਗੇ ਹੋਰ ਮੁਲਕ ਕੈਨੇਡਾ ਆਰਥਿਕ ਸਾਮਰਾਜੀ ਤੌਰ 'ਤੇ ਬਰਕਰਾਰ ਰਹਿਣਾ ਚਾਹੁੰਦੇ ਹਨ ਉਹ ਵੱਡੀ ਗਿਣਤੀ ਵਿਚ ਵੱਖ ਵੱਖ ਪੱਧਰ ਦੀ ਮਜ਼ਦੂਰੀ ਲਈ ਆਪਣੀਆਂ ਪਰਵਾਸ ਦੀਆਂ ਨੀਤੀਆਂ ਬਣਾਉਂਦੇ ਅਤੇ ਬਦਲਦੇ ਰਹਿੰਦੇ ਹਨ ਤਾਂ ਕਿ ਉਨ੍ਹਾਂ ਨੂੰ ਸਸਤੀ ਲੇਬਰ ਮਿਲ ਸਕੇ। ਜਿਸ ਕਿਸਮ ਨਾਲ ਅਮਰੀਕਾ ਅਤੇ ਕੈਨੇਡਾ ਵਿਦੇਸ਼ੀ ਕਾਮਿਆਂ ਅਤੇ ਭਾਈਚਾਰਿਆਂ ਉਪਰ ਉਸਰਿਆ ਹੈ ਜਿਸ ਵਿਚ 85 ਪ੍ਰਤੀਸ਼ਤ ਤੋਂ ਵੱਧ ਲੋਕ ਵਿਦੇਸ਼ਾਂ ਵਿਚੋਂ ਆ ਕੇ ਕੱਚੇ ਜਾਂ ਪੱਕੇ ਰੂਪ ਵਿਚ ਬਾਸ਼ਿੰਦਿਆਂ ਤੌਰ 'ਤੇ ਕਾਰਜ ਕਰਦੇ ਹਨ। ਇਸੇ ਤਰ੍ਹਾਂ ਕੈਨੇਡਾ ਵਰਗੇ ਮੁਲਕ ਨੇ ਕੌਮਾਂਤਰੀ ਵਿਦਿਆਰਥੀਆਂ ਦੇ ਰੂਪ ਵਿਚ ਪਰਵਾਸ ਦਾ ਸਿਲਸਿਲਾ ਵਿੱਢਿਆ। ਇਕ ਪਾਸੇ ਨੌਜਵਾਨ ਵਰਗ ਅਤੇ ਸਸਤੀ ਲੇਬਰ ਮਿਲ ਸਕੇ। ਇਸ ਨੇ ਪੰਜਾਬ ਵਰਗੇ ਖਿੱਤੇ ਨੂੰ ਬੜਾ ਪ੍ਰਭਾਵਤ ਕੀਤਾ। ਜਿਸ ਕਾਰਨ ਵੱਡੀ ਪੱਧਰ 'ਤੇ ਪਰਵਾਸ 2010 ਤੋਂ ਬਾਅਦ ਇਨ੍ਹਾਂ ਮੁਲਕਾਂ ਵਿਚ ਬੜੀ ਤੇਜ਼ੀ ਨਾਲ ਹੋਇਆ। ਜਿਸ ਕਿਸਮ ਨਾਲ ਇਨ੍ਹਾਂ ਸਮਾਜਾਂ ਵਿਚ ਵੱਖ ਵੱਖ ਧਰਮਾਂ, ਮਜ਼੍ਹਬਾਂ, ਵਿਚਾਰਾਂ ਅਤੇ ਸਮਾਜਿਕ ਸਰੋਕਾਰਾਂ ਦੇ ਲੋਕ ਪਰਵਾਸ ਕਰਕੇ ਪਹੁੰਚ ਚੁੱਕੇ ਹਨ। ਇਨ੍ਹਾਂ ਮੁਲਕਾਂ ਦੀ ਸਮਾਜਿਕ ਸੰਰਚਨਾ ਵਿਚ ਵੱਡੀ ਤਬਦੀਲੀ ਆਈ ਹੈ। ਕਈ ਕਿਸਮ ਦੀ ਰਾਜਨੀਤੀ ਉਤਪੰਨ ਹੋ ਰਹੀ ਹੈ। ਸਭ ਤੋਂ ਵੱਡਾ ਖਤਰਾ ਜਿਸ ਕਿਸਮ ਨਾਲ ਭਾਰਤ ਵਿਚ ਧਰਮਾਂ ਦੀ ਰਾਜਨੀਤੀ ਕੈਨੇਡਾ ਅਤੇ ਅਮਰੀਕਾ ਵਿਚ ਵੀ ਉਸੇ ਕਿਸਮ ਦੀ ਰਾਜਨੀਤੀ ਸੱਜੇਪੱਖੀ ਵਿਚਾਰਾਂ ਅਤੇ ਹੁਕਮਰਾਨਾ ਵਾਸਤੇ ਨਵੀਂ ਜ਼ਮੀਨ ਤਿਆਰ ਕਰ ਚੁੱਕੀ ਹੈ।

ਜਿਥੇ ਵੱਧ ਰਹੀ ਅਸਹਿਣਸ਼ੀਲਤਾ, ਆਰਥਿਕ ਗੈਰ-ਬਰਾਬਰਤਾ ਅਤੇ ਲੁੱਟ ਵਾਲੀ ਧਾਰਾ ਨੂੰ ਰੋਕਣ ਅਤੇ ਬਦਲ ਲਈ ਇਤਿਹਾਸ ਦੇ ਵੱਖ ਵੱਖ ਦੌਰਾਂ ਵਿਚ ਲੋਕਾਂ ਨੇ ਆਪਣੇ ਸਮਾਜ ਉਸਾਰੇ ਅਤੇ ਸਾਂਝੀਵਾਲਤਾ ਦੇ ਵਿਚਾਰ ਨੂੰ ਜਨਸਮੂਹ ਦਾ ਹਿੱਸਾ ਬਣਾਇਆ। ਮਨੁੱਖ ਨੂੰ ਮਨੁੱਖ ਦੀ ਕੀਮਤ ਦਾ ਅਹਿਸਾਸ ਕਰਾਇਆ। ਇਸ ਕਿਸਮ ਦੀ ਵਿਰਾਸਤ ਹਰੇਕ ਦੁਨੀਆ ਦੇ ਕੋਨੇ ਵਿਚ ਸਮੋਈ ਹੋਈ ਹੈ। ਉਸ ਨੂੰ ਮੁੜ ਲੋਕਾਂ ਦੀ ਜੀਵਨ ਜਾਚ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਕਿਸਮ ਦੇ ਸਰੋਕਾਰਾਂ ਦੀ ਆਵਾਜ਼ ਉਠਾਉਣਾ ਸਾਡਾ ਇਖਲਾਕੀ ਫਰਜ਼ ਅਤੇ ਜ਼ਿੰਮੇਵਾਰੀ ਬਣਦੀ ਹੈ।

**- ਸੰਪਾਦਕੀ ਬੋਰਡ**

**ਇਸ ਅੰਕ ਵਿਚ ਲੋਕ ਪੱਖੀ ਤੇ ਖੇਤੀ ਵਿਦਵਾਨ ਪੀ. ਸਾਈਨਾਥ ਵਲੋਂ ਚਲਾਈ ਜਾ ਰਹੀ 'People's Archiv of Rural India, ruralindiaonline.org, Chief Editor : P. Sainath' ਵਲੋਂ ਇਸ ਵਾਰੀ ਵਿਸ਼ੇਸ਼ ਲਿਖਤ 'ਕੁਲਵਿੰਦਰ ਕੌਰ: ਕਾਨੂੰਨ ਉਲੰਘਕ ਤੋਂ ਕਾਨੂੰਨ ਘਾੜ੍ਹੇ ਵੱਲ ?' ਵਿਸ਼ਵ ਭਾਰਤੀ ਵਲੋਂ ਲਿਖੀ ਹੋਈ ਦੇ ਰਹੇ ਹਾਂ।**















NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca



14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।

| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |





urban Real Estate Services Ltd.

Hardeep Dhaliwal
REALTOR
DIRECT : 403-629-6257
403-827-6257

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

New Location

Extensive experience with Revenue Canada audits, reviews etc.

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca



Harpinder Sidhu INSURANCE EXPERT

Punjab Insurance Inc

SUPER VISA INSURANCE

* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU

403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


















# ਲੇਖਿਕਾ ਅਰੁੰਧਤੀ ਰਾਏ ਦੀ ਆਵਾਜ਼ ਹਾਕਮਾਂ ਲਈ ਚੁਣੌਤੀ ਕਿਉਂ


ਬੂਟਾ ਸਿੰਘ
ਮਹਿਮੂਦਪੁਰ
94634-74342



ਦਿੱਲੀ ਦੇ ਉੱਪ ਰਾਜਪਾਲ ਨੇ ਆਲਮੀ ਤੌਰ 'ਤੇ ਮਕਬੂਲ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ਼ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਇਕ ਕੇਸ ਵਿਚ ਯੂਏਪੀਏ-1967 ਤਹਿਤ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇ ਕੇ ਇਹ ਸੰਕੇਤ ਦੇ ਦਿੱਤਾ ਹੈ ਕਿ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨਾ ਭਗਵਾ ਹਕੂਮਤ ਦੀ ਪਹਿਲੀ ਤਰਜੀਹ ਹੈ। 2010 'ਚ 'ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਕਮੇਟੀ' ਵੱਲੋਂ ਦਿੱਲੀ ਵਿਚ ਕਸ਼ਮੀਰ ਦੇ ਸਵਾਲ ਉੱਪਰ 'ਆਜ਼ਾਦੀ: ਇੱਕੋਇਕ ਰਾਹ' ਨਾਂ ਦੀ ਕਾਨਫਰੰਸ ਕਰਵਾਈ ਗਈ ਸੀ ਜਿਸ ਵਿਚ ਬੁਲਾਰਿਆਂ ਨੇ ਕਸ਼ਮੀਰ ਬਾਰੇ ਚਰਚਾ ਕਰਦਿਆਂ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਹੱਕ ਦੀ ਇਤਿਹਾਸਕ ਤੱਥਾਂ ਸਹਿਤ ਵਜਾਹਤ ਕੀਤੀ ਸੀ। ਪ੍ਰਮੁੱਖ ਹੁਰੀਅਤ ਆਗੂ ਮਰਹੂਮ ਸਈਅਦ ਅਲੀ ਸ਼ਾਹ ਗਿਲਾਨੀ, ਪਾਰਲੀਮੈਂਟ ਉੱਪਰ ਸ਼ੱਕੀ ਦਹਿਸ਼ਤਵਾਦੀ ਹਮਲੇ 'ਚ ਫਸਾਏ ਮਰਹੂਮ ਪ੍ਰੋਫੈਸਰ ਐੱਸਏਆਰ ਗਿਲਾਨੀ, ਬੁੱਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ, ਡਾ. ਸ਼ੇਖ਼ ਸ਼ੌਕਤ ਹੁਸੈਨ ਅਤੇ ਇਨਕਲਾਬੀ ਕਵੀ ਪ੍ਰੋਫੈਸਰ ਵਰਾਵਰਾ ਰਾਓ ਮੁੱਖ ਵਕਤਾ ਸਨ। ਸੁਸ਼ੀਲ ਪੰਡਤ ਨਾਂ ਦੇ ਇਕ ਕਥਿਤ ਕਸ਼ਮੀਰੀ ਕਾਰਕੁਨ ਨੇ ਦਿੱਲੀ ਦੀ ਇਕ ਮੈਟਰੋਪੋਲਿਟਨ ਮੈਜਿਸਟ੍ਰੇਟ ਅਦਾਲਤ ਵਿਚ ਸ਼ਿਕਾਇਤ ਕਰਕੇ ਬੁਲਾਰਿਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਅਦਾਲਤੀ ਹੁਕਮਾਂ 'ਤੇ 27 ਨਵੰਬਰ 2010 ਨੂੰ ਦਿੱਲੀ ਪੁਲਿਸ ਵੱਲੋਂ ਐੱਫਆਈਆਰ ਦਰਜ ਕੀਤੀ ਗਈ ਸੀ।

ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਬੁਲਾਰਿਆਂ ਨੇ ਆਪਣੇ ਭੜਕਾਊ ਭਾਸ਼ਣਾਂ 'ਚ ਇਹ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਰਿਹਾ ਅਤੇ ਇਸ ਉੱਪਰ ਭਾਰਤੀ ਹਕੂਮਤ ਨੇ ਫ਼ੌਜੀ ਤਾਕਤ ਦੇ ਜ਼ੋਰ ਕਬਜ਼ਾ ਕੀਤਾ ਹੋਇਆ ਹੈ। ਦਿੱਲੀ ਪੁਲਿਸ, ਜੋ ਸੱਤਾਧਾਰੀ ਗੁੰਡਿਆਂ ਦੇ ਦਹਿਸ਼ਤਵਾਦੀ ਕਾਰਿਆਂ ਨੂੰ ਸਰੇਆਮ ਅੱਖੋਂ ਪਰੋਖੇ ਕਰਨ ਅਤੇ ਸੱਤਾ ਦੇ ਇਸ਼ਾਰੇ 'ਤੇ ਮਜ਼ਲੂਮਾਂ ਤੇ ਆਲੋਚਕ ਆਵਾਜ਼ਾਂ ਵਿਰੁੱਧ ਕੇਸ ਦਰਜ ਕਰਨ ਲਈ ਬਦਨਾਮ ਹੈ, ਨੇ ਬੁਲਾਰਿਆਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮੰਗੀ ਸੀ। ਉਦੋਂ ਤੋਂ ਹੀ ਪੁਲਿਸ ਅਤੇ ਭਗਵਾ ਬਰਗੇਡ ਮਨਜ਼ੂਰੀ ਉਡੀਕ ਰਹੇ ਸਨ ਤਾਂ ਜੋ ਇਸ ਨੂੰ ਆਲੋਚਕ ਆਵਾਜ਼ਾਂ 'ਚ ਖ਼ੌਫ਼ ਪੈਦਾ ਕਰਨ ਦਾ ਹਥਿਆਰ ਬਣਾਇਆ ਜਾ ਸਕੇ।

ਦਰਅਸਲ, ਲੇਖਿਕਾ ਨੇ ਕਸ਼ਮੀਰ ਦੇ ਸਵਾਲ ਬਾਰੇ ਆਪਣੇ ਵਿਚਾਰ ਪ੍ਰਗਟਾਏ ਸਨ, ਉਸ ਵਿਚ ਦੇਸ਼ ਵਿਰੋਧੀ ਜਾਂ ਹਿੰਸਾ ਭੜਕਾਉਣ ਵਾਲੀ ਕੋਈ ਗੱਲ ਨਹੀਂ ਸੀ। ਇਨ੍ਹਾਂ ਭਾਸ਼ਣਾਂ ਨਾਲ ਨਾ ਤਾਂ ਕੋਈ ਹਿੰਸਾ ਭੜਕੀ ਸੀ, ਨਾ ਕੋਈ ਅਮਨ-ਕਾਨੂੰਨ ਦੀ ਸਮੱਸਿਆ ਖੜ੍ਹੀ ਹੋਈ ਸੀ ਅਤੇ ਨਾ ਹੀ ਕਥਿਤ ਸ਼ਿਕਾਇਤਕਰਤਾ ਤੇ ਭਗਵਾ ਬਰਗੇਡ ਤੋਂ ਸਿਵਾਏ ਕਿਸੇ ਦੀਆਂ ਭਾਵਨਾਵਾਂ ਭੜਕੀਆਂ ਸਨ। ਕਾਨਫਰੰਸ ਤੋਂ ਅਗਲੇ ਦਿਨ ਜਦੋਂ ਭਗਵਾ ਹਜੂਮ ਨੇ ਅਰੁੰਧਤੀ ਰਾਏ ਦੇ ਘਰ 'ਚ ਘੁਸ ਕੇ ਹੰਗਾਮਾ ਕੀਤਾ ਤਾਂ ਇਸ ਦੀ ਕਵਰੇਜ ਲਈ ਗੋਦੀ ਮੀਡੀਆ ਦੀਆਂ ਓਬੀ ਵੈਨਾਂ ਉਨ੍ਹਾਂ ਦੇ ਨਾਲ ਸਨ। ਜਿਸ ਤੋਂ ਪਤਾ ਲੱਗਦਾ ਸੀ ਕਿ ਇਹ ਸਭ ਮੁੱਦੇ ਨੂੰ ਸਨਸਨੀਖੇਜ਼ ਬਣਾਉਣ ਲਈ ਗਿਣੀ-ਮਿੱਥੀ ਯੋਜਨਾ ਤਹਿਤ ਕੀਤਾ ਜਾ ਰਿਹਾ ਸੀ। ਭਾਜਪਾ ਦੇ ਮਹਿਲਾ ਵਿੰਗ ਦੀਆਂ ਸੌ ਕੁ ਔਰਤਾਂ ਨੇ ਹੜਦੁੰਗ ਮਚਾਉਂਦਿਆਂ ਮੰਗ ਕੀਤੀ ਸੀ ਕਿ ਲੇਖਿਕਾ ਇਹ ਟਿੱਪਣੀਆਂ ਵਾਪਸ ਲਏ ਜਾਂ ਮੁਲਕ ਛੱਡ ਕੇ ਚਲੀ ਜਾਵੇ। (ਹੁਣ ਵੀ ਉੱਪ ਰਾਜਪਾਲ ਵੱਲੋਂ ਮਨਜ਼ੂਰੀ ਦੀ ਖ਼ਬਰ ਨਸ਼ਰ ਹੁੰਦੇ ਸਾਰ ਭਗਵਾ ਟਰੌਲ ਫ਼ੌਜ ਤੁਰੰਤ ਸਰਗਰਮ ਹੋ ਗਈ ਅਤੇ ਅਰੁੰਧਤੀ ਰਾਏ ਦੇ ਉਸ ਭਾਸ਼ਣ ਦੇ ਇਕ ਹਿੱਸੇ ਨੂੰ ਵੱਢ-ਟੁੱਕ ਕੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਇਹ ਗ਼ਲਤ ਤਸਵੀਰ ਪੇਸ਼ ਕਰਨ ਲਈ ਧੜਾਧੜ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਤਾਂ ਘੋਰ ਦੇਸ਼ਧ੍ਰੋਹੀ ਸ਼ੈਤਾਨ ਹੈ ਜਿਸ ਵਿਰੁੱਧ ਯੂਏਪੀਏ ਤਹਿਤ ਕਾਰਵਾਈ ਨੂੰ ਮਨਜ਼ੂਰੀ ਪੂਰੀ ਤਰ੍ਹਾਂ ਜਾਇਜ਼ ਹੈ।)

ਉਦੋਂ ਭਗਵਾ ਪ੍ਰਤੀਕਰਮ ਦੇ ਜਵਾਬ 'ਚ ਅਰੁੰਧਤੀ ਰਾਏ ਨੇ ਕਿਹਾ ਸੀ, 'ਸਰਕਾਰ (ਉਸ ਸਮੇਂ ਕਾਂਗਰਸ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ) ਨੇ ਸੰਕੇਤ ਦਿੱਤਾ ਹੈ ਕਿ ਉਸ ਦੀ ਮੇਰੇ ਵਿਰੁੱਧ ਰਾਜਧ੍ਰੋਹ ਦੇ ਦੋਸ਼ਾਂ ਨੂੰ ਅੱਗੇ ਵਧਾਉਣ ਦੀ ਮਨਸ਼ਾ ਨਹੀਂ ਹੈ...ਇਸ ਲਈ ਇਵੇਂ ਲੱਗਦਾ ਹੈ ਕਿ ਮੈਨੂੰ ਮੇਰੇ ਵਿਚਾਰਾਂ ਲਈ ਸਜ਼ਾ ਦੇਣ ਦਾ ਕੰਮ ਸੱਜੇਪੱਖੀ ਸਟੌਰਮ-ਟ੍ਰੂਪਰਾਂ (ਨਾਜ਼ੀਵਾਦੀ ਤਰਜ਼ ਦੇ ਗਰੋਹਾਂ) ਨੇ ਸਾਂਭ ਲਿਆ ਹੈ... ਪਰ ਅਜਿਹਾ ਕਿਉਂ ਹੈ ਕਿ ਮੁੱਖਧਾਰਾ ਮੀਡੀਆ ਦੇ ਕੁਝ ਹਿੱਸੇ ਵੀ ਅਜਿਹਾ ਹੀ ਕਰ ਰਹੇ ਹਨ? ਕੀ ਪ੍ਰਚਲਤ ਤੋਂ ਵੱਖਰੇ ਵਿਚਾਰ ਰੱਖਣ ਵਾਲਾ ਲੇਖਕ ਬੰਬ ਧਮਾਕੇ ਦੇ ਕਿਸੇ ਸ਼ੱਕੀ ਵਿਅਕਤੀ ਨਾਲੋਂ ਜ਼ਿਆਦਾ ਖ਼ਤਰਨਾਕ ਹੈ?'

ਪਿਛਲੇ ਸਾਲ ਉੱਪ ਰਾਜਪਾਲ ਨੇ ਇਸ ਮਾਮਲੇ 'ਚ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 153ਏ, 153ਬੀ ਅਤੇ 505 ਲਗ ਕੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇ ਦਿੱਤੀ ਸੀ। ਹੁਣ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂਏਪੀਏ-1967 ਦੀ ਧਾਰਾ 13 ਦੇ ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ। ਯੂਏਪੀਏ ਦੀ ਧਾਰਾ 13 ਗ਼ੈਰਕਾਨੂੰਨੀ ਕਾਰਵਾਈ ਲਈ ਉਕਸਾਉਣ, ਪ੍ਰੇਰਿਤ ਕਰਨ ਜਾਂ ਵਕਾਲਤ ਕਰਨ ਵਿਰੁੱਧ ਕਾਰਵਾਈ ਕਰਨ ਲਈ ਹੈ। ਆਈਪੀਸੀ ਦੀ ਧਾਰਾ 153ਏ ਧਰਮ, ਨਸਲ, ਜਨਮ-ਸਥਾਨ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਵਧਾਉਣ ਅਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਸੰਬੰਧੀ ਹੈ ਜਦਕਿ ਧਾਰਾ 153ਬੀ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਨਾਲ ਸੰਬੰਧਤ ਹੈ। ਧਾਰਾ 505 ਜਾਣ-ਬੁੱਝਕੇ ਸ਼ਾਂਤੀ ਭੰਗ ਕਰਨ ਦੇ ਇਰਾਦੇ ਵਿਰੁੱਧ ਕਾਰਵਾਈ ਕਰਨ ਨਾਲ ਸੰਬੰਧਤ ਹੈ। ਯੂਏਪੀਏ ਦੀ ਉਪਰੋਕਤ ਧਾਰਾ ਤਹਿਤ ਵੱਧ ਤੋਂ ਵੱਧ ਸੱਤ ਸਾਲ ਦੀ ਕੈਦ ਦੀ ਸਜ਼ਾ ਅਤੇ ਇਸੇ ਤਰ੍ਹਾਂ ਆਈਪੀਸੀ ਦੀਆਂ ਉਪਰੋਕਤ ਧਾਰਾਵਾਂ ਤਹਿਤ ਵੀ ਸਖ਼ਤ ਸਜ਼ਾ ਦੀ ਵਿਵਸਥਾ ਹੈ। 14 ਸਾਲ ਦੇ ਲੰਮੇ ਅਰਸੇ ਬਾਅਦ ਦਿੱਤੀ ਇਹ ਮਨਜ਼ੂਰੀ ਸਿਰਫ਼ ਸੱਤਾ ਵੱਲੋਂ ਕਾਨੂੰਨਾਂ ਦੀ ਮਨਮਾਨੀ ਵਰਤੋਂ ਰਾਹੀਂ ਨਾਗਰਿਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਨੂੰ ਹੀ ਨਹੀਂ ਦਰਸਾਉਂਦੀ ਸਗੋਂ ਫ਼ੌਜਦਾਰੀ ਦੰਡਾਵਲੀ ਅਤੇ ਯੂਏਪੀਏ ਵਿਚ ਇਨ੍ਹਾਂ ਵਿਵਸਥਾਵਾਂ ਦੀ ਮਨਮਾਨੀ ਵਰਤੋਂ ਨੂੰ ਰੋਕਣ ਲਈ ਕੀਤੀ ਕੰਟਰੋਲ ਅਤੇ ਸੰਤੁਲਨ ਦੀ ਵਿਵਸਥਾ ਦੀ ਅਸਫ਼ਲਤਾ ਨੂੰ ਵੀ ਦਰਸਾਉਂਦੀ ਹੈ। ਯੂਏਪੀਏ ਦੇ ਸੈਕਸ਼ਨ 45(2) ਵਿਚ ਮੁਕੱਦਮਾ ਚਲਾਏ ਜਾਣ ਨੂੰ ਅਗਾਊਂ ਮਨਜ਼ੂਰੀ ਦੀ ਇਕ ਵਿਵਸਥਾ ਕੀਤੀ ਗਈ ਹੈ, ਤਾਂ ਜੋ ਇਨ੍ਹਾਂ ਵਿਸ਼ੇਸ਼ ਤਾਕਤਾਂ ਦੀ ਮਨਮਾਨੀ ਵਰਤੋਂ ਨਾ ਹੋਵੇ। ਇਸੇ ਤਰ੍ਹਾਂ ਫ਼ੌਜਦਾਰੀ ਦੰਡਾਵਲੀ ਦੇ ਸੈਕਸ਼ਨ 196 ਤਹਿਤ 153ਏ ਅਤੇ 153ਬੀ ਦੇ ਸੈਕਸ਼ਨ ਤਹਿਤ ਦਰਜ ਕੀਤੇ ਅਪਰਾਧਾਂ ਲਈ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਸੰਬੰਧੀ ਵਿਸਤਾਰਤ ਰੀਵਿਊ ਦੀ ਵਿਵਸਥਾ ਹੈ। ਪਰ ਉੱਪ ਰਾਜਪਾਲ ਵੱਲੋਂ ਉਪਰੋਕਤ ਮਨਜ਼ੂਰੀ ਇਨ੍ਹਾਂ ਵਿਵਸਥਾਵਾਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰਕੇ ਦਿੱਤੀ ਗਈ ਹੈ, ਜਿਸ ਭਾਸ਼ਣ ਨਾਲ ਕੋਈ ਹਿੰਸਾ ਹੋਈ ਹੀ ਨਹੀਂ।

ਇਹ ਮਨਜ਼ੂਰੀ ਸਪਸ਼ਟ ਤੌਰ 'ਤੇ ਰਾਜਨੀਤਕ ਏਜੰਡੇ ਤੋਂ ਪ੍ਰੇਰਿਤ ਹੈ ਅਤੇ ਇਸ ਦੀ ਕੋਈ ਕਾਨੂੰਨੀ ਵਾਜਬੀਅਤ ਨਹੀਂ ਹੈ। ਐੱਫਆਈਆਰ ਲੱਗਭੱਗ ਚੌਦਾਂ ਸਾਲ ਪੁਰਾਣੀ ਹੈ ਅਤੇ ਇਸਦੇ ਮੱਦੇਨਜ਼ਰ, ਹਾਲੀਆ ਮਨਜ਼ੂਰੀ ਦੇਣ ਪਿੱਛੇ ਹਕੂਮਤ ਦੀ ਫਾਸ਼ੀਵਾਦੀ ਮਨਸ਼ਾ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ। ਆਉਣ ਵਾਲੇ ਦਿਨਾਂ 'ਚ ਮੋਦੀ ਵਜ਼ਾਰਤ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਦੇ ਬਕਾਇਆ ਹਿੱਸੇ ਨੂੰ ਅੰਜਾਮ ਦੇਣ ਲਈ ਸਿਲਸਿਲੇਵਾਰ ਕਦਮ ਚੁੱਕਣ ਦੀ ਤਿਆਰੀ 'ਚ ਹੈ। ਭਗਵਾ ਹਕੂਮਤ ਚਾਹੁੰਦੀ ਹੈ ਕਿ ਕੋਈ ਵੀ ਆਲੋਚਕ ਉਸਦੇ ਇਨ੍ਹਾਂ ਤਾਨਾਸ਼ਾਹ ਕਾਰਿਆਂ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਨਾ ਕਰੇ। ਆਲਮੀ ਪੱਧਰ 'ਤੇ ਮਕਬੂਲ ਲੇਖਿਕਾ ਹੋਣ ਕਾਰਨ ਅਰੁੰਧਤੀ ਰਾਏ ਹਕੂਮਤ ਨੂੰ ਖ਼ਾਸ ਕਰਕੇ ਚੁਭਦੀ ਹੈ ਕਿਉਂਕਿ ਉਸਦੀ ਬੇਬਾਕ ਆਵਾਜ਼ ਦੁਨੀਆ ਭਰ 'ਚ ਸੁਣੀ ਜਾਂਦੀ ਹੈ।


ਅਰੁੰਧਤੀ ਰਾਏ ਉਨ੍ਹਾਂ ਗਿਣਤੀ ਦੇ ਕਲਮਕਾਰਾਂ ਵਿੱਚੋਂ ਸਿਰਕੱਢ ਨਾਮ ਹੈ ਜੋ ਸਾਡੇ ਸਮਾਜ ਅਤੇ ਰਾਜ ਢਾਂਚੇ ਦੇ ਵਿਗਾੜਾਂ ਦੀ ਤਹਿ 'ਚ ਜਾ ਕੇ ਉਨ੍ਹਾਂ ਨੂੰ ਉਜਾਗਰ ਕਰਦੇ ਹਨ ਅਤੇ ਸੱਤਾ ਦੀਆਂ ਮਨਮਾਨੀਆਂ ਉੱਪਰ ਤਿੱਖੇ ਸਵਾਲ ਉਠਾਉਂਦਿਆਂ ਲਕੀਰ ਖਿੱਚ ਕੇ ਮਜ਼ਲੂਮ ਧਿਰਾਂ ਨਾਲ ਖੜ੍ਹਦੇ ਹਨ। ਚਾਹੇ ਅਮਰੀਕਨ ਸਾਮਰਾਜਵਾਦ ਸਮੇਤ ਦੁਨੀਆ ਭਰ 'ਚ ਘੋਰ ਪਿਛਾਖੜੀ ਤਾਕਤਾਂ ਦੀ ਵਧ ਰਹੀ ਦਰਿੰਦਗੀ ਹੋਵੇ ਜਾਂ ਗਾਜ਼ਾ ਵਿਚ ਅਮਰੀਕਾ ਤੇ ਪੱਛਮੀ ਸਾਮਰਾਜੀ ਤਾਕਤਾਂ ਦੀ ਪੁਸ਼ਤ-ਪਨਾਹੀ ਹੇਠ ਇਜ਼ਰਾਇਲੀ ਦਹਿਸ਼ਤਵਾਦੀ ਰਾਜ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੋਵੇ, ਅਰੁੰਧਤੀ ਰਾਏ ਨੇ ਜਾਬਰ ਹਕੂਮਤਾਂ ਦਾ ਧੜੱਲੇ ਨਾਲ ਵਿਰੋਧ ਕੀਤਾ ਹੈ ਅਤੇ ਮਜ਼ਲੂਮਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ। ਭਾਰਤ ਵਿਚ, ਸਰਕਾਰ ਚਾਹੇ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਗੱਠਜੋੜ ਦੀ ਹੋਵੇ ਜਾਂ ਭਗਵਾ ਬਰਗੇਡ ਦੀ, ਅਰੁੰਧਤੀ ਰਾਏ ਨੇ ਸੱਤਾ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਆਪਣੇ ਵਿਚਾਰ ਬੇਬਾਕੀ ਨਾਲ ਰੱਖੇ ਹਨ। ਅਰੁੰਧਤੀ ਰਾਏ ਨੇ ਪ੍ਰਮਾਣੂ ਤਜਰਬਿਆਂ, ਡੈਮਾਂ ਰਾਹੀਂ ਉਜਾੜੇ, ਪਾਰਲੀਮੈਂਟ ਉੱਪਰ ਸ਼ੱਕੀ ਹਮਲੇ ਆਦਿ ਸਵਾਲਾਂ ਉੱਪਰ ਦਲੇਰੀ ਨਾਲ ਲਿਖਿਆ ਹੈ। ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜੇ ਪਿੱਛੇ ਕੰਮ ਕਰਦੇ ਕਾਰਪੋਰੇਟ ਹਿਤਾਂ ਦਾ ਡੱਟਕੇ ਪਰਦਾਫਾਸ਼ ਕੀਤਾ ਹੈ। ਚਾਹੇ ਆਦਿਵਾਸੀਆਂ ਦਾ ਸੰਘਰਸ਼ ਹੋਵੇ, ਨਰਮਦਾ ਬਚਾਓ ਅੰਦੋਲਨ ਹੋਵੇ ਜਾਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਮੁਸਲਮਾਨ ਘੱਟਗਿਣਤੀ ਅਤੇ ਹੋਰ ਇਨਸਾਫ਼ਪਸੰਦਾਂ ਦਾ ਸ਼ਾਹੀਨ ਬਾਗ਼ ਸੰਘਰਸ਼ ਹੋਵੇ, ਜਾਂ ਮਨੀਪੁਰ ਵਿਚ ਔਰਤਾਂ ਵਿਰੁੱਧ ਘਿਨਾਉਣੀ ਜਿਨਸੀ ਹਿੰਸਾ, ਉਹ ਹਮੇਸ਼ਾ ਮਜ਼ਲੂਮ ਧਿਰ ਨਾਲ ਡੱਟ ਕੇ ਖੜ੍ਹਦੀ ਰਹੀ ਹੈ। ਚਾਹੇ ਨੋਟਬੰਦੀ ਸੀ ਜਾਂ ਕੋਰੋਨਾ ਮਹਾਮਾਰੀ ਨਾਲ ਭਾਰਤ ਦੇ ਗ਼ਰੀਬ ਲੋਕਾਂ ਦੀ ਭਿਆਨਕ ਤਬਾਹੀ, ਉਸਨੇ ਹਕੂਮਤ ਦੀਆਂ ਗ਼ਲਤ ਨੀਤੀਆਂ ਨੂੰ ਬਖ਼ੂਬੀ ਨੰਗਾ ਕੀਤਾ ਹੈ।

ਉਸ ਨੇ ਆਰਐੱਸਐੱਸ-ਭਾਜਪਾ ਦੇ ਹਿੰਦੁਤਵ ਪ੍ਰੋਜੈਕਟ ਦੀ ਇਤਿਹਾਸਕ ਤੱਥਾਂ ਅਤੇ ਦਲੀਲਾਂ ਨਾਲ ਚੀਰ-ਫਾੜ ਕੀਤੀ ਹੈ ਅਤੇ ਖ਼ਤਰਨਾਕ ਨਤੀਜਿਆਂ ਤੋਂ ਦੁਨੀਆ ਨੂੰ ਚੌਕਸ ਕੀਤਾ ਹੈ। 2018 'ਚ ਉਸ ਨੇ ਕਿਹਾ ਕਿ "1990 ਦੇ ਕਰੀਬ ਇਸ ਮੁਲਕ 'ਚ ਦੋ ਤਾਲੇ ਖੋਲ੍ਹੇ ਗਏ। ਇਕ ਬਾਬਰੀ ਮਸਜਿਦ ਦਾ ਤਾਲਾ ਅਤੇ ਦੂਜਾ ਬਜ਼ਾਰ ਦਾ। ਅੱਜ ਜੋ ਹੋ ਰਿਹਾ ਹੈ ਉਹ ਉਸੇ ਦਾ ਨਤੀਜਾ ਹੈ।" 2022 'ਚ ਉਸਨੇ ਸੱਤਾਧਾਰੀ ਭਾਜਪਾ ਦੀ ਤੁਲਨਾ 6 ਜਨਵਰੀ ਨੂੰ ਯੂਐੱਸ ਕੈਪੀਟਲ ਹਿੱਲ ਵਿਚ ਦੰਗਈਆਂ ਨਾਲ ਕੀਤੀ ਅਤੇ ਕਿਹਾ, "ਮੇਰੇ ਵਰਗੇ ਲੋਕ ਰਾਸ਼ਟਰ ਵਿਰੋਧੀਆਂ ਦੀ ਏ-ਸੂਚੀ 'ਚ ਆਉਂਦੇ ਹਨ। ਖ਼ਾਸ ਕਰਕੇ ਮੈਂ ਜੋ ਲਿਖਦੀ ਜਾਂ ਕਹਿੰਦੀ ਹਾਂ ਉਸਦੇ ਕਾਰਨ। ਖ਼ਾਸ ਤੌਰ 'ਤੇ ਕਸ਼ਮੀਰ ਬਾਰੇ।" ਫਰਵਰੀ 2022 'ਚ ਕਰਨ ਥਾਪਰ ਨਾਲ ਇੰਟਰਵਿਊ ਵਿਚ ਉਸ ਨੇ ਕਿਹਾ ਕਿ ਹਿੰਦੂ ਰਾਸ਼ਟਰਵਾਦ ਦੀ ਸੋਚ ਪਾਟਕਪਾਊ ਹੈ ਅਤੇ ਭਾਜਪਾ ਫਾਸ਼ੀਵਾਦੀ ਹੈ। ਲੇਖਿਕਾ ਨੇ ਆਸ਼ਾਵਾਦ ਨਾਲ ਕਿਹਾ ਕਿ "ਮੈਨੂੰ ਭਾਰਤੀ ਲੋਕਾਂ ਉੱਪਰ ਭਰੋਸਾ ਹੈ ਅਤੇ ਮੇਰਾ ਮੰਨਣਾ ਹੈ ਕਿ ਮੁਲਕ ਇਸ ਹਨੇਰੀ ਖਾਈ 'ਚੋਂ ਬਾਹਰ ਜ਼ਰੂਰ ਆਵੇਗਾ।" ਪਿੱਛੇ ਜਹੇ ਛਪੀ ਉਸ ਦੀ ਕਿਤਾਬ 'ਆਜ਼ਾਦੀ' ਸਾਡੇ ਸਮਿਆਂ ਦੀ ਬਿਹਤਰੀਨ ਰਚਨਾ ਹੈ।

ਜਿੱਥੇ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਉਸ ਨੂੰ ਵੱਡੇ ਮਾਣ-ਸਨਮਾਨ ਦੇ ਕੇ ਉਸ ਦੀ ਬੌਧਿਕ ਕਾਬਲੀਅਤ ਨੂੰ ਸਲਾਮ ਕੀਤੀ ਹੈ, ਉੱਥੇ ਭਾਰਤ ਵਿਚ ਉਸ ਨੂੰ ਇਸਦਾ ਵੱਡਾ ਮੁੱਲ ਤਾਰਨਾ ਪਿਆ ਹੈ, ਖ਼ਾਸ ਕਰਕੇ ਭਗਵਾ ਤਾਕਤਾਂ ਨੇ ਉਸ ਦੀ ਕਿਰਦਾਰਕੁਸ਼ੀ ਕਰਨ ਅਤੇ ਉਸ ਨੂੰ ਦੇਸ਼ਧ੍ਰੋਹੀ ਸਾਬਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਹਕੂਮਤ ਦਾ ਇਰਾਦਾ ਉਸ ਵਿਰੁੱਧ ਸਖ਼ਤ ਕਾਰਵਾਈ ਨੂੰ ਹੋਰ ਆਲੋਚਕ ਆਵਾਜ਼ਾਂ ਨੂੰ ਹਕੂਮਤ ਦੇ ਸਖ਼ਤ ਤੇਵਰਾਂ ਦਾ ਸੰਦੇਸ਼ ਦੇਣ ਦਾ ਹੈ। ਭਾਰਤ ਦੇ ਕਾਨੂੰਨ ਅਤੇ ਅਦਾਲਤਾਂ ਤਾਂ ਮੋਮ ਦੀ ਨੱਕ ਵਾਂਗ ਹਨ, ਜਿਸ ਨੂੰ ਹਕੂਮਤ ਆਪਣੀ ਇੱਛਾ ਅਨੁਸਾਰ ਜਿੱਧਰ ਨੂੰ ਚਾਹੇ ਮੋੜ ਸਕਦੀ ਹੈ। ਮੁਕੱਦਮੇ ਨੂੰ ਮਨਜ਼ੂਰੀ ਦੀ ਕੋਈ ਕਾਨੂੰਨੀ ਵਾਜਬੀਅਤ ਨਾ ਹੋਣ ਬਾਵਜੂਦ, ਅਦਾਲਤੀ ਪ੍ਰਣਾਲੀ ਉੱਪਰ ਸੱਤਾਧਾਰੀ ਧਿਰ ਦੇ ਭਾਰੀ ਦਬਾਅ ਅਤੇ ਰਾਜਤੰਤਰ ਵਿਚ ਭਗਵਾ ਅਨਸਰਾਂ ਦੀ ਡੂੰਘੀ ਘੁਸਪੈਠ ਦੇ ਮੱਦੇਨਜ਼ਰ ਹੋਰ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਦੀ ਤਰ੍ਹਾਂ ਅਰੁੰਧਤੀ ਰਾਏ ਨੂੰ ਕੋਈ ਖ਼ਾਸ ਕਾਨੂੰਨੀ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਹੈ। ਭੀਮਾ-ਕੋਰੇਗਾਉਂ ਕੇਸ ਵਿਚ ਫਸਾਏ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰਾਂ, ਇਸੇ ਤਰ੍ਹਾਂ ਦਿੱਲੀ ਕਤਲੇਆਮ ਵਿਚ ਬਹੁਤ ਸਾਰੇ ਧਰਮਨਿਰਪੱਖ ਇਨਸਾਫ਼ਪਸੰਦ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸਾੜੇ ਜਾਣ ਤੋਂ ਸੱਤਾਧਾਰੀ ਧਿਰ ਦਾ ਰਵੱਈਆ ਇਕਦਮ ਸਪਸ਼ਟ ਹੈ। ਦਿੱਲੀ ਕਤਲੇਆਮ ਦੀ ਰਿਪੋਰਟਿੰਗ ਕਰਨ ਵਾਲੇ ਕਾਰਵਾਂ ਰਸਾਲੇ ਦੇ ਦੋ ਪੱਤਰਕਾਰਾਂ ਦੇ ਵਿਰੁੱਧ ਹੀ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਅਤੇ ਇਕ ਔਰਤ ਨੂੰ ਅਪਮਾਨਿਤ ਕਰਨ ਦੀਆਂ ਸੰਗੀਨ ਧਾਰਾਵਾਂ ਲਗਾ ਕੇ ਐੱਫਆਈਆਰ ਦਰਜ ਕਰ ਲਈ ਗਈ ਹੈ। ਇਹ ਸਾਰੇ ਇੱਕੋ ਸਿਲਸਿਲੇ ਦੀਆਂ ਵੱਖ-ਵੱਖ ਘਟਨਾਵਾਂ ਹਨ।

ਮਨਜ਼ੂਰੀ ਦੀ ਇਹ ਕਵਾਇਦ ਬੁੱਧੀਜੀਵੀਆਂ ਅਤੇ ਬੌਧਿਕਤਾ ਦਾ ਸਰੋਤ ਸੰਸਥਾਵਾਂ ਨੂੰ ਖ਼ਾਮੋਸ਼ ਕਰਨ ਦੇ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਹੈ ਅਤੇ ਇਸ ਨੂੰ ਸਾਫ਼-ਸਾਫ਼ ਸਮਝਣ ਦੀ ਜ਼ਰੂਰਤ ਹੈ। ਇਸ ਕਾਰਵਾਈ ਨਾਲ ਭੈਭੀਤ ਹੋਣ ਦੀ ਬਜਾਏ ਲੇਖਿਕਾ ਦੇ ਹੱਕ 'ਚ ਸਿਰਫ਼ ਡੱਟ ਕੇ ਖੜ੍ਹਨਾ ਹੀ ਕਾਫ਼ੀ ਨਹੀਂ ਹੈ ਸਗੋਂ ਇਸ ਨੂੰ ਇਕ ਵਿਆਪਕ ਲੋਕ-ਰਾਇ ਉਸਾਰਨ ਦੀ ਮੁਹਿੰਮ ਬਣਾਉਣਾ ਵਕਤ ਦਾ ਤਕਾਜ਼ਾ ਹੈ। ਲੇਖਿਕਾ ਇਕ ਬੇਹੱਦ ਮਕਬੂਲ ਸ਼ਖ਼ਸੀਅਤ ਹੋਣ ਕਾਰਨ ਵਿਰੋਧੀ-ਧਿਰ ਦੇ ਕਈ ਆਗੂਆਂ ਸਮੇਤ ਮੁਲਕ ਦੇ ਉਦਾਰ ਖ਼ਿਆਲ ਹਿੱਸਿਆਂ ਨੇ ਇਸ ਮਨਜ਼ੂਰੀ ਵਿਰੁੱਧ ਆਵਾਜ਼ ਉਠਾਈ ਹੈ। ਦੁਨੀਆ ਭਰ 'ਚ ਵੀ ਉਸ ਦੇ ਹੱਕ 'ਚ ਇਕਮੁੱਠਤਾ ਦੀ ਆਵਾਜ਼ ਉੱਠਣੀ ਸੁਭਾਵਿਕ ਹੈ। ਪਰ ਸਭ ਤੋਂ ਅਹਿਮ ਸਵਾਲ ਹਕੂਮਤ ਦੇ ਖ਼ੂਨੀ ਹੱਥ ਰੋਕਣ ਲਈ ਵਿਆਪਕ ਲੋਕ-ਰਾਇ ਖੜ੍ਹੀ ਕਰਨ ਦਾ ਅਤੇ ਆਪਾ-ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਸਮੇਤ ਜਮਹੂਰੀ ਹੱਕਾਂ ਦੀ ਰਾਖੀ ਦਾ ਹੈ। ਜੇਐੱਨਯੂ ਸਮੇਤ ਚੋਟੀ ਦੇ ਬੌਧਿਕ ਕੇਂਦਰਾਂ ਉੱਪਰ ਹਮਲਾ ਹੋਵੇ ਜਾਂ ਭੀਮਾ-ਕੋਰੇਗਾਉਂ ਕੇਸ ਹੋਵੇ, ਜਾਂ ਦਿੱਲੀ ਕਤਲੇਆਮ, ਭਗਵਾ ਬਰਗੇਡ ਨੂੰ ਫਾਸ਼ੀਵਾਦੀ ਕਾਰਿਆਂ ਦਾ ਕੋਈ ਖ਼ਾਸ ਰਾਜਨੀਤਕ ਮੁੱਲ ਨਹੀਂ ਚੁਕਾਉਣਾ ਪਿਆ। ਹਾਲਾਤ ਮੰਗ ਕਰਦੇ ਹਨ ਕਿ ਇਸ ਮੁਲਕ ਨੂੰ ਬਚਾਉਣਾ ਚਾਹੁੰਦੀਆਂ ਸਾਰੀਆਂ ਤਾਕਤਾਂ ਜਮਹੂਰੀ ਹੱਕਾਂ ਦੀ ਰਾਖੀ ਪ੍ਰਤੀ ਗੰਭੀਰ ਹੋਣ ਅਤੇ ਫਾਸ਼ੀਵਾਦ ਦਾ ਪਹੀਆ ਜਾਮ ਕਰਨ ਲਈ ਕੋਈ ਸਾਂਝਾ ਪ੍ਰੋਗਰਾਮ ਤੈਅ ਕਰਕੇ ਵੱਡਾ ਅੰਦੋਲਨ ਸ਼ੁਰੂ ਕਰਨ।





ਹਰੀਪਾਲ
403-714-4816

# ਕੈਨੇਡੀਅਨ ਲੋਕਾਂ ਦੀ ਵਿਰਾਸਤ, ਚੁਣੌਤੀਆਂ ਤੇ ਸਰੋਕਾਰ



1 ਜੁਲਾਈ 1867 ਕੈਨੇਡਾ ਦਾ ਜਨਮ ਦਿਨ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਨੇਡਾ ਦੇ ਲੋਕ ਕਨੇਡਾ ਨੂੰ ਬਹੁਤ ਪਿਆਰ ਕਰਦੇ ਹਨ। ਕੈਨੇਡਾ ਦੁਨੀਆਂ ਭਰ ਵਿੱਚ ਲੜਾਈ ਭੜਾਈ ਜਾਂ ਹੋਰ ਕਿਸੇ ਘਰੇਲੂ ਆਫਤ ਦੇ ਸਤਾਏ ਲੋਕਾਂ ਨੂੰ ਆਸਰਾ ਦੇਣ ਵਾਲ਼ਾ ਸਭ ਤੋਂ ਮੋਹਰੀ ਦੇਸ਼ ਹੈ। ਕਿਤੇ ਵੀ ਘਰੇਲੂ ਗੜਬੜ ਹੋਵੇ ਜਾਂ ਬਾਹਰੀ ਹਮਲਾ ਹੋਇਆ ਹੋਵੇ ਕੈਨੇਡਾ ਆਪਦੇ ਦਰਵਾਜੇ ਖੋਹਲ ਦਿੰਦਾ ਹੈ। ਇਸੇ ਕਰਕੇ ਕਨੇਡਾ ਇੱਕ ਵੱਖ ਵੱਖ ਕਲਚਰ ਦੇ ਫੁੱਲਾਂ ਦਾ ਸਜਾਇਆ ਗੁਲਦਸਤਾ ਹੈ। ਕੈਨੇਡਾ ਵਿੱਚ ਤੁਹਾਨੂੰ ਸਭ ਮੁਲਕਾਂ ਦੇ ਲੋਕ ਮਿਲ਼ ਸਕਦੇ ਹਨ। ਕਨੇਡਾ ਵਿੱਚ ਐਨੇ ਰੈਸਟੋਰੈਂਟ ਹਨ ਕਿ ਦੁਨੀਆਂ ਭਰ ਦੇ ਖਾਣਿਆਂ ਦਾ ਅਨੰਦ ਲਿਆ ਜਾ ਸਕਦਾ ਹੈ। ਕੈਨੇਡਾ ਦੇ ਜਨਮ ਦਿਨ ਤੇ ਹਮੇਸ਼ਾ ਕੈਨੇਡਾ ਦੇ ਆਦੀਵਾਸੀ ਲੋਕਾਂ ਨਾਲ਼ ਜੋ ਕੁੱਝ ਹੋਇਆ ਉਸ ਨੂੰ ਭੁੱਲ ਕੇ ਕਦੇ ਵੀ ਕਨੇਡਾ ਦਾ ਜਨਮ ਦਿਨ ਨਹੀ ਮਨਾਇਆ ਜਾ ਸਕਦਾ। ਪਹਿਲਾਂ ਪਹਿਲਾਂ ਤਾਂ ਕੈਨੇਡਾ ਦੀ ਧਰਤੀ ਤੇ ਕਬਜ਼ਾ ਕਰਨ ਲਈ ਅੰਗਰੇਜ ਅਤੇ ਫਰੈਂਚ ਆਪਸ ਵਿੱਚ ਲੜਦੇ ਰਹੇ ਬਾਦ ਵਿੱਚ ਇਹ ਦੋਵੇਂ ਕੌਮਾਂ ਇਕੱਠੀਆਂ ਹੋ ਕੇ ਆਦੀਵਾਸੀ ਲੋਕਾਂ ਨਾਲ਼ ਲੜਦੀਆਂ ਰਹੀਆਂ। ਕਿਉਂਕਿ ਆਦੀ ਵਾਸੀ ਖਿੰਡੇ ਖਪਰੇ ਕਬੀਲਿਆਂ ਵਿੱਚ ਰਹਿੰਦੇ ਸਨ ਇਸ ਕਰੇ ਚਿੱਟੇ ਲੋਕਾਂ ਨੂੰ ਇਹਨਾਂ ਨੂੰ ਹਰਉਣਾ ਕੋਈ ਔਖਾ ਨਹੀਂ ਸੀ। ਕੈਨੇਡਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਵੀ ਆਦੀਵਾਸੀ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਹੀ ਗਈਆਂ, ਚਿੱਟੇ ਲੋਕਾਂ ਨੇ ਧੱਕੇ ਨਾਲ਼ ਇਹਨਾਂ ਦੇ ਬੱਚਿਆਂ ਨੂੰ ਰੈਜੀਡੈਂਸ਼ਲ ਸਕੂਲਾਂ ਵਿੱਚ ਭੇਜਿਆ, ਜਿਥੇ ਬੱਚਿਆਂ ਨੇ ਸਭ ਤਰ੍ਹਾਂ ਦੇ ਜੁਲਮ ਸਹੇ ਅਤੇ ਇਹਨਾਂ ਜੁਲਮਾਂ ਦੀ ਤਾਬ ਨਾ ਝੱਲਦਿਆ ਸੱਠ ਸੱਤਰ ਹਜ਼ਾਰ ਬੱਚਾ ਆਪਦੀ ਜਾਨ ਤੋਂ ਹੱਥ ਧੋ ਬੈਠਾ। ਆਦੀਵਾਸੀ ਲੋਕਾਂ ਦੀਆਂ ਭਾਸ਼ਾਵਾਂ ਨੂੰ ਖਤਮ ਕਰਨ ਵਿੱਚ ਕਨੇਡੀਅਨ ਸਿਆਸਤ ਅਤੇ ਧਰਮ ਨੇ ਮੁੱਖ ਭੂਮਿਕਾ ਨਿਭਾਈ ਹੈ। ਵੈਸੇ ਤਾਂ ਦੁਨੀਆਂ ਦੇ ਨਕਸ਼ੇ ਤੇ ਕੈਨੇਡਾ ਉਤਰੀ ਅਮਰੀਕਾ ਦੇ ਸਿਰ ਦਾ ਤਾਜ ਲੱਗਦਾ ਹੈ ਪਰ ਅਸਲ ਵਿੱਚ ਸਾਡੀ ਕਾਫੀ ਸਮੇਂ ਤੋਂ ਬਦੇਸ਼ ਨੀਤੀ ਅਜਿਹੀ ਰਹੀ ਹੈ ਕਿ ਅਸੀਂ ਅਮਰੀਕਾ ਦੀ ਪੂਛ ਬਣ ਗਏ ਹਾਂ। ਦੁਨੀਆਂ ਭਰ ਵਿੱਚ ਅਸੀਂ ਆਪਦੇ ਹਿਤਾਂ ਦੀ ਪਰਵਾਹ ਨਹੀਂ ਕਰਦੇ ਪਰ ਅਮਰੀਕਾ ਦੇ ਹਿੱਤਾਂ ਖਾਤਿਰ ਲੜਨ ਲਈ ਅਸੀਂ ਤਿਆਰ ਰਹਿੰਦੇ ਹਾਂ। ਅਮਰੀਕਾ ਜਿੱਥੇ ਮਰਜ਼ੀ ਪੰਗਾ ਲਵੇ ਅਸੀਂ ਪੈਸਾ ਅਤੇ ਆਪਦੀ ਜੁਆਨੀ ਝੋਕਣ ਲੱਗੇ ਦੇਰ ਨਹੀਂ ਲਾਉਂਦੇ। ਹੁਣ ਵੀ ਅਮਰੀਕਾ ਦੀ ਮਦਦ ਲਈ ਕਿਉਬਾ ਨੂੰ ਸਮੁੰਦਰੀ ਬੇੜਾ ਘੱਲ ਦਿੱਤਾ ਹੈ ਅਤੇ ਯੂਕਰੇਨ ਨੂੰ 5 ਬਿੱਲੀਅਨ ਡਾਲਰ ਦੀ ਲੋਨ ਗਰੰਟੀ ਦੇ ਦਿੱਤੀ ਹੈ, ਚਾਹੇ ਸਾਡੇ ਆਪਦੇ ਲੋਕ ਮਹਿੰਗਾਈ ਦੀ ਮਾਰ ਹੇਠ ਪਿੱਸ ਰਹੇ ਹੋਣ। ਮੁਲਕ ਉਹ ਸੋਹਣਾ ਹੁੰਦਾ ਹੈ ਜਿੱਥੇ ਬੱਚਿਆਂ ਦੀ ਪੜ੍ਹਾਈ ਦਾ ਫਿਕਰ ਨਾ ਹੋਵੇ ਨਾਂ ਹੀ ਬੁਢਾਪੇ ਦਾ ਫਿਕਰ ਹੋਵੇ, ਨਾਂ ਹੀ ਬਿੱਲਾ ਦੇ ਲੈਣ ਦੇਣ ਦਾ ਫਿਕਰ ਹੋਵੇ। ਪਰ ਕਦੇ ਧਿਆਨ ਨਾਲ਼ ਕੈਨੇਡੀਅਨ ਲੋਕਾਂ ਦੇ ਚੇਹਰਿਆਂ ਵੱਲ ਦੇਖੋ ਤੁਹਾਨੂੰ ਉਹਨਾਂ ਦੇ ਚੇਹਰੇ ਫਿਕਰਾਂ ਭਰੇ ਦਿਸਣਗੇ, ਉਹਨਾਂ ਦੇ ਸ਼ਰੀਰ ਹੀ ਨਹੀਂ ਜਿਵੇਂ ਉਹਨਾਂ ਦੀਆਂ ਅੱਖਾਂ, ਉਹਨਾਂ ਦੇ ਮੱਥੇ ਦੀਆਂ ਤਿਉੜੀਆਂ ਵੀ ਭੱਜੀਆਂ ਫਿਰਦੀਆ ਹਨ। ਕੈਨੇਡੀਅਨ ਹਰ ਵੇਲ਼ੇ ਭੱਜੇ ਫਿਰਦੇ ਹਨ, ਬਹੁਤ ਵਾਰ ਜਾਣਕਾਰ ਚੇਹਰਿਆਂ ਨੂੰ ਵੀ ਅਣਦੇਖੇ ਕਰਦੇ ਹਨ ਮਤੇ ਉਹਨਾਂ ਕੋਲ਼ ਰੁਕ ਕੇ ਉਹਨਾਂ ਦਾ ਟਾਈਮ ਖਰਾਬ ਹੋ ਜਾਵੇ। ਇੰਡੀਆ ਤੋਂ ਆਏ ਰਿਸ਼ਤੇਦਾਰਾਂ ਨੂੰ ਵੀ ਇੱਕ ਵੀਕ-ਐਂਡ ਤੇ ਰੋਟੀ ਖਵਾ ਕੇ ਉਲ਼ਾਂਬਾ ਲਾਹ ਦਿੱਤਾ ਜਾਂਦਾ ਹੈ। ਕੈਨੇਡੀਅਨ ਇੱਕ ਫੁੱਲ ਟਾਈਮ ਕੰਮ ਤੋਂ ਆਂਉਦੇ ਹਨ ਅਤੇ ਪਾਰਟ-ਟਾਈਮ ਵਾਲ਼ੇ ਕੰਮ ਵੱਲ ਚਾਲੇ ਪਾ ਦਿੰਦੇ ਹਨ। ਟੈਕਸੀ ਡਰਾਈਵਰ, ਕੋਰੀਅਰ, ਡਲਿਵਰੀਆਂ ਕਰਨ ਵਾਲ਼ੇ ਡਰਾਈਵ-ਥਰੂ ਹੀ ਆਪਦਾ ਖਾਣਾ ਫੜ ਕੇ, ਡਰਾਈਵ ਕਰਦੇ ਹੀ ਖਾਂਦੇ ਹਨ। ਲੋਕਾਂ ਦੇ ਰਿਸ਼ਤੇ ਨਾਤੇ ਟੁੱਟ ਰਹੇ ਹਨ, ਮੀਆਂ ਬੀਵੀ ਕੋਲ਼ ਇੱਕ ਦੂਜੇ ਲਈ ਵਕਤ ਨਹੀਂ, ਬੁਢਾਪਾ ਪੁੱਤਾਂ ਧੀਆਂ ਦੀ ਉਡੀਕ ਕਰਦਾ ਹੈ ਕਿ ਆ ਕੇ ਹਾਲ ਚਾਲ ਪੁੱਛਣਗੇ ਪਰ ਔਲਾਦ ਕੋਲ਼ ਦੋ ਮਿੰਟ ਬਜ਼ੁਰਗਾਂ ਕੋਲ਼ ਬੈਠਣ ਦਾ ਸਮਾਂ ਨਹੀ ਹੈ ਸਗੋਂ ਕਈ ਬੱਚੇ ਤਾਂ ਇਸ ਉਡੀਕ ਵਿੱਚ ਰਹਿੰਦੇ ਹਨ ਕਿ ਕਦ ਬਜ਼ੁਰਗ ਮਰਨ ਤਾਂ ਕਿ ਉਹਨਾਂ ਦੀ ਪ੍ਰਾਪਰਟੀ ਸਾਂਭ ਲੈਣ। ਬਹੁਤੇ ਪੜ੍ਹੇ ਲਿਖੇ ਆਪਦੇ ਮਾਪਿਆਂ ਨੂੰ ਸਲਾਹ ਦਿੰਦੇ ਹਨ ਕਿ ਆਪਦੀ ਪਰਾਪਰਟੀ ਸਾਨੂੰ ਜਿਉਂਦੇ ਜੀਅ ਹੀ ਗਿਫਟ ਕਰ ਦੇਵੋ ਕਿਉਂਕਿ ਜੇਕਰ ਤੁਹਾਡੇ ਮਰਨ ਤੇ ਸਾਨੂੰ ਤੁਹਾਡੀ ਪਰਾਪਰਟੀ ਮਿਲ਼ੀ ਤਾਂ ਸਾਨੂੰ ਇਸਤੇ ਟੈਕਸ ਦੇਣਾ ਪਵੇਗਾ। ਕਈ ਮਾਪੇ ਜਿਹੜੇ ਬੱਚਿਆਂ ਦੀਆਂ ਇਹਨਾਂ ਗੱਲਾਂ ਵਿੱਚ ਆ ਜਾਂਦੇ ਹਨ ਬਿਰਧ-ਆਸ਼ਰਮਾਂ ਵਿੱਚ ਬੈਠੇ ਉਂਗਲਾਂ ਭੰਨਦੇ ਰਹਿੰਦੇ ਹਨ।

ਕਈ ਬਜ਼ੁਰਗ ਆਪਦਾ ਘਰ ਘਾਟ ਵੇਚ ਕੇ ਔਲਾਦ ਨੂੰ ਪੈਸੇ ਦੇ ਦਿੰਦੇ ਹਨ ਫਿਰ ਉਸੇ ਬੱਚੇ ਦੀ ਬੇਸਮੈਂਟ ਵਿੱਚ ਰਹਿੰਦੇ ਹਨ ਕਿਉਂਕਿ ਜੇ ਉਪਰ ਰਹਿੰਦੇ ਹਨ ਤਾਂ ਬੱਚਿਆਂ ਦੀ ਪਰਾਈਵੇਸੀ ਭੰਗ ਹੋ ਜਾਂਦੀ ਹੈ। ਕਈ ਵਾਰ ਨਹੀਂ ਬਹੁਤੀ ਵਾਰ ਬਜ਼ੁਰਗਾਂ ਤੋਂ ਸਿਰਫ ਬੱਚੇ ਸਾਂਭਣ ਦਾ ਕੰਮ ਲਿਆ ਜਾਦਾ ਹੈ ਜਦ ਇਹ ਜਰੂਰਤ ਖਤਮ ਹੋ ਜਾਂਦੀ ਹੈ ਤਦ ਕਿਸੇ ਨਾ ਕਿਸੇ ਬਹਾਨੇ ਬਜ਼ੁਰਗਾਂ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਹੁਤ ਵਾਰੀ ਜੁਆਕਾਂ ਦੇ ਸਤਾਏ ਬਜ਼ੁਰਗ ਵਾਪਸ ਮੁਲਕ ਜਾ ਕੇ ਹੀ ਆਪਣੇ ਹੱਡ ਦਿੰਦੇ ਹਨ। ਇਹ ਸਭ ਕੁੱਝ ਇਸਤਰਾਂ ਕਿਉਂ ਹੋ ਗਿਆ, ਕਿਉਂ ਖੂਨ ਪਾਣੀ ਨਾਲ਼ੋ ਪਤਲਾ ਹੋ ਗਿਆ। ਇਹ ਸਾਰਾ ਕੁੱਝ ਇਸਤਰਾਂ ਕਿਉਂ ਹੋ ਗਿਆ, ਕਿਉਂ ਇਹ ਸਮਾਜ ਜਿਸ ਨੂੰ ਸਿਰਜਣ ਲਈ ਮਨੁੱਖ ਜਾਤੀ ਨੂੰ ਹਜਾਰਾਂ ਸਾਲ ਲੱਗ ਗਏ, ਐਨੀ ਜਲਦੀ ਬਿੱਖਰਨਾ ਸ਼ੁਰੂ ਹੋ ਗਿਆ। ਅਸਲ ਵਿੱਚ ਜਦ ਦਾ ਕਾਰਪੋਰੇਟ ਸਿਸਟਮ ਨੇ ਸਾਡੇ ਰਹਿਣ ਸਹਿਣ, ਖਾਣ ਪੀਣ, ਮੀਡੀਏ ਤੇ ਕਬਜਾ ਕਰ ਲਿਆ ਹੈ ਉਦੋਂ ਤੋਂ ਹੀ ਇਸਨੇ ਮਨੁੱਖ ਜਾਤੀ ਦੇ ਦਿਮਾਗ ਹਾਈਜੈਕ ਕਰ ਲਏ ਹਨ। ਤੁਸੀਂ ਟੀਃਵੀ ਤੇ ਖਾਣੇ ਪੀਣੇ ਦੀਆਂ ਐਡਾਂ ਦੇਖੋ, ਟੀਃਵੀ ਦੇ ਨਕਲੀ ਡਰਾਮਿਆਂ ਦੇ ਐਕਟਰਾਂ ਵੱਲ ਦੇਖੋ, ਸਭ ਕੁੱਝ ਜੋ ਲੋਕ ਦੇਖਦੇ ਹਨ ਉਸੇ ਤਰਾਂ ਦਾ ਹੋਣਾਂ ਚਾਂਹੁੰਦੇ ਹਨ, ਉਸੇ ਤਰ੍ਹਾਂ ਹੀ ਹੀ ਖਾਣਾ ਪੀਣਾ ਚਾਹੁੰਦੇ ਹਨ, ਉਹਨਾ ਐਕਟਰਾਂ ਵਰਗਾ ਦਿਸਣਾ ਚਾਹੁੰਦੇ, ਉਹੋ ਜਿਹੇ ਘਰਾਂ ਵਿੱਚ ਰਹਿਣਾ ਚਾਹੁੰਦੇ ਹਨ ਜਿਹੋ ਜਿਹੇ ਉਹ ਟੀਃਵੀ ਤੇ ਦੇਖਦੇ ਹਨ। ਕੋਈ ਘਰ ਕਿੰਨਾ ਵੀ ਸੋਹਣਾ ਹੋਵੇ ਜੇਕਰ ਉਸ ਘਰ ਵਿੱਚ ਰਹਿਣ ਵਾਲ਼ੇ ਰੋਜ੍-ਮਰਾ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਭੱਜੇ ਫਿਰਦੇ ਹੋਣ ਫਿਰ ਉਸ ਘਰ ਦੇ ਜੀਆਂ ਦੇ ਨੇੜੇ ਖੁਸ਼ੀ ਦਾ ਬੇਫਿਕਰੀ ਦਾ ਪੰਛੀ ਚਹਿਕ ਨਹੀਂ ਸਕਦਾ। ਇਹੀ ਹਾਲ ਸਾਡੇ ਮੁਲਕ ਕੈਨੇਡਾ ਦਾ ਹੈ। ਕੈਨੇਡਾ ਦੇ 20% ਲੋਕਾਂ ਕੋਲ਼ ਕੈਨੇਡਾ ਦੀ 70% ਦੌਲਤ ਹੈ ਅਤੇ ਬਾਕੀ 80% ਲੋਕਾਂ ਕੋਲ਼ ਕੈਨੇਡਾ ਦੀ ਸਿਰਫ 30% ਦੌਲਤ ਹੈ। ਹੁਣ ਤੁਸੀਂ ਖੁਦ ਹਿਸਾਬ ਲਾਓ ਕਿ ਕੈਨੇਡਾ ਰੂਪੀ ਇਹ ਘਰ ਕਿੰਨਾ ਸੋਹਣਾ ਹੋ ਸਕਦਾ ਹੈ ਜਿੱਥੇ 80% ਲੋਕ ਸਿਰਫ 30% ਦੌਲਤ ਨਾਲ਼ ਗੁਜ਼ਾਰਾ ਕਰਦੇ ਹੋਣ। ਉਪਰਲੇ 20% ਲੋਕ ਮਹਿਲਾਂ ਵਰਗੇ ਘਰਾਂ ਵਿੱਚ ਰਹਿੰਦੇ ਹਨ, ਮਹਿੰਗੀਆਂ ਕਾਰਾਂ ਰੱਖਦੇ ਹਨ, ਆਪਦੇ ਬੱਚਿਆਂ ਨੂੰ ਮਹਿੰਗੇ ਪਰਾਈਵੇਟ ਸਕੂਲਾਂ ਵਿੱਚ ਪੜ੍ਹਾਉਂਦੇ ਹਨ। ਕੈਨੇਡਾ ਦੇ ਪ੍ਰਾਈਵੇਟ ਸਕੂਲਾਂ ਬਾਰੇ ਮਸ਼ਹੂਰ ਹੈ ਕਿ ਇਹ ਸਕੂਲ ਭਵਿੱਖ ਦੀ ਰੂਲਿੰਗ ਜਮਾਤ ਪੈਦਾ ਕਰਦੇ ਹਨ ਤਾਂ ਫਿਰ ਸਰਕਾਰੀ ਸਕੂਲਾਂ ਵਾਰੇ ਤਾਂ ਅਮੀਰਾਂ ਦਾ ਨਜ਼ਰੀਆ ਹੈ ਕਿ ਸਰਕਾਰੀ ਸਕੂਲ ਤਾਂ ਮਜ਼ਦੂਰ ਜਮਾਤ ਪੈਦਾ ਕਰਦੇ ਹਨ। ਇਹ ਪਰਾਈਵੇਟ ਸਕੂਲ ਸਰਕਾਰ ਤੋਂ ਗਰਾਂਟਾਂ ਵੀ ਲਈ ਜਾਂਦੇ ਹਨ। ਫੈਡਰਲ ਸਰਕਾਰ ਦੇ ਬੱਜਟ ਵਿੱਚ ਵੱਡਾ ਹਿੱਸਾ ਮਜ਼ਦੂਰ ਜਮਾਤ ਪਾਉਂਦੀ ਹੈ ਤਾਂ ਫਿਰ ਪਰਾਈਵੇਟ ਸਕੂਲਾਂ ਨੂੰ ਵੀ ਮਜ਼ਦੂਰ ਜਮਾਤ ਦਾ ਹੀ ਪੈਸਾ ਜਾਂਦਾ ਹੈ ਕਿਉਂਕਿ ਅਮੀਰਾਂ ਦਾ ਟੈਕਸ ਬਚਾਉਣ ਲਈ ਸਰਕਾਰਾਂ ਖੁਦ ਬਹੁਤ ਚੋਰ ਮੋਰੀਆਂ ਰੱਖ ਦਿੰਦੀਆਂ ਹਨ। ਹੁਣ ਤਾਂ ਸਰਕਾਰੀ ਗਰਾਂਟਾਂ ਨਾਲ਼ ਚੱਲਣ ਵਾਲ਼ੀਆਂ ਪ੍ਰਾਈਵੇਟ ਮੈਡੀਕਲ ਕਲੀਨਿਕਾਂ ਵੀ ਸ਼ੁਰੂ ਹੋ ਗਈਆਂ ਹਨ ।

ਕਾਰਪੋਰੇਸਨਾਂ ਦਾ ਸਿਰਫ ਇੱਕ ਹੀ ਅਜੰਡਾ ਹੁੰਦਾ ਹੈ ਵੱਧ ਤੋਂ ਵੱਧ ਪਰੌਫਿਟ। ਹੁਣ ਜਦ ਕਿਸੇ ਨੂੰ ਨਫਾਂ ਹੁੰਦਾ ਹੈ ਤਾਂ ਹੋਰ ਕਿਸੇ ਦਾ ਨੁਕਸਾਨ ਜਰੂਰ ਹੁੰਦਾ ਹੈ । ਜਦੋਂ ਕਾਰਪੋਰੇਸ਼ਨਾਂ ਅਰਬਾਂ ਡਾਲਰ ਦਾ ਨਫ਼ਾ ਦਿਖਾਉਂਦੀਆਂ ਹਨ ਤਾਂ ਇਸਦਾ ਮਤਲਬ ਹੈ ਕਿ ਲੋਕਾਂ ਦਾ ਅਰਬਾਂ ਡਾਲਰ ਦਾ ਨੁਕਸਾਨ ਹੋ ਗਿਆ ਹੈ। ਜੇਕਰ ਇਹੀ ਕੰਪਨੀਆਂ ਪਬਲਿਕ ਸੈਕਟਰ ਦੇ ਅਧੀਨ ਹੋਣ ਤਾਂ ਇਹੀ ਨਫ਼ਾ ਲੋਕਾਂ ਦੀਆਂ ਜੇਬਾਂ ਵਿੱਚ ਜਾਵੇ । ਪਰ 1988 ਵਿੱਚ ਫਰੀ ਟਰੇਡ ਲਾਗੂ ਹੋਣ ਤੋਂ ਬਾਦ ਕਾਰਪੋਰੇਸ਼ਨਾਂ ਦੀ ਦੌਲਤ ਐਨੀ ਵਧ ਗਈ ਹੈ ਕਿ ਉਹ ਕਿਸੇ ਵੀ ਸਰਕਾਰ ਨੂੰ ਟਿੱਚ ਸਮਝਦੀਆਂ ਹਨ ਕਿਉਂਕਿ ਲੱਗਭੱਗ ਸਾਰੀਆਂ ਰਾਜਨੀਤਿਕ ਪਾਰਟੀਆਂ ਕਾਰਪੋਰੇਸ਼ਨਾਂ ਦੇ ਪੈਸੇ ਨਾਲ਼ ਚੋਣਾ ਲੜਦੀਆਂ ਹਨ। ਇਸੇ ਕਰਕੇ ਬਹੁਤੇ ਦੇਸ਼ਾਂ ਵਿੱਚ ਦੋ ਪਾਰਟੀ ਸਿਸਟਮ ਲਾਗੂ ਹੈ, ਤੀਜੀ ਧਿਰ ਦੇ ਪੈਰ ਇਹ ਕਾਰਪੋਰੇਸ਼ਨਾਂ ਲੱਗਣ ਹੀ ਨਹੀਂ ਦਿੰਦੀਆਂ। ਕੈਨੇਡਾ ਦੀ ਇੱਕ ਛੋਟੀ ਜਿਹੀ ਉਦਾਹਰਣ ਹੈ ਜਦ ਐਨ.ਡੀ.ਪੀ ਮੁੱਖ ਵਿਰੋਧੀ ਪਾਰਟੀ ਬਣ ਗਈ ਸੀ ਤਾਂ ਕੁੱਝ ਮਹੀਨਿਆਂ ਵਿੱਚ ਲਿਬਰਲ ਪਾਰਟੀ ਨੂੰ ਪਰਮੋਟ ਕਰ ਕੇ ਅੱਗੇ ਲਿਆਂਦਾ ਗਿਆ ਕਿਉਂਕਿ ਕਾਰਪੋਰੇਸ਼ਨਾਂ ਨੂੰ ਡਰ ਪੈ ਗਿਆ ਸੀ ਕਿ ਜੇਕਰ ਐਨ.ਡੀ.ਪੀ ਅੱਗੇ ਆ ਗਈ ਤਾਂ ਸਾਡੇ ਮੁਨਾਫ਼ੇ ਨੂੰ ਧੱਕਾ ਲਾਵੇਗੀ। ਪਿਛਲੇ ਪੰਜਾਹ ਸਾਲਾਂ ਤੋਂ ਇਹਨਾਂ ਸਤਰਾਂ ਦਾ ਲੇਖਕ ਖੁਦ ਇਹ ਡਰਾਮਾ ਦੇਖ ਰਿਹਾ ਹੈ, ਕਦੇ ਲਿਬਰਲ ਅੱਗੇ ਆ ਜਾਂਦੇ ਹਨ ਅਤੇ ਕਦੇ ਕੰਜ਼ਰਵੇਟਿਵ ਤੀਜੀ ਧਿਰ ਨੂੰ ਇਹ ਅੱਗੇ ਆਉਣ ਨਹੀਂ ਦਿੰਦੇ। ਸਾਡੀਆਂ ਆਰਥਿਕ ਨੀਤੀਆਂ ਸਿਰਫ ਅਤੇ ਸਿਰਫ ਕਾਰਪੋਰੇਸ਼ਨਾਂ ਦੇ ਭਲੇ ਵਾਰੇ ਹੀ ਸੋਚਦੀਆਂ ਹਨ, ਲੋਕਾਂ ਦੇ ਭਲੇ ਵਾਰੇ ਨਹੀਂ। ਕਨੇਡਾ ਦੇ ਲੋਕਾਂ ਨੂੰ ਇੱਕ ਦਿਨ ਅੱਗੇ ਆਉਣਾ ਪੈਣਾ ਹੈ, ਆਪਦੀਆਂ ਨਸਲਾਂ ਬਚਾਉਣ ਖਾਤਿਰ, ਕੈਨੇਡਾ ਨੂੰ ਸ਼ਾਂਤਮਈ ਅਤੇ ਗੁੱਟਨਿਰਲੇਪ ਦੇਸ਼ ਰੱਖਣ ਲਈ ਇਸ ਪੁਲੀਟੀਕਲ ਸਿਸਟਮ ਨੂੰ ਪਰਭਾਵਤ ਕਰਨਾ ਪੈਣਾ ਹੈ। ਅਫਸੋਸ ਹੈ ਜਿਹੜੇ ਕੈਨੇਡੀਅਨ ਨਸਲਵਾਦ ਵਿਰੁੱਧ ਮੁਜਾਹਰੇ ਕਰ ਸਕਦੇ ਹਨ, ਦੁਨੀਆਂ ਵਿੱਚ ਹੋ ਰਹੀ ਨੇਇਨਸਾਫੀ ਵਿਰੁੱਧ ਮੁਜਾਹਰੇ ਕਰ ਸਕਦੇ ਹਨ ਅੱਜ ਆਪਦੀ ਖਾਤਿਰ ਮੁਜਾਹਰੇ ਕਿਉਂ ਨਹੀਂ ਕਰ ਰਹੇ। ਅਸੀਂ ਮਹਿੰਗਾਈ ਵਿੱਚ ਪਿੱਸ ਰਹੇ ਹਾਂ ਅਤੇ ਸਾਡੇ ਲੀਡਰ ਦੁਨੀਆਂ ਵਿੱਚ ਆਪਦੀ ਛਵੀ ਬਨਾਉਣ ਲਈ ਲੋਕਾਂ ਦੇ ਪੈਸਿਆਂ ਨਾਲ਼ ਖਿਲਵਾੜ ਕਰ ਰਹੇ ਹਨ। ਕਹਿੰਦੇ ਹਨ ਕਿ ਅਮੀਰਾਂ ਦੀ ਇੱਕ ਨੀਤੀ ਹੈ ਕਿ ਕਾਮਿਆਂ ਨੂੰ ਓਨੇ ਕੁ ਪੈਸੇ ਦਿਓ ਜਿਨੇ ਕੁ ਖਾ ਕੇ ਉਹ ਕੰਮ ਤੇ ਆਂਉਦੇ ਰਹਿਣ। ਕਿਉਂਕਿ ਜੇਕਰ ਕਾਮਿਆਂ ਕੋਲ਼ ਥੋੜਾ ਬਹੁਤਾ ਸਮਾਂ ਜਾ ਸਾਧਨ ਬਚ ਗਏ ਉਹ ਸਵਾਲ ਕਰਨਾ ਸ਼ੁਰੂ ਕਰ ਦੇਣਗੇ ਅਤੇ ਲੋਕਾਂ ਦੇ ਸਵਾਲਾਂ ਦੇ ਜਵਾਬ ਕੋਈ ਵੀ ਸਰਕਾਰ ਦੇਣਾ ਨਹੀਂ ਚਾਹੁੰਦੀ। ਇਹ ਕਾਰਪੋਰੇਟ ਕਲਚਰ ਉਹ ਮਿਥਹਾਸਕ ਕੀੜਾ ਹੈ ਜਿਹੜਾ ਸਭ ਕੁੱਝ ਖਾ ਕੇ ਬਾਦ ਵਿੱਚ ਆਪਦੇ ਆਪ ਨੂੰ ਹੀ ਖਾ ਜਾਂਦਾ ਹੈ।

ਕੈਨੇਡਾ ਅੱਜ ਤੋਂ ਪੰਜਾਹ ਸਾਲ ਪਹਿਲਾਂ ਇੱਕ ਕਲਿਆਣਕਾਰੀ ਰਾਜ ਕਹਾਂਉਦਾ ਸੀ। ਜੇਕਰ ਘੱਟੋ ਘੱਟ ਉਜਰਤ ਤਿੰਨ ਡਾਲਰ ਪ੍ਰਤੀ ਘੰਟਾ ਸੀ ਤਾਂ ਘਰ ਵੀ ਪੰਜਾਹ ਕੁ ਹਜ਼ਾਰ ਦਾ ਆ ਜਾਂਦਾ ਸੀ। ਇਸਤੋਂ ਉਤੇ ਸਰਕਾਰ ਵੀ ਪਹਿਲੀ ਵਾਰੀ ਘਰ ਖਰੀਦਣ ਵਾਲ਼ੇ ਨੂੰ ਪੰਜ ਹਜ਼ਾਰ ਗਰਾਂਟ ਦਿੰਦੀ ਸੀ। ਲੋਕਾਂ ਵਿੱਚ ਭੱਜ ਭਜਾਈ ਘੱਟ ਸੀ, ਪਰ ਅੱਜ ਜੋ ਸਾਡੀ ਹਾਲਤ ਹੈ ਸਭ ਦੇ ਸਾਹਮਣੇ ਹੈ, ਘਰ ਲੈਣਾ ਤਾਂ ਅਗਲੀਆਂ ਨਸਲਾਂ ਲਈ ਇੱਕ ਸੁਪਨਾ ਹੀ ਰਹਿ ਜਾਵੇਗਾ। ਸਾਡੀਆਂ ਸਰਕਾਰਾਂ ਵੋਟਾਂ ਖਾਤਰ ਧਾਰਮਿਕ ਅਦਾਰਿਆਂ ਨੂੰ ਵੀ ਗਰਾਂਟਾਂ ਬਖਸ਼ ਰਹੀਆਂ ਹਨ, ਪਰ ਸਾਨੂੰ ਐਨਾ ਕੁ ਤਾਂ ਪਤਾ ਹੈ ਕਿ ਸਾਡੀ ਮੁੱਖ ਲੋੜ ਕੁੱਲੀ, ਗੁੱਲੀ, ਜੁੱਲੀ ਹੈ। ਜੇ ਸਰਕਾਰਾਂ ਨੇ ਕੁੱਝ ਕਰਨਾ ਹੀ ਹੈ ਤਾਂ ਇਸ ਮਹਿੰਗਾਈ ਦੇ ਦੈਂਤ ਨੂੰ ਨੱਥ ਪਾਵੇ ਤਾਂ ਕਿ ਲੋਕ ਕੋਈ ਸੁਖ ਦਾ ਸਾਹ ਲੈ ਸਕਣ। ਸਾਨੂੰ ਜਾਗਣਾ ਪਵੇਗਾ, ਸਾਨੂੰ ਰਾਜਨੀਤਿਕ ਪਾਰਟੀਆਂ ਦੇ ਸਬਜ਼ਬਾਗਾਂ ਤੋਂ ਪਰਾਂ ਹੋ ਕੇ ਸਾਡੀਆਂ ਆਰਥਿਕ ਲੋੜਾਂ ਲਈ ਲੜਨਾ ਹੋਵੇਗਾ। ਜੇਕਰ ਅਸੀਂ ਅਜੇ ਵੀ ਨਾਂ ਜਾਗੇ ਤਾਂ, ਪੈਨਸ਼ਨਾਂ, ਬੇਰੁਜ਼ਗਾਰੀ ਭੱਤੇ, ਸਿਹਤ ਸੇਵਾਵਾਂ ਵਰਗੀਆਂ ਮਿਲਣ ਵਾਲ਼ੀਆਂ ਸਹੂਲਤਾਂ ਤੇ ਕੁਹਾੜਾ ਫਿਰੇਗਾ। ਇਸ ਤਰ੍ਹਾਂ ਪਹਿਲਾਂ ਗਰੀਸ ਵਿੱਚ ਹੋ ਕੇ ਹਟਿਆ ਹੈ ਅਤੇ ਹੁਣ ਅਰਜਨਟਾਈਨਾਂ ਵਿੱਚ ਹੋ ਰਿਹਾ ਹੈ। ਇੱਕ ਵਾਰ ਫੇਰ ਅਸੀਂ ਕੈਨੇਡਾ ਡੇਅ ਤੇ ਪਰਣ ਕਰੀਏ ਕਿ ਅਸੀਂ ਸਿਰਫ਼ ਕੇਕ ਖਾਣ ਤੱਕ ਨਾ ਜਾਈਏ ਸਗੋਂ ਕੈਨੇਡਾ ਨੂੰ ਫਿਰ ਖੁਸ਼ਹਾਲ ਦੇਖਣ ਦਾ ਸੁਪਨਾ ਲਈਏ ਕਿਉਂਕਿ ਕੈਨੇਡਾ ਤਾਂ ਹੀ ਖੁਸ਼ਹਾਲ ਮੁਲਕ ਕਹਾਵੇਗਾ ਜੇਕਰ ਇੱਥੇ ਦੇ ਲੋਕ ਖੁਸ਼ਹਾਲ ਹੋਣਗੇ।



### ਨੈਸ਼ਨਲ ਇੰਡੀਜੀਨਸ ਪੀਪਲਸ ਡੇਅ' 'ਤੇ ਵਿਸ਼ੇਸ਼

# ਕੈਨੇਡਾ ਧਰਤੀ ਦੇ ਮੂਲ ਨਿਵਾਸੀਆਂ ਦੀ ਸਭਿਆਚਾਰਕ ਪਛਾਣ ਖ਼ਤਰੇ ਵਿੱਚ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਕੈਨੇਡਾ ਵਿੱਚ ਹਰ ਸਾਲ 21 ਜੂਨ ਨੂੰ 'ਨੈਸ਼ਨਲ ਇੰਡੀਜੀਨਸ ਪੀਪਲਸ ਡੇਅ' ਮਨਾ ਕੇ ਇਥੋਂ ਦੇ ਮੂਲਨਿਵਾਸੀ ਲੋਕਾਂ ਪ੍ਰਤੀ ਇੱਜ਼ਤ ਦਾ ਇਜ਼ਹਾਰ ਕਤਿਾ ਜ਼ਾਂਦਾ ਹੈ। ਕੈਨੇਡਾ ਦੀ ਧਰਤੀ ਦੇ ਇਨ੍ਹਾਂ ਅਸਲ ਨਿਵਾਸੀਆਂ ਦੇ ਸੱਭਿਆਚਾਰ ਅਤੇ ਸਮੱਸਿਆਵਾਂ ਨੂੰ ਪਛਾਨਣ ਲਈ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਬਸਤੀਵਾਦੀ ਹਮਲਾਵਰਾਂ ਦੇ ਹੱਥੋਂ ਨਾ ਸਿਰਫ਼ ਆਪਣੀਆਂ ਜ਼ਮੀਨਾਂ ਗੁਆ ਲਈਆਂ ਸਗੋਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਵੀ ਗੁਆ ਦਿੱਤੀਆਂ। ਇਸ ਦੇਸ਼ ਦੇ ਮੌਜੂਦਾ ਪਰਵਾਸੀ ਲੋਕ ਇਸ ਤੱਥ ਨੂੰ ਭੁੱਲ ਗਏ ਕਿ ਇਹ ਧਰਤੀ ਕਿਸੇ ਸਮੇਂ ਇਨ੍ਹਾਂ ਮੂਲਨਿਵਾਸੀ ਕੌਮਾਂ ਦੀ ਸੀ ਜੋ ਹੁਣ ਪਰਵਾਸੀਆਂ ਦੀ ਧਰਤੀ ਵਿੱਚ ਬਦਲ ਗਈ ਹੈ, ਇਸੇ ਧਰਤੀ ਤੇ ਵਸੇ ਇਸ ਦੇਸ਼ ਦਾ ਨਾਮ ਹੁਣ ਕੈਨੇਡਾ ਹੈ। ਜੇਕਰ ਅਸੀਂ ਇਸ ਵਿੱਚ ਰਹਿ ਰਹੇ ਹਾਂ, ਤਾਂ ਸਵਦੇਸ਼ੀ ਲੋਕਾਂ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਜਾਣਨਾ ਅਤੇ ਇੱਜ਼ਤ ਕਰਨਾ ਸਾਡਾ ਫ਼ਰਜ਼ ਬਣਦਾ ਹੈ। ਅਤੀਤ ਵਿੱਚ ਬਸਤੀਵਾਦੀ ਯੂਰੋਪਿਅਨ ਲੋਕਾਂ ਦੇ ਹੱਥੋਂ ਇਸ ਲੋਕਾਂ 'ਤੇ ਬਹੁਤ ਵਧੀਕੀਆਂ ਹੋਈਆਂ ਹਨ, ਇਨ੍ਹਾਂ ਦੇ ਪੁਰਾਣੇ ਜ਼ਖ਼ਮਾਂ ਨੂੰ ਭਰਨ ਲਈ ਸਾਨੂੰ ਉਨ੍ਹਾਂ ਨਾਲ ਹਮਦਰਦੀ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਸੱਭਿਆਚਾਰ ਵਿੱਚ ਅਸਲ ਸਤਿਕਾਰ ਅਤੇ ਭਾਗੀਦਾਰੀ ਦੀ ਲੋੜ ਹੈ। ਸਾਨੂੰ ਉਨ੍ਹਾਂ ਦੀ ਹੋਂਦ ਦੇ ਅਧਿਕਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਦੀ ਪਛਾਣ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

ਮੂਲਨਿਵਾਸੀ ਲੋਕ ਮੁੱਢਕਦੀਮ ਤੋਂ ਹੀ ਕੈਨੇਡਾ ਦੀ ਧਰਤੀ ਦੇ ਵਸਨੀਕ ਹਨ। ਯੂਰਪੀਅਨਾਂ ਦੇ ਉੱਤਰੀ ਅਮਰੀਕਾ ਵਿੱਚ ਆਉਣ ਤੋਂ ਪਹਿਲਾਂ ਉਹਨਾਂ ਦੀਆਂ ਬਕਾਇਦਾ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਪ੍ਰਣਾਲੀਆਂ ਸਨ। ਬਾਅਦ ਵਿੱਚ ਕਾਬਜ਼ ਬਸਤੀਵਾਦ ਅਤੇ ਗੋਰਿਆਂ ਨੇ ਹਕੂਮਤੀ ਪ੍ਰਬੰਧਾਂ ਨਾਲ, ਉਨ੍ਹਾਂ ਦੇ ਜੀਵਨ ਦੇ ਰਵਾਇਤੀ ਸਵਦੇਸ਼ੀ ਢੰਗਾਂ ਨੂੰ ਜ਼ੋਰ-ਜ਼ਬਰੀ ਹਮੇਸ਼ਾ ਲਈ ਬਦਲ ਦਿੱਤਾ। ਆਪਣੇ ਬਸਤੀਵਾਦੀ ਅਭਿਆਸਾਂ ਅਤੇ ਨੀਤੀਆਂ, ਜਿਵੇਂ ਕਿ ਇੰਡੀਅਨ ਐਕਟ, ਪਾਸ ਪ੍ਰਣਾਲੀ, ਰਿਜ਼ਰਵ ਅਤੇ ਰਿਹਾਇਸ਼ੀ ਸਕੂਲ, ਆਦਿਵਾਸੀ ਲੋਕਾਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਇਹਨਾਂ ਨੇ ਮੂਲਨਿਵਾਸੀ ਲੋਕਾਂ ਦੀਆਂ ਮੌਜੂਦਾ ਪੀੜ੍ਹੀਆਂ ਦੇ ਸਭਿਆਚਾਰ ਉੱਤੇ ਇਤਿਹਾਸਕ ਅਤੇ ਨਿਰੰਤਰ ਗੰਭੀਰ ਪ੍ਰਭਾਵ ਪਾਇਆ ਹੈ।

ਕੈਨੇਡਾ ਵਿੱਚ, ਇੰਡੀਜੀਨਸ ਲੋਕ (ਜਾਂ ਮੂਲਨਿਵਾਸੀ ਲੋਕ) ਸ਼ਬਦ ਫਸਟ ਨੇਸ਼ਨਜ਼, ਮੈਟਿਸ ਅਤੇ ਇਨੂਇਟ ਲੋਕਾਂ ਨੂੰ ਦਰਸਾਉਂਦਾ ਹੈ। ਇਹ ਇਸ ਧਰਤੀ ਦੇ ਮੂਲ ਵਾਸੀ ਹਨ ਜੋ ਹੁਣ ਕੈਨੇਡਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਟੈਟਿਸਟਿਕਸ ਕੈਨੇਡਾ ਦੁਆਰਾ 2021 ਦੀ ਮਰਦਮਸ਼ੁਮਾਰੀ ਵਿੱਚ ਕੈਨੇਡਾ ਵਿੱਚ 1.8 ਮਿਲੀਅਨ ਤੋਂ ਵੱਧ ਲੋਕਾਂ ਦੀ ਪਛਾਣ ਸਵਦੇਸ਼ੀ ਵਜੋਂ ਹੋਈ, ਜੋ ਰਾਸ਼ਟਰੀ ਆਬਾਦੀ ਦਾ 5 ਪ੍ਰਤੀਸ਼ਤ ਬਣਦੇ ਹਨ। ਹਾਲਾਂਕਿ ਅਤੀਤ ਵਿੱਚ ਬਸਤੀਵਾਦੀ ਤਾਕਤਾਂ ਦੁਆਰਾ, ਇਨ੍ਹਾਂ ਨੂੰ ਬੁਰੀ ਤਰ੍ਹਾਂ ਦਬਾਇਆ ਗਿਆ ਸੀ ਅਤੇ ਕੁਝ ਮਾਮਲਿਆਂ ਵਿੱਚ ਤਾਂ ਕੁਝ ਲੋਕ ਸਮੂਹਾਂ ਨੂੰ ਖ਼ਤਮ ਵੀ ਕਰ ਦਿੱਤਾ ਗਿਆ ਸੀ। ਇਨ੍ਹਾਂ ਨੇ ਬਾਹਰੋਂ ਆਏ ਯੂਰੋਪੀਅਨਾਂ ਨੂੰ ਇਸ ਬਰਫੀਲੀ ਧਰਤੀ ਦੇ ਪੌਣਪਾਣੀ ਵਿੱਚ ਵਸਣ ਲਈ ਜੀਵਨ-ਜਾਚ ਦਾ ਤਰੀਕਾ ਵੀ ਸਿਖਾਇਆ। ਸਵਦੇਸ਼ੀ ਸੱਭਿਆਚਾਰ, ਭਾਸ਼ਾ ਅਤੇ ਸਮਾਜਿਕ ਪ੍ਰਣਾਲੀਆਂ ਨੇ, ਕੈਨੇਡਾ ਦੇ ਵਿਕਾਸ ਵਿੱਚ ਬਹੁਤ ਹਿੱਸਾ ਪਾਇਆ ਹੈ ਅਤੇ ਅਤਿਅੰਤ ਮੁਸ਼ਕਲਾਂ ਦੇ ਬਾਵਜੂਦ ਵੀ ਆਪਣੇ ਸਭਿਆਚਾਰ ਪਛਾਣ ਨੂੰ ਬਚਾਈ ਰੱਖਣ ਦੀ ਕੋਸ਼ਿਸ਼ ਕੀਤੀ।

**ਕੈਨੇਡਾ ਵਿੱਚ ਇੰਡੀਜੀਨਸ ਲੋਕਾਂ ਦੀਆਂ ਪ੍ਰਮੁੱਖ ਤਿੰਨ ਸ਼੍ਰੇਣੀਆਂ ਹਨ:** ਇਨੂਇਟ, ਮੈਟਿਸ ਅਤੇ ਫਸਟ ਨੇਸ਼ਨਜ਼। ਇਨੂਇਟ ਮੁੱਖ ਤੌਰ 'ਤੇ ਕੈਨੇਡਾ ਦੇ ਉੱਤਰੀ ਖੇਤਰਾਂ ਵਿੱਚ ਵਸਦੇ ਹਨ। ਉਨ੍ਹਾਂ ਦੇ ਵਤਨ ਨੂੰ 'ਇਨੂਇਟ ਨੂਨੰਗਟ' ਵਜੋਂ ਜਾਣਿਆ ਜਾਂਦਾ ਹੈ, ਜਿਸ ਆਰਕਟਿਕ ਖੇਤਰ ਵਿੱਚ ਬਹੁਤ ਸਾਰੀ ਜ਼ਮੀਨ, ਪਾਣੀ ਅਤੇ ਬਰਫ਼ ਸ਼ਾਮਲ ਹੈ। 'ਮੈਟਿਸ' ਲੋਕ ਮਿਸ਼ਰਤ ਯੂਰਪੀਅਨ ਅਤੇ ਸਵਦੇਸ਼ੀ ਵੰਸ਼ ਦੇ ਹਨ, ਅਤੇ ਜ਼ਿਆਦਾਤਰ ਪ੍ਰੇਰੀਜ਼ ਪ੍ਰਾਂਤਾਂ ਅਤੇ ਓਨਟਾਰੀਓ ਵਿੱਚ ਰਹਿੰਦੇ ਹਨ, ਪਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਹਨ। 'ਫਸਟ ਨੇਸ਼ਨਜ਼' ਦੇ ਲੋਕ, ਅਕਸਰ ਆਰਕਟਿਕ ਖੇਤਰ ਦੇ ਦੱਖਣ ਦੇ ਖੇਤਰਾਂ 'ਤੇ ਕਬਜ਼ਾ ਕਰਦੇ ਹਨ।

ਫੈਡਰਲ ਸਰਕਾਰ ਦੁਆਰਾ ਇੰਡੀਅਨ ਐਕਟ ਕਾਨੂੰਨ ਸਥਾਪਿਤ ਕੀਤਾ ਗਿਆ ਹੈ, ਇਹ ਉਹ ਪ੍ਰਮੁੱਖ ਕਾਨੂੰਨ ਹੈ, ਜਿਸ ਰਾਹੀਂ ਸੰਘੀ ਸਰਕਾਰ ਆਦਿਵਾਸੀ ਮਾਮਲਿਆਂ ਨਾਲ ਸਬੰਧਤ ਕਈ ਤਰ੍ਹਾਂ ਦੇ ਮੁੱਦਿਆਂ ਦਾ ਪ੍ਰਬੰਧਨ ਕਰਦੀ ਹੈ। ਇਹ ਐਕਟ ਸਵਦੇਸ਼ੀ ਲੋਕਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦਾ ਹੈ: ਸਟੇਟਸ ਇੰਡੀਅਨ ਅਤੇ ਗੈਰ-ਸਟੇਟਸ ਇੰਡੀਅਨ। ਸਟੇਟਸ ਇੰਡੀਅਨ ਉਹ ਵਿਅਕਤੀ ਹੁੰਦੇ ਹਨ ਜੋ ਇੰਡੀਅਨ ਰਜਿਸਟਰ ਵਿੱਚ ਸੂਚੀਬੱਧ ਹੁੰਦੇ ਹਨ ਅਤੇ ਉਹਨਾਂ ਨੂੰ ਪਛਾਣ ਪੱਤਰ (ਸਟੇਟਸ ਕਾਰਡ ਵਜੋਂ ਜਾਣਿਆ ਜਾਂਦਾ ਹੈ) ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਉਹਨਾਂ ਦੀ ਪਛਾਣ, ਬੈਂਡ ਅਤੇ ਰਜਿਸਟ੍ਰੇਸ਼ਨ ਨੰਬਰ ਬਾਰੇ ਜਾਣਕਾਰੀ ਹੁੰਦੀ ਹੈ। ਗੈਰ-ਸਟੇਟਸ ਇੰਡੀਅਨ ਉਹ ਮੂਲਨਿਵਾਸੀ ਲੋਕ ਹਨ ਜੋ ਫੈਡਰਲ ਸਰਕਾਰ ਨਾਲ ਰਜਿਸਟਰਡ ਨਹੀਂ ਹਨ। ਕੈਨੇਡਾ ਵਿੱਚ ਸਾਰੇ ਮੂਲਨਿਵਾਸੀ ਲੋਕ ਸੰਵਿਧਾਨ ਐਕਟ, 1982 ਦੀ ਧਾਰਾ 35 ਦੁਆਰਾ ਸੁਰੱਖਿਅਤ ਹਨ, ਜੋ ਸਵਦੇਸ਼ੀ ਅਧਿਕਾਰਾਂ ਨੂੰ ਸ਼ਾਮਲ ਕਰਦਾ ਹੈ। ਸਵਦੇਸ਼ੀ ਲੋਕਾਂ ਦੇ ਮਾਮਲਿਆਂ ਲਈ ਜ਼ਿੰਮੇਵਾਰ ਫੈਡਰਲ ਸਰਕਾਰ ਦੇ ਵਿਭਾਗ ਹਨ- 'ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼' ਅਤੇ 'ਨਾਰਦਰਨ ਅਫੇਅਰਜ਼ ਐਂਡ ਇੰਡੀਜੀਨਸ ਸਰਵਿਸਿਜ਼'।

2021 ਦੀ ਮਰਦਮਸ਼ੁਮਾਰੀ ਵਿੱਚ, ਕੈਨੇਡਾ ਵਿੱਚ 1,807,250 ਲੋਕਾਂ ਦੀ ਪਛਾਣ ਸਵਦੇਸ਼ੀ ਵਜੋਂ ਹੋਈ, ਜੋ ਕਿ ਰਾਸ਼ਟਰੀ ਆਬਾਦੀ ਦਾ 5 ਪ੍ਰਤੀਸ਼ਤ ਬਣਦੇ ਹਨ। ਫਸਟ ਨੇਸ਼ਨਜ਼ ਦੀ ਆਬਾਦੀ 1,048,405 ਸੀ, ਮੈਟਿਸ ਦੀ ਆਬਾਦੀ 624,220 ਸੀ, ਅਤੇ ਇਨੂਇਟ ਦੀ ਆਬਾਦੀ 70,545 ਤੱਕ ਪਹੁੰਚ ਗਈ ਸੀ। ਸਰਕਾਰੀ ਅੰਕੜਿਆਂ ਮੁਤਾਬਿਕ, ਕੈਨੇਡਾ ਵਿੱਚ ਇੰਡੀਜੀਨਸ ਆਬਾਦੀ ਲਗਾਤਾਰ ਵਧ ਰਹੀ ਹੈ; 2006 ਅਤੇ 2016 ਦੇ ਵਿਚਕਾਰ, ਇਹ 42.5 ਪ੍ਰਤੀਸ਼ਤ ਵਧਿਆ ਹੈ, ਜੋ ਕਿ ਗੈਰ-ਆਵਾਸੀ ਆਬਾਦੀ ਦੀ ਵਿਕਾਸ ਦਰ ਤੋਂ ਚਾਰ ਗੁਣਾ ਵੱਧ ਹੈ। 2016 ਤੋਂ 2021 ਤੱਕ, ਆਦਿਵਾਸੀਆਂ ਦੀ ਆਬਾਦੀ 9.4 ਪ੍ਰਤੀਸ਼ਤ ਵਧੀ ਹੈ।ਕੁਝ ਮਾਹਿਰਾਂ ਮੰਨਦੇ ਹਨ ਕਿ ਅੰਕੜਿਆਂ ਦੀ ਗਿਣਤੀ ਵਿੱਚ ਵਾਧਾ ਇਸ ਕਰਕੇ ਵੀ ਹੈ ਕਿਉਂਕਿ ਸਰਕਾਰੀ ਪ੍ਰੋਗਰਾਮਾਂ ਦੁਆਰਾ ਦੂਰ-ਦੁਰਾਡੇ ਦੇ ਲੋਕ ਸਮੂਹ ਲੱਭਕੇ ਸੂਚੀਦਰਜ਼ ਕੀਤੇ ਜਾ ਰਹੇ ਹਨ ।

ਅਤੀਤ ਵਿੱਚ, ਬਹੁਤ ਸਾਰੇ ਮੂਲਨਿਵਾਸੀ ਨੈਸ਼ਨਸ ਨੇ ਬ੍ਰਿਟਿਸ਼ ਕਰਾਉਨ ਨਾਲ ਸੰਧੀਆਂ 'ਤੇ ਹਸਤਾਖਰ ਕੀਤੇ ਹਨ। ਇਨ੍ਹਾਂ ਸਮਝੌਤਿਆਂ ਨੇ ਸਾਲਾਨਾ ਅਦਾਇਗੀਆਂ ਅਤੇ ਹੋਰ ਲਾਭਾਂ ਦੇ ਬਦਲ ਵਿੱਚ ਸਵਦੇਸ਼ੀ ਜ਼ਮੀਨਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ। ਸੰਧੀਆਂ ਮੂਲਨਵਾਸੀ ਲੋਕਾਂ ਅਤੇ ਕੈਨੇਡਾ ਵਿਚਕਾਰ ਗੱਠਜੋੜ ਦਾ ਸੰਵਿਧਾਨਕ ਅਤੇ ਨੈਤਿਕ ਆਧਾਰ ਬਣਾਉਂਦੀਆਂ ਹਨ। ਬਸਤੀਵਾਦੀ ਹਕੂਮਤਾਂ ਦੀਆਂ ਨੀਤੀਆਂ ਵਿੱਚ ਪੱਖਪਾਤ, ਨਸਲਵਾਦ, ਅਲੱਗ-ਥਲੱਗ ਕਰਨ ਦੀਆਂ ਕਾਰਵਾਈਆਂ, ਜ਼ਮੀਨ ਦੀ ਘਾਟ, ਭੋਜਨ ਸਰੋਤਾਂ ਅਤੇ ਜਨਤਕ ਸੇਵਾਵਾਂ ਦੀ ਘਾਟ ਦੇ ਨਾਲ ਦਿੱਤੀ ਜਾਂਦੀ ਰਹੀਆਂ ਹਨ।ਸਵਦੇਸ਼ੀ ਲੋਕ ਦੀਆਂ, ਸਮਾਜਿਕ-ਆਰਥਿਕ ਸਥਿਤੀਆਂ ਸੱਭਿਆਚਾਰਕ ਪਰੰਪਰਾਵਾਂ, ਸਮਾਜਿਕ ਅਸਮਾਨਤਾਵਾਂ, ਪੱਖਪਾਤ ਅਤੇ ਵਿਤਕਰੇ ਦੁਆਰਾ ਪ੍ਰਭਾਵਿਤ ਹੋਈਆਂ ਹਨ। ਇਸ ਗੱਲ ਨੇ ਆਦਿਵਾਸੀ ਲੋਕਾਂ ਦੀ ਸਿਹਤ ਅਤੇ ਸਮਾਜਿਕ-ਆਰਥਿਕ ਤੰਦਰੁਸਤੀ 'ਤੇ ਵਿਨਾਸ਼ਕਾਰੀ ਨਤੀਜੇ ਪਾਏ ।ਸਮਾਜਿਕ-ਆਰਥਿਕ ਸਥਿਤੀਆਂ ਨੇ ਲੋਕਾਂ ਦੇ ਰਹਿਣ ਸਹਿਣ ਨੂੰ ਪ੍ਰਭਾਵਿਤ ਕੀਤਾ ਜਿਸ ਵਿੱਚ ਸਿਹਤ, ਆਮਦਨ, ਸਿੱਖਿਆ, ਰੁਜ਼ਗਾਰ ਅਤੇ ਭਾਈਚਾਰਾ ਸ਼ਾਮਲ ਹੈ ।ਚਾਹੇ ਸਮੇਂ ਦੇ ਨਾਲ-ਨਾਲ ਸਮੁੱਚੇ ਕੈਨੇਡਿਅਨ ਲੋਕਾਂ ਦੀ ਬਿਹਤਰ ਸਮਾਜਿਕ-ਆਰਥਿਕ ਸਥਿਤੀਆਂ ਵੱਲ ਤਰੱਕੀ ਦਾ ਕੁੱਝ ਪ੍ਰਭਾਵ ਇਨ੍ਹਾਂ ਤੇ ਵੀ ਪਿਆ ਹੈ ਪਰ ਕੈਨੇਡਾ ਵਿੱਚ ਸਵਦੇਸ਼ੀ ਅਤੇ ਗੈਰ-ਆਵਾਸੀ ਲੋਕਾਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ ਵਿੱਚ ਅਜੇ ਵੀ ਅੰਤਰ ਹਨ।2021 ਦੀ ਮਰਦਮਸ਼ੁਮਾਰੀ ਨੇ ਖੁਲਾਸਾ ਕੀਤਾ ਹੈ ਕਿ ਕੈਨੇਡਾ ਵਿੱਚ ਤਕਰੀਬਨ ਪੰਜ ਵਿੱਚੋਂ ਇੱਕ ਇੰਡੀਜਨਿਸ ਲੋਕ ਘੱਟ ਆਮਦਨੀ ਵਾਲੇ ਘਰਾਂ ਵਿੱਚ ਰਹਿੰਦੇ ਹਨ।



ਜੁਲਾਈ 2019 ਵਿੱਚ, ਅਸੈਂਬਲੀ ਆਫ ਫਸਟ ਨੇਸ਼ਨਜ਼ (ਏ.ਐਫ.ਐਨ.) ਅਤੇ ਕੈਨੇਡੀਅਨ ਸੈਂਟਰ ਫਾਰ ਪਾਲਿਸੀ ਅਲਟਰਨੇਟਿਵਜ਼ ਦੁਆਰਾ ਸਹਿ-ਲੇਖਕ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਕੈਨੇਡਾ ਵਿੱਚ 254,100 ਫਸਟ ਨੇਸ਼ਨਜ਼ ਦੇ 47 ਪ੍ਰਤੀਸ਼ਤ ਬੱਚੇ ਗਰੀਬੀ ਵਿੱਚ ਰਹਿੰਦੇ ਹਨ। ਰਾਸ਼ਟਰੀ ਤੌਰ 'ਤੇ, ਪਹਿਲੇ ਰਾਸ਼ਟਰ ਦੇ ਦਰਜੇ ਦੇ ਬੱਚੇ ਗੈਰ-ਆਵਾਸੀ, ਗੈਰ-ਜਾਤੀ ਵਾਲੇ ਬੱਚਿਆਂ ਨਾਲੋਂ ਗਰੀਬੀ ਵਿੱਚ ਰਹਿਣ ਦੀ ਸੰਭਾਵਨਾ ਲਗਭਗ ਚਾਰ ਗੁਣਾ ਜ਼ਿਆਦਾ ਹਨ। ਰਿਪੋਰਟ ਦੇ ਲੇਖਕਾਂ ਨੇ ਸਟੈਟਿਸਟਿਕਸ ਕੈਨੇਡਾ ਦੀ 2006 ਦੀ ਜਨਗਣਨਾ, 2011 ਦੇ ਰਾਸ਼ਟਰੀ ਘਰੇਲੂ ਸਰਵੇਖਣ ਅਤੇ 2016 ਦੀ ਜਨਗਣਨਾ ਦੀ ਵਰਤੋਂ ਕਰਦੇ ਹੋਏ ਬਾਲ ਗਰੀਬੀ ਨੂੰ ਟਰੈਕ ਕੀਤਾ। ਅਧਿਐਨ ਨੇ ਆਨ-ਰਿਜ਼ਰਵ (53 ਪ੍ਰਤੀਸ਼ਤ) ਅਤੇ ਰਿਜ਼ਰਵ ਤੋਂ ਬਾਹਰ ਰਹਿ ਰਹੇ (41 ਪ੍ਰਤੀਸ਼ਤ) ਦਰਜੇ ਦੇ ਪਹਿਲੇ ਰਾਸ਼ਟਰ ਦੇ ਬੱਚਿਆਂ ਲਈ ਗਰੀਬੀ ਦਰ ਵਿੱਚ ਅੰਤਰ ਪ੍ਰਗਟ ਕੀਤੇ।

ਪ੍ਰੇਰੀਜ਼ ਪਰੋਵਿੰਸ ਵਿੱਚ ਗਰੀਬੀ ਦਰ ਸਭ ਤੋਂ ਵੱਧ ਸੀ। ਰਿਜ਼ਰਵ ਵਿੱਚ ਰਹਿ ਰਹੇ, ਮੈਨੀਟੋਬਾ ਅਤੇ ਸਸਕੈਚਵਨ ਵਿੱਚ ਸਟੇਟਸ ਫਸਟ ਨੇਸ਼ਨ ਦੇ ਬੱਚਿਆਂ ਨੂੰ 65 ਪ੍ਰਤੀਸ਼ਤ ਦੀ ਅਤਿ ਗਰੀਬੀ ਦਰ ਦਾ ਸਾਹਮਣਾ ਕਰਨਾ ਪਿਆ। ਇਸ ਦੇ ਮੁਕਾਬਲੇ, ਹਾਲੀਆ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਮੈਨੀਟੋਬਾ ਵਿੱਚ ਗੈਰ-ਆਦੀਵਾਸੀ ਬੱਚਿਆਂ ਦੀ ਗਰੀਬੀ ਦਰ 15 ਫੀਸਦੀ ਹੈ। ਸਸਕੈਚਵਨ ਵਿੱਚ, ਇਹੀ ਬੱਚੇ 16 ਪ੍ਰਤੀਸ਼ਤ ਦੀ ਗਰੀਬੀ ਦਰ ਦਾ ਸਾਹਮਣਾ ਕਰਦੇ ਹਨ। ਕਿਊਬਿਕ ਵਿੱਚ, ਰਿਜ਼ਰਵ 'ਤੇ ਰਹਿ ਰਹੇ ਪਹਿਲੇ ਰਾਸ਼ਟਰ ਦੇ ਬੱਚਿਆਂ ਲਈ ਗਰੀਬੀ ਦਰ 29 ਪ੍ਰਤੀਸ਼ਤ ਘੱਟ ਸੀ। ਇਹ ਸਭ ਤੋਂ ਵੱਧ ਸੰਭਾਵਤ ਤੌਰ 'ਤੇ ਕੁਦਰਤੀ ਸਰੋਤ ਮਾਲੀਏ ਨੂੰ ਸਾਂਝਾ ਕਰਨ ਲਈ ਫਸਟ ਨੇਸ਼ਨਜ਼ ਅਤੇ ਪ੍ਰਾਂਤ ਵਿਚਕਾਰ ਸਮਝੌਤਿਆਂ ਦੇ ਕਾਰਨ ਹੈ। ਖਾਸ ਤੌਰ 'ਤੇ, ਇਹਨਾਂ ਵਿੱਚ ਹਾਈਡਰੋ-ਕਿਊਬੇਕ ਮਾਲੀਆ ਸ਼ਾਮਲ ਹਨ। 4.5 ਮਿਲੀਅਨ ਗੈਰ-ਆਵਾਸੀ, ਗੈਰ-ਨਸਲੀ ਬੱਚਿਆਂ ਲਈ ਰਾਸ਼ਟਰੀ ਗਰੀਬੀ ਦਰ 12 ਪ੍ਰਤੀਸ਼ਤ ਹੈ ।

ਪੇਰੀ ਬੇਲੇਗਾਰਡ, ਜੋ ਕਿ ਰਿਪੋਰਟ ਦੇ ਸਮੇਂ ਏ.ਐਫ.ਐਨ. ਦੇ ਰਾਸ਼ਟਰੀ ਮੁਖੀ ਸਨ, ਨੇ ਘੋਸ਼ਣਾ ਕੀਤੀ ਕਿ "ਇਸ ਰਿਪੋਰਟ ਦੇ ਨਤੀਜੇ ਸ਼ਰਮਨਾਕ ਹਨ ਅਤੇ ਫਸਟ ਨੇਸ਼ਨਜ਼ ਦੇ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਦੀ ਤੁਰੰਤ ਲੋੜ ਦੀ ਨਿਸ਼ਾਨਦੇਹੀ ਕਰਦੇ ਹਨ। ਸਾਡੇ ਬੱਚੇ ਦੇਸ਼ ਵਿੱਚ ਸਭ ਤੋਂ ਭੈੜੀਆਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਫਸਟ ਨੇਸ਼ਨਜ਼ ਅਤੇ ਕੈਨੇਡਾ ਵਿਚਕਾਰ ਜੀਵਨ ਦੀ ਗੁਣਵੱਤਾ ਵਿੱਚ ਪਾੜੇ ਨੂੰ ਬੰਦ ਕਰਨਾ ਸਾਰੇ ਕੈਨੇਡੀਅਨਾਂ ਲਈ ਫਾਇਦੇਮੰਦ ਹੈ।" ਏ.ਐਫ.ਐਨ. ਅਤੇ "ਟੂਵਾਰਡ ਜਸਟਿਸ" ਦੇ ਲੇਖਕ ਮੰਨਦੇ ਹਨ ਕਿ ਇੱਕ "ਰਾਸ਼ਟਰੀ ਗਰੀਬੀ ਰਣਨੀਤੀ" ਨੂੰ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਹ ਮੂਲਨਿਵਾਸੀ ਬੱਚਿਆਂ ਵਿੱਚ ਬਾਲ ਗਰੀਬੀ ਨਾਲ ਨਜਿੱਠੇਗਾ ਅਤੇ ਘਟਾਏਗਾ। ਇਸ ਯੋਜਨਾ ਵਿੱਚ ਆਦਿਵਾਸੀ ਲੋਕਾਂ ਲਈ ਸਵੈ-ਨਿਰਣੇ, ਸਰਕਾਰੀ ਫੰਡਾਂ ਵਿੱਚ ਵਾਧਾ ਅਤੇ ਆਦਿਵਾਸੀ ਲੋਕਾਂ ਅਤੇ ਸਰਕਾਰ ਦਰਮਿਆਨ ਸਰੋਤ ਮਾਲੀਏ ਦੀ ਵੰਡ ਦੇ ਪ੍ਰਬੰਧ ਸ਼ਾਮਲ ਹੋਣਗੇ।

'ਫੈਡਰਲ ਸਰਕਾਰ ਨੇ ਬਸਤੀਵਾਦੀ ਅਤੀਤ ਦੁਆਰਾ ਸਮਾਜ ਦੇ ਇਸ ਹਿੱਸੇ ਨਾਲ ਕੀਤੇ ਗਏ ਦੁਰਵਿਵਹਾਰ ਨੂੰ ਖਤਮ ਕਰਨ ਲਈ ਕਲਿਆਣਕਾਰੀ ਯੋਜਨਾਵਾਂ ਲਾਗੂ ਕੀਤੀਆਂ ਹਨ। ਇਸ ਲਈ ਕਈ ਰੀਕੋਂਸੀਲੀਏਸ਼ਨ ਦੀਆਂ ਕਾਰਵਾਈਆਂ ਇਨ-ਐਕਸ਼ਨ ਹਨ। ਹਾਲ ਹੀ ਦੇ ਸਾਲਾਂ ਵਿੱਚ ਪਿਛਲੇ ਭਾਰਤੀ ਰਿਹਾਇਸ਼ੀ ਸਕੂਲ ਪ੍ਰਣਾਲੀਆਂ ਵਿੱਚ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਬੱਚਿਆਂ ਦੀਆਂ ਕਈ ਕਬਰਾਂ ਸਾਹਮਣੇ ਆਈਆਂ ਹਨ। ਇਸ ਲਈ ਰੀਕੋਂਸੀਲੀਏਸ਼ਨ ਦੇ ਕੰਮ ਦੀ ਮਹੱਤਤਾ ਨੂੰ ਪਹਿਲ ਦੇ ਮੁੱਦੇ ਵਜੋਂ ਮਾਨਤਾ ਦਿੱਤੀ ਗਈ ਹੈ। ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ ਦੀਆਂ ਅੰਤਮ ਰਿਪੋਰਟਾਂ ਅਤੇ 'ਲਾਪਤਾ ਅਤੇ ਕਤਲ ਕੀਤੀਆਂ ਮੂਲਨਿਵਾਸੀ ਔਰਤਾਂ' ਦੀ ਨੈਸ਼ਨਲ ਇਨਕੁਆਰੀ ਇਸ ਰੀਕੋਂਸੀਲੀਏਸ਼ਨ ਦੇ ਕੰਮ ਦਾ ਜ਼ਿਕਰ ਕਰਦੀ ਹੈ। ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲਜ਼ ਸੈਟਲਮੈਂਟ ਐਗਰੀਮੈਂਟ, ਕੈਨੇਡੀਅਨ ਇਤਿਹਾਸ ਦਾ ਸਭ ਤੋਂ ਵੱਡਾ ਕਲਾਸ-ਐਕਸ਼ਨ ਸਮਝੌਤਾ, 2007 ਵਿੱਚ ਲਾਗੂ ਹੋਣਾ ਸ਼ੁਰੂ ਹੋਇਆ। ਸਮਝੌਤੇ ਦੇ ਇੱਕ ਤੱਤ ਕੈਨੇਡਾ ਦੇ 'ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ' (ਟੀ.ਆਰ.ਸੀ.) ਦੀ ਸਥਾਪਨਾ ਸੀ ਤਾਂ ਜੋ ਸਾਬਕਾ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ, ਉਹਨਾਂ ਦੇ ਭਾਈਚਾਰੇ ਅਤੇ ਸਾਰੇ ਕੈਨੇਡੀਅਨ, ਨੂੰ ਰੀਕੋਂਸੀਲੀਏਸ਼ਨ ਦੀ ਸਹੂਲਤ ਦਿੱਤੀ ਜਾ ਸਕੇ। ਸਾਲ 2007 ਅਤੇ 2015 ਦੇ ਵਿਚਕਾਰ, ਕੈਨੇਡਾ ਸਰਕਾਰ ਨੇ ਟੀ.ਆਰ.ਸੀ. ਦੇ ਕੰਮ ਨੂੰ ਸਮਰਥਨ ਦੇਣ ਲਈ ਲਗਭਗ $72 ਮਿਲੀਅਨ ਪ੍ਰਦਾਨ ਕੀਤੇ। ਟੀ ਆਰ ਸੀ ਨੇ ਰਿਹਾਇਸ਼ੀ ਸਕੂਲ ਪ੍ਰਣਾਲੀ ਦਾ ਇਤਿਹਾਸਕ ਰਿਕਾਰਡ ਬਣਾਇਆ ਹੈ। ਇਸ ਪ੍ਰਕਿਰਿਆ ਦੇ ਹਿੱਸੇ ਵਜੋਂ, ਕੈਨੇਡਾ ਸਰਕਾਰ ਨੇ ਟੀ.ਆਰ.ਸੀ. ਨੂੰ 5 ਮਿਲੀਅਨ ਤੋਂ ਵੱਧ ਰਿਕਾਰਡ ਪ੍ਰਦਾਨ ਕੀਤੇ ਹਨ। ਮੈਨੀਟੋਬਾ ਯੂਨੀਵਰਸਿਟੀ ਵਿਖੇ 'ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰਿਕੋਂਸੀਲੀਏਸ਼ਨ' ਹੁਣ ਟੀ.ਆਰ.ਸੀ. ਦੁਆਰਾ ਇਕੱਠੇ ਕੀਤੇ ਸਾਰੇ ਦਸਤਾਵੇਜ਼ ਰੱਖਦਾ ਹੈ। ਦਸੰਬਰ 2015 ਵਿੱਚ, ਟੀ.ਆਰ.ਸੀ. ਨੇ ਆਪਣੀ ਪੂਰੀ 6-ਭਾਗੀ ਅੰਤਿਮ ਰਿਪੋਰਟ ਜਾਰੀ ਕੀਤੀ। ਸਾਰੇ ਕੈਨੇਡੀਅਨਾਂ ਨੂੰ ਭਾਰਤੀ ਰਿਹਾਇਸ਼ੀ ਸਕੂਲਾਂ ਦੇ ਭਿਆਨਕ ਇਤਿਹਾਸ ਅਤੇ ਇਸਦੀ ਦੁਖਦਾਈ ਵਿਰਾਸਤ ਬਾਰੇ ਹੋਰ ਜਾਣਨ ਲਈ ਸੰਖੇਪ ਜਾਂ ਅੰਤਿਮ ਰਿਪੋਰਟ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਸਿਰਫ਼ ਬਸਤੀਵਾਦੀ ਅਤੀਤ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕੈਨੇਡਾ ਦੇ ਆਦਿਵਾਸੀ ਭਾਈਚਾਰਿਆਂ ਨਾਲ ਅੱਜ ਵੀ ਅੱਤਿਆਚਾਰ ਹੋ ਰਹੇ ਹਨ। ਅਜੇ ਵੀ ਇੰਡੀਜੀਨਸ ਕੁੜੀਆਂ ਦੇ ਲਾਪਤਾ ਅਤੇ ਕਤਲ ਹੋਣ ਦਾ ਮੁੱਦਾ ਵੱਡੀ ਸਮੱਸਿਆ ਹੈ। ਕੈਨੇਡਾ ਵਿੱਚ 'ਲਾਪਤਾ ਅਤੇ ਕਤਲ ਕੀਤੀਆਂ ਇੰਡੀਜੀਨਸ ਔਰਤਾਂ ਅਤੇ ਕੁੜੀਆਂ' (ਐਮ.ਐਮ.ਆਈ.ਡਬਲਿਊ.ਜੀ.) ਵੀ ਮਨੁੱਖੀ ਅਧਿਕਾਰਾਂ ਦੇ ਸੰਕਟ ਨੂੰ ਦਰਸਾਉਂਦੀ ਹੈ ਜੋ ਹਾਲ ਹੀ ਵਿੱਚ ਰਾਸ਼ਟਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇੰਡੀਜੀਨਸ ਔਰਤਾਂ ਅਤੇ ਭਾਈਚਾਰਿਆਂ, ਔਰਤਾਂ ਦੇ ਸਮੂਹਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੇ ਲੰਬੇ ਸਮੇਂ ਤੋਂ ਹਿੰਸਾ ਦੀਆਂ ਵੱਡੀ ਗਿਣਤੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ । ਇਸ ਦੇ ਨਾਲ ਨਾਲ, ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੀਆਂ ਗਈਆਂ ਮੂਲਨਿਵਾਸੀ ਔਰਤਾਂ ਅਤੇ ਲੜਕੀਆਂ ਦੀ ਭਿਆਨਕ ਅੰਕੜਿਆਂ ਲਈ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। 8 ਦਸੰਬਰ 2015 ਨੂੰ ਰਾਸ਼ਟਰੀ ਜਨਤਕ ਪੁੱਛਗਿੱਛ ਸ਼ੁਰੂ ਹੋਣ ਤੋਂ ਪਹਿਲਾਂ, ਫੈਡਰਲ ਸਰਕਾਰ ਦੁਆਰਾ ਇਹਨਾਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ ਸੀ। ਕੁਝ ਲੋਕਾਂ ਦੁਆਰਾ ਇੱਕ ਛੁਪੇ ਹੋਏ ਸੰਕਟ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ, ਡਾਨ ਲਵੇਲ-ਹਾਰਵਰਡ, ਨੇਟਿਵ ਵੂਮੈਨ ਐਸੋਸੀਏਸ਼ਨ ਆਫ ਕੈਨੇਡਾ ਦੇ ਸਾਬਕਾ ਪ੍ਰਧਾਨ, ਨੇ ਲਾਪਤਾ ਅਤੇ ਕਤਲ ਕੀਤੀਆਂ ਇੰਡੀਜੀਨਸ ਔਰਤਾਂ' ਨੂੰ ਇੱਕ ਰਾਸ਼ਟਰੀ ਤ੍ਰਾਸਦੀ ਅਤੇ ਇੱਕ ਰਾਸ਼ਟਰੀ ਸ਼ਰਮ ਦੇ ਰੂਪ ਵਿੱਚ ਦਰਸਾਇਆ ਹੈ। 2015 ਵਿੱਚ, ਕੈਨੇਡਾ ਦੇ "ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ" ਨੇ ਇੰਡੀਜਨਿਸ ਔਰਤਾਂ ਅਤੇ ਲੜਕੀਆਂ ਦੇ ਸ਼ੋਸ਼ਣ ਦੀ ਰਾਸ਼ਟਰੀ ਜਨਤਕ ਜਾਂਚ ਦੀ ਮੰਗ ਦਾ ਸਮਰਥਨ ਕੀਤਾ। ਨੈਸ਼ਨਲ ਇਨਕੁਆਰੀ ਦੀ ਅੰਤਿਮ ਰਿਪੋਰਟ 3 ਜੂਨ 2019 ਨੂੰ ਪੂਰੀ ਕੀਤੀ ਗਈ ਅਤੇ ਜਨਤਾ ਨੂੰ ਪੇਸ਼ ਕੀਤੀ ਗਈ।

ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੇ ਗਏ ਮੂਲਨਿਵਾਸੀ ਔਰਤਾਂ ਅਤੇ ਕੁੜੀਆਂ ਦੀ ਗਿਣਤੀ ਬਾਰੇ ਬਹੁਤ ਅਸਹਿਮਤੀ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ ਸੀ ਐਮ ਪੀ) ਨੇ 2014 ਦੀ ਇੱਕ ਰਿਪੋਰਟ ਵਿੱਚ ਮੰਨਿਆ ਕਿ 1980 ਤੋਂ 2012 ਦਰਮਿਆਨ 1,200 ਤੋਂ ਵੱਧ ਲਾਪਤਾ ਅਤੇ ਕਤਲ ਹੋਈਆਂ ਆਦਿਵਾਸੀ ਔਰਤਾਂ ਹੋਈਆਂ ਹਨ। ਆਦਿਵਾਸੀ ਔਰਤਾਂ ਦੇ ਸਮੂਹ, ਹਾਲਾਂਕਿ, ਲਾਪਤਾ ਅਤੇ ਕਤਲ ਕੀਤੇ ਗਏ ਲੋਕਾਂ ਦੀ ਗਿਣਤੀ 4,000 ਤੋਂ ਵੱਧ ਹੋਣ ਦਾ ਦਸਤਾਵੇਜ਼ੀ ਰੂਪ ਵਿੱਚ ਦਰਜ ਕਰਦੇ ਹਨ।

ਨਿਕ ਪ੍ਰਿੰਟਅੱਪ, 'ਅਵਰ ਸਿਸਟਰਜ਼ ਇਨ ਸਪਿਰਿਟ' (2015) ਡਾਕੂਮੈਂਟਰੀ ਦੇ ਨਿਰਦੇਸ਼ਕ ਅਤੇ ਨਿਰਮਾਤਾ, ਨੇ 2016 ਦੀ ਇੱਕ ਇੰਟਰਵਿਊ ਵਿੱਚ ਕਿਹਾ ਕਿ "ਅੱਜ ਸਵਦੇਸ਼ੀ ਔਰਤਾਂ ਦਾ ਸਾਹਮਣਾ ਕਰ ਰਹੇ ਦੁਖਾਂਤ ਦੀ ਗੰਭੀਰਤਾ ਨੂੰ ਸਮਝਣ ਲਈ ਤੁਹਾਨੂੰ ਪਹਿਲਾਂ ਇਤਿਹਾਸ ਨੂੰ ਸਮਝਣਾ ਪਵੇਗਾ।" ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੀਆਂ ਸਵਦੇਸ਼ੀ ਔਰਤਾਂ ਅਤੇ ਲੜਕੀਆਂ ਦਾ ਮੁੱਦਾ ਕੈਨੇਡਾ ਦੇ ਵਿਕਾਸ ਜਿੰਨਾ ਹੀ ਪੁਰਾਣਾ ਹੈ ਅਤੇ ਇਸਨੂੰ ਬਸਤੀਵਾਦੀ ਬਸਤੀਵਾਦ ਦੇ ਇਤਿਹਾਸਕ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ ਜਿਸ ਕਾਰਨ ਸਵਦੇਸ਼ੀ ਔਰਤਾਂ ਦੇ ਚੱਲ ਰਹੇ ਨਸਲੀਕਰਨ ਅਤੇ ਜਿਨਸੀਕਰਨ ਦਾ ਕਾਰਨ ਬਣਿਆ ਹੈ।

ਇਸ ਰਾਸ਼ਟਰੀ ਇੰਡੀਜਨਿਸ ਡੇਅ 'ਤੇ, ਇਹਨਾਂ ਸਾਰੀਆਂ ਕਾਰਵਾਈਆਂ ਅਤੇ ਸਿਫ਼ਾਰਸ਼ਾਂ ਬਾਰੇ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੁਆਰਾ ਇਹਨਾਂ ਭਾਈਚਾਰਿਆਂ ਦੀ ਭਲਾਈ ਲਈ ਗਵਰਨਮੈਂਟ ਨੂੰ ਦੁਬਾਰਾ ਯਾਦ ਕਰਵਾਇਆ ਜਾਂਦਾ ਹੈ। ਸਾਨੂੰ ਇਨ੍ਹਾਂ ਧਰਤੀ ਦੇ ਸਾਰੇ ਪ੍ਰਵਾਸੀਆਂ ਨੂੰ ਵੀ ਇੰਡੀਜੀਨਸ ਭਲਾਈ ਦੇ ਸਾਰੇ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਹਿੱਸਾ ਲੈਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੌਜੂਦਾ ਲੋਕਤੰਤਰੀ ਪ੍ਰਣਾਲੀ ਵਿੱਚ, ਅਤੀਤ ਦੇ ਬਸਤੀਵਾਦੀ ਸ਼ਾਸਨ ਦੁਆਰਾ ਘੜੇ ਅਤੇ ਸਥਾਪਿਤ ਗਏ, ਸ਼ਾਸਨ ਦੇ ਤੌਰ-ਤਰੀਕੇ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਬਰਾਬਰ ਮਨੁੱਖੀ ਅਧਿਕਾਰਾਂ ਦੇ ਨਾਲ ਸਮਾਜ ਦੇ ਸਾਰੇ ਵਰਗਾਂ ਦੇ ਬਰਾਬਰ ਵਿਕਾਸ ਦਾ ਸਮਰਥਨ ਕਰਨਾ ਚਾਹੀਦਾ ਹੈ। ਕੈਨੇਡਾ ਦੀ ਸਮਾਜ, ਹਰ ਵਰਗ ਦੇ ਬਰਾਬਰ ਮੌਕੇ ਅਤੇ ਬੁਨਿਆਦੀ ਅਧਿਕਾਰਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ, ਜਿਸ ਨਾਲ ਇਨ੍ਹਾਂ ਮੂਲਵਾਸੀ ਭਾਈਚਾਰਿਆਂ 'ਤੇ ਅਤੀਤ ਵਿੱਚ ਕੀਤੇ ਗਏ ਅੱਤਿਆਚਾਰਾਂ ਨੂੰ ਸੁਧਾਰਨ ਵਾਲੇ ਪ੍ਰੋਗਰਾਮ ਸਹੀ ਢੰਗ ਨਾਲ ਸ਼ਾਮਲ ਕੀਤੇ ਜਾਣ।

# ਕੈਨੇਡਾ ਵਿਚ ਅੰਤਰ-ਰਾਸ਼ਟਰੀ ਕਾਮਿਆਂ ਤੇ ਵਿਦਿਆਰਥੀਆਂ ਵਲੋਂ ਰੋਸ ਮਾਰਚ



ਬਰੈਂਪਟਨ (ਕੈਨੇਡਾ) ਦੇ ਕੈਨਫ ਪਾਰਕ ਵਿੱਚ ਨੌਜਵਾਨ ਸਪੋਰਟ ਨੈੱਟਵਰਕ ਕਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀ ਤੇ ਕਾਮਿਆ ਨੂੰ ਨਾਲ ਲੈ ਕੇ ਰੋਸ ਰੈਲੀ ਕੀਤੀ ਗਈ। ਜਿਸ ਵਿੱਚ ਕਾਮਿਆ ਨੂੰ ਲਗਾਤਾਰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ।

ਇਸ ਰੈਲੀ ਵਿੱਚ ਮੁੱਖ ਬੁਲਾਰੇ ਦੇ ਰੂਪ ਵਿੱਚ ਓਨਟਾਰੀਓ ਫੈਡਰੇਸ਼ਨ ਆਫਰ ਲੇਬਰ (OFL) ਦੀ ਪ੍ਰਧਾਨ ਲੌਰਾ ਵਾਲਟਨ ਨੇ ਕਿਹਾ ਕੇ "ਸਾਡੀ ਜਥੇਬੰਦੀ ਓਨਟਾਰੀਓ ਦੇ 10 ਲੱਖ ਕਾਮਿਆਂ ਦੀ ਅਗਵਾਈ ਕਰਦੀ ਹਾਂ। ਉਸ ਨੇ ਕਿਹਾ ਕੇ "ਤੁਸੀਂ ਸਾਰੇ ਸਾਡੇ ਕਾਮੇ ਹੋ ਅਗਰ ਕਿਸੇ ਇੱਕ ਕਾਮੇ ਉੱਪਰ ਕਿਸੇ ਵੀ ਪ੍ਰਕਾਰ ਦੀ ਗੱਲ ਆਉਂਦੀ ਹੈ ਤਾਂ ਮਤਲਬ ਉਹ ਇੱਕ ਦੀ ਨਹੀ ਉਹਨਾਂ 10 ਲੱਖ ਕਾਮਿਆਂ ਦੀ ਗੱਲ ਹੈ। ਓਨਾਟਰੀਓ ਵਿੱਚ ਕਿਸੇ ਵੀ ਕਿਸਮ ਦੇ ਨਸਲੀ ਵਿਤਕਰੇ ਦੀ ਕੋਈ ਥਾਂ ਨਹੀਂ ਹੈ। ਅੰਤਰ ਰਾਸ਼ਟਰੀ ਕਾਮਿਆਂ ਨਾਲ OFl ਹਰ ਤਰ ?ਰਾ ਮੋਡੇ ਨਾਲ ਮੋਡਾ ਲਾ ਕੇ ਖੜੀ ਹੈ।" ਨੌਜਵਾਨ ਸਪੋਟ ਨੈੱਟਵਰਕ ਦੇ ਆਗੂਆਂ ਮਹਿਕਦੀਪ ਮਾਨਸਾ, ਸਿਮਰਨ, ਬਿਕਰਮ ਕੁੱਲੇਵਾਲ, ਪਰਮਵੀਰ ਗਿੱਲ ਵੱਲੋਂ ਕਾਨਫਰੰਸ ਦੀਆਂ ਮੰਗਾ ਬਾਰੇ ਵਿਚਾਰ ਪੇਸ਼ ਕੀਤੇ ਗਏ।

ਬੁਲਾਰਿਆਂ ਨੇ ਕਿਹਾ ਜਦੋਂ ਕੋਈ ਪ੍ਰਬੰਧ ਸੰਕਟ ਵਿੱਚ ਹੁੰਦਾ ਹੈ ਤਾਂ ਸਮੇਂ ਦੀਆਂ ਸਰਕਾਰਾਂ ਉਸ ਵੇਲੇ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚੱਲਦੀਆਂ ਲੋਕਾ ਵਿੱਚ ਵੰਡੀਆਂ ਪਾਓਦੀਆਂ ਹਨ ਤਾਂਹੀ ਇਸ ਵੇਲੇ ਕਨੇਡਾ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ ਪਰਵਾਸੀਆਂ ਨੂੰ ਦੱਸਿਆ ਜਾ ਰਿਹਾ ਨਸਲੀ ਵਿਤਕਰੇ ਨੂੰ ਹਵਾ ਦਿੱਤੀ ਜਾ ਰਹੀ । ਜਦਕਿ ਰਿਸੈਸ਼ਨ ਦਾ ਮੁੱਖ ਕਾਰਨ ਇੱਥੋਂ ਦਾ ਗੈਰਬਰਾਬਰੀ ਵਾਲਾ ਆਰਥਿਕ ਪ੍ਰਬੰਧ ਹੈ। ਇੱਥੇ ਵੀ ਸਾਰਾ ਕੁਝ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾ ਰਿਹਾ ਆਮ ਲੋਕ ਹਰ ਪਾਸਿਓਂ ਸਿਸਟਮ ਤੋ ਦੁਖੀ ਨੇ। ਮਹਿੰਗਾਈ ਸਿਖਰਾਂ ਤੇ ਹੈ। ਜੌਬਾ ਬਿਲਕੁਲ ਘੱਟ ਗਈਆਂ ਹਨ, ਹਜ਼ਾਰਾਂ ਨਵੇ ਆਏ ਅੰਤਰ ਰਾਸ਼ਟਰੀ ਵਿਦਿਆਰਥੀ ਇੱਕ ਇੱਕ ਸਾਲ ਤੋ ਵਿਹਲੇ ਬੈਠੇ ਨੇ। ਉੱਤੋਂ ਜਿਨਾ ਦੇ ਕੋਲ ਕੰਮ ਹੈ ਉਨ੍ਹਾਂ ਦੇ ਵਰਕ ਪਰਮਿਟ ਖਤਮ ਹੋ ਰਹੇ ਨੇ ਉਹ ਅਲੱਗ ਚਿੰਤਾ ਵਿੱਚ ਨੇ ਪੀ ਆਰ ਦਾ ਕੋਈ ਰਾਹ ਨਹੀਂ ਦਿਸ ਰਿਹਾ।

1. 2024-25 ਦੇ ਵਿੱਚ ਜਿਨ੍ਹਾਂ ਪੋਸਟ ਗ੍ਰੈਜੂਏਟ ਵਰਕ ਪਰਮਿਟ ਹੋਲਡਰਾਂ ਦਾ ਵਰਕ ਪਰਮਿਟ ਖਤਮ ਹੋ ਰਿਹਾ ਇਹਨਾਂ ਦੇ ਵਰਕਪਰਮਿਟ ਵਧਾਏ ਜਾਣ।

2.PNP ਤੇ 353 ਦੇ ਡਰਾਅ ਅਲੱਗ ਅਲੱਗ ਕੱਢੇ ਜਾਣ, ਅਤੇ ਇੰਨਾਂ ਦਾ ਸਕੋਰ ਘਟਾਇਆ ਜਾਵੇ।

3.LMI ਦੇ ਨਾਮ ਤੇ ਹੁੰਦੀ ਲੁੱਟ ਬੰਦ ਕੀਤੀ ਜਾਵੇ

4. ਜਿਹੜੇ ਵਿਦਿਆਰਥੀ ਇਸ ਟਾਇਮ ਪੜ ਰਹੇ ਹਨ ਉਹਨਾਂ ਨੂੰ ਤਿੰਨ ਸਾਲ ਦੀ ਬਜਾਏ ਪੰਜ ਸਾਲ ਦਾ ਵਰਕ ਪਰਮਿਟ ਦਿੱਤਾ ਜਾਵੇ।

ਬੁਲਾਰਿਆਂ ਨੇ ਇਨ੍ਹਾਂ ਮੰਗਾਂ ਉੱਪਰ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਸ ਕਰਕੇ ਲਗਾਤਾਰ ਨੌਜਵਾਨ ਡਿਪਰੈਸਨ ਵਿੱਚ ਜਾ ਰਹੇ ਨੇ ਕੁਝ ਖ਼ੁਦਕੁਸ਼ੀਆਂ ਕਰ ਮਰ ਰਹੇ ਹਨ, ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕੇ ਇਹਨਾਂ ਸਮੱਸਿਆਵਾਂ ਦੀ ਜੜ ਨੂੰ ਨਿੱਜੀ ਰੂਪ ਵਿੱਚ ਨਾ ਲੈਂਦੇ ਹੋਏ ਇਹ ਪੂਰੇ ਦੇ ਪੂਰੇ ਪ੍ਰਬੰਧ ਨੂੰ ਦੇਖਣਾ ਚਾਹੀਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਆਪਣੇ ਇਤਿਹਾਸਕ ਵਿਰਸੇ ਗੁਰੂ ਸਹਿਬਾਨਾਂ, ਗਦਰੀ ਬਾਬਿਆ, ਭਗਤ ਸਰਾਭਿਆ ਨੂੰ ਤੋਂ ਜਾਣੂ ਹੋਣਾ ਚਾਹੀਦਾ ਉਹਨਾਂ ਵਾਂਗੂੰ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਤੇ ਮਜ਼ਬੂਤੀ ਨਾਲ ਅੱਗੇ ਵੱਧ ਕੇ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ। ਸਰਕਾਰ ਤੋ ਮੰਗ ਕੀਤੀ ਕੇ ਜਿਹੜਾ ਸੁਪਨਾ ਉਨ੍ਹਾਂ ਦੇ ਕਾਲਜਾ ਤੇ ਯੂਨੀਵਰਸਿਟੀਆਂ ਨੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਨੂੰ ਵੇਚਿਆ ਹੁਣ ਉਸ ਨੂੰ ਪੂਰਾ ਵੀ ਕਰੇ। ਓਨਟਾਰੀਓ ਤੋਂ ਇਲਾਵਾ ਇਸ ਤਰਾ ਦੀਆ ਮੰਗਾ ਨੂੰ ਲੈ ਕਿ ਵਿਨੀਪੈੱਗ ਅਤੇ ਪਰਿੰਸਐਡਵਰਡ ਆਈਲੈਂਡ ਤੇ ਵੀ ਸੈਕੜੇ ਵਿਦਿਆਰਥੀ ਜਥੇਬੰਦ ਹੋ ਕੇ ਸ਼ੰਘਰਸ਼ ਦੇ ਮੈਦਾਨ ਵਿੱਚ ਹਨ। ਇਸਤੋਂ ਬਾਅਦ ਕਾਮਿਆ ਤੇ ਵਿਦਿਆਰਥੀਆਂ ਵੱਲੋਂ ਰੈਲੀ ਕਰਕੇ ਗੇਟ ਵੇ ਟਰਮੀਨਲ ਚੋਂਕ ਵਿੱਚ ਪੂਰੀ ਤੇਜ਼ੀ ਨਾਲ ਵਰਦੇ ਮੀਂਹ ਵਿੱਚ ਅਵਾਜ ਬੁਲੰਦ ਕੀਤੀ ਗਈ

ਜਿੱਥੇ ਅਣਗਿਣਤ ਰਾਹਗੀਰਾਂ ਵੱਲੋਂ ਆਪਣੀਆਂ ਗੱਡੀਆਂ ਦੇ ਹਾਰਨ ਮਾਰਕੇ ਸਮੱਰਥਨ ਦਿੱਤੀ ਗਿਆ। ਚੋਂਕ ਦੇ ਬਿਲਕੁੱਲ ਵਿਚਾਰ ਜਾ ਕੇ ਨਾਅਰੇਬਾਜੀ ਕਰਦੇ ਹੋਏ ਸਰਕਾਰ ਨੂੰ ਸੁਨੇਹਾ ਦਿੱਤਾ ਕੇ ਅਗਰ ਆਉਣ ਵਾਲੇ ਸਮੇਂ ਵਿੱਚ ਨੌਜਵਾਨ ਵਿਦਿਆਰਥੀਆਂ ਦੀਆਂ ਇਹਨਾਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਵੱਡੇ ਸੰਘਰਸ ਵੱਲ ਨੂੰ ਕਦਮ ਲਏ ਜਾਣਗੇ।






**ਬਿਕਰਮ ਕੁੱਲੇਵਾਲ**
+1 6476125161
**ਮਹਿਕਦੀਪ ਮਾਨਸਾ**
+1 (416) 918-9486



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਂਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work





Paul Sekhon: 403-829-5000
Bay 11 2316 27 Ave. NE, Calgary
Ph. : 403-701-4947

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!





Apinder Aujla
BSc.Pharm






Satvachan Lal
B.Sc.Pharm
#1150, 4818 Westwindus Drive NE. Calgary
403-293-9360

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Sharmanjot22@gmail.com





Harmanjot Dhudike
403-975-0006



# ਬਰੈਂਪਟਨ ਦੇ ਪ੍ਰਸਤਾਵਿਤ ਰਿਹਾਇਸ਼ੀ ਰੈਂਟਲ ਲਾਈਸੈਂਸਿੰਗ (ਆਰਆਰਐਲ) ਪ੍ਰੋਗਰਾਮ ਦਾ ਛੋਟੇ ਮਕਾਨ ਮਾਲਕਾਂ ਕੀਤਾ ਵਿਰੋਧ




**ਬਰੈਂਪਟਨ ਦੇ ਪ੍ਰਸਤਾਵਿਤ ਰਿਹਾਇਸ਼ੀ ਰੈਂਟਲ ਲਾਈਸੈਂਸਿੰਗ ਪ੍ਰੋਗਰਾਮ ਦਾ ਛੋਟੇ ਮਕਾਨ ਮਾਲਕਾਂ ਨੇ 16 ਜੂਨ ਅਤੇ 26 ਜੂਨ ਰੋਸ ਮੁਜ਼ਾਹਰਾ ਕੀਤਾ।**

ਹਾਲ ਹੀ ਵਿੱਚ, ਬਰੈਂਪਟਨ ਨਿਵਾਸੀ ਸਿਟੀ ਹਾਲ ਦੇ ਸਾਹਮਣੇ ਸਮੇਤ ਪੂਰੇ ਸ਼ਹਿਰ ਵਿੱਚ ਕਈ ਵਿਰੋਧ ਪ੍ਰਦਰਸ਼ਨਾਂ ਦੇ ਗਵਾਹ ਹਨ। ਇਹਨਾਂ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਮੁੱਖ ਤੌਰ 'ਤੇ ਛੋਟੇ ਮਕਾਨ ਮਾਲਕਾਂ ਦੁਆਰਾ ਕੀਤੀ ਜਾਂਦੀ ਹੈ (ਕੇਵਲ 4 ਤੱਕ ਕਿਰਾਏ ਦੀਆਂ ਇਕਾਈਆਂ ਦੇ ਨਾਲ) ਜੋ ਸ਼ਹਿਰ ਦੇ ਪ੍ਰਸਤਾਵਿਤ ਰਿਹਾਇਸ਼ੀ ਰੈਂਟਲ ਲਾਇਸੈਂਸਿੰਗ (ਆਰਆਰਐਲ) ਪ੍ਰੋਗਰਾਮ ਦਾ ਵਿਰੋਧ ਕਰਦੇ ਹਨ। ਆਉ ਰਿਹਾਇਸ਼ੀ ਰੈਂਟਲ ਲਾਈਸੈਂਸਿੰਗ (ਆਰਆਰਐਲ) ਪ੍ਰੋਗਰਾਮ ਦੀ ਇੱਕ ਸੰਖੇਪ ਜਾਣਕਾਰੀ ਨਾਲ ਸ਼ੁਰੂਆਤ ਕਰੀਏ। ਬਰੈਂਪਟਨ ਸਿਟੀ ਦੀ ਵੈੱਬਸਾਈਟ ਦੇ ਅਨੁਸਾਰ, ਆਰਆਰਐਲ ਪ੍ਰੋਗਰਾਮ ਇੱਕ ਪਾਇਲਟ ਪਹਿਲ ਹੈ ਜੋ ਹੇਠਾਂ ਦਿੱਤੇ ਮੁੱਦਿਆਂ ਨੂੰ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੈ:

ਵਿਅਕਤੀਆਂ ਦੀ ਸਿਹਤ ਅਤੇ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਲਈ, ਰਿਹਾਇਸ਼ੀ ਖੇਤਰਾਂ ਦੀ ਰਿਹਾਇਸ਼ੀ ਸਹੂਲਤ, ਚਰਿੱਤਰ ਅਤੇ ਸਥਿਰਤਾ ਦੀ ਰੱਖਿਆ ਕਰਨ ਲਈ। ਕਿਸੇ ਖਾਸ ਵਪਾਰਕ ਖੇਤਰ ਦੇ ਅੰਦਰ ਮੌਜੂਦ ਸੰਭਾਵੀ ਜੋਖਮਾਂ ਨੂੰ ਸਰਗਰਮੀ ਨਾਲ ਘਟਾਉਣ ਲਈ ਅਤੇ ਸਬੰਧਤ ਸ਼ਿਕਾਇਤਾਂ ਦਾ ਜਵਾਬ ਦੇਣ ਲਈ ਲਾਗੂਕਰਨ ਵਿਧੀ ਪ੍ਰਦਾਨ ਕਰਨ ਲਈ। ਉਹ ਸੈਕਟਰ ਪ੍ਰੋਗਰਾਮ ਦੇ ਟੀਚਿਆਂ ਵਿੱਚ ਸ਼ਾਮਲ ਹਨ – ਸਥਾਨਕ ਆਂਢ-ਗੁਆਂਢ ਦੇ ਚਰਿੱਤਰ ਨੂੰ ਕਾਇਮ ਰੱਖਣਾ, ਉਪ-ਕਾਨੂੰਨ ਸੰਪੱਤੀ ਦੇ ਮਿਆਰਾਂ ਨੂੰ ਕਾਇਮ ਰੱਖਣਾ ਅਤੇ ਓਨਟਾਰੀਓ ਫਾਇਰ ਕੋਡ ਨੂੰ ਲਾਗੂ ਕਰਕੇ ਵਿਅਕਤੀਆਂ ਅਤੇ ਪਰਿਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।

ਛੋਟੇ ਮਕਾਨ ਮਾਲਕਾਂ ਇਸ ਦਾ ਵਿਰੋਧ ਕਿਉਂ ਕਰ ਰਹੇ ਹਨ?

ਬਰੈਂਪਟਨ ਵਿੱਚ ਛੋਟੇ ਮਕਾਨ ਮਾਲਕ ਪ੍ਰਸਤਾਵਿਤ ਰਿਹਾਇਸ਼ੀ ਰੈਂਟਲ ਲਾਈਸੈਂਸਿੰਗ (ਆਰਆਰਐਲ) ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਮਹੱਤਵਪੂਰਨ ਕਮੀਆਂ ਅਤੇ ਮੁੱਦਿਆਂ ਕਾਰਨ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਹਨ। ਪ੍ਰੋਗਰਾਮ ਅਸਲ ਮੁੱਲ ਪ੍ਰਦਾਨ ਕਰਨ ਨਾਲੋਂ ਇਸਦੇ ਉਦੇਸ਼ ਬਾਰੇ ਵਧੇਰੇ ਪ੍ਰਸ਼ਨ ਉਠਾਉਂਦਾ ਹੈ। ਮੁੱਖ ਚਿੰਤਾਵਾਂ ਵਿੱਚ ਸ਼ਾਮਲ ਹਨ:

1. ਚੋਣਵੀਂ ਐਪਲੀਕੇਸ਼ਨ ਅਤੇ ਅਸਪਸ਼ਟ ਉਦੇਸ਼ : ਆਰਆਰਐਲ ਪ੍ਰੋਗਰਾਮ ਵਿੱਚ ਚਾਰ ਤੋਂ ਵੱਧ ਕਿਰਾਏ ਦੀਆਂ ਇਕਾਈਆਂ ਵਾਲੀਆਂ ਇਮਾਰਤਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਭਾਵੇਂ ਕਿ ਇਹ ਵੱਡੀਆਂ ਇਮਾਰਤਾਂ ਉਹਨਾਂ ਮੁੱਦਿਆਂ ਵਿੱਚ ਬਰਾਬਰ ਯੋਗਦਾਨ ਪਾਉਂਦੀਆਂ ਹਨ ਜਿਨ੍ਹਾਂ ਨੂੰ ਹੱਲ ਕਰਨਾ ਪ੍ਰੋਗਰਾਮ ਦਾ ਉਦੇਸ਼ ਹੈ। ਇਹ ਇਸ ਬਾਰੇ ਸਵਾਲ ਉਠਾਉਂਦਾ ਹੈ ਕਿ ਕੀ ਆਰਆਰਐਲ ਨੂੰ ਛੋਟੀਆਂ ਇਮਾਰਤਾਂ ਤੱਕ ਸੀਮਤ ਕਰਨ ਦੇ ਪਿੱਛੇ ਲੁਕਵੇਂ ਏਜੰਡੇ ਹਨ, ਸੰਭਾਵੀ ਤੌਰ 'ਤੇ ਛੋਟੇ ਮਕਾਨ ਮਾਲਕਾਂ ਨੂੰ ਪ੍ਰੋਗਰਾਮ ਤੋਂ ਬਾਹਰ ਕਰਨ ਦੇ ਨਾਲ-ਨਾਲ ਵੱਡੇ ਮਕਾਨ ਮਾਲਕਾਂ ਨੂੰ ਨਿਰਾਸ਼ ਕਰਦੇ ਹਨ। ਇਸ ਤੋਂ ਇਲਾਵਾ, ਆਰਆਰਐਲ ਪ੍ਰੋਗਰਾਮ ਸਿਰਫ਼ ਬਰੈਂਪਟਨ ਸ਼ਹਿਰ ਦੇ ਚੁਣੇ ਹੋਏ ਵਾਰਡਾਂ 'ਤੇ ਲਾਗੂ ਹੁੰਦਾ ਹੈ। ਮੇਅਰ ਐਲਗੋਮਾ ਯੂਨੀਵਰਸਿਟੀ ਦੀ ਖੁੱਲ੍ਹ ਕੇ ਵਕਾਲਤ ਕਰ ਰਿਹਾ ਹੈ। ਮੇਅਰ ਕਾਰਪੋਰੇਟ ਰੈਂਟਲ ਦਾ ਸਮਰਥਨ ਅਤੇ ਪ੍ਰਚਾਰ ਕਰ ਰਿਹਾ ਹੈ ਅਤੇ ਛੋਟੇ ਮਕਾਨ ਮਾਲਕਾਂ ਨੂੰ ਨਿਰਾਸ਼ ਕਰ ਰਿਹਾ ਹੈ।

2. ਰਿਹਾਇਸ਼ੀ ਕਿਰਾਏਦਾਰੀ ਐਕਟ (ਆਰ.ਟੀ.ਏ.) 2006 ਨਾਲ ਵਿਰੋਧਾਭਾਸ: ਆਰ.ਆਰ.ਐੱਲ ਪ੍ਰੋਗਰਾਮ ਮਕਾਨ ਮਾਲਕਾਂ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ ਸ਼ਹਿਰ ਦੇ ਨਿਰੀਖਣ ਦੀ ਇਜਾਜ਼ਤ ਦੇਣ ਦੀ ਮੰਗ ਕਰਕੇ ਆਰਟੀਏ ਦਾ ਖੰਡਨ ਕਰਦਾ ਹੈ। ਜੇ ਕਿਰਾਏਦਾਰ ਸਹਿਯੋਗ ਦੇਣ ਤੋਂ ਇਨਕਾਰ ਕਰਦੇ ਹਨ, ਤਾਂ ਮਕਾਨ ਮਾਲਕਾਂ ਨੂੰ ਟਿਕਟਾਂ ਮਿਲਦੀਆਂ ਹਨ ਭਾਵੇਂ ਉਹਨਾਂ ਦਾ ਆਪਣਾ ਕੋਈ ਕਸੂਰ ਨਹੀਂ ਹੁੰਦਾ। ਪ੍ਰੋਗਰਾਮ ਵਿੱਚ ਗੈਰ-ਸਹਿਯੋਗੀ ਕਿਰਾਏਦਾਰਾਂ ਨਾਲ ਮਕਾਨ ਮਾਲਕਾਂ ਦੀ ਮਦਦ ਕਰਨ ਲਈ ਪ੍ਰਬੰਧਾਂ ਦੀ ਘਾਟ ਹੈ, ਇਹ ਸੁਝਾਅ ਦਿੰਦਾ ਹੈ ਕਿ ਇਹ ਛੋਟੇ ਮਕਾਨ ਮਾਲਕਾਂ ਨੂੰ ਨਿਰਾਸ਼ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ।

3. ਬਹੁਤ ਜ਼ਿਆਦਾ ਕੂੜੇ ਦੇ ਮੁੱਦੇ: ਆਰਆਰਐਲ ਪ੍ਰੋਗਰਾਮ ਇਸ ਬਾਰੇ ਅਸਪਸ਼ਟ ਹੈ ਕਿ ਇਹ ਬਹੁਤ ਜ਼ਿਆਦਾ ਕੂੜੇ ਨੂੰ ਕਿਵੇਂ ਹੱਲ ਕਰੇਗਾ, ਇਸਦੀਆਂ ਮੁੱਖ ਚਿੰਤਾਵਾਂ ਵਿੱਚੋਂ ਇੱਕ। ਜੁਰਮਾਨੇ ਪਹਿਲਾਂ ਹੀ ਆਰਆਰਐਲ ਤੋਂ ਬਿਨਾਂ ਜਾਰੀ ਕੀਤੇ ਜਾ ਸਕਦੇ ਹਨ, ਇਹ ਅਸਪਸ਼ਟ ਹੈ ਕਿ ਪ੍ਰੋਗਰਾਮ ਸਥਿਤੀ ਨੂੰ ਕਿਵੇਂ ਸੁਧਾਰੇਗਾ।

4. ਪ੍ਰੋਵਿੰਸ਼ੀਅਲ ਅਤੇ ਫੈਡਰਲ ਹਾਊਸਿੰਗ ਟੀਚਿਆਂ ਦਾ ਵਿਰੋਧ: ਆਰਆਰਐਲ ਪ੍ਰੋਗਰਾਮ ਰਿਹਾਇਸ਼ੀ ਇਕਾਈਆਂ ਨੂੰ ਵਧਾਉਣ ਲਈ ਸੂਬਾਈ ਅਤੇ ਸੰਘੀ ਯਤਨਾਂ ਨਾਲ ਟਕਰਾਅ ਕਰਦਾ ਹੈ। ਆਰਆਰਐਲ ਲਾਇਸੈਂਸ ਦੀਆਂ ਵਾਧੂ ਲਾਗਤਾਂ ਅਤੇ ਓਵਰਹੈੱਡ ਉਪਲਬਧ ਕਿਰਾਏ ਦੀਆਂ ਇਕਾਈਆਂ ਦੀ ਸੰਖਿਆ ਨੂੰ ਘਟਾ ਸਕਦੇ ਹਨ, ਸ਼ਹਿਰ ਦੇ ਉਪ-ਨਿਯਮਾਂ ਦੀ ਪਾਲਣਾ ਕਰਨ ਵਾਲੇ ਛੋਟੇ ਮਕਾਨ ਮਾਲਕਾਂ ਨੂੰ ਗਲਤ ਢੰਗ ਨਾਲ ਜੁਰਮਾਨਾ ਕਰਦੇ ਹਨ।

5. ਕਿਰਾਏਦਾਰ ਕਾਰਵਾਈਆਂ ਲਈ ਜ਼ਿੰਮੇਵਾਰੀ: ਪ੍ਰੋਗਰਾਮ ਛੋਟੇ ਮਕਾਨ ਮਾਲਕਾਂ ਨੂੰ ਕਿਰਾਏਦਾਰ ਦੀਆਂ ਕਾਰਵਾਈਆਂ ਲਈ ਜਵਾਬਦੇਹ ਰੱਖਦਾ ਹੈ, ਜਦੋਂ ਕਿ ਚਾਰ ਤੋਂ ਵੱਧ ਯੂਨਿਟਾਂ ਵਾਲੀਆਂ ਇਮਾਰਤਾਂ ਨੂੰ ਛੋਟ ਦਿੱਤੀ ਜਾਂਦੀ ਹੈ। ਜੇ ਕਿਰਾਏਦਾਰ ਆਪਣੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਹਨ, ਤਾਂ ਸ਼ਹਿਰ ਨੂੰ ਕਿਰਾਏਦਾਰਾਂ ਦੀ ਜਾਂਚ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਗੈਰ-

(ਬਾਕੀ ਸਫ਼ਾ 15 'ਤੇ)













# ਪੁਸਤਕ ਮੇਲਾ : ਸ਼ਬਦਾਂ ਤੇ ਵਿਚਾਰਾਂ ਦੀ ਸਾਰਥਿਕਤਾ ਤੇ ਅਹਿਮੀਅਤ






## 23 ਜੂਨ 2024 ਨੂੰ ਨਾਟਕ ਸਮਾਗਮ 'ਚ ਕਿਤਾਬਾਂ ਕੀਤੀਆਂ ਗਈਆਂ ਰਿਲੀਜ਼



ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਪੁਸਤਕ ਮੇਲੇ ਦੀ ਸ਼ੁਰੂਆਤ 'ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ' ਤੋਂ ਉਘੇ ਰੰਗ ਕਰਮੀ, ਲੇਖਕ ਅਤੇ ਡਾਇਰੈਕਟਰ ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ। ਉਨ੍ਹਾਂ ਨੇ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ ਵਿਦੇਸ਼ਾਂ ਵਿੱਚ ਪੁਸਤਕ ਮੇਲਿਆਂ ਰਾਹੀਂ ਗਿਆਨ ਦਾ ਛੱਟਾ ਵੰਡਣ ਦੇ ਯਤਨਾਂ ਲਈ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ', 'ਸਿੱਖ ਵਿਰਸਾ ਇੰਟਰਨੈਸ਼ਨਲ', 'ਅਦਾਰਾ ਸਰੋਕਾਰਾਂ ਦੀ ਆਵਾਜ਼' ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਇਸ ਪੱਤਰਕਾਰ ਨਾਲ਼ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਜਿੱਥੇ ਅਨੇਕਾਂ ਨਵੇਂ ਪੁਸਤਕ ਪ੍ਰੇਮੀ ਪਹੁੰਚੇ, ਉਥੇ ਨੌਜਵਾਨ ਪੀੜ੍ਹੀ ਵੱਡੀ ਗਿਣਤੀ ਵਿੱਚ ਪਹਿਲੀ ਵਾਰ ਪੁਸਤਕਾਂ ਖਰੀਦਣ ਆਈ। ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਸਾਡੇ ਸਾਂਝੇ ਯਤਨ ਨੌਜਵਾਨ ਪੀੜ੍ਹੀ ਵਿੱਚ ਪੜ੍ਹਨ ਦੀ ਚੇਤਨਾ ਪੈਦਾ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਤਾਬਾਂ ਸਿਰਫ ਵਿਅਕਤੀ ਹੀ ਨਹੀਂ, ਸਮਾਜ ਦੇ ਬੌਧਿਕ ਵਿਕਾਸ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਕੈਲਗਰੀ ਵਿੱਚ ਹੁਣ ਪੰਜਾਬੀ ਪਾਠਕਾਂ ਦਾ ਦਾਇਰਾ ਦਿਨੋਂ ਦਿਨ ਵਧ ਰਿਹਾ ਹੈ। ਉਨ੍ਹਾਂ ਸਮੁੱਚੇ ਮੀਡੀਏ ਦਾ ਹਮੇਸ਼ਾਂ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

ਇਸ ਦੌਰਾਨ ਕੈਲਗਰੀ ਤੋਂ ਲੇਖਕ ਗੁਰਬਚਨ ਬਰਾੜ ਵਲੋਂ ਸਾਊਥ ਅਮਰੀਕਾ ਦੇ ਕ੍ਰਾਂਤੀਕਾਰੀ ਆਗੂਆਂ ਚੀ ਗਵੇਰਾ ਅਤੇ ਕਿਊਬਾ ਦੇ ਰਾਸ਼ਟਰਪਤੀ ਫੀਦਲ ਕੈਸਟਰੋ ਦੀਆਂ ਜੀਵਨੀਆਂ ਅਧਾਰਿਤ ਲੇਖਕ ਏਸੀ ਕਾਰਗਿੱਲ ਦਾ ਲਿਖਿਆ ਨਾਟਕ 'ਚੀ ਐਂਡ ਫੀਦਲ' ਦੀ ਪੰਜਾਬੀ ਅਨੁਵਾਦਤ ਕਿਤਾਬ 'ਚੀ ਤੇ ਫੀਦਲ' ਨੂੰ ਪਾਠਕਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਸ. ਬਰਾੜ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਚੀ ਗਵੇਰਾ ਸਾਊਥ ਅਮਰੀਕਨ ਦੇਸ਼ਾਂ ਦਾ ਭਗਤ ਸਿੰਘ ਹੈ, ਜਿਸ ਬਾਰੇ ਪੰਜਾਬੀਆਂ ਨੂੰ ਬਹੁਤ ਘੱਟ ਜਾਣਕਾਰੀ ਹੈ, ਜਿਸਨੂੰ ਮੁੱਖ ਰੱਖ ਕੇ ਇਹ ਕਿਤਾਬ ਅਨੁਵਾਦਤ ਕੀਤੀ ਗਈ ਸੀ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਸਤਕ ਮੇਲੇ ਵਿੱਚ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਆਦਿ ਵਿਸ਼ਿਆਂ ਨਾਲ਼ ਸਬੰਧਤ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਤ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਪਾਠਕ ਮਾਸਟਰ ਭਜਨ ਸਿੰਘ ਹੋਰਾਂ ਨਾਲ਼ 403-455-4220 ਤੇ ਸੰਪਰਕ ਕਰਕੇ ਆਪਣੇ ਮਨਪਸੰਦ ਦੀਆਂ ਕਿਤਾਬਾਂ, ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹਨ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹਨ।



ਸਰਕਾਰੀ ਬਹੁ-ਤਕਨੀਕੀ ਕਾਲਜ ਗੁਰੂ ਤੇਗ ਬਹਾਦਰਗੜ੍ਹ (ਮੋਗਾ) ਦੇ ਵਿਦਿਆਰਥੀਆਂ ਦੀ ਮਿਲਣੀ ਦੌਰਾਨ ਸਰੋਕਾਰਾਂ ਦੀ ਆਵਾਜ਼ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨਾਲ ਦਿਖਾਈ ਦੇ ਰਹੇ ਹਨ।

## ਡਾ. ਕੁਲਦੀਪ ਸਿੰਘ ਦਾ ਕੈਲਗਰੀ ਵਿਖੇ ਸੈਮੀਨਾਰ 21 ਜੁਲਾਈ ਨੂੰ

ਸਿੱਖ ਵਿਰਸਾ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸਾਂਝੇ ਤੌਰ 'ਤੇ ਅੰਤਰਰਾਸ਼ਟਰੀ ਪਰਵਾਸ ਦੇ ਕਾਰਨ ਵੱਖ ਵੱਖ ਦੇਸ਼ਾਂ ਵਿਚ ਆਰਥਿਕ, ਸਮਾਜਿਕ ਅਤੇ ਰਾਜਨੀਤਕ ਟਕਰਾਅ ਅਤੇ ਚੁਣੌਤੀਆਂ ਉਤਪੰਨ ਹੋ ਗਈਆਂ ਹਨ। ਇਸ ਸੰਦਰਭ ਵਿਚ ਹੀ ਪੰਜਾਬ ਇਸ ਵੇਲੇ ਵੱਡੇ ਪੱਧਰ 'ਤੇ ਕੈਨੇਡਾ ਅਤੇ ਹੋਰ ਮੁਲਕਾਂ ਵੱਲ ਨੂੰ ਪਰਵਾਸ ਕਰਦਾ ਜਾ ਰਿਹਾ ਹੈ। ਇਸ ਦੀਆਂ ਵਿਚਾਰਧਾਰਕ, ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਬਾਰੀਕੀਆਂ ਨੂੰ ਸਮਝਣ ਲਈ ਵਿਸ਼ੇਸ਼ ਸੈਮੀਨਾਰ ਜਿਸ ਵਿਚ ਡਾ. ਪਰਮਜੀਤ ਸਿੰਘ ਪੰਜਾਬ ਯੂਨੀਵਰਸਿਟੀ ਅਤੇ ਯਾਰਕ ਯੂਨੀਵਰਸਿਟੀ ਅਤੇ ਡਾ. ਕੁਲਦੀਪ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਮਿਤੀ 21 ਜੁਲਾਈ 2024 ਨੂੰ 2.00 ਵਜੇ ਤੋਂ 5.00 ਵਜੇ ਤੱਕ ਐਕਸ ਸਰਵਿਸਮੈਨ ਸੁਸਾਇਟੀ ਨਾਰਥ ਈਸਟ ਕੈਲਗਰੀ ਵਿਖੇ ਆਪਣੇ ਸੁਰ ਭਾਸ਼ਣ ਅਤੇ ਵਿਚਾਰ-ਚਰਚਾ ਕੀਤੀ ਜਾਵੇਗੀ।













# ਪੀੜਾਂ ਭਰੇ ਭਾਰਤ ਦੀ ਤਰਾਸਦੀ ਦਾ ਅਗਲਾ ਦੌਰ

- -ਆਨੰਦ ਤੇਲਤੁੰਬੜੇ

ਅਨੁ.: ਬੂਟਾ ਸਿੰਘ ਮਹਿਮੂਦਪੁਰ



*ਆਨੰਦ ਤੇਲਤੁੰਬੜੇ ਆਲਮੀ ਸਾਖ ਵਾਲੇ ਬੁੱਧੀਜੀਵੀ ਅਤੇ ਹੱਕਾਂ ਦੇ ਸਿਰਕੱਢ ਕਾਰਕੁਨ ਹਨ। ਉਹ ਨਰਿੰਦਰ ਮੋਦੀ ਅਤੇ ਆਰਐੱਸਐੱਸ-ਭਾਜਪਾ ਦੀਆਂ ਲੋਕਵਿਰੋਧੀ ਨੀਤੀਆਂ ਦੇ ਬੜੇ ਤਿੱਖੇ ਆਲੋਚਕ ਹਨ। ਇਸ ਕਾਰਨ ਹਕੂਮਤ ਨੇ ਉਨ੍ਹਾਂ ਨੂੰ ਭੀਮਾ ਕੋਰੇਗਾਓਂ ਕੇਸ ਵਿਚ ਫਸਾਇਆ ਅਤੇ ਅਪਰੈਲ 2020 ਵਿਚ ਗ੍ਰਿਫ਼ਤਾਰ ਕਰ ਲਿਆ। ਨਵੰਬਰ 2022 'ਚ ਉਹ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆ ਸਕੇ। ਮੋਦੀ ਦੀ ਤੀਜੀ ਵਾਰ ਸਰਕਾਰ ਬਣਨ ਬਾਰੇ ਉਨ੍ਹਾਂ ਦਾ ਇਹ ਵਿਸ਼ਲੇਸ਼ਣ ਅਵਾਮ ਨੂੰ ਭਵਿੱਖੀ ਖ਼ਤਰਿਆਂ ਬਾਰੇ ਅਵੇਸਲੇ ਨਾ ਹੋਣ ਲਈ ਚੁਕੰਨੇ ਕਰਦਾ ਹੈ। - ਸੰਪਾਦਕ*

4 ਜੂਨ ਦੇ ਚੋਣ ਨਤੀਜੇ ਦੇਖਕੇ ਉਨ੍ਹਾਂ ਬਹੁਤ ਸਾਰੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਜੋ ਮੋਦੀ ਰੱਥ ਵੱਲੋਂ ਭਾਰਤ ਦੇ ਵਿਚਾਰ ਨੂੰ ਹੀ ਬੇਖ਼ੌਫ਼ ਹੋ ਕੇ ਕੁਚਲੇ ਜਾਣ ਨੂੰ ਬੇਵਸੀ ਨਾਲ ਤੱਕ ਰਹੇ ਸਨ। ਬਹੁਤ ਸਾਰਿਆਂ ਦਾ ਖ਼ੁਸ਼ ਹੋਣਾ ਸੁਭਾਵਿਕ ਹੈ ਕਿ ਆਖ਼ਿਰਕਾਰ ਭਾਰਤੀ ਲੋਕਾਂ ਨੇ ਇਸਨੂੰ ਨਾਕਾਮ ਬਣਾ ਦਿੱਤਾ ਹੈ। ਜਦੋਂ ਅਜੇ ਵੋਟਾਂ ਦੀ ਗਿਣਤੀ ਹੋ ਰਹੀ ਸੀ, ਉਦੋਂ ਕੁਝ ਲੋਕਾਂ ਨੇ ਐਨ ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਦੀ ਹਮਾਇਤ ਲੈ ਕੇ ਇੰਡੀਆ ਬਲਾਕ ਦੀ ਸਰਕਾਰ ਬਣਾਏ ਜਾਣ ਦੀ ਸੰਭਾਵਨਾ ਵੀ ਦੇਖੀ, ਜਿਨ੍ਹਾਂ ਨੂੰ ਉਨ੍ਹਾਂ ਨੇ ਢਿੱਲੇ ਜਹੇ ਢੰਗ ਨਾਲ ਬਿਨਾਂ ਵਜੂਦ ਧਰਮਨਿਰਪੱਖ ਕੈਂਪ ਨਾਲ ਸੰਬੰਧਤ ਹੋਣਾ ਚਿਤਵਿਆ। ਪਰ ਇਹ ਵਿਚਾਰ ਵਿਹਾਰਕ ਰੂਪ ਅਖ਼ਤਿਆਰ ਨਾ ਕਰ ਸਕਿਆ, ਅਤੇ ਦੋਹਾਂ ਆਗੂਆਂ ਨੇ ਤੀਜੀ ਵਾਰ ਪ੍ਰਧਾਨ ਮੰਤਰੀ ਥਾਪੇ ਜਾ ਰਹੇ ਨਰਿੰਦਰ ਮੋਦੀ ਨੂੰ ਖ਼ੁਸ਼ੀ-ਖ਼ੁਸ਼ੀ ਹਮਾਇਤ ਦੇ ਦਿੱਤੀ, ਇਸਤੋਂ ਪਹਿਲਾਂ ਤੀਜੀ ਵਾਰੀ ਲਗਾਤਾਰ ਪ੍ਰਧਾਨ ਮੰਤਰੀ ਬਣਨ ਦਾ ਕਾਰਨਾਮਾ ਜਵਾਹਰ ਲਾਲ ਨਹਿਰੂ ਦੇ ਹਿੱਸੇ ਆਇਆ ਸੀ।

ਫਿਰ ਵੀ, ਇਹ ਖ਼ੁਸ਼ੀ ਖ਼ਤਮ ਤੋਂ ਮੁਨਕਰ ਹੋ ਗਈ। ਲੋਕਾਂ ਨੇ ਸੋਚਿਆ ਕਿ ਇਨ੍ਹਾਂ ਦੋ ਤਕੜੇ ਸੰਗੀਆਂ ਦੀ ਹਮਾਇਤ ਦਾ ਮੁਥਾਜ ਮੋਦੀ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਲਈ ਅਜੇ ਓਨੀ ਕਾਹਲ ਨਹੀਂ ਕਰੇਗਾ, ਜਿਵੇਂ ਉਹ ਆਪਣੀ ਹੀ ਪਾਰਟੀ ਦੀ ਬਹੁਮੱਤ ਵਾਲੀ ਸਰਕਾਰ ਦੇ ਜ਼ੋਰ ਪਹਿਲਾਂ ਕਰਦਾ ਰਿਹਾ ਸੀ। ਕੌਮੀ ਜਮਹੂਰੀ ਗੱਠਜੋੜ ਦੀ ਹੋਂਦ ਉਦੋਂ ਵੀ ਸੀ ਪਰ ਉਦੋਂ ਇਹ ਭਾਰਤੀ ਜਨਤਾ ਪਾਰਟੀ ਦਾ ਵਿਚਾਰਾ ਜਿਹਾ ਸਹਿਯੋਗੀ ਸੀ। ਇਹ ਐੱਨਡੀਏ ਸਰਕਾਰ ਨਹੀਂ ਸੀ, ਇਹ ਭਾਜਪਾ ਸਰਕਾਰ ਵੀ ਨਹੀਂ ਸੀ – ਇਹ ਮੋਦੀ ਸਰਕਾਰ ਸੀ, ਅਤੇ ਇਹ ਸਰਕਾਰ ਵੀ ਮੋਦੀ ਦੀ ਵਿਅਕਤੀਗਤ ਸ਼ਖ਼ਸੀਅਤ ਵਿਚ ਸਮੋ ਗਈ ਸੀ। ਮੋਦੀ, ਭਾਰਤੀ ਰਾਜ ਦਾ ਪ੍ਰਮੁੱਖ ਚਿੰਨ੍ਹ ਬਣ ਗਿਆ, ਸਾਡੇ ਮੁਲਕ ਦੇ ਬਾਨੀ ਪੁਰਖਿਆਂ ਵੱਲੋਂ ਅਪਣਾਈ ਅਸ਼ੋਕਾ ਤ੍ਰਿਮੂਰਤੀ ਤੋਂ ਵੀ ਵੱਡਾ ਆਭਾਸੀ ਚਿੰਨ੍ਹ।

ਇਹ ਇਕੱਲਾ ਮੋਦੀ ਹੀ ਸੀ ਜਿਸਨੇ ਰਾਜ ਪ੍ਰਮੁੱਖ ਵਜੋਂ ਰਾਸ਼ਟਰਪਤੀ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰਕੇ ਸੰਸਦ ਦੀ ਨਵੀਂ ਇਮਾਰਤ ਦੇ ਮਹੂਰਤ ਮੌਕੇ ਸੈਂਗੋਲ ਧਾਰਨ ਕੀਤਾ ਸੀ (ਦੱਖਣ ਦੇ ਰਾਜਾਸ਼ਾਹੀ ਦਸਤੂਰ ਅਨੁਸਾਰ ਮੱਠ ਦੇ ਬ੍ਰਾਹਮਣ ਪੁਜਾਰੀ ਰਾਜ ਦੇ ਅਧਿਕਾਰ ਦਾ ਇਹ ਚਿੰਨ੍ਹ ਰਾਜ ਦੇ ਅਗਲੇ ਜਾਨਸ਼ੀਨ ਨੂੰ ਭੇਂਟ ਕਰਦੇ ਸਨ)। ਵਿਚਾਰੀ ਦ੍ਰੋਪਦੀ ਮੁਰਮੂ ਕਿਤੇ ਵੀ ਨਜ਼ਰ ਨਹੀਂ ਸੀ ਆਈ, ਅਤੇ ਜਦੋਂ ਉਹ ਮੌਜੂਦ ਵੀ ਸੀ, ਜਿਵੇਂ ਐੱਲਕੇ ਅਡਵਾਨੀ ਨੂੰ ਭਾਰਤ ਰਤਨ ਦੇਣ ਸਮੇਂ ਦੀ ਤਸਵੀਰ ਵਿਚ, ਉਦੋਂ ਵੀ ਉਹ ਦੂਰ ਖੜ੍ਹੀ ਦਿਸ ਰਹੀ ਸੀ ਜਦੋਂ ਕਿ ਮੋਦੀ ਅਤੇ ਅਡਵਾਨੀ ਨਾਲ-ਨਾਲ ਬੈਠੇ ਸਨ। 2024 ਦੀਆਂ ਚੋਣਾਂ ਸਮੇਂ ਇਸ ਨਿਘਾਰ ਨੇ ਚੋਣ ਮੈਨੀਫੈਸਟੋ ਨੂੰ 'ਮੋਦੀ ਕੀ ਗਾਰੰਟੀ' ਦਾ ਨਾਂ ਦੇਣ ਦੀਆਂ ਬੇਮਿਸਾਲ ਨਿਵਾਣਾਂ ਛੂਹ ਲਈਆਂ। ਐੱਨਡੀਏ ਦੇ ਗ਼ੈਰ-ਭਾਜਪਾ ਭਾਈਵਾਲ ਹਕੂਮਤ 'ਚੋਂ ਮਿਲਣ ਵਾਲੇ ਧਨ-ਦੌਲਤ ਅਤੇ ਤਾਕਤ ਦੇ ਬੇਰੋਕ-ਟੋਕ ਗੱਫ਼ਿਆਂ ਦਾ ਰੱਜ ਮਾਣਦੇ ਰਹੇ।

**'ਚਾਰ ਸੌ ਪਾਰ' ਦਾ ਟੀਚਾ**

ਮੋਦੀ ਆਪਣੇ ਵਿਸ਼ੇਸ਼ ਹੰਕਾਰੀ ਅੰਦਾਜ਼ 'ਚ ਅਜਿੱਤ ਬਣਕੇ ਪੇਸ਼ ਹੁੰਦਾ ਰਿਹਾ। ਉਸਨੇ 2024 ਦੀਆਂ ਚੋਣਾਂ 'ਚ 400 ਤੋਂ ਵੱਧ ਸੀਟਾਂ ਜਿੱਤਣ ਦਾ ਨਾਅਰਾ ਦਿੱਤਾ ਸੀ, ਉਸ ਦੇ ਆਪਣੇ ਹੀ ਕੁਝ ਸਾਥੀਆਂ ਨੇ ਇਹ ਭੇਤ ਖੋਲ੍ਹ ਦਿੱਤਾ ਸੀ ਕਿ ਸੰਵਿਧਾਨ ਨੂੰ ਬਦਲਣ ਲਈ ਐਨੀਆਂ ਸੀਟਾਂ ਜਿੱਤਣੀਆਂ ਜ਼ਰੂਰੀ ਹਨ। ਸੱਚ ਤਾਂ ਇਹ ਹੈ ਕਿ ਨਵੇਂ ਫ਼ਤਵੇ ਨਾਲ ਅਗਲੀ ਸਰਕਾਰ ਬਣਾ ਕੇ ਉਸ ਦੇ ਕਰਨ ਲਈ ਹੁਣ ਬਹੁਤਾ ਕੁਝ ਰਹਿ ਨਹੀਂ ਗਿਆ ਸੀ, ਉਹ ਤਾਂ ਪਹਿਲਾਂ ਹੀ ਬਹੁਤ ਕੁਝ ਕਰ ਚੁੱਕਾ ਸੀ, ਸੰਵਿਧਾਨ ਦੀ ਧੱਜੀਆਂ ਉਡਾ ਕੇ ਸਭ ਕੁਝ ਤਾਂ ਪਹਿਲਾਂ ਹੀ ਕੀਤਾ ਜਾ ਰਿਹਾ ਸੀ। ਉਹ ਰਾਸ਼ਟਰਪਤੀ ਪ੍ਰਣਾਲੀ ਦੀ ਤਰਜ਼ ਦੇ ਰਾਸ਼ਟਰਪਤੀ ਵਾਂਗ ਵਿਹਾਰ ਕਰਦਾ ਸੀ; ਰਾਜਾਂ ਨੂੰ ਵਸੀਲਿਆਂ ਤੋਂ ਵਾਂਝੇ ਰੱਖਕੇ, ਇੱਥੋਂ ਤੱਕ ਕਿ ਰਾਜਾਂ ਦੀ ਪੁਲਿਸ ਤਾਕਤ ਨੂੰ ਮਹੱਤਵਹੀਣ ਬਣਾ ਦੇਣ ਦੀ ਹੱਦ ਤੱਕ ਸੁੰਗੇੜ ਕੇ ਅਤੇ ਰਾਜਾਂ ਤੋਂ ਉਨ੍ਹਾਂ ਦੇ ਵਿਧਾਨਕ ਅਧਿਕਾਰ ਖੋਹ ਕੇ ਉਨ੍ਹਾਂ ਨੂੰ ਅਪਾਹਜ ਬਣਾਉਣ ਲਈ ਗਵਰਨਰਾਂ ਦੀ ਵਰਤੋਂ ਕਰਕੇ ਫੈਡਰਲ ਢਾਂਚੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਘੱਟ-ਗਿਣਤੀਆਂ ਨੂੰ ਰਾਜ ਦੇ ਨਾਗਰਿਕ ਨਾ ਮੰਨਦਿਆਂ ਸਰੇਆਮ ਜ਼ਲੀਲ ਕਰਕੇ 'ਹਿੰਦੂ ਰਾਸ਼ਟਰ' ਵੀ ਹਕੀਕਤ 'ਚ ਬਣਾ ਹੀ ਲਿਆ ਗਿਆ ਸੀ। 2024 ਦੇ ਫ਼ਤਵੇ ਵਾਲੀ ਤਬਦੀਲੀ ਨੂੰ ਅਜੇ ਆਲਮੀ ਭਾਈਚਾਰੇ ਵੱਲੋਂ ਵਾਜਬੀਅਤ ਦਿੱਤਾ ਜਾਣਾ ਬਾਕੀ ਹੈ। ਆਪਣੇ ਦੋ ਮੁਲਕ-ਵਿਆਪੀ ਮਾਰਚਾਂ, 'ਭਾਰਤ ਜੋੜੋ ਯਾਤਰਾ' ਅਤੇ 'ਨਿਆਏ ਯਾਤਰਾ', ਅਤੇ ਆਪਣੀ ਜਨਤਕ ਅਪੀਲ ਵਿਚ ਵਾਧੇ ਦੇ ਬਾਵਜੂਦ ਵੀ ਰਾਹੁਲ ਗਾਂਧੀ ਭਾਜਪਾ ਨੂੰ ਸੱਤਾ ਤੋਂ ਲਾਹੁਣ ਲਈ ਲੋੜੀਂਦੀਆਂ ਸੀਟਾਂ ਦਾ ਅੰਕੜਾ ਨਹੀਂ ਬਣਾ ਸਕਿਆ।

ਦੂਜੇ ਪਾਸੇ, ਇਹ ਟੀਚਾ ਪੂਰਾ ਕਰਨ ਲਈ ਭਾਜਪਾ ਦੀ ਚੋਣ ਮਸ਼ੀਨ ਨੇ ਸਾਰਾ ਬੰਦੋਬਸਤ ਕੀਤਾ ਹੋਇਆ ਸੀ। ਸੰਵਿਧਾਨ ਨੂੰ ਬਦਲਣ ਦੀ ਮਨਸ਼ਾ ਨਾਲ 400-ਪਾਰ ਦਾ ਨਾਅਰਾ ਵਾਜਪਾਈ ਦੀ ਅਗਵਾਈ ਹੇਠ ਭਾਜਪਾ ਦੇ 2004 ਦੇ 'ਇੰਡੀਆ ਸ਼ਾਈਨਿੰਗ' ਨਾਅਰੇ ਦੀ ਯਾਦ ਦਿਵਾਉਂਦਾ ਹੈ। ਇਸਨੇ ਵਿਰੋਧੀ-ਧਿਰ ਨੂੰ ਸੰਵਿਧਾਨ ਦੀ ਰਖਵਾਲੀ ਹੋਣ ਦਾ ਦਿਖਾਵਾ ਕਰਨ ਅਤੇ ਹੇਠਲੇ ਵਰਗਾਂ ਦੇ ਲੋਕਾਂ, ਖ਼ਾਸ ਕਰਕੇ ਦਲਿਤਾਂ, ਜੋ ਪਿਛਲੀਆਂ ਦੋ ਚੋਣਾਂ ਵਿਚ ਭਾਜਪਾ ਨੂੰ ਵੋਟ ਦਿੰਦੇ ਰਹੇ ਸਨ, ਨੂੰ ਭਾਵਨਾਤਮਕ ਅਪੀਲ ਕਰਨ ਲਈ ਇਕ ਮੁੱਦਾ ਦੇ ਦਿੱਤਾ। 2024 ਦੀਆਂ ਚੋਣਾਂ ਮੌਕੇ ਅਯੁੱਧਿਆ ਵਿਚ ਰਾਮ ਮੰਦਰ ਦੇ ਧੂਮ-ਧੜੱਕੇ ਵਾਲੇ ਮਹੂਰਤ ਉੱਪਰ ਉਸੇ ਤਰ੍ਹਾਂ ਟੇਕ ਰੱਖੀ ਗਈ ਜਿਵੇਂ 2019 ਦੀਆਂ ਚੋਣਾਂ ਮੌਕੇ ਪੁਲਵਾਮਾ ਕਾਂਡ 'ਤੇ ਰੱਖੀ ਗਈ ਸੀ, ਪਰ ਇਹ ਜਨਤਾ ਦੇ ਦਿਲਾਂ ਨੂੰ ਟੁੰਬਣ ਵਾਲਾ ਨਾਅਰਾ ਬਣਕੇ ਗੂੰਜਣ 'ਚ ਨਾਕਾਮ ਰਿਹਾ। ਚੋਣ ਮੁਹਿੰਮ ਦੌਰਾਨ ਜਦੋਂ ਤੱਕ ਇਹ ਸਾਹਮਣੇ ਆਇਆ ਉਦੋਂ ਤੱਕ ਕੋਈ ਬਦਲਵੀਂ ਯੁੱਧਨੀਤੀ ਘੜੇ ਜਾਣ ਪੱਖੋਂ ਬਹੁਤ ਦੇਰ ਹੋ ਚੁੱਕੀ ਸੀ। ਮੋਦੀ ਮੁਸਲਮਾਨਾਂ ਵਿਰੋਧੀ ਬਿਆਨਬਾਜ਼ੀ ਤੇ ਭੱਦੀ ਭਾਸ਼ਣਬਾਜ਼ੀ ਕਰਨ ਤੱਕ ਜਾ ਨਿੱਘਰਿਆ। 4 ਜੂਨ ਨੂੰ ਆਏ ਚੋਣ ਨਤੀਜੇ ਕਈਆਂ ਲਈ ਅਚੰਭੇ ਦੀ ਤਰ੍ਹਾਂ ਸਨ ਅਤੇ ਭਾਜਪਾ ਲੀਡਰਸਪਿ ਦੇ ਮੂੰਹ 'ਤੇ ਵੀ ਹਵਾਈਆਂ ਉੱਡ ਰਹੀਆਂ ਸਨ। ਭਾਵੇਂਕਿ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ, ਪਰ ਪੂਰਨ ਬਹੁਮਤ ਲਈ ਜ਼ਰੂਰੀ ਅੰਕੜੇ ਤੋਂ 32 ਸੀਟਾਂ ਘੱਟ ਰਹਿ ਜਾਣ ਨੇ ਸਰਕਾਰ ਬਣਾਉਣ ਲਈ ਮੋਦੀ ਨੂੰ ਹੋਰ ਪਾਰਟੀਆਂ 'ਤੇ ਨਿਰਭਰ ਬਣਾ ਦਿੱਤਾ।

**ਮੋਦੀ ਦੇ ਕ੍ਰਿਸ਼ਮੇ ਦਾ ਅੰਤ?**

ਕੁਝ ਤਬਸਰਾਕਾਰਾਂ ਨੇ ਢਿੱਲੇ ਜਹੇ ਅੰਦਾਜ਼ 'ਚ ਭਾਜਪਾ ਦੀ ਹਾਰ ਦਾ ਕਾਰਨ ਮੋਦੀ ਵਿਰੁੱਧ ਆਮ ਜਨਤਾ ਦੀ ਨਾਰਾਜ਼ਗੀ ਦੱਸਿਆ ਹੈ। ਸ਼ਾਇਦ ਉਹ ਆਪਣੇ ਅੰਦਰਲੀਆਂ ਭਾਵਨਾਵਾਂ ਲੋਕਾਂ ਦੇ ਨਾਂ 'ਤੇ ਪੇਸ਼ ਕਰ ਰਹੇ ਸਨ, ਇਹ ਦਾਅਵਾ ਕਰਦੇ ਹੋਏ ਕਿ ਲੋਕ ਹਿੰਦੂ-ਮੁਸਲਿਮ ਬਿਆਨਬਾਜ਼ੀ










ਤੋਂ ਤੰਗ ਆ ਚੁੱਕੇ ਸਨ, ਹੌਲੀ-ਹੌਲੀ ਲੋਕਾਂ ਨੂੰ ਉਨ੍ਹਾਂ ਦੇ ਦਾਅਵਿਆਂ ਦੇ ਖੋਖਲੇਪਣ ਦਾ ਅਹਿਸਾਸ ਹੋ ਗਿਆ ਸੀ, ਅਤੇ ਉਹ ਉਸ ਦੀ ਸਰਕਾਰ ਨੂੰ ਇਕ ਹੋਰ ਮੌਕਾ ਦੇਣ ਨੂੰ ਲੈ ਕੇ ਸ਼ੱਕੀ ਸਨ। ਕਈਆਂ ਨੇ ਇਹ ਵੀ ਦਾਅਵਾ ਕੀਤਾ ਕਿ ਲੋਕ ਹਰ ਥਾਂ ਉਸਦੀ ਮੌਜੂਦਗੀ ਤੋਂ ਤੰਗ ਆ ਚੁੱਕੇ ਸਨ। ਬਦਕਿਸਮਤੀ ਨਾਲ ਹਕੀਕਤ ਇਨ੍ਹਾਂ ਅੰਦਾਜ਼ਿਆਂ ਦੇ ਹੱਕ 'ਚ ਨਹੀਂ ਜਾਂਦੀ। 2024 'ਚ ਭਾਜਪਾ ਦਾ ਵੋਟ ਸ਼ੇਅਰ 37.37 ਫ਼ੀਸਦੀ, ਦਰਅਸਲ 2019 ਵਿਚ ਉਹਦੇ 37.34 ਫ਼ੀਸਦੀ ਵਾਲੇ ਵੋਟ ਸ਼ੇਅਰ ਜਿੰਨਾ ਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਵੀ ਗੱਲ ਦਾ ਵੋਟਰਾਂ 'ਤੇ ਮਾੜਾ ਅਸਰ ਨਹੀਂ ਪਿਆ - ਇੱਥੋਂ ਤੱਕ ਕਿ ਚੋਣ ਮੁਹਿੰਮ ਦੌਰਾਨ ਹੀ ਭਵਿੱਖੀ ਪ੍ਰਧਾਨ ਮੰਤਰੀ ਦੇ ਰੂਪ ਵਿਚ ਪੇਸ਼ ਹੋਣ ਦਾ, ਮੁਸਲਮਾਨਾਂ ਵਿਰੁੱਧ ਬਦਜ਼ੁਬਾਨ ਪ੍ਰਚਾਰ ਕੀਤੇ ਜਾਣ ਦਾ ਵੀ ਨਹੀਂ। 2019 ਦੀਆਂ ਚੋਣਾਂ 'ਚ ਪੁਲਵਾਮਾ ਦੀ ਘਟਨਾ ਨੇ ਉਸਦਾ ਵੋਟ ਸ਼ੇਅਰ ਵਧਾ ਕੇ ਸੀਟਾਂ ਦੀ ਗਿਣਤੀ 303 ਤੱਕ ਵਧਾ ਦਿੱਤੀ ਸੀ। 2024 'ਚ, ਭਾਜਪਾ ਦਾ ਵੋਟ ਸ਼ੇਅਰ ਸਥਿਰ ਰਿਹਾ, ਹਾਲਾਂ ਕਿ ਇਸਦੀ ਸੀਟਾਂ ਦੀ ਗਿਣਤੀ 240 ਤੱਕ ਡਿਗ ਗਈ, ਜੋ ਕਿ 272 ਦੇ ਬਹੁਮੱਤ ਵਾਲੇ ਅੰਕੜੇ ਤੋਂ ਕਾਫ਼ੀ ਹੇਠਾਂ ਹੈ।

ਜ਼ਿਆਦਾਤਰ ਤਬਸਰਾਕਾਰ ਇਹ ਗੱਲ ਸਮਝਣ 'ਚ ਨਾਕਾਮ ਰਹਿੰਦੇ ਹਨ ਕਿ ਉਸਦੀ ਅਪੀਲ ਲਾਜਮੀ ਹੀ ਉਹਦੇ ਆਮ ਬੰਦੇ ਵਾਲੇ ਅਤੇ ਘਿਣਾਉਣੇ ਹਾਵ-ਭਾਵ 'ਚ ਪਈ ਹੈ, ਜਿਸ ਨੂੰ ਜਨਤਾ ਸਹਿਜੇ ਹੀ ਆਪਣੇ ਮਨੋ-ਭਾਵਾਂ ਨਾਲ ਜੋੜ ਲੈਂਦੀ ਹੈ। ਜਨਤਾ ਉਸ ਨੂੰ ਕੁਲੀਨ ਵਰਗ ਦਾ ਵਿਰੋਧੀ, ਬੁੱਧੀਜੀਵੀਆਂ ਦਾ ਵਿਰੋਧੀ, ਇਕ ਨਿਮਾਣੇ ਵਰਗ/ਜਾਤੀ ਪਿਛੋਕੜ ਵਾਲਾ ਅਤੇ ਇਸ ਤਰ੍ਹਾਂ ਆਪਣਾ ਬੰਦਾ ਸਮਝਦੀ ਹੈ। ਉਸਦਾ ਬਹਾਦਰੀ ਦਾ ਦਿਖਾਵਾ (56 ਇੰਚ ਸੀਨਾ) ਅਤੇ "ਘਰ ਮੇਂ ਘੁਸਕੇ ਮਾਰੇਂਗੇ" ਦੀਆਂ ਫੜ੍ਹਾਂ, ਬੇਸ਼ੱਕ ਉਸਦੇ ਕੱਦਕਾਠ ਨਾਲ ਮੇਲ ਤਾਂ ਨਹੀਂ ਖਾਂਦੀਆਂ, ਪਰ ਉਸਨੂੰ ਸਥਾਪਤ ਸੈਤਾਨੀ ਤਾਕਤਾਂ ਨੂੰ ਲਲਕਾਰਨ ਵਾਲੇ ਇਕ ਨਾਇਕ ਦੇ ਸਾਂਚੇ 'ਚ ਜ਼ਰੂਰ ਢਾਲ ਦਿੰਦੀਆਂ ਹਨ। ਜਮਹੂਰੀ ਕਾਇਦੇ ਪ੍ਰਤੀ ਉਸਦੀ ਨਫ਼ਰਤ ਨੂੰ ਬਸਤੀਵਾਦੀ ਸਰਕਾਰ ਵੱਲੋਂ ਲਿਆਂਦੇ ਗਏ ਨੌਕਰਸ਼ਾਹ ਤੌਰ-ਤਰੀਕਿਆਂ ਵਿਰੁੱਧ ਨਫ਼ਰਤ ਵਜੋਂ ਦੇਖਿਆ ਜਾਂਦਾ ਹੈ।

ਚੋਣਾਂ ਦੌਰਾਨ, ਜਨਤਾ ਵਿਚ ਮੋਦੀ ਵਿਰੋਧੀ ਮੂਡ ਨੂੰ ਕੈਮਰੇ 'ਚ ਕੈਦ ਕਰਨ ਲਈ ਉਤਸੁਕ ਕਈ ਯੂਟਿਊਬਰਾਂ ਵੱਲੋਂ ਵੀਡੀਓ ਕਵਰੇਜ ਵਿਚ ਮਾਯੂਸੀ ਨਾਲ ਇਹ ਦਿਖਾਇਆ ਗਿਆ ਕਿ ਆਪਣੇ ਭੈੜੇ ਹਾਲਾਤਾਂ ਨੂੰ ਲੈ ਕੇ ਉਸ ਵਿਰੁੱਧ ਬਹੁਤ ਸਾਰੀਆਂ ਸ਼ਿਕਾਇਤਾਂ ਹੋਣ ਦੇ ਬਾਵਜੂਦ ਵੀ ਲੋਕ ਅਜੇ ਵੀ ਉਸਦੇ ਪੱਖ ਵਿਚ ਹਨ। ਪਰੇਸ਼ਾਨ ਕਰਨ ਵਾਲੇ ਇਨ੍ਹਾਂ ਪ੍ਰਤੀਕਰਮਾਂ ਨੂੰ ਪੇਸ਼ਕਾਰੀਆਂ ਕਰਨ ਵਾਲਿਆਂ ਵੱਲੋਂ ਸ਼ਾਇਦ ਹੀ ਸਮਝਿਆ ਗਿਆ ਸੀ। ਲੋਕਾਂ ਨੇ ਇਨ੍ਹਾਂ ਸ਼ਿਕਾਇਤਾਂ ਨੂੰ ਮੋਦੀ ਨਾਲ ਨਹੀਂ, ਸਗੋਂ ਪ੍ਰਸ਼ਾਸਨ ਨਾਲ, ਬਾਬੂਸ਼ਾਹੀ ਨਾਲ ਜੋੜਿਆ। ਲੋਕ ਇਸ ਗੱਲ ਨਾਲ ਸਹਿਮਤ ਸਨ ਕਿ ਬੇਰੋਜ਼ਗਾਰੀ, ਲੱਕਤੋੜ ਮਹਿੰਗਾਈ ਤਾਂ ਹੈ ਅਤੇ ਵਾਅਦੇ ਵੀ ਅਧੂਰੇ ਹਨ, ਪਰ ਇਨ੍ਹਾਂ ਲਈ ਉਨ੍ਹਾਂ ਨੇ ਮੋਦੀ ਨੂੰ ਦੋਸ਼ੀ ਕਦਾਚਿਤ ਨਹੀਂ ਸਮਝਿਆ। ਘੱਟੋ-ਘੱਟ ਗਿਣਤੀ ਦੇ ਲਿਹਾਜ਼ ਨਾਲ ਮੋਦੀ ਦਾ ਜਾਦੂ ਫਿਕਾ ਪੈਣ ਦੇ ਕੋਈ ਸੰਕੇਤ ਨਹੀਂ ਹਨ। ਇਸਨੂੰ ਉਸਦੀ ਜਿੱਤ ਦੇ ਫ਼ਰਕ ਵਿਚ ਆਈ ਭਾਰੀ ਕਮੀ ਦੇ ਰੂਪ 'ਚ ਦੇਖਣਾ ਭਰਮ ਪੈਦਾ ਕਰ ਸਕਦਾ ਹੈ।

**ਅਸਲੀ ਜਾਦੂ**

ਜੇਕਰ 2024 ਦੇ ਨਤੀਜਿਆਂ ਦੌਰਾਨ ਕੋਈ ਜਾਦੂ ਸੀ, ਤਾਂ ਉਹ ਚੋਣਾਂ ਦੌਰਾਨ ਵਿਰੋਧੀ ਧਿਰ ਵੱਲੋਂ ਇਕ ਚਿਹਰਾ ਲੋਕਾਂ ਸਾਹਮਣੇ ਪੇਸ਼ ਕਰਨ ਕਰਕੇ ਸੀ। ਸਾਰਾ ਕਮਾਲ ਇਸੇ ਯੁੱਧਨੀਤੀ ਦਾ ਸੀ। ਇਹ ਕੋਈ ਬਹੁਤੀ ਮਗਜ਼-ਖਪਾਈ ਕਰਨ ਵਾਲੀ ਗੱਲ ਨਹੀਂ ਸੀ; ਕੋਈ ਸਕੂਲੀ ਬੱਚਾ ਵੀ ਇਹ ਸੁਝਾਅ ਸਕਦਾ ਸੀ ਕਿ ਜੇਕਰ ਤੁਹਾਡਾ ਮੱਥਾ ਡਾਹਢੇ ਦੁਸ਼ਮਣ ਨਾਲ ਲੱਗਿਆ ਹੋਇਆ ਹੈ ਤਾਂ ਤੁਸੀਂ ਆਪਣੀਆਂ ਤਾਕਤਾਂ ਨੂੰ ਜੋੜ ਕੇ ਹੀ ਉਸ ਨਾਲ ਟੱਕਰ ਲੈ ਸਕੋਗੇ। ਹਾਏ, ਇੰਝ ਕਰਨ 'ਚ ਬਹੁਤ ਦੇਰੀ ਕਰ ਦਿੱਤੀ ਗਈ। ਖ਼ੈਰ, ਸੀਟਾਂ ਦੀ ਐਡਜਸਟਮੈਂਟ ਕਰ ਲੈਣ ਲਈ ਵਿਰੋਧੀ-ਧਿਰ ਦੇ ਆਗੂ ਸ਼ਾਬਾਸ਼ ਦੇ ਹੱਕਦਾਰ ਹਨ, ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਸਾਂਝਾ ਵੋਟ ਸ਼ੇਅਰ 42 ਫ਼ੀਸਦੀ ਹੋ ਗਿਆ, ਯਾਨੀ 2019 ਅਤੇ 2024 ਦੀਆਂ ਚੋਣਾਂ ਵਿਚ ਐਨਡੀਏ ਦੇ ਸ਼ੇਅਰ 45 ਫ਼ੀਸਦੀ ਦੇ ਕਰੀਬ। ਇਹ ਗੁੰਜਾਇਸ਼ ਪਈ ਸੀ ਕਿ ਉਨ੍ਹਾਂ ਦਾ ਵੋਟ ਸ਼ੇਅਰ ਸਹਿਜੇ ਹੀ 50 ਫ਼ੀਸਦੀ ਤੋਂ ਵੱਧ ਹੋ ਸਕਦਾ ਸੀ, ਕਿਉਂਕਿ 55 ਫ਼ੀਸਦੀ ਲੋਕ ਜਾਂ ਤਾਂ ਐੱਨਡੀਏ ਦੇ ਖਿਲਾਫ਼ ਸਨ ਜਾਂ ਉਸ ਪ੍ਰਤੀ ਉਦਾਸੀਨ ਸਨ। ਕੁਝ ਪਾਰਟੀਆਂ ਕਰਕੇ ਭਾਜਪਾ ਫਿਰ ਵੀ ਵਿਰੋਧੀ-ਧਿਰ ਦੀਆਂ ਵੋਟਾਂ ਨੂੰ ਵੰਡਣ 'ਚ ਕਾਮਯਾਬ ਰਹੀ, ਜਿਸ ਨੇ ਸੀਟਾਂ ਜਿੱਤਣ 'ਚ ਇਸ ਦੀ ਅਸਿੱਧੇ ਰੂਪ 'ਚ ਮੱਦਦ ਕੀਤੀ। ਮਿਸਾਲ ਵਜੋਂ, ਮਾਇਆਵਤੀ ਦੀ ਅਗਵਾਈ ਵਾਲੀ ਬਸਪਾ ਨੇ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ 16 ਸੀਟਾਂ ਹਥਿਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਵਿਰੋਧੀ-ਧਿਰ ਨੂੰ ਕੁਝ ਹੋਰ ਚੀਜ਼ਾਂ ਨੂੰ ਸੁਧਾਰਨ ਦੀ ਲੋੜ ਸੀ। ਇਸਨੂੰ ਆਪਣੇ ਇਨ੍ਹਾਂ ਇਸ਼ਾਰਿਆਂ ਨੂੰ ਤਿਆਗਣ ਦੀ ਜ਼ਰੂਰਤ ਹੈ ਕਿ ਉਹ ਆਪਣੇ 'ਮੈਂ ਵੀ ਹਿੰਦੂ' ਤਰਜ਼ ਦੇ ਨਾਅਰੇ ਨਾਲ ਹਿੰਦੂ ਵੋਟਾਂ ਲੈ ਸਕਦੇ ਹਨ। ਭਾਜਪਾ ਵਿਰੋਧੀ ਹਿੰਦੂ, ਹਿੰਦੂਆਂ ਨੂੰ ਨਹੀਂ ਲੱਭ ਰਹੇ, ਉਹ ਤਾਂ ਉਨ੍ਹਾਂ ਲੋਕਾਂ ਨੂੰ ਲੱਭ ਰਹੇ ਹਨ ਜੋ ਭਾਜਪਾ ਦੇ ਫਿਰਕੂ ਹਿੰਦੂਵਾਦ ਦਾ ਡੱਟਕੇ ਵਿਰੋਧ ਕਰਦੇ ਹਨ। ਜੇਕਰ ਉਹ ਉਨ੍ਹਾਂ ਨੂੰ ਕਾਇਲ ਕਰ ਲੈਂਦੇ ਹਨ, ਤਾਂ ਭਾਜਪਾ ਵਿਰੋਧੀ ਜ਼ਿਆਦਾਤਰ ਵੋਟਾਂ, ਜੋ ਕਿ 60% ਤੋਂ ਵੱਧ ਹਨ, ਸੰਭਾਵਨਾ ਦੇ ਤੌਰ 'ਤੇ ਇੰਡੀਆ ਬਲਾਕ ਨੂੰ ਮਿਲ ਸਕਦੀਆਂ ਹਨ।

ਵੋਟ ਸ਼ੇਅਰ ਅਤੇ ਸੀਟਾਂ ਦੀ ਗਿਣਤੀ ਵਿਚ ਸਪਸ਼ਟ ਫ਼ਰਕ ਇਸ ਚੋਣ ਸਿਸਟਮ ਦੀਆਂ ਢਾਂਚਾਗਤ ਤਰੁਟੀਆਂ (ਜੋ ਸਭ ਤੋਂ ਅੱਗੇ ਨਿਕਲ ਗਿਆ ਉਹੀ ਜੇਤੂ) ਦੇ ਕਾਰਨ ਹੈ ਜੋ ਬੋਲ਼ੇ ਰਾਸ਼ਟਰ ਨੂੰ ਚੀਕ-ਚੀਕ ਕੇ ਤਬਦੀਲੀ ਲਈ ਪੁਕਾਰ ਰਹੀਆਂ ਹਨ। ਇਹ ਹੈਰਾਨੀ ਦੀ ਗੱਲ ਹੈ ਕਿ ਜੋ ਲੋਕ ਚੋਣਾਂ ਬਾਰੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਉਹ ਇਹ ਦੇਖਣ 'ਚ ਨਾਕਾਮ ਰਹਿੰਦੇ ਹਨ ਕਿ ਸਾਡੇ ਲੋਕਤੰਤਰੀ ਢਾਂਚੇ ਦਾ ਇਹ ਹਿੱਸਾ ਸਾਡੀ ਸ਼ਾਸਨ ਵਿਵਸਥਾ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਦੀ ਜੜ੍ਹ ਹੈ। ਮੂਲ ਰੂਪ 'ਚ, ਇਹ ਪ੍ਰਣਾਲੀ ਲੋਕਤੰਤਰ ਨੂੰ ਇਸ ਅਰਥ ਵਿਚ ਖ਼ੋਰਾ ਲਾਉਂਦੀ ਹੈ ਕਿ ਸਿਧਾਂਤਕ ਤੌਰ 'ਤੇ ਘੱਟੋ ਘੱਟ 49 ਫ਼ੀਸਦੀ ਲੋਕਾਂ ਨੂੰ ਨੁਮਾਇੰਦਗੀ ਤੋਂ ਬਾਹਰ ਰੱਖਿਆ ਗਿਆ ਹੈ। ਇਹ ਚੋਣਾਂ ਵਿਚ ਯੁੱਧਨੀਤਕ ਜੋੜ-ਤੋੜ ਨੂੰ ਲੋਕ ਰਾਏ ਉੱਪਰ ਹਾਵੀ ਹੋ ਜਾਣ ਦਾ ਵਿਸ਼ੇਸ਼ ਅਧਿਕਾਰ ਦਿੰਦੀ ਹੈ। ਜ਼ਰਾ ਚੇਤੇ ਕਰੋ, 2014 ਵਿਚ ਭਾਜਪਾ ਦਾ ਵੋਟ ਸ਼ੇਅਰ ਸਿਰਫ਼ 31 ਫ਼ੀਸਦੀ ਸੀ, ਪਰ ਫਿਰ ਵੀ ਉਸਨੇ 282 ਸੀਟਾਂ ਜਿੱਤ ਲਈਆਂ, ਜੋ ਕਿ ਸੀਟਾਂ ਦੇ 52ਫ਼ੀਸਦੀ ਤੋਂ ਵੱਧ ਸੀ। 2019 ਦੀਆਂ ਚੋਣਾਂ ਵਿਚ ਇਸ ਨੇ 303 ਭਾਵ 37.34 ਫ਼ੀਸਦੀ ਵੋਟ ਸ਼ੇਅਰ ਨਾਲ 55.56 ਫ਼ੀਸਦੀ ਸੀਟਾਂ ਜਿੱਤੀਆਂ, ਜਦੋਂ ਕਿ ਮੌਜੂਦਾ ਚੋਣਾਂ ਵਿਚ ਉਸੇ ਵੋਟ ਸ਼ੇਅਰ ਨਾਲ ਇਸਨੂੰ ਸਿਰਫ਼ 44ਫ਼ੀਸਦੀ ਸੀਟਾਂ ਮਿਲੀਆਂ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਲੋਕ ਰਾਏ ਵਿਚ ਕੋਈ ਗਿਣਨਯੋਗ ਤਬਦੀਲੀ ਹੋਈ ਹੈ, ਪਰ ਤਬਦੀਲੀ ਭਾਜਪਾ ਦਾ ਮੁਕਾਬਲਾ ਇਕ ਚਿਹਰੇ ਨਾਲ ਕਰਨ ਦੀ ਵਿਰੋਧੀ-ਧਿਰ ਪਾਰਟੀਆਂ ਦੀ ਯੁੱਧਨੀਤੀ ਦੁਆਰਾ ਲਿਆਂਦੀ ਗਈ ਹੈ।

**ਕੀ ਮੋਦੀ ਨੂੰ ਕਾਬੂ ਕੀਤਾ ਜਾ ਸਕੇਗਾ?**

ਜ਼ਿਆਦਾਤਰ ਤਬਸਰਾਕਾਰਾਂ ਨੂੰ ਉਮੀਦ ਹੈ ਕਿ ਮੋਦੀ ਦੀ ਤੀਜੀ ਪਾਰੀ ਔਖੀ ਹੁਕਮਰਾਨ ਦੇ ਕਾਬੂ ਹੇਠ ਰਹਿਣ ਦਾ ਮਾਮਲਾ ਹੋਵੇਗਾ ਜੋ ਸ਼ਾਇਦ ਹੀ ਆਪਣੀ ਮਿਆਦ ਪੂਰੀ ਕਰ ਸਕੇ। ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਸਰਕਾਰ ਬਣਾਉਂਦੇ ਸਮੇਂ ਉਹ ਚਾਹੇ ਕੁਝ ਵੀ ਕਰੇ, ਪਰ ਉਸ ਤੋਂ ਬਾਅਦ ਉਹ ਫੱਟੜ ਸ਼ੀਹਣੀ ਵਾਂਗ ਬਦਲਾਲਊ ਭਾਵਨਾ ਨਾਲ ਆਪਣੇ ਫਾਸ਼ੀਵਾਦੀ ਵਿਅਕਤੀਤਵ 'ਚ ਪਰਤ ਜਾਵੇਗਾ। ਜੋ ਕੁਝ ਉਹ ਜਾਣਦਾ ਸੀ ਅਤੇ ਜੋ ਉਹ ਕਰਦਾ ਰਿਹਾ ਹੈ, ਉਸ ਬਦਲਾਖ਼ੋਰੀ ਨੂੰ ਹੋਰ ਜੋਸ਼ੋ-ਖਰੋਸ਼ ਨਾਲ ਅੰਜਾਮ ਦੇਵੇਗਾ। ਮਿਸਾਲ ਵਜੋਂ, ਮੁਸਲਮਾਨਾਂ ਅਤੇ ਦਲਿਤਾਂ ਨੇ ਇੱਕਜੁੱਟ ਹੋ ਕੇ ਭਾਜਪਾ ਦੇ ਵਿਰੁੱਧ ਵੋਟਾਂ ਪਾਈਆਂ ਅਤੇ ਉਹ ਉਨ੍ਹਾਂ ਨੂੰ ਸੁੱਕੇ ਨਹੀਂ ਜਾਣ ਦੇਵੇਗਾ। ਹੁਕਮਰਾਨ ਧਿਰ ਤੋਂ ਵੱਖਰੇ/ਅਸਹਿਮਤ ਵਿਚਾਰਾਂ ਵਾਲਿਆਂ ("ਸ਼ਹਿਰੀ ਨਕਸਲੀਆਂ") ਨੂੰ ਜੇਲ੍ਹਾਂ ਵਿਚ ਸਾੜਨ ਦਾ ਸਿਲਸਿਲਾ ਹੋਰ ਵਧੇਗਾ ਅਤੇ ਭ੍ਰਿਸ਼ਟਾਚਾਰ ਨੂੰ ਸਜ਼ਾ ਦੇਣ ਦੇ ਬਹਾਨੇ ਕੇਂਦਰੀ ਏਜੰਸੀਆਂ ਕੋਲੋਂ ਰਾਜਨੀਤਕ ਵਿਰੋਧੀਆਂ 'ਤੇ ਹੋਰ ਛਾਪੇ ਮਰਵਾਏ ਜਾਣਗੇ ਅਤੇ ਗ੍ਰਿਫ਼ਤਾਰੀਆਂ ਕਰਵਾਈਆਂ ਜਾਣਗੀਆਂ। ਚੋਣਾਂ ਦੇ ਨਤੀਜੇ ਤੋਂ ਬਾਅਦ ਆਪਣੇ ਭਾਸ਼ਣ ਵਿਚ ਉਸਨੇ ਇਸ ਸੰਭਾਵਨਾ ਦੇ ਵਾਹਵਾ ਸੰਕੇਤ ਦੇ ਦਿੱਤੇ ਹਨ। ਇਹ ਆਸ ਰੱਖਣਾ ਸਿੱਧਰਾਪਣ ਹੋਵੇਗਾ ਕਿ ਆਪਣੀ ਜ਼ਿੰਦਗੀ ਦੇ ਅਖ਼ੀਰ 'ਚ ਉਹ ਵੱਖਰੇ ਤਰੀਕੇ ਨਾਲ ਪੇਸ਼ ਆਵੇਗਾ (ਜੋ ਉਸ ਨੂੰ ਆਉਂਦਾ ਹੀ ਨਹੀਂ ਕਿ ਕਰਨਾ ਕਿਵੇਂ ਹੈ)। ਮੱਧ ਵਰਗ ਨੂੰ ਭਰਮਾਉਣ ਲਈ ਅਤੇ ਇਹ ਪ੍ਰਭਾਵ ਪੈਦਾ ਕਰਨ ਲਈ ਉਹ ਨਵੇਂ ਜੋਸ਼ੋ-ਖਰੋਸ਼ ਨਾਲ ਆਰਥਕ ਸੁਧਾਰਾਂ (ਪਬਲਿਕ ਸੈਕਟਰ ਦੇ ਅਦਾਰਿਆਂ ਵਿੱਚੋਂ ਸਰਕਾਰੀ ਨਿਵੇਸ਼ ਕੱਢਣਾ, ਮੁਲਕ ਦੀਆਂ ਜਾਇਦਾਦਾਂ ਆਪਣੇ ਲੰਗੋਟੀਏ ਯਾਰ ਕਾਰਪੋਰੇਟਾਂ ਦੇ ਹਵਾਲੇ ਕਰਨਾ, ਆਦਿ) ਨੂੰ ਹੋਰ ਅੱਗੇ ਵਧਾਏਗਾ ਅਤੇ ਇਹ ਪ੍ਰਭਾਵ ਬਣਾਏਗਾ ਕਿ ਭਾਰਤ ਇਕ ਵਿਕਸਤ ਆਰਥਿਕਤਾ ਬਣਨ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਸਟਾਕ ਮਾਰਕੀਟ ਨੇ, ਭਰੋਸੇਮੰਦ ਬੈਰੋਮੀਟਰ ਦੇ ਰੂਪ 'ਚ, 3 ਜੂਨ ਨੂੰ ਜਦੋਂ ਮਨਘੜਤ ਐਗਜ਼ਿਟ ਪੋਲ ਨਤੀਜੇ ਆਏ ਤਾਂ ਸਿਖ਼ਰਾਂ ਛੂਹ ਕੇ ਅਤੇ 4 ਜੂਨ ਨੂੰ ਜਦੋਂ ਅਸਲ ਨਤੀਜੇ ਆਏ ਤਾਂ ਅਚਾਨਕ ਗਿਰਾਵਟ ਦਿਖਾ ਕੇ ਇਹ ਦਰਸਾ ਹੀ ਦਿੱਤਾ ਹੈ।

ਇਹ ਕਲਪਨਾ ਕਰਨਾ ਕਿ ਮੋਦੀ ਗੱਠਜੋੜ ਦੇ ਭਾਈਵਾਲਾਂ ਦੇ ਰਹਿਮੋ-ਕਰਮ 'ਤੇ ਹੋਵੇਗਾ, ਨਾਇਡੂ, ਨਿਤੀਸ਼, ਏਕਨਾਥ ਸ਼ਿੰਦੇ ਅਤੇ ਚਿਰਾਗ਼ ਪਾਸਵਾਨ ਵਰਗਿਆਂ ਦੀ ਲੋਕਤੰਤਰੀ ਨੈਤਿਕਤਾ ਪ੍ਰਤੀ ਵਚਨਬੱਧਤਾ ਨੂੰ ਵਧਾ-ਚੜ੍ਹਾ ਕੇ ਦੇਖਣਾ ਹੈ, ਜਿਸ ਚੌਕੜੀ ਦੀ ਹਮਾਇਤ ਉੱਪਰ ਉਸ ਦੀ ਸਰਕਾਰ ਨਿਰਭਰ ਹੈ। ਜਿੰਨਾ ਚਿਰ ਭਾਈਵਾਲ ਧਨ-ਦੌਲਤ ਅਤੇ ਤਾਕਤ ਦੇ ਗੱਫ਼ਿਆਂ ਨਾਲ ਖ਼ੁਸ਼ ਰਹਿੰਦੇ ਹਨ, ਉਹ ਜਮਹੂਰੀਅਤ, ਕਾਨੂੰਨ ਦੇ ਰਾਜ, ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਜਾਂ ਕਿਸੇ ਲੋਕ ਵਿਰੋਧੀ ਨੀਤੀ ਦੇ ਖਿਲਾਫ਼ ਚੂੰ ਵੀ ਨਹੀਂ ਕਰਨਗੇ। ਵਿਰੋਧੀ-ਧਿਰ ਸਮੇਤ ਕਿਸੇ ਵੀ ਰਾਜਨੀਤਕ ਪਾਰਟੀ ਨੇ ਇਨ੍ਹਾਂ ਮੁੱਦਿਆਂ ਪ੍ਰਤੀ ਕਦੇ ਵੀ ਕੋਈ ਸੱਚਾ ਸਰੋਕਾਰ ਨਹੀਂ ਦਿਖਾਇਆ। ਉਹ ਮੁਸਲਮਾਨਾਂ ਨੂੰ ਰਾਸ਼ਟਰ-ਵਿਰੋਧੀ ਕਰਾਰ ਦੇ ਕੇ ਉਨ੍ਹਾਂ ਉੱਪਰ ਜ਼ੁਲਮ ਢਾਹੁਣ, ਨਕਸਲੀ ਕਹਿਕੇ ਆਦਿਵਾਸੀਆਂ ਅਤੇ ਦਲਿਤਾਂ ਦੇ ਝੂਠੇ ਮੁਕਾਬਲੇ ਬਣਾਉਣ, ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ ਸ਼ਹਿਰੀ ਨਕਸਲੀਆਂ ਵਜੋਂ ਜੇਲ੍ਹਾਂ 'ਚ ਡੱਕਣ ਵਰਗੇ ਮੁੱਦਿਆਂ ਤੋਂ ਬਹੁਤ ਹੀ ਸੋਚ-ਸਮਝਕੇ ਟਾਲ਼ਾ ਵੱਟਦੇ ਰਹੇ ਹਨ। ਇਹ ਭੋਲੇਪਣ 'ਚ ਕੀਤੀ ਕੋਤਾਹੀ ਨਹੀਂ ਹੈ; ਇਹ ਪੂਰੀ ਤਰ੍ਹਾਂ ਸੋਚੀ ਸਮਝੀ ਯੁੱਧਨੀਤੀ ਸੀ ਹਾਲਾਂ ਕਿ ਇਹ ਮੂਰਖ਼ਤਾ ਸੀ।

ਦੂਰ-ਦਰਾਜ ਮਾਮਲੇ ਵਿਚ ਵੀ, ਜੇਕਰ ਮੋਦੀ ਨੂੰ ਕਿਸੇ ਵੀ ਪਾਸਿਓਂ ਆਪਣੀ ਹਕੂਮਤ ਲਈ ਕੋਈ ਚੁਣੌਤੀ ਮਹਿਸੂਸ ਹੋਈ (ਅਤੇ ਉਹ ਬੇਹੱਦ ਸੂਖ਼ਮ ਜਾਸੂਸੀ ਪ੍ਰਣਾਲੀ ਨਾਲ ਲੈਸ ਹੈ), ਤਾਂ ਉਹ ਇਸਨੂੰ ਸੌਖਿਆਂ ਹੀ ਆਪਣੇ ਹਿੰਦੂ ਰਾਸ਼ਟਰਵਾਦੀ ਏਜੰਡੇ ਵਿਰੁੱਧ ਦੇਸ਼ਧ੍ਰੋਹੀ ਤਾਕਤਾਂ ਦੀ ਸਾਜ਼ਿਸ਼ ਵਜੋਂ ਪੇਸ਼ ਕਰ ਸਕਦਾ ਹੈ। ਉਹ ਅਜੇ ਵੀ ਆਪਣੀ ਭਗਤਾਂ ਦੀ ਫ਼ੌਜ ਨੂੰ ਇਕੱਠਾ ਕਰ ਸਕਦਾ ਹੈ ਅਤੇ ਪ੍ਰਚਾਰ ਤੰਤਰ ਨੂੰ ਸਰਗਰਮ ਕਰ ਸਕਦਾ ਹੈ। ਉਹ ਕਿਸੇ ਦਰਸ਼ਨੀ ਕਾਂਡ ਜਾਂ ਕਿਸੇ ਹੋਰ ਘਟਨਾ ਦੀ ਯੋਜਨਾ ਬਣਾ ਸਕਦਾ ਹੈ ਤਾਂ ਜੋ ਉਹ ਆਪਣੇ ਪੱਖ 'ਚ ਜਨਤਕ ਹਮਦਰਦੀ ਅਤੇ ਆਪਣੇ ਵਿਰੋਧੀਆਂ ਪ੍ਰਤੀ ਗੁੱਸੇ ਦੀ ਲਹਿਰ ਬਣਾ ਸਕੇ। ਫਿਰ ਉਹ ਆਪਣਾ ਹਿੰਦੂ ਰਾਸ਼ਟਰ ਦਾ ਟੀਚਾ ਪੂਰਾ ਕਰਨ ਦੀ ਖ਼ਾਤਰ ਸੰਸਦ ਨੂੰ ਭੰਗ ਕਰ ਸਕਦਾ ਹੈ ਅਤੇ ਖੁਦ ਵੱਡਾ ਬਹੁਮੱਤ ਹਾਸਲ ਕਰ ਸਕਦਾ ਹੈ। ਇਕ ਮੁਨਾਸਬ ਸਵਾਲ ਇਹ ਹੈ ਕਿ ਕੀ ਵਿਰੋਧੀ-ਧਿਰ ਇਨ੍ਹਾਂ ਭਿਆਨਕ ਚਾਲਾਂ ਨੂੰ ਸਮਝ ਸਕੇਗੀ ਅਤੇ ਇਨ੍ਹਾਂ ਨੂੰ ਰੋਕ ਸਕੇਗੀ। ਕੁਲ-ਮਿਲਾਕੇ, ਲੋਕ ਹੱਥ 'ਤੇ ਹੱਥ ਧਰਕੇ ਬੈਠਣ ਦਾ ਜ਼ੋਖ਼ਮ ਨਹੀਂ ਲੈ ਸਕਦੇ। ਮੋਦੀ 3.0 (ਤੀਜੀ ਪਾਰੀ) ਦੁਆਰਾ ਪੈਦਾ ਹੋਣ ਵਾਲੇ ਵੱਡੇ ਖ਼ਤਰਿਆਂ ਤੋਂ ਮੁਲਕ ਨੂੰ ਬਚਾਉਣ ਲਈ ਇੰਡੀਆ ਗੱਠਜੋੜ ਨੂੰ ਅੱਡੀ-ਚੋਟੀ ਦਾ ਜ਼ੋਰ ਲਾਉਣ ਅਤੇ ਹੋਰ ਵੀ ਨਿੱਠਕੇ ਮਿਹਨਤ ਕਰਨ ਦੀ ਜ਼ਰੂਰਤ ਹੈ।

# ਡੰਗਾ ਗੱਡ ਲਿਆ, ਬਸ ਝੰਡੀ ਪਾਉਣੀ ਹੈ

-ਸੁਖਦੀਪ ਸਿੰਘ ਚਾਹਲ

"ਆ ਬਈ ਤਾਇਆ, ਕਿਤੇ ਦੇਖਿਆ ਈ ਨੀ, ਕਿਧਰ ਰਹਿਣਾ ਫੇਰ", ਕਿਤੇ ਵੋਟਾਂ ਆਲਿਆਂ ਨਾਲ ਤਾਂ ਨੀ ਹੋ ਗਿਆ। ਗਿੰਦਰ ਨੇ ਖੁੰਡ ਤੇ ਬੈਠੇ ਹੋਏ ਤਾਏ ਹਰਨਾਮੇ ਨੂੰ ਦੂਰੋਂ ਹੀ ਦੇਖ ਕੇ ਕਿਹਾ। ਤਾਇਆ ਕੱਛੂ ਚਾਲ ਚੱਲਦਾ ਹੋਇਆ ਖੁੰਡ ਵੱਲ ਨੂੰ ਤੁਰਿਆ ਜਾ ਰਿਹਾ ਸੀ ਤੇ ਬਿਨਾਂ ਕੁਝ ਬੋਲੇ ਲੱਕ ਤੇ ਹੱਥ ਧਰ ਕੇ ਖੁੰਡ ਤੇ ਮੋਢੇ ਤੋਂ ਪਰਨਾ ਲਾਹ ਕੇ ਪਰਨੇ 'ਤੇ ਬੈਠ ਗਿਆ। ਅਚਾਨਕ ਤਾਇਆ ਖੁੰਡ 'ਤੇ ਬੈਠੇ ਮੁੰਡਿਆਂ ਦੇ ਮਸ਼ਕਰੀ ਦੇ ਰੌਂਅ ਨੂੰ ਤਾੜ ਕੇ ਬੋਲਿਆ ਉਏ ਭੌਂਕੇਓ! ਮੇਰੀਆਂ ਤਾਂ ਲੱਤਾਂ ਪਹਿਲਾਂ ਹੀ ਕੀਰਤਨ ਕਰੀ ਜਾਂਦੀਆਂ ਨੇ, ਗੋਡੇ ਜੁੜੇ ਫਿਰਦੇ ਆ, ਓਏ ਮੈਂ ਕਿਥੇ ਜਾ ਸਕਦਾਂ ਵੋਟਾਂ ਆਲਿਆਂ ਨਾਲ ਵੋਟਾਂ ਮੰਗਣ, ਇਹੋ ਜਿਹੇ ਕੰਮ ਤਾਂ ਥੋਡੇ ਅਰਗੇ ਮੁੰਡਿਆਂ-ਖੁੰਡਿਆਂ ਨੂੰ ਸੋਭਦੇ ਆ। ਐਵੇਂ ਐਥੇ ਬੈਠੇ ਸਾਰਾ ਦਿਨ ਖੁੰਡ ਭੰਨੀ ਜਾਂਦੇ ਓਂ, ਕਿਸੇ ਚੰਗੀ ਪਾਲਟੀ ਨਾਲ ਰਲ ਕੇ ਕੋਈ ਚੰਗਾ ਬੰਦਾ ਲੀਡਰ ਚੁਣੋ ਜਿਹੜਾ ਥੋਡਾ ਵੀ ਕੁਝ ਸਵਾਰੇ, ਹੋਰ ਨਹੀਂ ਤਾਂ ਮਦਦ ਦੇ ਬਦਲੇ ਪਿੰਡ ਨੂੰ ਕੋਈ ਗਰਾਂਟ ਗਰੂਟ ਹੀ ਦੇ ਛੱਡੇ।

ਤਾਇਆ ਅਜੇ ਚੁੱਪ ਹੋਇਆ ਹੀ ਸੀ ਵਿਚੋਂ ਹੀ ਗਿੰਦਾ ਬੋਲ ਉਠਿਆ ਬਈ ਤਾਇਆ ਸਿਆਂ, ਬੜੀ ਮਦਦ ਕਰਕੇ ਦੇਖ ਲਈ, ਆਹ ਪਿਛਲੀ ਵਾਰ ਪੰਦਰਾਂ ਦਿਨ ਤਾਂ ਮੈਂ ਘਰੇ ਹੀ ਨਹੀਂ ਸੀ ਵੜਿਆ, ਪਰ ਤਾਇਆ, ਇਹ ਲੀਡਰ ਲੋਕ ਤਾਂ ਚੋਣਾਂ ਜਿੱਤ ਕੇ ਜਾ ਵਜ਼ੀਰੀਆਂ ਸਾਂਭਦੇ ਨੇ ਤੇ ਤੇਰੇ ਮੇਰੇ ਅਰਗੇ ਮਹਾਤੜ ਜਿਹੜੇ ਸਾਰਾ ਸਾਰਾ ਦਿਨ ਗਲਾ ਪਾੜ-ਪਾੜ ਕੇ ਕਹਿੰਦੇ ਰਹਿੰਦੇ ਬਈ ਸਾਨੂੰ ਵੋਟਾਂ ਪਾਓ, ਸਾਨੂੰ ਜਿਤਾਓ ਤਾਂ ਰੋਲਾ ਪਾਉਣ ਜੋਗੇ ਹੀ ਰਹਿ ਜਾਂਦੇ ਆ, ਫਿਰ ਕੋਈ ਨੀ ਸਿਆਣਦਾ ਕਿਸੇ ਨੂੰ, ਵੋਟਾਂ ਤੋਂ ਪਹਿਲਾਂ ਤਾਂ ਮੈਨੂੰ ਵੀ ਰੋਡਵੇਜ਼ ਵਿਚ ਨੌਕਰੀ ਦਾ ਲਾਰਾ ਲਾਇਆ ਸੀ ਪਰ ਹੁਣ ਜਦੋਂ ਵੀ ਲੀਡਰ ਸਾਹਿਬ ਨੂੰ ਮਿਲਦੇ ਆਂ ਤਾਂ ਬੱਸ 'ਦੇਖਾਂਗੇ ਬਈ' ਕਹਿ ਕੇ ਹੀ ਸਾਰ ਲੈਂਦੇ ਆ। ਇਸ ਲਈ ਐਸ ਵਾਰੀ ਤਾਂ ਆਪਾਂ ਇਹ ਫੈਸਲਾ ਕਰ ਲਿਆ ਕਿ ਆਪਾਂ ਕਿਸੇ ਨਾਲ ਲੱਗ ਕੇ ਬੋਲ ਬੋਲ ਕੇ ਆਪਣਾ ਗਲਾ ਨੀ ਪਾੜਤਾ ਸਗੋਂ ਆਰਾਮ ਨਾਲ ਘਰੇ ਹੀ ਦਸ ਦਿਨ ਤਾਸ਼ ਕੁੱਟਾਂਗੇ ਜਦੋਂ ਵੋਟ ਪਾਉਣੀ ਹੋਊ ਦੇਖੀ ਜਾਊ, ਜਾ ਕੇ ਜਿਥੇ ਜੀ ਕੀਤਾ ਮੋਹਰ ਠੋਕ ਆਵਾਂਗੇ।

ਉਧਰੋਂ ਬੰਤਾ ਅਮਲੀ ਆਪਣੀ ਬੱਕਰੀ ਨੂੰ ਖਿੱਚੀ ਆ ਰਿਹਾ ਸੀ, ਗਿੰਦਾ ਆਪਣੀ ਵੋਟਾਂ ਵਾਲੀ ਗੱਲ ਨੂੰ ਵਿਚੇ ਹੀ ਰੋਕ ਕੇ ਬੰਤੇ ਅਮਲੀ ਵੱਲ ਨੂੰ ਹੱਥ ਚੱਕ ਕੇ ਕਹਿਣ ਲੱਗਾ, 'ਉਏ ਕੀ ਗੱਲ ਅਮਲੀਆ, ਬੱਕਰੀ ਨੂੰ ਧੂਹੀ ਆਉਨਾ ਕਿਤੇ ਪੈਂਚਰ ਤਾਂ ਨੀ ਹੋਗੀ।' ਬੰਤਾ ਅਮਲੀ ਅਜੇ ਮਾਵਾ ਛੱਕ ਕੇ ਨਿਕਲਿਆ ਹੀ ਸੀ, ਨਸ਼ਾ ਖੇਡਣ ਲਈ ਖੁੰਡ ਤੇ ਰੁਕ ਕੇ ਕਹਿਣ ਲੱਗਾ ਉਏ ਘਣਚੱਕਰਾ, ਜੇ ਬੂਥੀ ਚੱਜ਼ ਦੀ ਨੀ ਤਾਂ ਗੱਲ ਤਾਂ ਚੱਜ਼ ਦੀ ਕਰ ਲਿਆ ਕਰ, ਸਾਲਾ ਫੀਮ ਰੰਗਾ ਜਿਹਾ, ਜਦੋਂ ਵੀ ਦੇਖੋ ਬੱਸ ਪੁੱਠਾ ਹੀ ਬੋਲੂ, ਓਏ ਤੇਰੀ ਲੱਗਦੀ ਆਹ ਬੱਕਰੀ ਤੇਰੇ ਨਾਲੋਂ ਸੌ ਗੁਣਾ ਚੰਗੀ ਏ, ਔਖੀ ਸੌਖੀ ਘਰ ਜੋਗਾ ਦੁੱਧ ਤਾਂ ਦੇਈ ਜਾਂਦੀ ਹੈ, ਉਏ ਤੂੰ ਤਾਂ ਸਵੇਰੇ ਹੀ ਐਥੇ ਘਰੋਂ ਲੰਗਰ ਪਾੜ ਕੇ ਆ ਬਹਿਨਾ, ਤੇ ਸਾਰਾ ਦਿਨ ਐਥੇ ਜੱਬਲੀਆਂ ਮਾਰ ਕੇ ਫੇਰ ਬਿਸਤਰੇ 'ਚ ਜਾ ਵੜਦਾਂ। ਅਮਲੀ ਤਾਇਆ ਹਰਨਾਮੇ ਨੂੰ ਦੇਖ ਕੇ ਬੋਲਿਆ, ਉਏ ਤਾਇਆ ਤੂੰ ਐਥੇ ਮੰਡੀਹਰ ਵਿਚ ਕਿਥੇ ਆ ਬੈਠਾ, ਇਨ੍ਹਾਂ ਮੁੰਡਿਆਂ ਦਾ ਤਾਂ ਮੂੰਹ ਹੀ ਕੁਹਾੜਾ ਨਾਲ ਪਾਟਿਆ ਹੋਇਆ, ਕਈ ਉਚਾ-ਨੀਵਾਂ ਤਾਂ ਇਨ੍ਹਾਂ ਨੇ ਦੇਖਣਾ ਨਹੀਂ ਹੁੰਦਾ ਬੱਸ ਐਥੇ ਸਾਰਾ ਦਿਨ ਜੱਬਲੀਆਂ ਮਾਰੀ ਜਾਂਦੇ ਨੇ। ਤਾਇਆ ਅਮਲੀ ਵੱਲ ਦੇਖ ਕੇ ਬੋਲਿਆ, 'ਉਏ ਆਜਾ, ਅਮਲੀਆ ਬਹਿ ਜਾ, ਪਹਿਲਾਂ ਤਾਂ ਆਹ ਵੋਟਾਂ ਦੀ ਗੱਲ ਚਲਦੀ ਸੀ, ਇਨ੍ਹਾਂ ਨੇ ਤੈਨੂੰ ਦੇਖ ਕੇ ਸੂਈ ਤੇਰੇ 'ਤੇ ਧਰ ਦਿੱਤੀ।'

ਤਾਇਆ ਐਵੇਂ ਨਹੀਂ ਐਹੋ ਜਿਹੀਆਂ ਗੱਲਾਂ 'ਤੇ ਮਗਜ਼ ਖੜਕਾਈਦਾ, ਬੰਤਾ ਅਮਲੀ ਰਗਾਂ ਵਿਚੋਂ ਬੋਲਿਆ, ਉਏ ਕੀ ਲੋੜ ਐ ਐਥੇ ਬੈਠ ਕੇ ਵੋਟਾਂ ਆਲਿਆਂ ਪਿਛੇ ਲੜਨ ਦੀ, ਆਹ ਦੇਖ ਲਾ ਆਪਣਾ ਪਿੰਡ ਤਾਂ ਵੋਟਾਂ ਆਲਿਆਂ ਪਿਛੇ ਹੀ ਤਿੰਨ ਧੜਿਆਂ 'ਚ ਵੰਡਿਆ ਫਿਰਦਾ, ਪਏ ਸਾਰੇ ਇਨ੍ਹਾਂ ਲੀਡਰਾਂ ਪਿਛੇ ਇਕ ਦੂਜੇ ਨਾਲ ਜੁੱਤੀਓ-ਜੁੱਤੀ ਹੋਏ ਫਿਰਦੇ ਆ, ਓਏ ਮੈਨੂੰ ਪਤਾ ਇਹ ਲੀਡਰ ਤਾਂ ਇਕ ਦੂਜੇ ਦੇ ਵਿਰੋਧੀ ਬੱਸ ਗੱਲ ਵਿਚ ਹੀ ਨੇ, ਅੰਦਰੋਂ ਤਾਂ ਸਾਰੇ ਇਕੋ ਹੀ



ਆ ਬਈ, ਮੈਂ ਤਾਂ ਸੁਣਿਆ ਵਿਰੋਧੀ ਪਾਰਟੀ ਨਾਲ ਇਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਬੜੀਆਂ ਡੂੰਘੀਆਂ ਨੇ, ਤਾਇਆ ਮੈਂ ਤਾਂ ਕਹਿਨਾ ਬਈ ਆਪਣੀ ਮਰਜ਼ੀ ਨਾਲ ਚੰਗਾ ਬੰਦਾ ਦੇਖ ਕੇ ਮੋਹਰ ਲਾ ਦਿਓ, ਉਏ ਮੈਨੂੰ ਵੀ ਕਹਿੰਦੇ ਸੀ ਅਮਲੀਆ ਤੇਰਾ ਮਹੀਨਾ ਭਰ ਦਾ ਮਾਲ ਪੱਤਾ ਸਾਡੇ ਸਿਰ ਪਰ ਵੋਟ ਸਾਡੀ ਪਾਰਟੀ ਨੂੰ ਪਾਉਣੀ ਆ, ਪਰ ਮੈਂ ਤਾਂ ਬਈ ਜਵਾਬ ਦੇ ਦਿੱਤਾ। 'ਦੱਸ ਅਮਲੀਆ ਫੇਰ ਵੋਟ ਪਾਉਣੀ ਕਿਸ ਨੂੰ ਹੈ, ਬੰਤਾ ਅਮਲੀ ਹੱਸ ਕੇ ਬੋਲਿਆ ਸਰਦਾਰਾ ਵੋਟ ਤਾਂ ਜਿਸ ਨੂੰ ਪਾਉਣੀ ਆ ਤੈਨੂੰ ਦੱਸਣੀ ਨੀ ਪਰ ਇਕ ਕੰਮ ਜਿਹੜਾ ਮੈਂ ਕੀਤਾ ਤੁਸੀਂ ਵੀ ਕਰ ਲਓ, ਆਪਾਂ ਅੱਜ ਹੀ ਇਕ ਡੰਡਾ ਬਗੈਰ ਕਿਸੇ ਪਾਰਟੀ ਦੇ ਝੰਡੇ ਦੇ ਗੱਡ ਲਿਆ। ਬੱਸ ਜਿਹੜੀ ਪਾਰਟੀ ਜਿੱਤੂ ਉਸਦਾ ਝੰਡਾ ਇਸ ਡੰਡੇ 'ਤੇ ਚੜ੍ਹਾ ਦੇਵਾਂਗੇ, ਜਿਹੜੀ ਮਰਜ਼ੀ ਜਿੱਤ ਜਾਵੇ, ਬੱਸ ਆਪਣਾ ਹੀ ਐ। ਕਹਿੰਦਾ ਹੋਇਆ ਅਮਲੀ ਤੁਰ ਗਿਆ, ਖੁੰਡ ਤੇ ਬੈਠੇ ਸਾਰੇ ਜਣੇ ਪਹਿਲਾਂ ਤਾਂ ਅਮਲੀ ਦੀ ਗੱਲ ਸੁਣ ਕੇ ਹੱਸੇ ਪਰ ਛੇਤੀ ਹੀ ਗੰਭੀਰ ਹੋ ਕੇ ਕੁਝ ਸੋਚਣ ਲੱਗੇ।

ਜਥੇਬੰਦਕ ਧਰਮਾਂ ਦਾ ਮਾਇਆਜਾਲ਼-੧੨

# ਜਪ-ਤਪ-ਹਠ ਕਰਮ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਦੁਨੀਆਂ ਭਰ ਦੇ ਸਭ ਜਥੇਬੰਦਕ ਛੋਟੇ-ਵੱਡੇ ਧਰਮਾਂ ਵਿੱਚ ਅਨੇਕਾਂ ਨਕਲੀ ਧਰਮ, ਪੁਜਾਰੀਆਂ ਤੇ ਧਰਮ ਸੰਚਾਲਕਾਂ ਦੀ ਦੇਖ-ਰੇਖ ਹੇਠ ਪ੍ਰਚਲਤ ਹਨ, ਜਿਨ੍ਹਾਂ ਦੀ ਚਰਚਾ ਅਸੀਂ ਇਸ ਲੇਖ ਲੜੀ ਵਿੱਚ ਕਰ ਰਹੇ ਹਾਂ, ਜਿਸਦਾ ਮਕਸਦ ਆਮ ਸ਼ਰਧਾਲੂ ਨੂੰ ਇਹ ਜਾਣਕਾਰੀ ਦੇਣਾ ਹੈ ਕਿ ਉਹ ਸੋਚੇ ਕਿ ਜਿਸਨੂੰ ਉਹ ਅਸਲੀ ਧਰਮ ਸਮਝ ਕੇ ਆਪਣਾ ਤਨ, ਮਨ, ਧਨ ਤੇ ਸਮਾਂ ਕੁਰਬਾਨ ਕਰ ਰਿਹਾ ਹੈ, ਕੀ ਉਹ ਸੱਚਮੁੱਚ ਵਿੱਚ ਅਸਲੀ ਧਰਮ ਹੈ? ਕੀ ਇਹ ਪੁਜਾਰੀਆਂ ਤੇ ਧਰਮ ਸੰਚਾਲਕਾਂ ਵਲੋਂ ਰਾਜਨੀਤਕ ਲੋਕਾਂ ਦੀ ਛਤਰ ਛਾਇਆ ਹੇਠ ਧਰਮ ਦੇ ਨਾਮ ਤੇ ਚਲਾਈ ਜਾ ਰਹੀ ਮਹਿਜ ਦੁਕਾਨਦਾਰੀ ਤੇ ਨਹੀਂ? ਇਸ ਵਿਚਾਰ ਚਰਚਾ ਦਾ ਇੱਕ ਮਕਸਦ ਆਮ ਸ਼ਰਧਾਲੂ ਮਨੁੱਖ ਨੂੰ ਕੁਝ ਸੋਚਣ ਲਾਉਣਾ ਵੀ ਹੈ ਕਿ ਉਹ ਅਸਲੀ ਤੇ ਨਕਲੀ ਦੀ ਪਛਾਣ ਕਰਨ ਦੇ ਰਾਹੇ ਪੈ ਸਕੇ, ਕਿਉਂਕਿ ਨਕਲੀ ਧਰਮਾਂ ਨੇ ਮਨੁੱਖ ਨੂੰ ਅਜਿਹੀ ਪੱਟੀ ਪੜ੍ਹਾ ਦਿੱਤੀ ਹੈ ਕਿ ਉਸਨੂੰ ਹੁਣ ਸੋਚਣ, ਵਿਚਾਰਨ, ਕਰਨ ਦੀ ਕੁਝ ਲੋੜ ਨਹੀਂ, ਸਾਰਾ ਕੁਝ ਬਹੁਤ ਸਮਾਂ ਪਹਿਲਾਂ ਸੋਚਿਆ, ਵਿਚਾਰਿਆ ਤੇ ਕੀਤਾ ਜਾ ਚੁੱਕਾ ਹੈ, ਤੁਹਾਡੀਆਂ ਪਿਛਲੀਆਂ, ਮੌਜੂਦਾ ਤੇ ਆਉਣ ਵਾਲੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਸਾਡੀ ਧਰਮ ਪੁਸਤਕ ਵਿੱਚ ਕਲਮਬੱਧ ਕੀਤਾ ਜਾ ਚੁੱਕਾ ਹੈ। ਕੁਦਰਤ ਬਾਰੇ, ਮਨ ਬਾਰੇ, ਆਤਮਾ ਬਾਰੇ, ਸ੍ਰਿਸ਼ਟੀ ਬਾਰੇ, ਸਰੀਰ ਬਾਰੇ, ਮਨੁੱਖਤਾ ਬਾਰੇ, ਕਿਸੇ ਫਿਕਰ ਦੀ ਲੋੜ ਨਹੀਂ, ਕੁਝ ਸੋਚਣ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਨਹੀਂ, ਸਭ ਸਮੱਸਿਆਵਾਂ ਦਾ ਇੱਕੋ ਤੇ ਆਖਰੀ, ਸ਼ਰਤੀਆ ਇਲਾਜ ਕੀਤਾ ਜਾ ਚੁੱਕਾ ਹੈ? ਸਾਇੰਸਦਾਨਾਂ ਵਲੋਂ ਜੋ ਖੋਜਾਂ ਅੱਜ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਹਜ਼ਾਰਾਂ ਸਾਲ ਪਹਿਲਾਂ ਸਾਡੇ ਧਰਮ ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ। ਪੁਜਾਰੀਆਂ ਵਲੋਂ ਗੱਲ ਇਥੇ ਹੀ ਖਤਮ ਨਹੀਂ ਕੀਤੀ ਜਾ ਰਹੀ, ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਵੀ ਪੱਕਾ ਕੀਤਾ ਜਾਂਦਾ ਹੈ ਕਿ ਸਾਇੰਸਦਾਨ ਜੋ ਕੁਝ ਹਜ਼ਾਰਾਂ ਸਾਲਾਂ ਬਾਅਦ ਸੋਚਣਗੇ ਜਾਂ ਖੋਜਾਂ ਕਰਨਗੇ, ਉਹ ਵੀ ਸਾਡੇ ਧਰਮ ਗ੍ਰੰਥਾਂ ਵਿੱਚ ਹਜ਼ਾਰਾਂ ਸਾਲ ਪਹਿਲਾਂ ਲਿਖ ਦਿੱਤਾ ਗਿਆ ਸੀ? ਉਨ੍ਹਾਂ ਅਨੁਸਾਰ ਸਾਇੰਸਦਾਨ ਤੇ ਐਵੇਂ ਝੱਖ ਮਾਰਦੇ ਫਿਰਦੇ ਹਨ? ਕਈ ਵਾਰ ਤੇ ਸਾਇੰਸਦਾਨਾਂ ਦੀ ਅਨੇਕਾਂ ਸਾਲਾਂ ਦੀ ਮਿਹਨਤ ਨੂੰ ਇਹ ਕਹਿ ਕਿ ਨਕਾਰ ਦਿੱਤਾ ਜਾਂਦਾ ਹੈ ਕਿ ਇਹ ਤਾਂ ਸਾਡੇ ਗ੍ਰੰਥ ਵਿੱਚ ਪਹਿਲਾਂ ਹੀ ਲਿਖਿਆ ਹੋਇਆ ਸੀ? ਪਰ ਕੋਈ ਸ਼ਰਧਾਲੂ ਇਨ੍ਹਾਂ ਪੁਜਾਰੀਆਂ ਨੂੰ ਇਹ ਪੁਛਣ ਦੀ ਕਦੇ ਜ਼ੁਰਅਤ ਨਹੀਂ ਕਰ ਸਕਿਆ ਕਿ ਜੇ ਇਹ ਸਭ ਕੁਝ ਹਜ਼ਾਰਾਂ ਸਾਲ ਪਹਿਲਾਂ ਲਿਖਿਆ ਜਾ ਚੁੱਕਾ ਸੀ ਤਾਂ ਫਿਰ ਜੋ ਇਸ ਖੋਜ ਨਾਲ ਮਨੁੱਖਤਾ ਨੂੰ ਲਾਭ ਹੁਣ ਹੋਣਾ ਸ਼ੁਰੂ ਹੋਇਆ ਹੈ, ਉਹ ਤੁਸੀਂ ਹਜ਼ਾਰਾਂ ਸਾਲ ਪਹਿਲਾਂ ਕਿਉਂ ਨਹੀਂ ਦਿੱਤਾ? ਪਰ ਨਹੀਂ, ਸਾਨੂੰ ਤੇ ਵਾਰ ਵਾਰ ਇਹੀ ਮੁਹਾਰਨੀ ਪੜ੍ਹਾਈ ਜਾਂਦੀ ਹੈ ਕਿ ਇਹ ਸਭ ਕੁਝ ਸਾਡੇ ਰਹਿਬਰਾਂ, ਗੁਰੂਆਂ, ਪੀਰਾਂ, ਪੈਗੰਬਰਾਂ ਨੂੰ ਰੱਬ ਵਲੋਂ ਮਿਲੇ ਸਿੱਧੇ, ਨਿਰੋਲ ਤੇ ਖਾਲਸ ਗਿਆਨ ਰਾਹੀਂ ਬੋਲ ਕਿ ਕਹਿ ਦਿੱਤਾ ਗਿਆ ਸੀ, ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ, ਸਾਡੀ ਮਰਿਯਾਦਾ ਰਾਹੀਂ ਪਰਗਟ ਕਰ ਦਿੱਤਾ ਗਿਆ ਸੀ, ਉਸ ਰੱਬੀ ਗਿਆਨ ਨੂੰ ਤੁਸੀਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸੱਚੋ-ਸੱਚ ਤੇ ਆਖਰੀ ਗਿਆਨ ਸਮਝ ਕੇ, ਅੱਖਾਂ ਮੀਟ ਕੇ ਮੰਨ ਲਵੋ। ਜੋ ਵਿਅਕਤੀ ਸ਼ਰਧਾ ਨਾਲ, ਅੱਖਾਂ ਮੀਟ ਕੇ, ਸਿਰ ਸੁੱਟ ਕੇ, ਬਿਨਾਂ ਕਿਸੇ ਕਿੰਤੂ ਪ੍ਰੰਤੂ, ਸੁਆਲ ਜੁਆਬ ਦੇ ਮੰਨਦਾ ਹੈ, ਉਸ ਉਪਰ ਹੀ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਤੇ ਉਸਦੀਆਂ ਸਭ ਪਾਸੇ ਪੌਂ ਬਾਰਾਂ ਹੁੰਦੀਆਂ ਹਨ। ਉਸ ਉਪਰ ਹੀ ਰੱਬੀ ਬਖਸ਼ਿਸ਼ਾਂ ਦੀ ਬਾਰਸ਼ ਹੁੰਦੀ ਹੈ। ਨੌਂ ਨਿਧੀਆਂ ਤੇ ਬਾਰਾਂ ਸਿੱਧੀਆਂ ਉਸਦੇ ਅੱਗੇ ਪਿਛੇ ਦਾਸੀਆਂ ਬਣ ਕੇ ਭੱਜੀਆਂ ਫਿਰਦੀਆਂ ਹਨ। ਸ਼ਰਧਾਲੂ ਮਨੁੱਖ ਪੁਜਾਰੀ ਦੇ ਇਸ ਲੁਭਾਵਣੇ ਮਾਇਆ ਜਾਲ ਵਿੱਚ ਫਸਿਆ ਸਾਰੀ ਉਮਰ ਸਾਰੀ ਸ੍ਰਿਸ਼ਟੀ ਨੂੰ ਰੱਬ ਦਾ ਘਰ ਸਮਝਣ ਦੀ ਥਾਂ ਪੁਜਾਰੀਆਂ ਦੀਆਂ ਧਰਮ ਦੇ ਨਾਮ ਤੇ ਬਣਾਈਆਂ ਦੁਕਾਨਾਂ (ਧਰਮ ਅਸਥਾਨਾਂ) ਤੇ ਮੱਥੇ ਰਗੜਦਾ ਹੈ, ਪੁਜਾਰੀ ਦੇ ਬਣਾਏ ਕਰਾਮਾਤੀ ਪਾਣੀ ਦੇ ਸਰੋਵਰਾਂ ਵਿੱਚ ਆਪਣੇ ਪਾਪ ਲਾਹੁਣ ਜਾਂ ਮਨੋ ਇੱਛਤ ਫਲ ਪਾਉਣ ਲਈ ਸ਼ਰਧਾ ਨਾਲ ਖਾਸ ਮੌਕਿਆਂ ਤੇ ਇਸ਼ਨਾਨ ਕਰਦਾ ਹੈ, ਪੁਜਾਰੀਆਂ ਵਲੋਂ ਸ਼ਹੀਦਾਂ, ਪੀਰਾਂ, ਗੁਰੂਆਂ, ਪੈਗੰਬਰਾਂ ਦੇ ਨਾਮ ਤੇ ਬਣਾਏ ਕਰਾਮਾਤੀ ਧਰਮ ਅਸਥਾਨਾਂ, ਮੂਰਤੀਆਂ ਅੱਗੇ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਲਈ ਬੜੀ ਸ਼ਰਧਾ ਨਾਲ ਪੁਜਾਰੀ ਦੀ ਦੱਸੀ ਮਰਿਯਾਦਾ ਅਨੁਸਾਰ ਵਿਧੀ ਵਾਲੇ ਮੰਤਰ ਪਾਠ ਕਰਾਉਂਦਾ ਹੈ, ਸੁੱਖਣਾ ਸੁੱਖਦਾ ਹੈ, ਸੋਨੇ ਚੜ੍ਹਾਉਂਦਾ ਹੈ, ਗਰੀਬਾਂ ਨੂੰ ਦਾਨ ਦਿੰਦਾ ਹੈ ਤਾਂ ਕਿ ਰੱਬ ਉਸਨੂੰ ਖੁਸ਼ੀਆਂ ਬਖਸ਼ੇ, ਦੁੱਖ ਦਲਿਦਰ ਦੂਰ ਕਰੇ, ਉਸਦੀ ਕਮਾਈ ਵਿੱਚ ਬਰਕਤ ਪਾਵੇ, ਉਸਨੂੰ ਇਸ ਦਾਨ ਬਦਲੇ ਲੱਖਾਂ ਗੁਣਾਂ ਵੱਧ ਮਿਲੇ। ਉਸਨੂੰ ਕਦੇ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ।

ਨਕਲੀ ਧਰਮਾਂ ਦੀ ਇਸ ਲੇਖ ਲੜੀ ਦੇ ਹਥਲੇ ਲੇਖ ਵਿੱਚ ਅਸੀਂ ਹੀਣ ਭਾਵਨਾ ਅਧਾਰਤ ਨਕਲੀ ਧਰਮ ਦੀ ਚਰਚਾ ਕਰਾਂਗੇ ਕਿਉਂਕਿ ਨਕਲੀ ਧਰਮਾਂ ਵਿੱਚ ਸ਼ਰਧਾਲੂ ਨੂੰ ਅੰਧ ਵਿਸ਼ਵਾਸ਼ੀ ਬਣਾਈ ਰੱਖਣ ਲਈ ਉਸ ਵਿੱਚ ਹੀਣ ਭਾਵਨਾ, ਆਤਮ ਗਿਲਾਨੀ, ਆਪਣੇ ਆਪ ਨੂੰ ਪਾਪੀ ਸਮਝਣ ਦੀ ਭਾਵਨਾ ਆਦਿ ਦਾ ਅਹਿਸਾਸ ਪੈਦਾ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਮਾਨਸਿਕ ਤੌਰ 'ਤੇ ਬਲਵਾਨ ਤੇ ਆਤਮ-ਵਿਸ਼ਵਾਸ਼ੀ ਵਿਅਕਤੀ ਨੂੰ ਬਹੁਤਾ ਚਿਰ ਮੂਰਖ ਬਣਾ ਕੇ ਰੱਖਣਾ ਸੌਖਾ ਨਹੀਂ ਹੁੰਦਾ। ਜਿਸ ਤਰ੍ਹਾਂ ਇਸ ਲੇਖ ਲੜੀ ਵਿੱਚ ਪਹਿਲਾਂ ਵੀ ਕਈ ਵਾਰ ਜ਼ਿਕਰ ਆਇਆ ਹੈ ਕਿ ਤਕਰੀਬਨ ਸਾਰੇ ਜਥੇਬੰਧਕ ਧਰਮ ਡਰ, ਲਾਲਚ ਤੇ ਸ਼ਰਧਾ ਰੂਪੀ ਤਿੰਨ ਪਿੱਲਰਾਂ ਸਹਾਰੇ ਖੜ੍ਹੇ ਹਨ, ਜੇ ਇਨ੍ਹਾਂ ਤਿੰਨਾਂ ਵਿਚੋਂ ਇੱਕ ਵੀ ਕਮਜ਼ੋਰ ਹੁੰਦਾ ਹੈ ਤਾਂ ਧਰਮ ਮਹੱਲ ਦੀਆਂ ਨੀਹਾਂ ਹਿੱਲ ਜਾਂਦੀਆਂ ਹਨ। ਇਹੀ ਵਜ੍ਹਾ ਹੈ ਕਿ ਹਰ ਧਰਮ ਪੁਜਾਰੀ, ਹਰ ਹਾਲਤ ਵਿੱਚ ਮਨੁੱਖ ਅੰਦਰ ਰੱਬ ਜਾਂ ਗੈਬੀ ਸ਼ਕਤੀਆਂ ਦਾ ਡਰ ਪਾ ਕੇ ਰੱਖਣ ਦੇ ਨਾਲ-ਨਾਲ, ਇਨ੍ਹਾਂ ਗੈਬੀ ਸ਼ਕਤੀਆਂ ਤੋਂ ਮਿਲਣ ਵਾਲੇ ਲਾਭ ਦਾ ਲਾਲਚ ਪਾਈ ਰੱਖਦਾ ਹੈ। ਮਨੁੱਖ ਵਿੱਚ ਡਰ ਤੇ ਲਾਲਚ ਦੀ ਬਿਰਤੀ ਕਾਇਮ ਰੱਖਣ ਲਈ ਫਿਰ ਪੁਜਾਰੀ ਸ਼ਰਧਾ ਦਾ ਸਹਾਰਾ ਲੈਂਦਾ ਹੈ। ਉਹ ਇਹ ਹਮੇਸ਼ਾਂ ਯਕੀਨੀ ਬਣਾ ਕੇ ਰੱਖਦਾ ਹੈ ਕਿ ਸ਼ਰਧਾਲੂ ਅੱਖਾਂ ਮੀਟ ਕੇ, ਸਿਰ ਸੁੱਟ ਕੇ ਤੁਰਿਆ ਰਹੇ। ਉਹ ਇਹ ਯਕੀਨ ਕਰੀ ਰੱਖੇ ਕਿ ਜੋ ਧਰਮ ਗ੍ਰੰਥਾਂ ਵਿੱਚ ਲਿਖਿਆ ਜਾ ਚੁੱਕਾ ਹੈ ਤੇ ਮਰਿਯਾਦਾ ਰੂਪ ਵਿੱਚ ਪ੍ਰਚਲਤ ਹੈ, ਉਹ ਆਖਰੀ ਸੱਚ ਹੈ, ਉਸਤੇ ਕਿਸੇ ਕਿੰਤੂ ਪ੍ਰੰਤੂ, ਸੁਆਲ-ਜੁਆਬ, ਵਿਚਾਰ ਚਰਚਾ ਦੀ ਕੋਈ ਗੁੰਜ਼ਾਇਸ਼ ਨਹੀਂ ਕਿਉਂਕਿ ਇਹ ਸਭ ਰੱਬੀ ਗਿਆਨ ਹੈ, ਜੋ ਸਿੱਧਾ ਰੱਬ ਤੋਂ ਸਾਡੇ ਕੋਲ ਆਇਆ ਹੈ। ਇਹ ਸਾਰਾ ਅਡੰਬਰ ਇਸ ਲਈ ਕੀਤਾ ਜਾਂਦਾ ਹੈ ਕਿ ਤਾਂ ਕਿ ਸ਼ਰਧਾਲੂ ਮਾਨਸਿਕ ਤੌਰ ਤੇ ਬਲਵਾਨ ਨਾ ਹੋ ਸਕੇ। ਧਰਮ ਬਾਰੇ ਉਹ ਆਪਣੀ ਸੋਚ ਸਮਝ ਅਨੁਸਾਰ ਫੈਸਲਾ ਨਾ ਲੈ ਸਕੇ। ਉਸਦਾ ਆਤਮ ਵਿਸ਼ਵਾਸ਼ ਹਮੇਸ਼ਾਂ ਲਈ ਖਤਮ ਹੋ ਜਾਵੇ, ਜੇ ਲੋੜ ਪਵੇ ਤਾਂ ਧਰਮ ਲਈ ਆਪਣੀ ਜਾਨ ਤੱਕ ਦੇਣ ਲਈ ਤਿਆਰ ਰਹੇ। ਉਹ ਆਤਮ ਗਿਲਾਨੀ ਨਾਲ ਭਰਿਆ ਹਮੇਸ਼ਾਂ ਆਪਣੇ ਇਸਟ ਅੱਗੇ ਜੋੜੀ ਖੜ੍ਹਾ ਰਹੇ। ਉਹ ਆਪਣੇ ਆਪ ਨੂੰ ਪਿਛਲੇ ਜਨਮਾਂ ਦੇ ਕਰਮਾਂ ਦੇ ਪਾਪ ਭੋਗਦਾ ਸਮਝਦਾ ਰਹੇ ਤੇ ਸਮੇਂ ਦੇ ਹਾਕਮਾਂ ਵਲੋਂ ਖੜੇ ਕੀਤੇ ਪੱਖਪਾਤੀ, ਵਿਤਕਰਿਆਂ ਤੇ ਅਨਿਆਂ ਭਰਪੂਰ ਸਿਸਟਮ ਵਿਰੁੱਧ ਲੜਨ ਦੀ ਜ਼ੁਰਅਤ ਨਾ ਕਰ ਸਕੇ। ਉਹ ਹੀਣ ਭਾਵਨਾ ਤੇ ਆਤਮ ਗਿਲਾਨੀ ਦਾ ਜੀਵਨ ਜੀਣਾ ਸਿੱਖ ਲਵੇ। ਉਸਨੂੰ ਹਮੇਸ਼ਾਂ ਇਹ ਅਹਿਸਾਸ ਹੋਵੇ ਕਿ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ। ਉਸਦੇ ਹੱਥ ਪੱਲੇ ਕੁਝ ਵੀ ਨਹੀਂ ਹੈ? ਉਹ ਉਸ ਐਕਟਰ ਵਾਂਗ ਹੈ, ਜੋ ਸਾਹਮਣੇ ਪਰਦੇ ਤੇ ਚਲਦੀ ਆਪੇ ਬਣਾਈ ਫਿਲਮ, ਆਪ ਹੀ ਦੇਖ ਰਿਹਾ ਹੈ। ਇਸ ਧਰਤੀ ਤੇ ਜਨਮ ਲੈਣ ਸਮੇਂ ਹੀ ਉਸਦਾ ਰੋਲ ਖਤਮ ਹੋ ਜਾਂਦਾ ਹੈ, ਉਹ ਇੱਕ ਦਰਸ਼ਕ ਵਾਂਗ ਆਪਣੇ ਜੀਵਨ ਦੀ ਖੇਡ ਸਿਰਫ ਦੇਖ ਹੀ ਸਕਦਾ ਹੈ। ਉਸਦਾ ਰੋਲ ਖਤਮ ਹੋ ਚੁੱਕਾ ਹੈ, ਉਹ ਆਪਣਾ ਰੋਲ ਪਹਿਲਾਂ ਹੀ ਨਿਭਾਅ ਚੁੱਕਾ ਹੈ? ਉਸਦੇ ਨਾ ਪਹਿਲਾਂ ਕੁਝ ਹੱਥ ਵਿੱਚ ਸੀ ਤੇ ਨਾ ਹੀ ਹੁਣ ਕੁਝ ਹੱਥ ਹੈ? ਹੁਣ ਜ਼ਿੰਦਗੀ ਦੀ ਇਸ ਸ੍ਰਿਸ਼ਟੀ ਵਿੱਚ ਚੱਲ ਰਹੀ ਖੇਡ ਵਿੱਚ ਜੇ ਕੁਝ ਹੋ ਸਕਦਾ ਹੈ, ਕੁਝ ਬਦਲ ਸਕਦਾ ਹੈ ਤਾਂ ਫਿਰ ਮਨੁੱਖ ਕੋਲ ਇੱਕ ਹੀ ਰਸਤਾ ਹੈ ਕਿ ਉਹ ਪੁਜਾਰੀਆਂ ਦੇ ਰੱਬ ਅੱਗੇ ਆਪਾ ਸਮਰਪਨ ਕਰ ਦੇਵੇ ਜਾਂ ਰੱਬ ਦੇ ਵਿਚੋਲੇ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਪੂਜਾ-ਪਾਠ, ਭਜਨ-ਬੰਦਗੀ, ਸੇਵਾ-ਸਿਮਰਨ, ਦਾਨ-ਦੱਸ਼ਣਾ ਆਦਿ ਨਾਲ ਹੀ ਸੰਭਵ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੁਜਾਰੀ ਮਨੁੱਖ ਅੰਦਰ ਬਚਪਨ ਤੋਂ ਡਰ, ਲਾਲਚ, ਕਰਾਮਾਤ, ਸ਼ਰਧਾ, ਪੁੰਨ-ਪਾਪ, ਵਿਸ਼ਵਾਸ਼, ਅੰਧ-ਵਿਸ਼ਵਾਸ਼, ਜੰਤਰ-ਮੰਤਰ, ਵਹਿਮ-ਭਰਮ, ਅਰਦਾਸ ਆਦਿ ਦੇ ਬੀਜ ਬੀਜਦਾ ਹੈ। ਜਿਨ੍ਹਾਂ ਨੂੰ ਉਸਦੇ ਮਾਪੇ ਉਸਦੇ ਹੋਸ਼ ਸੰਭਾਲਣ ਤੱਕ, ਪੂਜਾ-ਪਾਠ ਦਾ ਪਾਣੀ ਦਿੰਦੇ ਹਨ। ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਵਿਅਕਤੀ ਬਚਪਨ ਵਿਚੋਂ ਨਿਕਲ ਕੇ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੀ ਉਮਰ ਤੇ ਪਹੁੰਚਦਾ ਹੈ ਤਾਂ ਉਸਦੀ ਇਤਨੀ ਕੰਡੀਸ਼ਨਿੰਗ ਹੋ ਚੁੱਕੀ ਹੁੰਦੀ ਹੈ ਕਿ ਉਹ ਧਰਮ ਬਾਰੇ ਕੁਝ ਸੋਚਣ ਸਮਝਣ ਦੀ ਥਾਂ ਉਹੀ ਪਾਠ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ। ਜਿਸ ਨਾਲ ਵਿਅਕਤੀ ਬਚਪਨ ਤੋਂ ਮਿਲੀ ਗੁੜ੍ਹਤੀ ਨਾਲ ਇਤਨੀ ਹੀਣ ਭਾਵਨਾ ਦਾ ਸ਼ਿਕਾਰ ਹੁੰਦਾ ਹੈ ਕਿ ਉਹ ਧਰਮ ਦੇ ਮਾਮਲੇ ਵਿੱਚ ਕਦੇ ਵੀ ਆਜ਼ਾਦ ਹੋ ਕੇ ਸੋਚਣ ਦੇ ਸਮਰੱਥ ਨਹੀਂ ਰਹਿੰਦਾ। ਜੇ ਕਦੇ ਉਹ ਥੋੜਾ ਬਹੁਤ ਸੋਚਦਾ ਹੈ, ਉਸਦੇ ਮਨ ਅੰਦਰ ਗਲਤ ਧਾਰਨਾਵਾਂ ਵਿਰੁੱਧ ਸੰਘਰਸ਼ ਚਲਦਾ ਹੈ, ਪਰ ਬਾਹਰ, ਪਰਿਵਾਰ ਜਾਂ ਸਮਾਜ ਦੇ ਡਰ ਜਾਂ ਪ੍ਰੈਸ਼ਰ ਅਧੀਨ ਚੁੱਪ ਕਰਕੇ ਬੈਠ ਜਾਂਦਾ ਹੈ, ਉਹ ਸੋਚਦਾ ਹੈ ਕਿ ਧਰਮ ਪੁਜਾਰੀ ਤੇ ਸਮਾਜ ਦੇ ਬੰਧਨ ਇਤਨੇ ਮਜਬੂਤ ਹਨ ਕਿ ਇਨ੍ਹਾਂ ਨੂੰ ਤੋੜਨਾ ਜਾਂ ਬਦਲਨਾ ਜਾਂ ਇਨ੍ਹਾਂ ਬਾਰੇ ਚਰਚਾ ਕਰਨੀ ਵੀ ਉਸਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸ ਤਰ੍ਹਾਂ ਫਿਰ ਉਹ ਜਾਂ ਤੇ ਭੀੜ ਦਾ ਹਿੱਸਾ ਬਣ ਜਾਂਦਾ ਹੈ ਤੇ ਜਾਂ ਫਿਰ ਬਗਾਬਤ ਕਰ ਕੇ ਪਾਸੇ ਹੋ ਜਾਂਦਾ ਹੈ। ਪੁਜਾਰੀਆਂ ਨੂੰ ਦੋਨੋ ਪਾਸੇ ਲਾਭ ਹੈ। ਮਨੁੱਖ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਬਣ ਕੇ ਤੁਰ ਪੈਣ ਨਾਲ ਉਸ ਨੂੰ ਸਿੱਧਾ ਲਾਭ ਹੈ ਤੇ ਦੂਜੇ ਪਾਸੇ ਬਗਾਵਤ ਕਰਨ ਨਾਲ ਉਸਤੇ ਨਾਸਤਿਕ ਜਾਂ ਧਰਮ ਵਿਰੋਧੀ ਹੋਣ ਦਾ ਲੇਬਲ ਲਾ ਕੇ ਲਾਂਭੇ ਕਰ ਦਿੰਦਾ ਹੈ। ਜਿਸ ਨਾਲ ਧਰਮ ਵਿਰੁੱਧ ਕੋਈ ਵੀ ਬਗਾਬਤ ਸਫਲ ਨਹੀਂ ਹੁੰਦੀ। ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਬਹੁਤ ਥੋੜੇ ਵਿਅਕਤੀ ਅਜਿਹੇ ਹੋਏ ਹਨ, ਜੋ ਨਾ ਤੇ ਪੁਜਾਰੀ ਅੱਗੇ ਝੁਕੇ ਅਤੇ ਨਾ ਹੀ ਬਗਾਬਤ ਕਰਕੇ ਲਾਂਭੇ ਹੋਏ, ਸਗੋਂ ਧਰਮ ਤੇ ਸਮਾਜ ਵਿਚ ਰਹਿ ਕੇ ਸੱਚ ਦੇ ਰਾਹ ਦਸੇਰੇ ਬਣੇ। ਉਨ੍ਹਾਂ ਵਿਅਕਤੀਆਂ ਨੂੰ ਹੀ ਇਤਿਹਾਸ ਵਿਚ ਗੁਰੂ ਜਾਂ ਪੈਗੰਬਰੀ ਪੁਰਸ਼ ਕਿਹਾ ਗਿਆ। ਪਰ ਸਮੇਂ ਨਾਲ ਉਨ੍ਹਾਂ ਨਾਲ ਵੀ ਅਜਿਹਾ ਭਾਣਾ ਵਾਪਰਦਾ ਰਿਹਾ ਹੈ ਕਿ ਉਨ੍ਹਾਂ ਦੇ ਇਸ ਜਹਾਨ ਤੋਂ ਤੁਰ ਜਾਣ ਬਾਅਦ, ਉਨ੍ਹਾਂ ਨਾਲ ਤੁਰੇ ਲੋਕਾਂ ਨੂੰ ਪੁਜਾਰੀ ਫਿਰ ਨਵੇਂ ਰੂਪ ਵਿਚ ਆ ਕੇ ਗੁੰਮਰਾਹ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤੇ ਧਰਮ ਰੂਪੀ ਇਕ ਹੋਰ ਨਵਾਂ ਫਿਰਕਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਕੁਝ ਸਮੇਂ ਬਾਅਦ ਮਨੁੱਖ ਫਿਰ ਉਸੇ ਥਾਂ ਪਹੁੰਚਾ ਦਿੱਤਾ ਜਾਂਦਾ ਹੈ, ਜਿੱਥੋਂ ਕੱਢਣ ਲਈ ਪੈਗੰਬਰੀ ਪੁਰਸ਼ ਸਾਰੀ ਉਮਰ ਸੰਘਰਸ਼ ਕਰਦੇ ਰਹੇ ਸਨ। ਇਹੀ ਕੁਝ ਪਿਛਲੇ 5-6 ਹਜਾਰ ਸਾਲ ਤੋਂ ਵਾਪਰ ਰਿਹਾ ਹੈ। ਇਹੀ ਵਜ੍ਹਾ ਹੈ ਕਿ ਵੱਖ ਵੱਖ ਸਮੇਂ ਵੱਖ-ਵੱਖ ਧਰਮਾਂ ਵਿਚ ਪੈਦਾ ਹੋਏ ਇਨਕਲਾਬੀ ਮਹਾਂਪੁਰਸ਼ਾਂ ਦਾ ਸੰਦੇਸ਼ ਕੁਝ ਕੁ ਲੋਕਾਂ ਨੂੰ ਥੋੜੇ ਸਮੇਂ ਲਈ ਪ੍ਰਭਾਵਤ ਕਰ ਸਕਿਆ। ਸਮਾਂ ਪਾ ਕੇ ਸਮਾਜ ਉੱਥੇ ਹੀ ਵਾਪਸ ਜਾ ਖੜਦਾ ਹੈ। ਅੱਜ ਧਰਮ ਦੇ ਨਾਂ ਤੇ ਪੁਜਾਰੀਆਂ ਦੇ ਬਣਾਏ ਹੋਏ ਵੱਖ-ਵੱਖ ਜਥੇਬੰਦਕ ਫਿਰਕੇ ਪਹਿਲੇ ਸਮਿਆਂ ਨਾਲੋਂ ਵੱਧ ਜਥੇਬੰਦ ਹਨ, ਉਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੀ ਸ਼ਹਿ ਦੇ ਨਾਲ-ਨਾਲ ਸੰਵਿਧਾਨਕ ਮਾਨਤਾ ਵੀ ਮਿਲ ਚੁੱਕੀ ਹੈ। ਉਨ੍ਹਾਂ ਦੇ ਸਾਰੇ ਹੱਕ ਹੁਣ ਸੰਵਿਧਾਨਾਂ ਵਿੱਚ ਮਹਿਫੂਜ਼ ਹਨ। ਪਹਿਲੇ ਸਮਿਆਂ ਦੇ ਮੁਕਾਬਲੇ ਅੱਜ ਮਨੁੱਖੀ ਅਧਿਕਾਰਾਂ ਜਾਂ ਭਾਂਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਮ ਤੇ ਪੁਜਾਰੀ ਕੋਈ ਵੀ ਫਿਰਕਿਆਂ ਵਿਰੋਧੀ ਅਵਾਜ ਆਸਾਨੀ ਨਾਲ ਦਬਾ ਸਕਦੇ ਹਨ। ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਆਮ ਵਿਅਕਤੀ ਜਾਂ ਤੇ ਧਰਮ ਨੂੰ ਛੱਡ ਕੇ ਪਾਸੇ ਹੋ ਰਿਹਾ ਹੈ ਜਾਂ ਫਿਰ ਦੀਨ ਬਣ ਕੇ ਮੰਨਣ ਵਿਚ ਹੀ ਆਪਣਾ ਭਲਾ ਸਮਝਦਾ ਹੈ। ਪਿਛਲੇ ਸਮੇਂ ਵਿਚ ਵੱਖ-ਵੱਖ ਦੇਸ਼ਾਂ ਦੇ ਮਰਦਸ਼ੁਮਾਰੀ ਅੰਕੜਿਆਂ ਵਿਚ ਹਰ ਦੇਸ਼ ਵਿਚ ਵੱਡੀ ਗਿਣਤੀ ਲੋਕ ਆਪਣਾ ਕੋਈ ਧਰਮ ਨਹੀਂ ਲਿਖਾਉਂਦੇ। ਭਾਵੇਂ ਕਿ ਉਨ੍ਹਾਂ ਵਿਚੋਂ ਬਹੁਤ ਆਪਣੇ ਆਪ ਨੂੰ ਨਾਸਤਿਕ ਵੀ ਨਹੀਂ ਅਖਵਾਉਂਦੇ। ਜਿਸ ਦਾ ਭਾਵ ਹੈ ਕਿ ਉਨ੍ਹਾਂ ਨੂੰ ਪੁਜਾਰੀਆਂ ਵਲੋਂ ਮਾਨਸਿਕ ਤੌਰ ਤੇ ਇਤਨੇ ਹੀਣੇ ਬਣਾ ਦਿੱਤਾ ਗਿਆ ਹੈ ਕਿ ਉਨ੍ਹਾਂ ਵਿਚ ਧਰਮ ਦੇ ਨਾਂ ਤੇ ਮਨੁੱਖ ਦੇ ਸਰੀਰਕ, ਮਾਨਸਿਕ, ਆਰਥਿਕ, ਸਮਾਜਿਕ, ਰਾਜਨੀਤਕ ਸੋਸ਼ਣ ਖਿਲਾਫ ਲੜਨ ਦੀ ਸਮਰੱਥਾ ਤੇ ਨਹੀਂ ਸੀ, ਪਰ ਉਹ ਸਮਾਜ ਵਿਚ ਰਹਿ ਕੇ ਲੜਨ ਦੀ ਥਾਂ ਪਾਸੇ ਹੋ ਗਏ। ਜਿਹੜੇ ਕੁਝ ਲੋਕ ਬੌਧਿਕ ਤੌਰ 'ਤੇ ਲੜਨ ਦੇ ਸਮਰੱਥ ਸਨ, ਉਹ ਬਗਾਵਤ ਕਰਕੇ ਨਾਸਤਿਕ ਹੋ ਗਏ। ਜਿਸ ਨਾਲ ਅੱਜ ਦੇ ਮਨੁੱਖ ਦਾ ਧਰਮ ਦੇ ਨਾਂ ਤੇ ਵੱਡੀ ਪੱਧਰ ਤੇ ਸੋਸ਼ਣ ਹੋ ਰਿਹਾ ਹੈ। ਅੱਜ ਹਰ ਜਥੇਬੰਦਕ ਧਰਮ ਇੱਕ ਵੱਡਾ ਬਿਜਨੈਸ ਬਣ ਚੁੱਕਾ ਹੈ।

ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਧਰਮ ਮਨੁੱਖ ਨੂੰ ਹੀਣ ਕਿਉਂ ਬਣਾਉਂਦਾ ਹੈ ਤੇ ਮਨੁੱਖ ਹੀਣ ਕਿਉਂ ਬਣਦਾ ਹੈ? ਜੇ ਅਸੀਂ ਇਹ ਗੱਲ ਸਮਝ ਲਈਏ ਤਾਂ ਨਾ ਸਿਰਫ ਅਸੀਂ ਆਪ ਧਰਮ ਦੇ ਨਾਮ ਤੇ ਹੋ ਰਹੇ ਸੋਸ਼ਣ ਤੋਂ ਬਚ ਸਕਦੇ ਹਾਂ, ਸਗੋਂ ਹੋਰਨਾਂ ਨੂੰ ਵੀ ਬਚਾ ਸਕਦੇ ਹਾਂ। ਮਨੁੱਖੀ ਮਨ ਦੀਆਂ ਵੱਡੀਆਂ ਕੁਦਰਤੀ ਕਮਜ਼ੋਰੀਆਂ ਲੋਭ, ਮੋਹ, ਹੰਕਾਰ, ਕਾਮ, ਕ੍ਰੋਧ, ਡਰ, ਈਰਖਾ, ਨਫਰਤ ਆਦਿ ਨੂੰ ਪੁਜਾਰੀ ਇਸ ਢੰਗ ਨਾਲ ਵਰਤਦਾ ਹੈ ਕਿ ਸ਼ਰਧਾਲੂ ਨੂੰ ਬਾਹਰੀ ਤੌਰ 'ਤੇ ਇਸ ਤਰ੍ਹਾਂ ਲਗਦਾ ਹੈ ਕਿ ਜਿਸ ਤਰ੍ਹਾਂ ਮਨੁੱਖ ਨੂੰ ਇਨ੍ਹਾਂ ਤੋਂ ਬਚਾ ਕੇ ਉਸ ਨੂੰ ਚੰਗਾ ਇਨਸਾਨ ਬਣਾਉਣ ਦੇ ਰਾਹ ਤੋਰਿਆ ਜਾ ਰਿਹਾ ਹੈ, ਪਰ ਅਸਲ ਵਿੱਚ ਉਹ ਬੜੇ ਤਰੀਕੇ ਨਾਲ ਮਨੁੱਖ ਨੂੰ ਇਨ੍ਹਾਂ ਦੀ ਦਲਦਲ ਵਿਚ ਫਸਾਈ ਤੁਰਿਆ ਜਾਂਦਾ ਹੈ। ਜਿਸ ਤਰ੍ਹਾਂ ਕਿ ਉਹ ਰੱਬੀ ਨਿਯਮਾਂ ਦੀ ਅਟੱਲ ਸਚਾਈ ਦੱਸ ਕੇ ਵਿਅਕਤੀ ਨੂੰ ਕੁਦਰਤ ਦੇ ਨਿਯਮਾਂ ਵਿਚ ਰਹਿਣ ਜੀਵਨ ਜਾਚ ਦੱਸਣ ਦੀ ਥਾਂ ਮਨੁੱਖ ਅੰਦਰ ਕੁਦਰਤ ਦੀਆਂ ਗੈਬੀ ਸ਼ਕਤੀਆਂ, ਭੂਤਾਂ-ਪ੍ਰੇਤਾਂ, ਭੈੜੀਆਂ ਰੂਹਾਂ, ਜਾਦੂ ਟੂਣਿਆਂ, ਜੰਤਰਾਂ ਮੰਤਰਾਂ ਦਾ ਡਰ ਪਾਉਂਦਾ ਹੈ ਤੇ ਫਿਰ ਇਨ੍ਹਾਂ ਤੋਂ ਬਚਣ ਦੇ ਉਪਾਅ ਦੱਸਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਇਹ ਦੱਸਣ ਦੀ ਥਾਂ ਕਿ ਦੁਨਿਆਵੀ ਵਸਤਾਂ ਪ੍ਰਾਪਤੀ ਜਾਂ ਦੁਨਿਆਵੀ ਤਰੱਕੀ ਕੁਦਰਤ ਦੇ ਨਿਯਮਾਂ ਅਨੁਸਾਰ ਮਿਹਨਤ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਦੀ ਥਾਂ ਉਸ ਨੂੰ ਰੱਬ ਅੱਗੇ ਅਰਦਾਸਾਂ ਕਰਨ ਜਾਂ ਪੂਜਾ ਪਾਠ ਕਰਨ ਦੇ ਤਰੀਕੇ ਦੱਸਦਾ ਹੈ। ਜਦਕਿ ਉਸਨੂੰ ਪਤਾ ਹੁੰਦਾ ਹੈ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੀ ਵਾਪਰਦਾ ਹੈ। ਇਸ ਤਰ੍ਹਾਂ ਹਰ ਪੁਜਾਰੀ, ਹਰ ਹੀਲੇ ਅਜਿਹੀ ਸਿੱਖਿਆ ਦਿੰਦਾ ਹੈ ਕਿ ਸ਼ਰਧਾਲੂ ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ ਤੌਰ ਤੇ ਹੀਣਾ ਬਣਿਆ ਰਹੇ।

ਬੇਸ਼ੱਕ ਬਹੁਤ ਸਾਰੇ ਧਰਮ ਇਹ ਦਾਅਵੇ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਬਹੁਤ ਕੁਝ ਅਜਿਹਾ ਲਿਖਿਆ ਮਿਲਦਾ ਹੈ, ਜੋ ਮਨੁੱਖ ਦਾ ਮਾਨਸਿਕ ਵਿਕਾਸ ਕਰਕੇ ਉਸਨੂੰ ਇੱਕ ਉੱਚੇ ਆਦਰਸ਼ ਵਾਲਾ ਇਨਸਾਨ ਬਣਾਉਣ ਦੇ ਸਮਰੱਥ ਹੈ। ਪਰ ਉਸ ਸੱਚ ਤੱਕ ਪਹੁੰਚ ਕਿਸਦੀ ਹੈ? ਆਮ ਇਨਸਾਨ ਦੇ ਰਸਤੇ ਵਿਚ ਤਾਂ ਪੁਜਾਰੀ ਵੱਡੇ ਦੈਂਤ ਦਾ ਰੂਪ ਧਾਰੀ ਬੈਠਾ ਹੈ, ਜੋ ਉਸਨੂੰ ਮਾਨਸਿਕ ਤੌਰ 'ਤੇ ਰਸਤੇ ਵਿਚ ਹੀ ਖਾ ਜਾਂਦਾ ਹੈ। ਦੂਜਾ ਕਿਸੇ ਵੀ ਧਰਮ ਦੀ ਸੋਚ ਸਾਂਝੀਵਾਲਤਾ ਵਾਲੀ ਨਹੀਂ ਹੈ। ਉਨ੍ਹਾਂ ਦੀ ਸਾਂਝੀਵਾਲਤਾ ਦਾ ਮਤਲਬ ਹੈ ਕਿ ਤੁਸੀਂ ਆਪਣਾ ਫਿਰਕਾ ਛੱਡ ਕੇ ਸਾਡੇ ਫਿਰਕੇ ਦੇ ਅਨੁਯਾਈ ਬਣ ਜਾਉ। ਜੋ ਕਿ ਆਮ ਤੌਰ 'ਤੇ ਖੂਹ ਵਿਚੋਂ ਨਿਕਲ ਕੇ ਖੱਡੇ ਵਿੱਚ ਛਾਲ ਮਾਰਨ ਵਾਲੀ ਗੱਲ ਹੁੰਦੀ ਹੈ। ਜਾਂ ਫਿਰ ਪੁਜਾਰੀ ਕਹਿੰਦੇ ਹਨ ਕਿ ਜੇ ਤੁਸੀਂ ਸਾਡੇ ਫਿਰਕੇ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਤਾਂ ਕੋਈ ਗੱਲ

ਨਹੀਂ, ਫਿਰ ਸਾਡੀ ਸਾਂਝੀਵਾਲਤਾ ਦਾ ਮਤਲਬ ਹੈ, ਤੁਸੀਂ ਆਪਣੇ ਫਿਰਕੇ ਦੀ ਦੁਕਾਨ ਤੇ ਸ਼ਰਧਾਲੂਆਂ ਨੂੰ ਲੁੱਟੋ ਤੇ ਅਸੀਂ ਆਪਣੀ ਤੇ ਲੁੱਟਦੇ ਹਾਂ। ਅਸੀਂ ਇੱਕ ਦੂਜੇ ਦੇ ਕੰਮਾਂ ਵਿਚ ਦਖਲ ਨਹੀਂ ਦੇਵਾਂਗੇ। ਜੇ ਤੁਸੀਂ ਦਖਲ ਦਿਉਗੇ ਤਾਂ ਸਾਡੀਆਂ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ। ਧਰਮ ਵਿਚ ਦਖਲ ਅੰਦਾਜ਼ੀ ਦਾ ਮਸਲਾ ਖੜ੍ਹਾ ਹੋ ਸਕਦਾ, ਧਰਮ ਨੂੰ ਖਤਰੇ ਦਾ ਰੌਲਾ ਪੈ ਸਕਦਾ ਹੈ। ਅੱਜ ਕਿਸੇ ਵੀ ਧਰਮ ਵਿੱਚ ਕਿਸੇ ਨਵੇਂ ਵਿਚਾਰ, ਕਿਸੇ ਨਵੀਂ ਸੋਚ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਹਰ ਨਵੀਂ ਸੋਚ ਨੂੰ ਧਰਮ ਵਿਰੋਧੀ ਹੋਣ ਦਾ ਫਤਵਾ ਜਾਰੀ ਕਰ ਦਿੱਤਾ ਜਾਂਦਾ ਹੈ। ਅੱਜ ਦੇ ਜਥੇਬੰਦਕ ਧਰਮ ਉਤਨਾ ਚਿਰ ਕਾਇਮ ਰਹਿਣਗੇ ਜਾਂ ਆਪਣਾ ਫਿਰਕਾ ਕਾਇਮ ਰੱਖਣਗੇ, ਜਿੰਨਾ ਚਿਰ ਉਹ ਅਜਿਹੀ ਸੋਚ ਦੇ ਧਾਰਨੀ ਹਨ। ਜਿਸ ਦਿਨ ਉਹ ਸਾਂਝੀਵਾਲਤਾ ਦੀ ਗੱਲ ਕਰਨਗੇ ਜਾਂ ਫਿਰ ਉਨ੍ਹਾਂ ਨੂੰ ਸਾਰੇ ਵਿਅਕਤੀ ਰੱਬ ਦੇ ਬਣਾਏ ਇਨਸਾਨ ਦਿਸਣਗੇ, ਉਸ ਦਿਨ ਫਿਰਕਿਆਂ ਰੂਪੀ ਧਰਮ ਨਹੀਂ ਰਹਿਣਗੇ ਤੇ ਇਨਸਾਨੀਅਤ ਹੀ ਮਨੁੱਖਤਾ ਧਰਮ ਹੋਵੇਗਾ। ਅਜਿਹਾ ਪੁਜਾਰੀ ਕਦੇ ਨਹੀਂ ਚਾਹੁੰਦੇ। ਇਸ ਲਈ ਪੁਜਾਰੀਆਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਮਨੁੱਖ ਮਾਨਸਿਕ ਤੌਰ 'ਤੇ ਹੀਣੇ ਅਤੇ ਕਮਜ਼ੋਰ ਬਣੇ ਰਹਿਣ। ਉਹ ਚਾਹੁੰਦੇ ਹਨ ਕਿ ਆਮ ਵਿਅਕਤੀ ਧਰਮ ਤੇ ਸਮਾਜ ਦੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਮਾਨਤਾਵਾਂ, ਬੰਧਨਾਂ ਦੇ ਸੰਗਲ ਆਪਣੇ ਗਲ ਵਿਚ ਪਾ ਕੇ ਰੱਖਣ। ਸ਼ਰਧਾਲੂ ਆਪਣੇ ਫਿਰਕੇ ਦੇ ਖੂੰਟੇ ਨਾਲ ਮਰਿਯਾਦਾ ਦੇ ਸੰਗਲ ਵਿਚ ਬੱਝਾ ਹੋਇਆ ਵੀ ਆਪਣੇ ਆਪ ਨੂੰ ਆਜ਼ਾਦ ਹੋਣ ਦਾ ਭਰਮ ਪਾਲਦਾ ਰਹੇ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਪੁਜਾਰੀਆਂ ਦੇ ਨਕਲੀ ਧਰਮਾਂ ਦੀ ਫਿਰਕਾਵਾਦੀ ਸੋਚ ਵਿਚੋਂ ਨਿਕਲ ਕੇ ਸਰਬੱਤ ਦੇ ਭਲੇ ਦੀ ਸੋਚ ਦੇ ਮਾਨਸਿਕ ਤੌਰ ਤੇ ਵਿਕਸਤ ਅਤੇ ਆਜ਼ਾਦ ਪੂਰਨ ਮਨੁੱਖ ਬਣਨਾ ਤਾਂ ਫਿਰ ਸਾਨੂੰ ਡਰ, ਲਾਲਚ ਤੇ ਸ਼ਰਧਾ ਦੇ ਸੰਗਲਾਂ ਵਿਚ ਜਕੜਨ ਵਾਲੇ ਇਨ੍ਹਾਂ ਨਕਲੀ ਧਰਮਾਂ ਨੂੰ ਛੱਡਣਾ ਪਵੇਗਾ। ਉਨ੍ਹਾਂ ਦੀਆਂ ਡਰ, ਲਾਲਚ, ਸ਼ਰਧਾ ਅਧਾਰਿਤ ਮਰਿਯਾਦਾਵਾਂ ਨੂੰ ਤੋੜਨਾ ਪਵੇਗਾ। ਰੱਬ ਦੇ ਨਾਮ ਤੇ ਫਿਰਕਿਆਂ ਰੂਪੀ ਸੋਚ ਨੂੰ ਨਕਾਰ ਕੇ ਸਰਬੱਤ ਦੇ ਭਲੇ ਦੀ ਸੋਚ ਅਪਨਾਉਣੀ ਪਵੇਗੀ। ਸਾਨੂੰ ਖੁੱਲ੍ਹੇ ਮਨ ਨਾਲ ਸਾਰੇ ਬੰਧਨਾਂ ਦੀ ਸੋਚ ਤੋਂ ਆਜ਼ਾਦ ਹੋ ਕੇ ਨਿਰਪੱਖਤਾ ਨਾਲ ਹਰ ਤਰ੍ਹਾਂ ਦੇ ਦੁਨਿਆਵੀ ਤੇ ਰੂਹਾਨੀ ਗਿਆਨ ਹਾਸਲ ਕਰਨੇ ਪੈਣਗੇ ਤਾਂ ਹੀ ਅਸੀਂ ਆਪਣੀ ਆਜ਼ਾਦ ਸੋਚ ਦੇ ਮਾਲਕ ਬਣ ਸਕਾਂਗੇ। ਇਨਸਾਨੀਅਤ ਵਿਚ ਵੰਡੀਆਂ ਪਾਉਣ ਵਾਲੀ ਹਰ ਸੋਚ ਨਕਾਰਨ ਯੋਗ ਹੈ। ਇਹ ਧਰਮ ਦੀ ਸੋਚ ਨਹੀਂ, ਨਾ ਹੀ ਇਹ ਪੈਗੰਬਰੀ ਸੋਚ ਹੈ। ਸਗੋਂ ਇਹ ਪੁਜਾਰੀਆਂ ਦੀ ਖੜ੍ਹੀ ਕੀਤੀ ਨਕਲੀ ਵਿਚਾਰਧਾਰਾ ਹੈ। ਉਹ ਸੋਚ ਹੀ ਅਸਲੀ ਧਾਰਮਿਕ ਸੋਚ ਹੈ, ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਅਜਾਦ ਕਰਦੀ ਹੈ ਤੇ ਉਸ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਂਦੀ ਹੈ।

45ਵੀਂ ਬਰਸੀ 'ਤੇ ਵਿਸ਼ੇਸ਼

# ਪ੍ਰਿਥੀਪਾਲ ਸਿੰਘ ਰੰਧਾਵਾ ਦਾ ਕਤਲ - ਮੇਰੇ ਜਿਗਰ ਦਾ ਰਿਸਦਾ ਜ਼ਖਮ

ਗੁਰਮੇਲ ਗਿੱਲ
+91 98886 02191

ਜਦੋਂ ਸੰਨ 1968 ਵਿੱਚ ਮੈਟ੍ਰਿਕ ਕਰਨ ਤੋਂ ਬਾਅਦ ਮੈਂ ਗੌਰਮੈਂਟ ਕਾਲਜ ਲੁਧਿਆਣਾ ਵਿੱਚ ਦਾਖ਼ਲਾ ਲਿਆ ਤਾਂ ਦੋ ਕੁ ਮਹੀਨੇ ਬਾਅਦ ਕਾਲਜ ਦੇ ਪ੍ਰਿੰਸੀਪਲ ਦੀ ਬਦਲੀ ਲਈ ਹੜਤਾਲ ਹੋ ਗਈ। ਕੁੱਝ ਦੇਰ ਬਾਅਦ ਗੌਰਮਿੰਟ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਦੀ ਬਦਲੀ ਲਈ ਉੱਥੇ ਵੀ ਹੜਤਾਲ ਹੋ ਗਈ। ਹੌਲੀ-ਹੌਲੀ ਇਹ ਹੜਤਾਲ ਸਾਰੇ ਪੰਜਾਬ ਵਿੱਚ ਫੈਲ ਗਈ । ਇਸ ਹੜਤਾਲ ਨੂੰ ਪੰਜਾਬ ਸਟੂਡੈਂਟ ਯੂਨੀਅਨ ਲੀਡ ਕਰ ਰਹੀ ਸੀ। ਯੂਨੀਅਨ ਲੀਡਰ ਸ਼ਮਸ਼ੇਰ ਸ਼ੇਰੀ ਆ ਕੇ ਵਿਦਿਆਰਥੀਆਂ ਨੂੰ ਬਹੁਤ ਜੋਸ਼ੀਲੀ ਤਕਰੀਰ ਦੇ ਕੇ ਉਨ੍ਹਾਂ ਵਿੱਚ ਜੋਸ਼ ਭਰ ਦਿੰਦਾ। ਜਿਸ ਧੜੱਲੇ ਨਾਲ ਉਹ ਸਰਕਾਰ ਅਤੇ ਪ੍ਰਿੰਸੀਪਲ ਖ਼ਿਲਾਫ ਬੋਲਦਾ, ਉਦੋਂ ਉਹ ਸਾਡੇ ਲਈ ਬਹੁਤ ਹੀ ਦਲੇਰੀ ਵਾਲੀ ਤੇ ਹੈਰਾਨ ਕਰਨ ਵਾਲੀ ਗੱਲ ਸੀ। ਅਸੀਂ ਡਰਦੇ- ਡਰਦੇ ਰੈਲੀਆਂ ਮੁਜ਼ਾਹਰਿਆਂ ਵਿੱਚ ਹਿੱਸਾ ਲੈਂਦੇ। ਤਿੰਨ ਮਹੀਨੇ ਦੇ ਕਰੀਬ ਚੱਲੀ ਇਹ ਹੜਤਾਲ ਅਖੀਰ ਵਿੱਚ ਦੋਨੋ ਪ੍ਰਿੰਸੀਪਲਾਂ ਦੀਆਂ ਬਦਲੀਆਂ ਦੇ ਨਾਲ ਜੇਤੂ ਹੋ ਨਿਬੜੀ। ਭਾਵੇਂ ਪਹਿਲਾਂ-ਪਹਿਲ ਲੀਡਰਾਂ ਦੀਆਂ ਰਾਜਨੀਤਕ ਸਿਸਟਮ ਬਾਰੇ ਕੀਤੀਆਂ ਗੱਲਾਂ ਬਾਰੇ ਮੈਨੂੰ ਬਹੁਤੀ ਸਮਝ ਨਹੀਂ ਆਉਂਦੀ ਸੀ ਪਰ ਇਸ ਹੜਤਾਲ ਨੇ ਮੈਨੂੰ ਸੋਚਣ ਲਾ ਦਿੱਤਾ ਅਤੇ ਜਦੋਂ ਮੈਂ ਕਾਲਜ ਤੋਂ ਬੀ ਐਸ ਸੀ ਕਰਕੇ ਪੰਜਾਬੀ ਯੂਨੀਵਰਸਿਟੀ ਵਿੱਚ ਦਾਖ਼ਲਾ ਲਿਆ ਤਾਂ ਮੈਂ ਉਹ ਨਹੀਂ ਸੀ ਜੋ ਚਾਰ ਸਾਲ ਪਹਿਲਾਂ ਸੀ ਭਾਵੇਂ ਹਾਲੇ ਵੀ ਮੈਂ ਯੂਨੀਅਨਿਸਟ ਨਹੀਂ ਸੀ।

1972 ਵਿੱਚ ਜਦੋਂ ਅਸੀਂ ਯੂਨੀਵਰਸਿਟੀ ਵਿੱਚ ਗਏ ਤਾਂ ਅਕਤੂਬਰ ਵਿੱਚ ਮੋਗਾ ਐਜੀਟੇਸ਼ਨ ਸ਼ੁਰੂ ਹੋ ਗਈ ਜਿੱਥੇ ਰੀਗਲ ਸਿਨੇਮੇ ਦੇ ਮਾਲਕਾਂ ਖਿਲਾਫ਼ ਵਿਦਿਆਰਥੀਆਂ ਦੀ ਐਜੀਟੇਸ਼ਨ ਵਿੱਚ ਪੁਲਿਸ ਦੀ ਗੋਲੀ ਨਾਲ ਚੜਿੱਕ ਪਿੰਡ ਦੇ ਦੋ ਸਟੂਡੈਂਟ ਹਰਜੀਤ ਤੇ ਸਵਰਨ ਮਾਰੇ ਗਏ ਸੀ। ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਤੇ ਮਾਰਕਸਵਾਦੀ ਪਾਰਟੀ ਦੀ ਅਗਵਾਈ ਵਾਲੀ ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਮੌਕਾਪ੍ਰਸਤ ਪੁਜੀਸ਼ਨਾਂ ਲੈਣ ਕਰਕੇ ਵਿਦਿਆਰਥੀਆਂ ਵਿਚੋਂ ਨਿੱਖੜ ਗਏ ਅਤੇ ਐਜੀਟੇਸ਼ਨ ਦੀ ਕਮਾਂਡ ਪੰਜਾਬ ਸਟੂਡੈਂਟ ਯੂਨੀਅਨ ਨੇ ਸੰਭਾਲ ਲਈ। ਯੂਨੀਅਨ ਦੇ ਜਨਰਲ ਸਕੱਤਰ ਪ੍ਰਿਥੀਪਾਲ ਰੰਧਾਵਾ ਦੀ ਸੁਚੱਜੀ ਅਗਵਾਈ ਨੇ ਸਾਰੇ ਪੰਜਾਬ ਦੀਆਂ ਸੜਕਾਂ ਤਪਣ ਲਾ ਦਿੱਤੀਆਂ। ਆਖਿਰ ਸਰਕਾਰ ਨੂੰ ਝੁਕਣਾ ਪਿਆ ਅਤੇ ਰੀਗਲ ਸਿਨੇਮਾ ਬੰਦ ਕਰਕੇ ਉੱਥੇ ਲਾਇਬ੍ਰੇਰੀ ਬਨਾਉਣ ਦਾ ਐਲਾਨ ਕਰਨਾ ਪਿਆ। ਪਿਰਥੀਪਾਲ ਵਿਦਿਆਰਥੀਆਂ ਦਾ ਹਰਮਨ ਪਿਆਰਾ ਆਗੂ ਬਣ ਕੇ ਉੱਭਰ ਆਇਆ। ਆਪਣੀ ਸੂਝ, ਸਿਧਾਂਤਕ ਸਮਝ, ਭਾਸ਼ਣ ਦੇਣ ਦੀ ਕਲਾ, ਉੱਚਾ-ਸੁੱਚਾ ਆਚਰਣ, ਸੁਚੱਜਾ ਲਿਬਾਸ ਅਤੇ ਆਕਰਸ਼ਕ ਸਖਸ਼ੀਅਤ ਕਰਕੇ ਜਿੱਥੇ ਉਹ ਵਿਦਿਆਰਥੀਆਂ ਦਾ ਹੀ ਨੀ ਆਮ ਲੋਕਾਂ ਦਾ ਵੀ ਪਿਰਥੀ ਬਣ ਕੇ ਉਨ੍ਹਾਂ ਦੇ ਦਿਲਾਂ ਤੇ ਰਾਜ ਕਰਨ ਲੱਗਿਆ ਉੱਥੇ ਹੀ ਉਹ ਹਾਕਮ ਜਮਾਤ ਦੀਆਂ ਅੱਖਾਂ ਵਿੱਚ ਰੜਕਣ ਲੱਗਿਆ। ਉਸ ਦੀ ਦਿਨੋ-ਦਿਨ ਵੱਧ ਰਹੀ ਮਕਬੂਲੀਅਤ ਕਰਕੇ ਹਾਕਮ ਜਮਾਤ ਨੂੰ ਉਹ ਆਪਣੇ ਰਾਜ ਭਾਗ ਲਈ ਵੱਡਾ ਖਤਰਾ ਜਾਪਣ ਲੱਗ ਪਿਆ।

ਪਰ ਵਿਦਿਆਰਥੀ ਲਹਿਰ ਦੀ ਬਦਕਿਸਮਤੀ ਕਿ ਪੰਜਾਬ ਵਿੱਚ ਉਸ ਸਮੇਂ ਸਰਗਰਮ ਨਾਗਾ-ਰੈਡੀ, ਐੱਸ-ਐਨ ਅਤੇ ਚਾਰੂ-ਮਜੂਮਦਾਰ ਨਾਂ ਦੇ ਤਿੰਨ ਨਕਸਲਬਾੜੀ ਗਰੁੱਪਾਂ ਦੇ ਆਪਸੀ ਮਤਭੇਦਾਂ ਕਾਰਨ ਪੰਜਾਬ ਸਟੂਡੈਂਟ ਯੂਨੀਅਨ ਵੀ ਪ੍ਰਿਥੀ, ਬਿੱਕਰ ਐਸ਼ੀ ਅਤੇ ਬਲਵਾਨ ਤਿੰਨ ਧੜਿਆਂ ਵਿੱਚ ਵੰਡੀ ਗਈ। ਪ੍ਰਿਥੀ ਦੀ ਅਗਵਾਈ ਵਾਲਾ



ਪੰਜਾਬ ਵਿਚ ਅਗਾਂਹਵਧੂ ਅਤੇ ਖੱਬੇਪੱਖੀ ਵਿਚਾਰਾਂ ਨੂੰ ਵਿਕਸਿਤ ਕਰਨ ਵਾਲੀ ਪੰਜਾਬ ਸਟੂਡੈਂਟ ਯੂਨੀਅਨ 'ਚ ਪ੍ਰਿਥੀਪਾਲ ਰੰਧਾਵਾ ਦਾ ਮੁੱਲਵਾਨ ਯੋਗਦਾਨ ਹੈ। ਇਸ ਸਬੰਧੀ ਮੁੱਲਵਾਨ ਕਾਰਜ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਪੰਜਾਬ ਸਟੂਡੈਂਟ ਯੂਨੀਅਨਾਂ ਦੀਆਂ ਇਤਿਹਾਸਕ ਝਲਕਾਂ ਵਿਚ ਕੀਤਾ ਹੈ।

ਧੜਾ ਉਸ ਦੀ ਮਕਬੂਲੀਅਤ ਕਰਕੇ ਦੂਜੇ ਦੋਨੋਂ ਗਰੁਪਾਂ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਬਹੁਤ ਜ਼ਿਆਦਾ ਹਰਮਨ ਪਿਆਰਾ ਹੋ ਗਿਆ।

23-24 ਜੂਨ 1975 ਨੂੰ ਪੰਜਾਬ ਸਟੂਡੈਂਟ ਯੂਨੀਅਨ (ਨਾਗਾ-ਰੈਡੀ) ਦਾ ਡੈਲਗੇਟ ਇਜਲਾਸ ਮਸਤੂਆਣਾ ਕਾਲਜ ਵਿੱਚ ਹੋ ਰਿਹਾ ਸੀ। ਮੈਂ ਉੱਥੇ ਲੰਗਰ ਵਗੈਰਾ ਦੀ ਸੇਵਾ ਲਈ ਇਕ ਵਲੰਟੀਅਰ ਸੀ। ਮੈਂ ਅਤੇ ਬਾਕੀ ਵਲੰਟੀਅਰਾਂ ਨੇ ਜਦੋਂ ਲੰਗਰ ਤੋਂ ਵਿਹਲ ਮਿਲਣੀ ਤਾਂ ਖਿੜਕੀਆਂ ਦੇ ਬਾਹਰ ਖੜ੍ਹ ਕੇ ਇਜਲਾਸ ਦੀ ਕਾਰਵਾਈ ਸੁਣਦੇ ਰਹਿਣਾ। ਇਸ ਦੁਰਾਨ ਇਜਲਾਸ ਸਾਹਮਣੇ ਇਕ ਗੰਭੀਰ ਮਸਲਾ ਵਿਚਾਰ ਲਈ ਆ ਗਿਆ। ਉਸ ਸੈਸ਼ਨ ਦੌਰਾਨ ਗੌਰਮਿੰਟ ਕਾਲਜ ਮੁਕਤਸਰ ਵਿੱਚ ਪੀ ਐਸ ਯੂ ਦੇ ਜ਼ੋਨਲ ਸਕੱਤਰ ਤੇ ਉਸ ਦੇ ਸਾਥੀ ਉੱਤੇ ਅਕਾਲੀਆਂ ਦੀ ਸ਼ਹਿ ਪ੍ਰਾਪਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਆਗੂ (ਜੋ ਬਾਅਦ ਵਿੱਚ ਰਾਜਸੀ ਆਗੂ ਬਣ ਗਿਆ ਸੀ) ਦੀ ਅਗਵਾਈ ਹੇਠ 10-15 ਗੁੰਡਿਆਂ ਨੇ ਲਾਠੀਆਂ ਕਿਰਪਾਨਾਂ ਨਾਲ ਹਮਲਾ ਬੋਲ ਦਿੱਤਾ। ਜ਼ੋਨਲ ਸਕੱਤਰ ਕੋਲ ਹਥਿਆਰ ਸੀ ਉਸ ਨੇ ਹਵਾਈ ਫ਼ਾਇਰ ਕਰ ਦਿੱਤਾ ਜਿਸ ਨਾਲ ਉਹ ਗੁੰਡੇ ਡਰ ਕੇ ਥੋੜ੍ਹਾ ਪਿੱਛੇ ਹੱਟ ਗਏ ਅਤੇ ਉਹ ਦੋਨੋਂ ਆਪਣੀ ਜਾਨ ਬਚਾ ਕੇ ਕੰਧ ਟੱਪ ਕੇ ਭੱਜ ਗਏ। ਪ੍ਰਿਥੀ ਦੀ ਅਗਵਾਈ ਵਾਲਾ ਧੜਾ ਇਹ ਦਲੀਲ ਪੇਸ਼ ਕਰ ਰਿਹਾ ਸੀ ਕਿ ਇਸ ਤਰ੍ਹਾਂ ਹਥਿਆਰ ਰੱਖਣਾ ਤੇ ਗੋਲੀ ਚਲਾਉਣੀ ਇਕ ਮਾਅਰਕੇਬਾਜੀ ਵਾਲਾ, ਆਪਣੇ ਆਪ ਨੂੰ ਲੋਕਾਂ ਵਿਚੋਂ ਨਿਖੇੜਨ ਵਾਲਾ, ਸਰਕਾਰੀ ਤਸ਼ੱਦਦ ਲਈ ਰਾਹ ਖੋਲ੍ਹਣ ਆਦਿ ਵਾਲਾ ਕਦਮ ਹੈ। ਇਹ ਦਲੀਲ ਵਾਲੀ ਲਾਈਨ ਉੱਪਰ ਪਾਰਟੀ ਵਲੋਂ ਭੇਜੀ ਗਈ ਸੀ ਭਾਵੇਂ ਜ਼ਾਹਿਰਾ ਤੌਰ ਤੇ ਇਸ ਤਰ੍ਹਾਂ ਨਹੀਂ ਕਿਹਾ ਗਿਆ ਸੀ। ਦੂਸਰਾ ਧੜਾ ਇਹ ਦਲੀਲ ਦੇ ਰਿਹਾ ਸੀ ਕਿ ਸਾਡੇ ਜਨਤਕ ਆਗੂ ਸਰਕਾਰਾਂ ਦੀਆਂ ਅੱਖਾਂ ਵਿੱਚ ਰੜਕਦੇ ਰਹਿੰਦੇ ਹਨ। ਹਾਕਮ ਯੂਨੀਅਨ ਨੂੰ ਆਗੂ-ਰਹਿਤ ਕਰਨ ਲਈ ਚਾਲਾਂ ਚਲਦੇ ਰਹਿੰਦੇ ਹਨ ਅਤੇ ਆਪਣੇ ਗੁੰਡਾ ਗ੍ਰੋਹਾਂ ਰਾਹੀਂ ਉਨ੍ਹਾਂ ਨੂੰ ਡਰਾ ਧਮਕਾ ਕੇ ਮਾਯੂਸ ਕਰਨ ਜਾਂ ਸਰੀਰਕ ਤੌਰ 'ਤੇ ਖਤਮ ਕਰਨ ਦੀ ਤਾਕ ਵਿੱਚ ਰਹਿੰਦੇ ਹਨ। ਕਈ ਸਾਲਾਂ ਦੀ ਮਿਹਨਤ ਬਾਅਦ ਬਹੁਤ ਮੁਸ਼ਕਲ ਨਾਲ ਲੋਕਾਂ ਵਿੱਚ ਪ੍ਰਵਾਨਿਤ ਇਕ ਜਨਤਕ ਆਗੂ ਬਣਦਾ ਹੈ। ਉਸ ਦੇ ਜਾਣ ਨਾਲ ਲਹਿਰ ਨੂੰ ਬਹੁਤ ਵੱਡਾ ਧੱਕਾ ਲਗਦਾ ਹੈ। ਇਸ ਲਈ ਇਨਕਲਾਬੀ ਜਨਤਕ ਜਥੇਬੰਦੀ ਨੂੰ ਆਪਣੇ ਜਨਤਕ ਆਗੂਆਂ ਦੀ ਸੁਰੱਖਿਆ ਲਈ ਹਰ ਹੀਲਾ ਵਰਤਣਾ ਚਾਹੀਦਾ ਹੈ। ਭਾਵੇਂ ਲੋੜ ਅਨੁਸਾਰ ਹਥਿਆਰ ਰੱਖਣ ਵਾਲੀ ਗੱਲ ਵੀ ਹੋਵੇ। ਆਗੂਆਂ ਦੀ ਸੁਰੱਖਿਆ ਜਥੇਬੰਦੀ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਦੂਸਰੀ ਦਲੀਲ ਬਹੁਤ ਵਜ਼ਨਦਾਰ ਸੀ ਪਰ ਪਹਿਲੀ ਧਿਰ ਉਪਰੋਂ ਆਈ ਲਾਈਨ ਇਜਲਾਸ ਉੱਤੇ ਠੋਸਣ ਦੀ ਆਪਣੀ ਵਾਹ ਲਾਉਂਦੀ ਰਹੀ। ਇਹ ਬਹਿਸ ਘੰਟਿਆਂ-ਬੱਧੀ ਚਲਦੀ ਰਹੀ। ਅਖੀਰ ਇਸ ਉੱਤੇ ਵੋਟਿੰਗ ਹੋਈ ਅਤੇ ਇਜਲਾਸ ਨੇ ਵੱਡੀ ਬਹੁਸੰਮਤੀ ਨਾਲ ਪਹਿਲੀ ਦਲੀਲ ਨੂੰ ਠੁਕਰਾ ਕੇ ਦੂਸਰੀ ਦਲੀਲ ਪਾਸ ਕਰ ਦਿੱਤੀ। ਇਨਕਲਾਬੀ ਜਥੇਬੰਦੀਆਂ ਵਿੱਚ ਕੋਈ ਵੀ ਫ਼ੈਸਲਾ ਲੈਣ ਲਈ ਸਦਾ ਜਮਹੂਰੀ ਕੇਂਦਰੀਵਾਦ ਸਿਧਾਂਤ ਲਾਗੂ ਕਰਨ ਦੀ ਗੱਲ ਕੀਤੀ ਜਾਂਦੀ ਹੈ ਪਰ ਅਫ਼ਸੋਸ ਕਿ ਪੀ ਐਸ ਯੂ ਦੇ ਡੈਲੀਗੇਟ ਇਜਲਾਸ ਵਲੋਂ ਬਹੁਸੰਮਤੀ ਨਾਲ ਉਪਰ ਦੱਸਿਆ ਫੈਸਲਾ ਲੈਣ ਦੇ ਬਾਵਜੂਦ ਪਾਰਟੀ ਲੀਡਰਸ਼ਿਪ ਨੇ ਇਸ ਨੂੰ ਅੱਖੋਂ ਪਰੋਖੇ ਕੀਤਾ ਅਤੇ ਇਸ ਨੂੰ ਲਾਗੂ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ। ਇਹ ਲੀਡਰਸ਼ਿਪ ਦਾ ਹੰਕਾਰੀ ਰਵਈਆ ਸੀ ਜਾਂ ਸਿਰੇ ਦੀ ਅਣਗਹਿਲੀ ਇਸ ਬਾਰੇ ਕੋਈ ਰੀਵਿਊ ਕੀਤਾ ਗਿਆ ਜਾਂ ਨਹੀਂ? ਇਹ ਲੋਕਾਂ ਸਾਹਮਣੇ ਕਦੇ ਨਹੀਂ ਆਇਆ। ਹਾਲਾਂ ਕਿ ਪਿਰਥੀ ਦੀ ਲੋਕਾਂ ਵਿੱਚ ਹਰਮਨ ਪਿਆਰਤਾ ਕਰਕੇ ਪਾਰਟੀ ਅਤੇ ਜਥੇਬੰਦੀ ਨੂੰ ਇਸ ਗੱਲ ਦਾ ਗਿਆਨ ਸੀ ਕਿ ਉਸ ਦੀ ਜਾਨ ਨੂੰ ਖਤਰਾ ਹੈ। ਖੇਤੀਬਾੜੀ ਯੂਨੀਵਰਸਿਟੀ ਵਿੱਚ ਪਿਛਲੇ ਸਮੇਂ ਵਾਪਰੀਆਂ ਘਟਨਾਵਾਂ ਅਤੇ ਸਿਆਸੀ ਸ਼ਹਿ ਤੇ ਪਾਲੇ ਜਾ ਰਹੇ ਗੁੰਡਾ ਅਨਸਰ ਇਸ ਪਾਸੇ ਸਾਫ਼ ਇਸ਼ਾਰਾ ਸਨ। ਪਰ ਅਫ਼ਸੋਸ ਕਿ ਪਾਰਟੀ, ਜਥੇਬੰਦੀ ਅਤੇ ਖ਼ੁਦ ਪਿਰਥੀ ਇਸ ਵੱਲ ਅਵੇਸਲੇ ਰਹੇ ਜਿਸ ਦਾ ਸਿੱਟਾ ਉਸ ਦੇ ਦਰਦਨਾਕ ਕਤਲ ਵਿੱਚ ਨਿਕਲਿਆ।

ਜੈਮਲ ਪੱਡਾ, ਬਲਦੇਵ ਮਾਨ, ਹਰਦੇਵ ਭਿਟੇਵਿੰਡ, ਗਿਆਨ ਸੰਘਾ ਸਮੇਤ ਇਨਕਲਾਬੀ ਲਹਿਰ ਦੇ ਬਹੁਤ ਸਾਰੇ ਆਗੂ ਦਹਿਸ਼ਤਗਰਦਾਂ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਪਰ ਉਨ੍ਹਾਂ ਦੇ ਕਤਲਾਂ ਪ੍ਰਤੀ ਅਸੀਂ ਬੇਵੱਸ ਸੀ ਕਿ ਉਹ ਆਪਣੀ ਸੁਰੱਖਿਆ ਪ੍ਰਤੀ ਚੌਕੰਨੇ ਹੋਣ ਦੇ ਬਾਵਜੂਦ ਧੋਖੇ ਨਾਲ ਮਾਰ ਦਿੱਤੇ ਗਏ। ਪਰ ਪਿਰਥੀ ਦੇ ਕਤਲ ਦਾ ਮਾਮਲਾ ਬਿਲਕੁਲ ਵੱਖਰਾ ਹੈ। ਉਸ ਨੂੰ ਲੁਧਿਆਣੇ ਦੇ ਘੁੱਗ ਵਸਦੇ ਰਣਧੀਰ ਸਿੰਘ ਨਗਰ ਦੇ ਹਾਊਸਿੰਗ ਬੋਰਡ ਇਲਾਕੇ ਵਿੱਚ ਉਸ ਦੇ ਸਹੁਰੇ ਦੀ ਕਲੀਨਿਕ ਤੋਂ 18 ਜੁਲਾਈ 1979 ਨੂੰ ਅਗਵਾ ਕੀਤਾ ਗਿਆ। ਦੂਸਰੇ ਦਿਨ ਸਵੇਰੇ ਉਸ ਦੀ ਲਾਸ਼ ਲੁਧਿਆਣੇ ਦੇ ਨੇੜੇ ਝਾਂਡੇ ਪਿੰਡ ਕੋਲੋਂ ਇਕ ਕੱਸੀ ਤੋਂ ਮਿਲੀ। ਉਸ ਦੇ ਮੂੰਹ ਉੱਤੇ ਟੇਪ ਲੱਗੀ ਹੋਈ ਸੀ ਅਤੇ ਉਸ ਦੇ ਸਰੀਰ ਤੇ ਅਨੇਕਾਂ ਜ਼ਖਮ ਸਨ ਜੋ ਇਸ ਗੱਲ ਦੇ ਗਵਾਹ ਸਨ ਕਿ ਉਸ ਨੂੰ ਕੋਹ-ਕੋਹ ਕੇ ਬਹੁਤ ਬੇਦਰਦੀ ਨਾਲ ਕਤਲ ਕੀਤਾ ਗਿਆ ਸੀ। ਉਹ ਅਗਵਾਕਾਰਾਂ ਨੂੰ ਪਹਿਚਾਣਦਾ ਅਤੇ ਉਨ੍ਹਾਂ ਦੀ ਨੀਅਤ ਨੂੰ ਜਾਣਦਾ ਸੀ ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਖੇਤੀਬਾੜੀ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਅਤੇ ਪਿਰਥੀ ਅਤੇ ਪੀ ਐਸ ਯੂ ਦੇ ਕੱਟੜ ਵਿਰੋਧੀ ਸਨ। ਜੇ ਉਸ ਦੇ ਕੋਲ ਇਕ ਛੇ ਇੰਚ ਦਾ ਚਾਕੂ (ਜੋ ਰੱਖਣਾ ਕਾਨੂੰਨੀ ਹੈ) ਵੀ ਹੁੰਦਾ ਤਾਂ ਡੱਬ 'ਚੋਂ ਕੱਢ ਕੇ ਘੱਟ ਤੋਂ ਘੱਟ ਇਕ ਅਗਵਾਕਾਰ ਦੇ ਢਿੱਡ ਵਿੱਚ ਤਾਂ ਖੋਭ ਸਕਦਾ ਸੀ ਅਤੇ ਉਸ ਨਾਲ ਇਸ ਘਟਨਾ ਦਾ ਇੰਜ਼ਾਮ ਕੁੱਝ ਹੋਰ ਹੋਣਾ ਸੀ। ਜੇ ਉਹ ਨੂੰ ਵੀ ਬਾਕੀ ਇਨਕਲਾਬੀ ਆਗੂਆਂ ਵਾਂਗ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੁੰਦਾ ਤਾਂ ਅਸੀਂ ਸਬਰ ਕਰ ਲੈਂਦੇ ਕਿ ਉਹ ਬੇਵੱਸ ਸੀ। ਪਰ ਜਿਸ ਤਰ੍ਹਾਂ ਉਸ ਨੂੰ ਉਸ ਦੇ ਸਹੁਰੇ ਦੀ ਕਲੀਨਿਕ ਤੋਂ ਬਹੁਤ ਹੀ ਅਰਾਮ ਨਾਲ ਅਗਵਾ ਕਰਕੇ ਬੇਰਹਿਮੀ ਨਾਲ ਮਾਰਿਆ ਗਿਆ ਉਹ ਮੈਂ ਕਦੇ ਵੀ ਹਜ਼ਮ ਨਹੀਂ ਕਰ ਸਕਿਆ। ਇਨਕਲਾਬੀ ਲਹਿਰ ਲਈ ਇਹ ਬਹੁਤ ਵੱਡੀ ਨਮੋਸ਼ੀ ਹੈ ਜੋ ਹਮੇਸ਼ਾ ਇਸ ਦੇ ਮੱਥੇ ਉੱਤੇ ਚਿਪਕੀ ਰਹੇਗੀ।

ਪ੍ਰਿਥੀ ਦੇ ਕਤਲ ਦੇ ਵਿਰੁੱਧ ਸਾਰੇ ਪੰਜਾਬ ਵਿੱਚ ਬਹੁਤ ਵੱਡੇ-ਵੱਡੇ ਮੁਜ਼ਾਹਰੇ ਹੋਏ। ਉਨ੍ਹਾਂ ਮੁਜ਼ਾਹਰਿਆਂ ਵਿੱਚ ਇਹ ਨਾਹਰਾ ਗੂੰਜਦਾ ਸੀ "ਪ੍ਰਿਥੀ ਖੋਹ ਕੇ ਲਾ ਲਿਆ ਜੋਰ, ਪ੍ਰਿਥੀ ਜਿਹੇ ਲੱਖਾਂ ਹੋਰ। ਇਹ ਨਾਹਰਾ ਲੋਕਾਂ ਨੂੰ ਜਜ਼ਬਾਤੀ ਕਰਨ ਲਈ ਜਾਂ ਉਨ੍ਹਾਂ ਦੇ ਡਿੱਗੇ ਹੌਂਸਲੇ ਨੂੰ ਚੁੱਕਣ ਲਈ ਤਾਂ ਠੀਕ ਸੀ ਪਰ ਇਹ ਹਕੀਕਤ ਤੋਂ ਬਹੁਤ ਦੂਰ ਸੀ ਅਤੇ ਹੈ। ਅਸੀਂ ਪਿਛਲੇ 45 ਸਾਲਾਂ ਵਿੱਚ ਕਿੰਨੇ ਕੁ ਪਿਰਥੀ ਪੈਦਾ ਕਰ ਲਏ? ਉਹ ਦੇ ਵਰਗਾ ਇਕ ਵੀ ਜਨਤਕ ਆਗੂ ਪੈਦਾ ਕਰਨਾ ਬਹੁਤ ਔਖਾ ਹੈ। ਇਹ ਸਾਲਾਂ ਦੀ ਕਮਾਈ ਨਾਲ ਪੈਦਾ ਹੁੰਦਾ ਹੈ। ਹੋਰ ਵੀ ਅਫ਼ਸੋਸ ਵਾਲੀ ਗੱਲ ਹੈ ਕਿ ਪਿਰਥੀ ਦੇ ਕਤਲ ਤੋਂ ਬਾਅਦ ਵੀ ਇਨਕਲਾਬੀ ਲਹਿਰ ਨੇ ਹੋਈ ਇਸ ਕੋਤਾਹੀ ਤੋਂ ਕੋਈ ਸਬਕ ਨਹੀਂ ਲਿਆ ਅਤੇ ਅਵਤਾਰ ਢੁੱਡੀਕੇ ਅਤੇ ਸਾਧੂ ਸਿੰਘ ਤਖਤੂਪੁਰੇ ਵਰਗੇ ਕਈ ਜਨਤਕ ਆਗੂ ਰਾਜਸੀ ਜਾਂ ਦੂਸਰੇ ਗੁੰਡਿਆਂ ਹੱਥੋਂ ਭੰਗ ਦੇ ਭਾੜੇ ਗੁਆ ਲਏ। ਪ੍ਰਿਥੀ ਦੇ ਕਤਲ ਤੋਂ ਨੌਂ ਸਾਲ ਬਾਅਦ ਕਿਸੇ ਇਨਕਲਾਬੀ ਗਰੁੱਪ ਨੇ ਉਸ ਦੇ ਮੁੱਖ ਕਾਤਲ ਬੇਅੰਤ ਨੂੰ ਮੋਗੇ ਕੋਲ ਸਿੰਘਾਂਵਾਲੇ ਪਿੰਡ ਵਿੱਚ ਬੱਸ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ। ਦੂਜੇ ਦਿਨ ਸਵੇਰੇ ਮੋਗੇ ਦੀਆਂ ਕੰਧਾਂ ਉੱਤੇ ਲੱਗੇ ਉਸ ਗਰੁੱਪ ਵਲੋਂ ਛਾਪੇ ਪੋਸਟਰ ਦਾ ਸਿਰਲੇਖ "ਪ੍ਰਿਥੀ ਦੇ ਕਾਤਲ ਬੇਅੰਤ 'ਕਰੈਕ' ਨੂੰ ਮਾਰ ਕੇ, ਇਨਕਲਾਬੀ ਲਹਿਰ ਦੀ ਹਿੱਕ ਵਿੱਚ ਰੜਕਦਾ ਕੰਡਾ ਕੱਢ ਦਿੱਤਾ ਗਿਆ" ਪੜ੍ਹ ਕੇ ਮੇਰੇ ਕਾਲਜੇ ਨੂੰ ਇਕ ਬਾਰ ਠੰਢ ਤਾਂ ਪਈ ਪਰ ਫਿਰ ਦਿੱਲ ਉਦਾਸ ਹੋ ਗਿਆ ਕਿ ਬੇਅੰਤ ਵਰਗੇ ਹਜਾਰਾਂ ਨੂੰ ਮਾਰ ਕੇ ਵੀ ਸਾਡਾ ਪਿਰਥੀ ਵਾਪਸ ਨਹੀਂ ਆਉਣਾ। ਉਸ ਦੀ ਬਰਸੀ ਤੇ ਹਰ ਸਾਲ ਅਤੇ ਜਾਂ ਜਦੋਂ ਵੀ ਕਦੇ ਉਹਦਾ ਜ਼ਿਕਰ ਚਲਦਾ ਹੈ ਤਾਂ ਮੇਰੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ ਅਤੇ ਮੇਰੇ ਜਿਗਰ ਦਾ ਜ਼ਖਮ ਰਿਸਣ ਲੱਗ ਪੈਂਦਾ ਹੈ।

# ਕੈਨੇਡਾ ਬਾਰੇ ਕੁਝ ਰੋਚਕ ਤੱਥ

1. ਕੈਨੇਡਾ ਲਗਭਗ 9.98 ਮਿਲੀਅਨ ਵਰਗ ਕਿਲੋਮੀਟਰ ਨੂੰ ਕਵਰ ਕਰਦੇ ਹੋਏ ਜ਼ਮੀਨੀ ਖੇਤਰ ਦੇ ਹਿਸਾਬ ਨਾਲ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ।

2. "ਕੈਨੇਡਾ" ਨਾਮ ਸੇਂਟ ਲਾਰੈਂਸ ਇਰੋਕੁਇਅਨ ਸ਼ਬਦ "ਕਨਾਟਾ" ਤੋਂ ਆਇਆ ਹੈ, ਜਿਸਦਾ ਅਰਥ ਹੈ "ਪਿੰਡ" ਜਾਂ "ਬਸਤੀ"।

3. ਕੈਨੇਡਾ ਕੋਲ ਦੁਨੀਆ ਦਾ ਸਭ ਤੋਂ ਲੰਬਾ ਸਮੁੰਦਰੀ ਤੱਟ ਹੈ, ਜੋ ਕਿ 202,000 ਕਿਲੋਮੀਟਰ ਤੋਂ ਵੱਧ ਫੈਲਿਆ ਹੋਇਆ ਹੈ।

4. ਕੈਨੇਡਾ ਤਿੰਨ ਵਰਗ ਕਿਲੋਮੀਟਰ ਤੋਂ ਵੱਡੀਆਂ 31,700 ਝੀਲਾਂ ਦੇ ਨਾਲ ਦੁਨੀਆ ਦੀਆਂ ਸਭ ਤੋਂ ਵੱਧ ਤਾਜ਼ੇ ਪਾਣੀ ਦੀਆਂ ਝੀਲਾਂ ਦਾ ਮਾਣ ਪ੍ਰਾਪਤ ਕਰਦਾ ਹੈ।

5. ਕੈਨੇਡੀਅਨ ਝੰਡਾ, ਜਿਸ ਨੂੰ ਮੈਪਲ ਲੀਫ ਵਜੋਂ ਜਾਣਿਆ ਜਾਂਦਾ ਹੈ, ਨੂੰ 15 ਫਰਵਰੀ, 1965 ਨੂੰ ਅਪਣਾਇਆ ਗਿਆ ਸੀ।

6. ਕੈਨੇਡਾ ਦੀਆਂ ਸਰਕਾਰੀ ਭਾਸ਼ਾਵਾਂ ਅੰਗਰੇਜ਼ੀ ਅਤੇ ਫਰਾਂਸੀਸੀ ਹਨ।

7. ਕੈਨੇਡਾ ਇੱਕ ਸੰਵਿਧਾਨਕ ਰਾਜਤੰਤਰ ਅਤੇ ਇੱਕ ਸੰਸਦੀ ਲੋਕਤੰਤਰ ਹੈ, ਜਿਸ ਵਿੱਚ 'ਕਿੰਗ ਚਾਰਲਸ ਤੀਜਾ' ਸਰਕਾਰ ਦੇ ਮੁਖੀ ਵਜੋਂ ਸੇਵਾ ਕਰਦਾ ਹੈ।

8. ਲੈਕਰੋਸ ਕੈਨੇਡਾ ਦੀ ਰਾਸ਼ਟਰੀ ਗਰਮੀਆਂ ਦੀ ਖੇਡ ਹੈ, ਜਦੋਂ ਕਿ ਹਾਕੀ ਰਾਸ਼ਟਰੀ ਸਰਦੀਆਂ ਦੀ ਖੇਡ ਹੈ, ਜੋ ਕਿ ਬਹੁਤ ਸਾਰੇ ਓਲੰਪਿਕ ਸੋਨ ਤਗਮਿਆਂ ਨਾਲ ਵਿਆਪਕ ਤੌਰ 'ਤੇ ਖੇਡੀ ਅਤੇ ਮਨਾਈ ਜਾਂਦੀ ਹੈ।

9. ਕੈਨੇਡਾ ਆਪਣੇ ਵੰਨ-ਸੁਵੰਨੇ ਜੰਗਲੀ ਜੀਵਾਂ ਲਈ ਜਾਣਿਆ ਜਾਂਦਾ ਹੈ, ਜਿਸ ਵਿੱਚ ਧਰੁਵੀ ਰਿੱਛ, ਮੂਜ਼, ਬੀਵਰ ਅਤੇ ਕੈਨੇਡਾ ਗੀਜ਼ ਸ਼ਾਮਲ ਹਨ।

10. ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਸਥਿਤ ਕੈਨੇਡੀਅਨ ਰੌਕੀਜ਼, ਦੁਨੀਆ ਦੀਆਂ ਸਭ ਤੋਂ ਸ਼ਾਨਦਾਰ ਪਹਾੜੀ ਸ਼੍ਰੇਣੀਆਂ ਵਿੱਚੋਂ ਇੱਕ ਹਨ।

11. ਟੋਰਾਂਟੋ ਵਿੱਚ ਛਾਂ ਟਾਵਰ 2007 ਤੱਕ ਦੁਨੀਆ ਵਿੱਚ ਸਭ ਤੋਂ ਉੱਚਾ ਫਰੀਸਟੈਂਡਿੰਗ ਢਾਂਚਾ ਸੀ ਅਤੇ ਪੱਛਮੀ ਗੋਲਿਸਫਾਇਰ ਵਿੱਚ ਸਭ ਤੋਂ ਉੱਚਾ ਬਣਿਆ ਹੋਇਆ ਹੈ।

12. ਕੈਨੇਡਾ ਦੁਨੀਆ ਦੀ ਸਭ ਤੋਂ ਲੰਬੀ ਸਟ੍ਰੀਟ ਦਾ ਘਰ ਹੈ, ਟੋਰਾਂਟੋ ਵਿੱਚ ਯੋਂਗ ਸਟ੍ਰੀਟ, 1,896 ਕਿਲੋਮੀਟਰ ਤੋਂ ਵੱਧ ਫੈਲੀ ਹੋਈ ਹੈ।

13. ਕੈਨੇਡੀਅਨ ਪ੍ਰਾਂਤ ਕਿਊਬਿਕ ਦੁਨੀਆ ਵਿੱਚ ਮੈਪਲ ਸੀਰਪ ਦਾ ਸਭ ਤੋਂ ਵੱਡਾ ਉਤਪਾਦਕ ਹੈ।

14. ਕੈਨੇਡਾ ਵਿੱਚ ਸਭ ਤੋਂ ਵੱਧ ਝੀਲਾਂ ਹਨ ਜਿਨ੍ਹਾਂ ਵਿੱਚ ਘੱਟ-ਘੱਟ ਇੱਕ ਟਾਪੂ ਹੈ।

15. ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ, ਜਿਸਨੂੰ "ਮਾਊਂਟੀਜ਼" ਵਜੋਂ ਜਾਣਿਆ ਜਾਂਦਾ ਹੈ, ਕੈਨੇਡਾ ਦੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਪ੍ਰਤੀਕਾਂ ਵਿੱਚੋਂ ਇੱਕ ਹਨ।

16. ਨਿਊ ਬਰੰਜ਼ਵਿਕ ਵਿੱਚ 'ਫੰਡੀ ਦੀ ਖਾੜੀ' ਦੁਨੀਆ ਵਿੱਚ ਸਭ ਤੋਂ ਉੱਚੇ ਲਹਿਰਾਂ ਦਾ ਅਨੁਭਵ ਕਰਦੀ ਹੈ ਜੋਕਿ 16 ਮੀਟਰ ਤੱਕ ਦੀ ਉੱਚੀ ਪਹਾੜੀ ਰੇਂਜ ਦੇ ਨਾਲ ਹੈ ।

17. ਕੈਨੇਡਾ ਦੀ ਰਾਜਧਾਨੀ ਓਟਾਵਾ, ਦੇਸ਼ ਦਾ ਪੰਜਵਾਂ ਸਭ ਤੋਂ ਵੱਡਾ ਸ਼ਹਿਰ ਹੈ।

18. ਟਰਾਂਸ-ਕੈਨੇਡਾ ਹਾਈਵੇ ਦੁਨੀਆ ਦੇ ਸਭ ਤੋਂ ਲੰਬੇ ਰਾਸ਼ਟਰੀ ਰਾਜਮਾਰਗਾਂ ਵਿੱਚੋਂ ਇੱਕ ਹੈ, ਜੋ ਕਿ 7,800 ਕਿਲੋਮੀਟਰ ਤੋਂ ਵੱਧ ਫੈਲਿਆ ਹੋਇਆ ਹੈ।

19. ਕੈਨੇਡਾ ਦੇ ਰਾਸ਼ਟਰੀ ਪਾਰਕ, ਜਿਨ੍ਹਾਂ ਵਿੱਚ ਬੈਨਫ, ਜੈਸਪਰ ਅਤੇ ਯੋਹੋ ਸ਼ਾਮਲ ਹਨ, ਆਪਣੀ ਕੁਦਰਤੀ ਸੁੰਦਰਤਾ ਅਤੇ ਵਿਭਿੰਨ ਪਰਿਆਵਰਣ ਪ੍ਰਣਾਲੀਆਂ ਲਈ ਮਸ਼ਹੂਰ ਹਨ।

20. ਕੈਨੇਡਾ ਨੂੰ ਇਸਦੀ ਬਹੁ-ਸੱਭਿਆਚਾਰਕਤਾ ਲਈ ਮਨਾਇਆ ਜਾਂਦਾ ਹੈ, ਦੁਨੀਆ ਭਰ ਦੇ ਪ੍ਰਵਾਸੀਆਂ ਨੇ ਇਸਦੀ ਅਮੀਰ ਸੱਭਿਆਚਾਰਕ ਟੇਪਸਟਰੀ ਵਿੱਚ ਯੋਗਦਾਨ ਪਾਇਆ ਹੈ।

21. ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼, 1982 ਵਿੱਚ ਲਾਗੂ ਕੀਤਾ ਗਿਆ ਸੀ, ਜੋ ਸਾਰੇ ਕੈਨੇਡੀਅਨਾਂ ਨੂੰ ਬੁਨਿਆਦੀ ਆਜ਼ਾਦੀਆਂ ਅਤੇ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ।

22. ਮਾਂਟਰੀਅਲ ਓਲੰਪਿਕ ਸਟੇਡੀਅਮ ਟਾਵਰ ਦੁਨੀਆ ਦਾ ਸਭ ਤੋਂ ਉੱਚਾ ਝੁਕਾਅ ਵਾਲਾ ਟਾਵਰ ਹੈ।

23. ਮਾਂਟਰੀਅਲ ਅਮਰੀਕਾ ਦਾ ਸਭ ਤੋਂ ਵੱਡਾ ਫ੍ਰੈਂਕੋਫੋਨ ਸ਼ਹਿਰ ਹੈ।

24. 15 ਲਾਕ (13 ਕੈਨੇਡੀਅਨ ਅਤੇ 2 ਅਮਰੀਕਨ) ਦੀ ਵਿਸ਼ੇਸ਼ਤਾ ਵਾਲਾ ਬਾਇਨੈਸ਼ਨਲ ਸੇਂਟ ਲਾਰੈਂਸ ਸੀਵੇਅ 168 ਮੀਟਰ ਦੀ ਉਚਾਈ ਵਿੱਚ ਅੰਤਰ ਨੂੰ ਪਾਰ ਕਰਦੇ ਹੋਏ, ਮਾਂਟਰੀਅਲ ਅਤੇ ਐਰੀ ਝੀਲ ਦੇ ਵਿਚਕਾਰ ਜਹਾਜ਼ਾਂ ਨੂੰ ਆਵਾਜਾਈ ਦੀ ਆਗਿਆ ਦਿੰਦਾ ਹੈ।

25. ਕੈਨੇਡਾ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਚੂਹਿਆਂ ਦੀ ਆਬਾਦੀ ਹੈ।

# ਕਾਲ ਕੋਠੜੀ : ਆਜ਼ਾਦੀ ਨੂੰ ਲੈ ਕੇ ਇਕ ਬੰਦੀ ਦੀ ਸੋਚ

-ਗੌਤਮ ਨਵਲਖਾ



*ਇਹ ਲੇਖ ਨਾਗਰਿਕ ਆਜ਼ਾਦੀਆਂ ਦੇ ਕਾਰਕੁਨ ਗੌਤਮ ਨਵਲੱਖਾ ਦੁਆਰਾ ਕੈਦ ਦੇ ਸਮੇਂ ਦੌਰਾਨ ਲਿਖਿਆ ਗਿਆ। ਉਸ ਨੂੰ ਐਲਗਾਰ ਪ੍ਰੀਸ਼ਦ ਕੇਸ ਵਿਚ ਫਸਾਇਆ ਗਿਆ ਸੀ ਜਿਸ ਵਿੱਚ 16 ਹੱਕਾਂ ਦੇ ਕਾਰਕੁੰਨਾਂ, ਵਕੀਲਾਂ, ਲੇਖਕਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ। " ਨਹੀਂ, ਆਜ਼ਾਦੀ ਇਕੱਲੀ ਨਹੀਂ ਮਰਦੀ। ਇਸ ਦੇ ਨਾਲ ਹੀ ਸਦਾ ਲਈ ਨਿਆਂ ਵੀ ਜਲਾਵਤਨ ਕਰ ਦਿੱਤਾ ਜਾਂਦਾ ਹੈ, ਕੌਮ ਸੰਤਾਪੀ ਜਾਂਦੀ ਹੈ, ਅਤੇ ਬੇਗੁਨਾਹੀ ਨਿੱਤ ਨਵੇਂ ਸਿਰਿਓਂ ਸੂਲੀ 'ਤੇ ਟੰਗੀ ਜਾਂਦੀ ਹੈ।"- ਐਲਬਰਟ ਕੈਮੂ, ਪ੍ਰਤੀਰੋਧ, ਬਗਾਵਤ ਅਤੇ ਮੌਤ। - ਸੰਪਾਦਕ*

ਇੱਕ ਕੈਦੀ ਦੀ ਆਜ਼ਾਦੀ ਬਾਰੇ ਸਮਝ, ਇਸਨੂੰ ਖੋਹੇ ਜਾਨ ਨਾਲ ਹੀ ਤੀਬਰ ਹੋ ਜਾਂਦੀ ਹੈ। ਘੁੰਮਣ-ਫਿਰਨ ਅਤੇ ਗਤੀਸ਼ੀਲਤਾ 'ਤੇ ਸਖ਼ਤ ਰੋਕਾਂ ਪ੍ਰਗਟਾਵੇ ਅਤੇ ਭਾਸ਼ਣ 'ਤੇ ਲਗਾਈਆਂ ਗਈਆਂ ਨਵਾਜਬ ਪਾਬੰਦੀਆਂ ਨਾਲ ਹੋਰ ਵੀ ਜਟਿਲ ਹੋ ਜਾਂਦੀਆਂ ਹਨ। ਇੰਨਾ ਹੀ ਨਹੀਂ, ਜੇਕਰ ਕੋਈ ਕੈਦੀ ਭੋਜਨ, ਪਾਣੀ, ਡਾਕਟਰੀ ਸਹਾਇਤਾ ਨਾਲ ਸੰਬੰਧਤ ਬੁਨਿਆਦੀ ਮੁੱਦੇ ਵੀ ਉਠਾਉਂਦਾ ਹੈ - ਜੋ ਜ਼ਿੰਦਗੀ ਦੇ ਅਧਿਕਾਰ ਦਾ ਮੂਲ ਹਨ - ਤਾਂ ਜੇਲ੍ਹ ਅਧਿਕਾਰੀਆਂ ਦਾ ਹੁੰਗਾਰਾ ਪਾਵਲੋਵੀਅਨ ਹੁੰਦਾ ਹੈ: ਰੱਦ ਕਰ ਦੇਣਾ, ਇਨਕਾਰ ਕਰ ਦੇਣਾ ਜਾਂ, ਇਸਦਾ ਬਿਹਤਰੀਨ ਰੂਪ ਹੁੰਦਾ ਹੈ ਨਿਪਟਾਰੇ ਨੂੰ ਟਾਲਦੇ ਜਾਣਾ। ਜ਼ਰਾ ਕਲਪਨਾ ਕਰੋ ਕਿ ਇੱਕ ਕੈਦੀ ਨੂੰ ਤਾਜ਼ੀ ਹਵਾ ਵਿੱਚ ਸਾਹ ਲੈਣ, ਦਿਨ ਵਿੱਚ ਘੱਟੋ-ਘੱਟ ਇੱਕ ਘੰਟਾ ਧੁੱਪ ਲੈਣ, ਆਪਣੀ ਪਸੰਦ ਦੀਆਂ ਕਿਤਾਬਾਂ ਪੜ੍ਹਨ ਜਾਂ ਜੇਲ੍ਹ ਦੀ ਲਾਇਬ੍ਰੇਰੀ ਵਿੱਚ ਜਾਣ ਦੇ ਅਧਿਕਾਰ ਲਈ ਲੜਨਾ ਪੈਂਦਾ ਹੈ। ਜਿੱਥੋਂ ਤੱਕ ਮੇਰਾ ਸਵਾਲ ਹੈ, ਜਦੋਂ ਦੋ ਸਾਲ ਤੱਕ ਜੇਲ੍ਹ ਅਧਿਕਾਰੀਆਂ ਨੂੰ ਗੁਜ਼ਾਰਿਸ਼ ਕਰਨ ਤੋਂ ਬਾਅਦ ਵੀ ਮੇਰੀ ਸੁਣਵਾਈ ਨਹੀਂ ਹੋਈ ਤਾਂ ਮੈਨੂੰ ਕਸਟੋਡੀਅਨ ਕੋਰਟ (ਟਰਾਇਲ ਕੋਰਟ) ਦਾ ਰੁਖ ਕਰਨ ਲਈ ਮਜਬੂਰ ਹੋਣਾ ਪਿਆ, ਜਿਸ ਨੇ ਮੈਨੂੰ ਹਰ ਰੋਜ਼ ਸਵੇਰੇ ਅੱਧੇ ਘੰਟੇ ਲਈ ਸੈਰ ਕਰਨ ਦੀ ਇਜਾਜ਼ਤ ਦੇ ਦਿੱਤੀ।

ਮੈਂ ਤਲੋਜਾ ਸੈਂਟਰਲ ਜੇਲ੍ਹ ਵਿੱਚ 3500 ਤੋਂ ਵੱਧ ਕੈਦੀਆਂ ਵਿੱਚੋਂ ਸੈਰ ਕਰਨ ਵਾਲਾ ਇਕੱਲਾ ਕੈਦੀ ਸੀ। ਬੰਬੇ ਹਾਈਕੋਰਟ ਨੇ ਵੀ ਮੈਨੂੰ ਆਪਣੀ ਪਸੰਦ ਦੀਆਂ ਕਿਤਾਬਾਂ ਹਾਸਲ ਕਰਨ ਦੀ ਇਜਾਜ਼ਤ ਦਿੱਤੀ। ਹਾਲਾਂਕਿ, ਅਜਿਹੀਆਂ ਰਿਆਇਤਾਂ ਸਾਰੇ ਕੈਦੀਆਂ ਨੂੰ ਨਹੀਂ ਦਿੱਤੀਆਂ ਗਈਆਂ। ਇਸ ਵਿੱਚ ਜੇਲ੍ਹ ਦੇ ਅੰਦਰ ਦਰਜੇਬੰਦੀ ਅਤੇ ਨਬਰਾਬਰੀ ਦੀ ਕਹਾਣੀ ਨਿਹਿਤ ਹੈ।

ਜਦੋਂ ਮੈਂ ਜੇਲ੍ਹ ਵਿੱਚ ਪ੍ਰਵੇਸ਼ ਕੀਤਾ, ਤਾਂ ਮੇਰਾ ਵਾਹ ਹਕੀਕਤ ਨਾਲ ਪਿਆ ਜਿੱਥੇ ਹਰੇਕ ਕੈਦੀ ਤੋਂ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਸੀ, ਪਰ ਜੇਲ੍ਹ ਮੈਨੂਅਲ, ਜਿਸ ਵਿੱਚ ਉਨ੍ਹਾਂ ਨਿਯਮਾਂ ਨੂੰ ਸੂਚੀਬੱਧ ਕੀਤਾ ਗਿਆ ਸੀ, ਇੱਕ 'ਰਾਸ਼ਟਰੀ ਸੁਰੱਖਿਆ ਮਾਮਲੇ' ਵਾਂਗ ਸੀ। ਸਿਰਫ਼ ਕੁਝ ਲੋਕਾਂ ਨੂੰ ਹੀ ਇਸ ਤੱਕ ਪਹੁੰਚਣ ਦੀ ਇਜਾਜ਼ਤ ਸੀ ਅਤੇ ਉਹ ਵੀ ਜੇਲ੍ਹ ਸੁਪਰਡੈਂਟ ਨੂੰ 'ਬੇਨਤੀ' ਕਰਨ ਤੋਂ ਬਾਅਦ। ਸਵਾਲ ਕਰਨਾ ਨਾਗਰਿਕ ਆਜ਼ਾਦੀਆਂ ਦੇ ਕਾਰਕੁਨ ਦੀ ਦੂਜੀ ਫ਼ਿਤਰਤ ਹੈ। ਰੂਸੀ-ਅਮਰੀਕੀ ਲੇਖਕ ਵਲਾਦੀਮੀਰ ਨਬੋਕੋਵ ਦੀ ਇਹ ਟਿੱਪਣੀ ਕਿ 'ਉਤਸੁਕਤਾ ਆਪਣੇ ਸ਼ੁੱਧ ਰੂਪ ਵਿੱਚ ਅਵੱਗਿਆ ਹੈ' ਨੇ ਮੈਨੂੰ ਡੂੰਘੀ ਸਮਝ ਦਿੱਤੀ ਅਤੇ ਜੇਲ੍ਹ ਮੈਨੂਅਲ ਤੱਕ ਪਹੁੰਚ ਕਰਨ ਲਈ ਮੇਰਾ ਸੰਘਰਸ਼ ਇਸ ਦੇ ਤੱਤ ਨੂੰ ਜਾਨਣ ਦੀ ਮੇਰੀ ਜਿਗਿਆਸਾ 'ਚੋਂ ਉਪਜਿਆ।

ਨਾਗਰਿਕ ਆਜ਼ਾਦੀਆਂ ਦਾ ਕਾਰਕੁਨ ਹੋਣ ਦੇ ਨਾਤੇ, ਮੇਰਾ ਮੰਨਣਾ ਹੈ ਕਿ ਨਾਗਰਿਕਾਂ ਦਾ ਸਸ਼ਕਤੀਕਰਨ, ਜੋ ਕਿ ਲੋਕਤੰਤਰ ਦੀ ਖ਼ਾਸੀਅਤ ਹੈ, ਇਹ ਜਾਣਕਾਰੀ ਹੋਣ ਨਾਲ ਆਉਂਦਾ ਹੈ ਕਿ ਜਬਰ-ਜ਼ੁਲਮ ਤੋਂ ਅਜ਼ਾਦੀ ਲਈ ਸੰਘਰਸ਼ ਓਨਾ ਮਾਇਨੇ ਨਹੀਂ ਰੱਖਦਾ, ਜਿੰਨਾ ਕਿ ਸੰਘਰਸ਼ ਨੂੰ ਜਾਰੀ ਰੱਖਣ ਦਾ ਨਿਰਣਾ। ਸੰਘਰਸ਼ ਲਈ ਇਸ ਵਚਨਬੱਧਤਾ ਤੋਂ ਬਿਨਾਂ, ਲੋਕ ਕੈਦ ਦੀ ਹਾਲਤ 'ਚ ਆ ਜਾਣਗੇ, ਜਦੋਂ ਕਿ ਰੁਝੇਵਾਂ ਅਤੇ ਸੰਘਰਸ਼ ਵਿਅਕਤੀ ਨੂੰ ਬੇਵੱਸ ਮਹਿਸੂਸ ਕਰਨ ਤੋਂ ਮੁਕਤ ਕਰਦਾ ਹੈ। ਇਹ ਸੰਘਰਸ਼ ਪ੍ਰਤੀ ਸਾਡਾ ਜੁੜਾਅ ਹੀ ਹੈ ਜੋ ਸਾਨੂੰ ਏਜੰਸੀ/ਜ਼ਰੀਆ ਮੁਹੱਈਆ ਕਰਦਾ ਹੈ ਅਤੇ ਸਾਨੂੰ ਅਜ਼ਾਦੀ ਲਈ ਕੁਝ ਜਗ੍ਹਾ ਬਣਾਉਣ ਦੇ ਨਾਲ-ਨਾਲ ਮੁਸ਼ਕਲਾਂ ਤੇ ਨਾਕਾਮਯਾਬੀਆਂ ਦੇ ਵਿਰੁੱਧ ਡਟੇ ਰਹਿਣ ਦੇ ਕਾਬਲ ਬਣਾਉਂਦਾ ਹੈ।

ਆਪਣੀ ਗੱਲ ਕਰਾਂ, ਤਾਂ ਮੇਰੇ ਕੋਲ ਕਿਤਾਬਾਂ ਪੜ੍ਹਨ, ਮਿਲਣ ਤੇ ਦੋਸਤੀ ਦੇ ਰਿਸ਼ਤੇ ਗੰਢਣ, ਹੋਰ ਕੈਦੀਆਂ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਨ ਲਈ ਵਧੇਰੇ ਸਮਾਂ ਸੀ। ਮੈਂ ਆਪਣੇ ਸਹਿ-ਦੋਸ਼ੀਆਂ ਨੂੰ ਜਾਣਿਆ ਅਤੇ ਕੈਦ ਦੇ ਬਾਵਜੂਦ, ਉਨ੍ਹਾਂ ਦੇ ਮਜ਼ਬੂਤ ਰਵੱਈਏ ਅਤੇ ਰਚਨਾਤਮਕ ਰੁਝੇਵਿਆਂ ਤੋਂ ਤਾਕਤ ਹਾਸਲ ਕਰਨੀ ਸਿੱਖੀ। ਮੈਨੂੰ ਅਹਿਸਾਸ ਹੋਇਆ ਕਿ ਮੈਂ ਆਪਣੇ ਮਨ ਵਿਚ ਆਜ਼ਾਦ ਮਹਿਸੂਸ ਕਰ ਰਿਹਾ ਹਾਂ, ਜਿਸ ਨੂੰ ਕੋਈ ਨਿਯਮ ਜਾਂ ਪਾਬੰਦੀ ਮੇਰੇ ਤੋਂ ਖੋਹ ਨਹੀਂ ਕਰ ਸਕਦੀ। ਨਵੇਂ ਲੋਕਾਂ ਨੂੰ ਜਾਣਨ, ਉਨ੍ਹਾਂ ਤੋਂ ਸਿੱਖਣ ਅਤੇ ਆਪਣੀਆਂ ਕੁਝ ਧਾਰਨਾਵਾਂ ਨੂੰ ਛੱਡਣ ਨਾਲ ਮੈਨੂੰ ਜੇਲ੍ਹ ਵਿੱਚ ਇੱਕ ਮਕਸਦ ਮਿਲ ਗਿਆ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਅਜ਼ਾਦੀ ਮੌਕਿਆਂ ਦਾ ਫ਼ਾਇਦਾ ਉਠਾਉਣ 'ਚ ਨਿਹਿਤ ਹੈ, ਭਾਵੇਂ ਉਹ ਕਿੰਨੇ ਵੀ ਛੋਟੇ ਕਿਉਂ ਨਾ ਹੋਣ।

ਇਕ ਅਜਿਹੀ ਜਗ੍ਹਾ ਦੇ ਰੂਪ 'ਚ ਜੇਲ ਦੀ ਪਛਾਣ, ਜਿੱਥੇ ਮੁਕੱਦਮੇ ਤੋਂ ਬਾਅਦ ਦੋਸ਼ੀ ਠਹਿਰਾਏ ਜਾਣ ਵਾਲੇ ਵਿਅਕਤੀਆਂ ਨੂੰ ਸਜ਼ਾ ਵਜੋਂ ਭੇਜਿਆ ਜਾਂਦਾ ਹੈ, ਭਾਰਤੀ ਜੇਲ੍ਹਾਂ ਵਿੱਚ ਆਪਣਾ ਅਰਥ ਗੁਆ ਚੁੱਕੀ ਹੈ, ਜਿਨ੍ਹਾਂ ਦੀ 80 ਆਬਾਦੀ ਵਿਚਾਰ-ਅਧੀਨ ਅਤੇ ਨਜ਼ਰਬੰਦ ਕੈਦੀਆਂ ਦੀ ਹੈ। ਭਾਰਤ ਦੀ ਹਕੂਮਤ ਅਤੇ ਨਿਆਂਪਾਲਿਕਾ ਲੋਕਾਂ ਨੂੰ ਬਿਨਾਂ ਮੁਕੱਦਮੇ ਚਲਾਏ ਜਾਂ ਦੋਸ਼ੀ ਠਹਿਰਾਏ ਜੇਲ੍ਹਾਂ ਵਿੱਚ ਭੇਜ ਦਿੰਦੀ ਹੈ। ਹਰ ਕੈਦੀ ਪ੍ਰਚਲਿਤ ਜੇਲ੍ਹ ਮੈਨੂਅਲ ਨਾਲ ਬੱਝਿਆ ਹੋਇਆ ਹੈ। ਮਹਾਰਾਸ਼ਟਰ ਜੇਲ੍ਹ ਮੈਨੂਅਲ ਕੈਦੀਆਂ ਨੂੰ ਗੀਤ ਗਾਉਣ ਜਾਂ ਉੱਚੀ-ਉੱਚੀ ਹੱਸਣ ਦੀ ਮਨਾਹੀ ਕਰਦਾ ਹੈ। [ਅਧਿਆਇ 26, 'ਜੇਲ੍ਹ ਅਨੁਸ਼ਾਸਨ'- ਮਹਾਰਾਸ਼ਟਰ ਰਾਜ ਜੇਲ੍ਹ ਨਿਯਮਾਵਲੀ, ਨਿਯਮ 19 ਵਿੱਚ ਜੇਲ੍ਹ ਐਕਟ 1894 ਦੇ ਸੈਕਸ਼ਨ 45 ਦੇ ਅਰਥਾਂ ਤਹਿਤ ਜੇਲ੍ਹ ਦੇ ਅਪਰਾਧ ਮੰਨੇ ਜਾਣ ਵਾਲੇ ਕੰਮਾਂ ਨੂੰ ਸੂਚੀਬੱਧ ਕਰਦਾ ਹੈ ਅਤੇ ਨਿਯਮ 19 (1) "ਅਧਿਕਾਰੀ ਦੇ ਹੁਕਮ ਦੇਣ 'ਤੇ ਗੱਲ ਕਰਨ, ਗਾਉਣ, ਉੱਚੀ ਉੱਚੀ ਹੱਸਣ ਅਤੇ ਉੱਚੀ ਉੱਚੀ ਗੱਲਾਂ ਕਰਨ" ਦੀ ਮਨਾਹੀ ਕਰਦਾ ਹੈ]।

ਮੈਨੂੰ ਹੱਸਣ ਅਤੇ ਗੱਲ ਕਰਨ ਦੀ ਮਨਾਹੀ ਵਾਲਾ ਨਿਯਮ ਇਤਰਾਜ਼ਯੋਗ ਲੱਗਿਆ। ਜੇ ਕੋਈ ਹੱਸਣ ਵਾਲੀ ਗੱਲ ਹੈ ਤਾਂ ਮੈਂ ਜਾਂ ਕੋਈ ਹੋਰ ਕੈਦੀ ਉਸ ਭਾਵਨਾ ਨੂੰ ਦਬਾਉਣ ਜਾਂ ਚੁੱਪ ਹੋਣ ਲਈ ਮਜਬੂਰ ਕਿਉਂ ਹੋਈਏ? ਜਿੱਥੋਂ ਤੱਕ 'ਉੱਚੀ ਗੱਲ ਕਰਨ' ਦੀ ਸਵਾਲ ਹੈ, ਇਹ ਪ੍ਰਸੰਗ 'ਤੇ ਨਿਰਭਰ ਕਰਦਾ ਹੈ। ਅੰਡਾ ਸੈੱਲ (ਉੱਚ ਸੁਰੱਖਿਆ ਇਕਾਂਤ ਕੈਦ) ਵਿੱਚ, 'ਬੰਦੀ' ਤੋਂ ਬਾਅਦ (ਜਦੋਂ ਕੈਦੀ ਬੰਦ ਹੋ ਜਾਂਦੇ ਹਨ), ਕੈਦੀਆਂ ਨੂੰ ਇੱਕ ਦੂਜੇ ਨਾਲ ਗੱਲ ਕਿਵੇਂ ਕਰਨੀ ਚਾਹੀਦੀ ਹੈ ਜਦੋਂ ਉਨ੍ਹਾਂ ਦੇ ਸੈੱਲ ਇੱਕ ਦੂਜੇ ਤੋਂ ਕਾਫ਼ੀ ਦੂਰੀ 'ਤੇ ਹੁੰਦੇ ਹਨ? ਜਦੋਂ 'ਬੰਦੀ' ਖੁੱਲ੍ਹਦੀ ਹੈ, ਉਦੋਂ ਅਸੀਂ ਸਹਿਜ ਹੋ ਕੇ ਗੱਲ ਕਰ ਸਕਦੇ ਹਾਂ। ਪਰ ਜੇ ਕੋਈ ਇੱਕ ਦੂਜੇ ਦੀ ਸਿਹਤ ਜਾਂ ਆਮ ਰਾਜ਼ੀਖੁਸ਼ੀ ਵਰਗੀਆਂ ਚੀਜ਼ਾਂ 'ਤੇ ਚਰਚਾ ਕਰਨਾ ਚਾਹੁੰਦਾ ਹੈ, ਤਾਂ ਉੱਚੀ ਬੋਲਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ। ਜਿੱਥੋਂ ਤੱਕ ਗਾਉਣ ਦੀ ਗੱਲ ਹੈ, ਮੇਰੇ ਸਹਿ-ਮੁਲਜ਼ਮਾਂ ਵਿੱਚ ਸੱਭਿਆਚਾਰਕ ਕਲਾਕਾਰ ਵੀ ਸਨ, ਜਿਨ੍ਹਾਂ ਨੇ ਗੀਤ ਲਿਖੇ, ਸੰਗੀਤ ਤਿਆਰ ਕੀਤਾ ਅਤੇ ਇਹ ਗੀਤ ਗਾਏ, ਜਿਨ੍ਹਾਂ ਨੇ ਸਾਨੂੰ ਵੀ ਗਾਉਣ ਲਈ ਪ੍ਰੇਰਿਆ। ਇਹੀ ਕਾਰਨ ਹੈ ਕਿ ਬੇਮੇਲ ਨਿਯਮ ਆਮ ਹੀ ਤੋੜੇ ਜਾਂਦੇ ਸਨ।

ਜਦੋਂ ਕੋਈ ਅਧਿਕਾਰੀ ਸਾਡੇ ਅਹਾਤੇ ਦਾ ਦੌਰਾ ਕਰਦਾ ਸੀ, ਤਾਂ ਅਸੀਂ ਆਪਣੇ ਮੁੱਦੇ ਉਠਾਉਣ ਤੋਂ ਕਤਰਾਉਂਦੇ ਨਹੀਂ ਸੀ। ਹਮੇਸ਼ਾ ਤਾਂ ਨਹੀਂ, ਪਰ ਕਦੇ-ਕਦਾਈਂ ਆਵਾਜ਼ਾਂ ਉੱਚੀਆਂ ਹੋ ਜਾਂਦੀਆਂ ਹਨ ਅਤੇ ਗਾਣੇ ਗਾਏ ਜਾਂਦੇ ਹਨ। ਪਰ ਮੁੱਦਾ ਇਹ ਹੈ ਕਿ ਸਿਰਫ਼ ਇਸ ਲਈ ਕਿ ਨਿਯਮ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਦੀ ਅੱਖਾਂ ਮੀਟ ਕੇ ਪਾਲਣਾ ਕਰਨੀ ਜ਼ਰੂਰੀ ਹੈ।

**ਧੀਮੀ ਸੁਰ** : ਅਜਿਹੇ ਤਜਰਬਿਆਂ ਤੋਂ ਜਾਣੂ ਹੋ ਕੇ, ਬਾਹਰਲੀ ਦੁਨੀਆ ਦੀਆਂ ਘਟਨਾਵਾਂ ਅਤੇ ਵਿਕਾਸ ਬਾਰੇ ਮੇਰੀ ਧਾਰਨਾ ਬਹੁਤ ਸ਼ਿੱਦਤ ਭਰਪੂਰ ਹੋ ਗਈ। ਇੱਥੇ ਮੈਂ ਦੱਸ ਦਿਆਂ ਕਿ ਕੈਦੀਆਂ ਲਈ, ਰੋਜ਼ਾਨਾ ਅਖ਼ਬਾਰ ਹੀ ਬਾਹਰੀ ਦੁਨੀਆ ਨੂੰ ਦੇਖਣ ਲਈ ਇੱਕੋ ਇੱਕ ਝਰੋਖਾ ਹਨ। ਜੇ ਕੋਈ ਟਿੱਪਣੀ ਜਾਂ ਨਿਰੀਖਣ ਮੈਨੂੰ ਪਹਿਲਾਂ ਨਾਲੋਂ ਜ਼ਿਆਦਾ ਪਰੇਸ਼ਾਨ ਕਰਦਾ, ਤਾਂ ਮੈਂ ਇਨ੍ਹਾਂ ਟਿੱਪਣੀਆਂ ਕਰਕੇ ਉਸ ਨੂੰ ਖਾਰਜ ਨਹੀਂ ਕਰ ਸਕਦਾ ਜੋ ਉਹ ਦਰਸਾਉਂਦੀਆਂ ਸਨ। ਮਿਸਾਲ ਲਈ, ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ 2 ਜਨਵਰੀ 2022 ਨੂੰ ਦਾਅਵਾ ਕੀਤਾ ਕਿ 'ਆਜ਼ਾਦੀ ਤੋਂ ਬਾਅਦ ਫਰਜ਼ਾਂ ਨੂੰ ਪੂਰੀ ਤਰ੍ਹਾਂ ਭੁੱਲ ਕੇ ਅਧਿਕਾਰਾਂ ਨੂੰ ਪਹਿਲ ਦੇਣ ਨਾਲ ਮੁਲਕ ਕਮਜ਼ੋਰ ਹੋਇਆ ਹੈ' ਤਾਂ ਇਸ ਨੇ ਮੇਰੇ ਚੇਤਿਆਂ 'ਚ 1975-77 ਦੀ ਐਮਰਜੈਂਸੀ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਇਹ ਉਸ ਸਮੇਂ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਸੀ ਜਿਸ ਨੇ ਅਧਿਕਾਰਾਂ ਤੋਂ ਵੱਧ ਕਰਤੱਵਾਂ ਦਾ ਪ੍ਰਚਾਰ ਕੀਤਾ ਅਤੇ ਨਾਗਰਿਕਾਂ ਦੇ ਕਰਤੱਵਾਂ ਨੂੰ ਸੂਚੀਬੱਧ ਕਰਨ ਵਾਸਤੇ ਧਾਰਾ 51 ਨੂੰ ਸ਼ਾਮਲ ਕਰਨ ਲਈ ਸੰਵਿਧਾਨ ਵਿੱਚ ਸੋਧ ਕੀਤੀ। ਇਸ ਨੂੰ ਨਾਗਰਿਕਾਂ ਤੋਂ ਕਿੰਤੂਰਹਿਤ ਆਗਿਆਕਾਰੀ ਹੋਣ ਦੀ ਮੰਗ ਕਰਨ ਦੇ ਇੱਕ ਤਰੀਕੇ ਵਜੋਂ ਸਹੀ ਸਮਝਿਆ ਗਿਆ ਸੀ, ਜਿਸ ਤਰ੍ਹਾਂ ਇਹ ਹੁਣ 'ਨਵੇਂ' ਇੰਡੀਆ, ਮਾਫ਼ ਕਰਨਾ, ਭਾਰਤ ਵਿਚ ਕੀਤਾ ਜਾ ਰਿਹਾ ਹੈ।

ਸੱਤਾ 'ਤੇ ਕਾਬਜ਼ ਲੋਕਾਂ ਦੁਆਰਾ ਫਰਜ਼ਾਂ ਦਾ ਉਪਦੇਸ਼ ਲਾਜ਼ਮੀ ਤੌਰ 'ਤੇ ਆਗਿਆਕਾਰਤਾ ਅਤੇ ਵਫ਼ਾਦਾਰੀ ਲਈ ਇੱਕ ਕੋਡ ਹੈ ਜੋ ਸੰਕੀਰਣਤਾ ਨੂੰ ਜਨਮ ਦਿੰਦਾ ਹੈ। ਜਦੋਂ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਫਰਜ਼ ਵੀ ਸਾਹਮਣੇ ਆਉਂਦੇ ਹਨ; ਮੇਰਾ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਅੰਦਰੂਨੀ ਤੌਰ 'ਤੇ ਦੂਜਿਆਂ ਦਾ ਸਨਮਾਨ ਕਰਨ ਦੇ ਮੇਰੇ ਫਰਜ਼ ਨਾਲ ਜੁੜਿਆ ਹੋਇਆ ਹੈ ਨਹੀਂ ਤਾਂ ਅਧਿਕਾਰਾਂ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਜਦੋਂ ਹੁਕਮਰਾਨ ਫਰਜ਼ ਦੀ ਮੰਗ ਕਰਦੇ ਹਨ, ਤਾਂ ਇਹ ਲੋਕਾਂ ਨੂੰ ਆਪਣੇ ਇਸ਼ਾਰਿਆਂ 'ਤੇ ਨੱਚਣ ਲਈ ਮਜਬੂਰ ਕਰਨਾ ਹੁੰਦਾ ਹੈ, ਜੋ ਕੁਝ ਵੀ ਉਨ੍ਹਾਂ ਅੱਗੇ ਪਰੋਸਿਆ ਜਾਂਦਾ ਹੈ, ਉਸ ਨੂੰ ਬਿਨਾਂ ਕਿੰਤੂ-ਪ੍ਰੰਤੂ ਕੀਤੇ ਮੰਨਣਾ।

ਜਿਹੜੀ ਗੱਲ ਮੈਨੂੰ ਰੜਕੀ ਉਹ ਇਹ ਸੀ ਕਿ ਅਖ਼ਬਾਰਾਂ ਨੇ ਨਾਗਰਿਕਾਂ ਦੇ ਅਧਿਕਾਰਾਂ ਬਾਰੇ ਪ੍ਰਧਾਨ ਮੰਤਰੀ ਮੋਦੀ ਦੀ ਕਪਟ ਭਰੀ ਟਿੱਪਣੀ 'ਤੇ ਕੋਈ ਸੰਪਾਦਕੀ ਟਿੱਪਣੀ ਕੀਤੀ ਹੀ ਨਹੀਂ। ਇਹ ਚੁੱਪ ਮੈਨੂੰ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਤੋਂ ਡਰ ਦੀ ਨਿਸ਼ਾਨੀ ਜਾਪੀ। ਅਧਿਕਾਰਾਂ ਨੂੰ ਛਾਂਗਣ ਵੱਲ ਮੋਦੀ ਦਾ ਨਿਹਿਤ ਝੁਕਾਅ ਜਿੰਨਾ ਮਨਹੂਸ ਸੀ, ਬਾਅਦ ਵਿੱਚ ਮੈਨੂੰ ਉਸ ਦੀ ਇੱਕ ਹੋਰ ਟਿੱਪਣੀ ਮਿਲੀ ਜਿਸ ਤੋਂ ਪਤਾ ਲੱਗਿਆ ਹੈ ਕਿ ਉਸ ਨੂੰ ਇਸ ਮਾਮਲੇ ਵਿੱਚ ਜਾਣਬੁੱਝ ਕੇ ਸ਼ਾਮਲ ਕੀਤਾ ਜਾ ਰਿਹਾ ਸੀ।

26 ਨਵੰਬਰ, 2023 ਨੂੰ, ਪ੍ਰਧਾਨ ਮੰਤਰੀ ਨੇ ਆਪਣੇ ਰੇਡੀਓ ਭਾਸ਼ਣ 'ਮਨ ਕੀ ਬਾਤ' ਵਿੱਚ ਦਾਅਵਾ ਕੀਤਾ ਕਿ ਇਹ 'ਮੰਦਭਾਗਾ' ਸੀ ਕਿ ਭਾਰਤੀ ਸੰਵਿਧਾਨ ਵਿੱਚ ਪਹਿਲੀ ਸੋਧ (ਮਈ 1951) ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ 'ਛਾਂਗਣ' ਲਈ ਕੀਤੀ ਗਈ ਸੀ। ਜਿਵੇਂ ਕਿ ਉਸ ਦੀ ਖ਼ੂਬੀ ਹੈ, ਉਸਨੇ ਇਹ ਨਹੀਂ ਦੱਸਿਆ ਕਿ ਇਹ ਸੋਧ 'ਜ਼ਮੀਂਦਾਰੀ' ਪ੍ਰਣਾਲੀ ਨੂੰ ਖ਼ਤਮ ਕਰਨ ਅਤੇ ਦਲਿਤਾਂ ਨੂੰ ਜਾਤੀ ਦੇ ਜ਼ੁਲਮ ਤੋਂ ਬਚਾਉਣ ਲਈ ਵੀ ਸੀ। ਇਸ ਦੀ ਬਜਾਏ, ਪ੍ਰਧਾਨ ਮੰਤਰੀ ਨੇ ਸੰਕੇਤ ਦਿੱਤਾ ਕਿ ਉਹ ਤੇ ਉਸਦੀ ਸਰਕਾਰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ 'ਚ ਡੱਟ ਕੇ ਖੜ੍ਹੇ ਹਨ। ਉਸਦੇ ਰੇਡੀਓ ਭਾਸ਼ਣ ਦੇ 24 ਘੰਟਿਆਂ ਦੇ ਅੰਦਰ ਹੀ ਜੰਮੂ ਅਤੇ ਕਸ਼ਮੀਰ ਪੁਲਿਸ, ਜੋ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ, ਨੇ ਵੰਨ ਡੇ ਇੰਟਰਨੈਸ਼ਨਲ ਵਰਲਡ ਕੱਪ ਫਾਈਨਲ ਵਿਚ ਭਾਰਤ ਉੱਤੇ ਆਸਟ੍ਰੇਲੀਆ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਦਹਿਸ਼ਤਵਾਦ ਵਿਰੋਧੀ ਕਾਲੇ ਕਾਨੂੰਨ, ਗੈਰਕਾਨੂੰਨੀ ਕਾਰਵਾਈਆਂ (ਰੋਕੂ) ਐਕਟ (ਯੂਏਪੀਏ) ਦੇ ਤਹਿਤ ਸੱਤ ਵਿਦਿਆਰਥੀਆਂ ਵਿਰੁੱਧ ਦੋਸ਼ ਲਗਾਏ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਪੁਲਿਸ ਨੇ ਦਾਅਵਾ ਕੀਤਾ ਕਿ ਗ੍ਰਿਫਤਾਰੀਆਂ ਦਾ ਨਿਸ਼ਾਨਾ 'ਭਾਰਤ ਪੱਖੀ ਜਾਂ ਪਾਕਿਸਤਾਨ ਵਿਰੋਧੀ ਭਾਵਨਾਵਾਂ ਰੱਖਣ ਵਾਲਿਆਂ ਜਾਂ ਆਪਣੇ ਨਾਲ ਅਸਹਿਮਤ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਵਾਲੇ ਸਨ।' ਹਾਲਾਂਕਿ, ਵਿਆਪਕ ਆਲੋਚਨਾ ਕਾਰਨ ਪੁਲਿਸ ਨੂੰ ਛੇਤੀਂ ਹੀ ਪਿੱਛੇ ਹਟਣਾ ਪਿਆ। ਪਰ ਨੁਕਤਾ ਇਹ ਹੈ ਕਿ ਪੁਲਿਸ ਦਾ ਸੁਭਾਵਕ ਪ੍ਰਤੀਕਰਮ ਉਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣਾ ਸੀ ਜਿਨ੍ਹਾਂ ਨੇ ਸਿੱਧੇ ਅਤੇ ਸੌੜੇ ਅੰਧਰਾਸ਼ਟਰਵਾਦੀ ਰਾਸ਼ਟਰਵਾਦ ਦੀ ਪੈੜ 'ਚ ਪੈੜ ਧਰਨ ਤੋਂ ਇਨਕਾਰ ਕਰ ਦਿੱਤਾ ਸੀ।

ਜੰਮੂ-ਕਸ਼ਮੀਰ ਪੁਲਿਸ ਅਤੇ ਉਨ੍ਹਾਂ ਦੀ ਹਮਰੁਤਬਾ ਯੂਪੀ ਪੁਲਿਸ ਦੀ ਉਦੋਂ ਬਦਨਾਮੀ ਹੋਈ ਜਦੋਂ 2021 'ਚ ਉਨ੍ਹਾਂ ਨੇ ਇੱਕ ਕ੍ਰਿਕਟ ਮੈਚ ਵਿੱਚ ਪਾਕਿਸਤਾਨ ਦੀ ਭਾਰਤ 'ਤੇ ਜਿੱਤ ਦਾ ਜਸ਼ਨ ਮਨਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੂੰ ਇਸ ਜਸ਼ਨ ਵਿੱਚ 'ਦੇਸ਼ਧ੍ਰੋਹ' ਦੀ ਬੋਅ ਆਈ ਸੀ। ਮਹਾਰਾਸ਼ਟਰ ਵਿੱਚ, ਪੁਣੇ ਪੁਲਿਸ ਨੇ ਲੋੜੀਂਦੀ ਇਜਾਜ਼ਤ ਲਈ ਹੋਣ ਦੇ ਬਾਵਜੂਦ 'ਨਿਰਭੈ ਬਾਨੋ ਅੰਦੋਲਨ' ਨੂੰ ਇੱਕ ਮੀਟਿੰਗ ਦੀ ਮੇਜ਼ਬਾਨੀ ਕਰਨ ਤੋਂ ਧੱਕੇ ਨਾਲ ਰੋਕਣ ਦੀ ਕੋਸ਼ਿਸ਼ ਕੀਤੀ, ਜਿੱਥੇ ਉੱਘੇ ਪੱਤਰਕਾਰ ਨਿਖਿਲ ਵਾਗਲੇ ਨੇ ਬੋਲਣਾ ਸੀ। ਕਿਉਂ? ਕਿਉਂਕਿ ਸੱਜੇ-ਪੱਖੀ ਖ਼ਰੂਦ-ਪਾਊਆਂ ਨੇ ਮੀਟਿੰਗ ਦਾ ਵਿਰੋਧ ਕੀਤਾ ਸੀ ਅਤੇ ਇਸ ਵਿਚ ਖ਼ਲਲ ਪਾਉਣ ਦੀ ਧਮਕੀ ਦਿੱਤੀ ਸੀ। ਹੋਰ ਦੇਖੋ, ਪੁਣੇ ਪੁਲਿਸ ਨੇ ਮੀਟਿੰਗ ਦੇ ਆਯੋਜਕਾਂ ਵਿਰੁੱਧ ਆਈਪੀਸੀ ਦੀ ਧਾਰਾ 153-ਏ (ਭਾਈਚਾਰਿਆਂ ਵਿਚਕਾਰ ਦੁਸ਼ਮਣੀ ਭੜਕਾਉਣ) ਦੇ ਤਹਿਤ ਐਫਆਈਆਰ ਦਰਜ ਕੀਤੀ।

ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿੱਚ ਪੁਲਿਸ ਨਫ਼ਰਤ ਫੈਲਾਉਣ ਵਾਲਿਆਂ ਦੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇੰਨੀ ਸੁਹਿਰਦ ਹੋ ਗਈ ਹੈ ਕਿ ਬੰਬਈ ਹਾਈ ਕੋਰਟ ਨੇ ਹਾਲ ਹੀ ਵਿੱਚ ਹੈਰਾਨੀ ਪ੍ਰਗਟ ਕੀਤੀ ਕਿ ਮੀਰਾ-ਭਾਇੰਦਰ ਅਤੇ ਵਸਈ-ਵਿਰਾਰ ਦੇ ਪੁਲਿਸ ਕਮਿਸ਼ਨਰ ਦੇ ਅਹਾਤਿਆਂ ਨੂੰ ਇੱਕ ਅਜਿਹੀ ਪ੍ਰੈੱਸ ਕਾਨਫਰੰਸ ਕਰਨ ਲਈ ਵਰਤਿਆ ਗਿਆ ਸੀ, ਜਿੱਥੇ ਭਾਜਪਾ ਦੇ 'ਸਟਾਰ ਪਰਫਾਰਮਰਾਂ' ਵੱਲੋਂ ਕਥਿਤ ਤੌਰ 'ਤੇ ਨਫ਼ਰਤ ਭਰੇ ਭਾਸ਼ਣ ਦਿੱਤੇ ਗਏ।

ਵੱਖਰੇ ਵਿਚਾਰਾਂ, ਵੰਨ-ਸੁਵੰਨਤਾ ਅਤੇ ਅਸਹਿਮਤੀ ਪ੍ਰਤੀ ਅਸਹਿਣਸ਼ੀਲਤਾ ਹੁਣ ਵਿਆਪਕ ਹੈ। 10 ਅਪ੍ਰੈਲ 2023 ਨੂੰ, ਬੰਬੇ ਹਾਈ ਕੋਰਟ ਨੇ ਇੱਕ ਆਦੇਸ਼ ਵਿੱਚ ਦਾਅਵਾ ਕੀਤਾ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜਾਵੇਦ ਅਹਿਮਦ ਹਜਾਮ ਦੀ ਇੱਕ ਵਟਸਐਪ ਪੋਸਟ ਵਿਚ 'ਲੋਕਾਂ ਦੇ ਸਮੂਹ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਸੰਭਾਵਨਾ' ਸੀ ਜਿਸ ਵਿੱਚ ਉਸਨੇ ਧਾਰਾ

370 ਨੂੰ ਰੱਦ ਕਰਨ ਦਾ ਜ਼ਿਕਰ "ਕਾਲਾ ਦਿਨ" ਕਹਿ ਕੇ ਕੀਤਾ ਸੀ ਅਤੇ ਪਾਕਿਸਤਾਨ ਨੂੰ 'ਸੁਤੰਤਰਤਾ ਦਿਵਸ ਦੀਆਂ ਮੁਬਾਰਕਾਂ' ਦੀ ਸ਼ੁਭ ਕਾਮਨਾ ਭੇਜੀ ਸੀ - ਇਸ ਤਰ੍ਹਾਂ ਅਦਾਲਤ ਨੇ ਕੋਲਹਾਪੁਰ ਪੁਲਿਸ ਦੀ ਦਲੀਲ ਨੂੰ ਬਰਕਰਾਰ ਰੱਖਿਆ।

ਇਤਫ਼ਾਕ ਨਾਲ, ਇਹ ਕੇਸ ਸੁਣਵਾਈ ਲਈ ਜਸਟਿਸ ਅਭੈ ਐੱਸ. ਓਕਾ ਅਤੇ ਉੱਜਵਲ ਭੂਈਆਂ ਦੇ ਸੁਪਰੀਮ ਕੋਰਟ ਬੈਂਚ ਕੋਲ ਚਲਾ ਗਿਆ, ਜਿਨ੍ਹਾਂ ਨੇ 7 ਮਾਰਚ, 2024 ਨੂੰ ਹਾਈ ਕੋਰਟ ਦੇ ਹੁਕਮ ਨੂੰ ਇਹ ਦੁਹਰਾਉਂਦੇ ਹੋਏ ਰੱਦ ਕਰ ਦਿੱਤਾ ਕਿ 'ਉਚਿਤ' ਭਾਸ਼ਣ ਲਈ ਮਾਪਦੰਡ, 1947 'ਚ ਜਸਟਿਸ ਵਿਵੀਅਨ ਬੋਸ ਦੁਆਰਾ ਸਥਾਪਤ ਕੀਤਾ ਗਿਆ ਸੀ ਜਦੋਂ ਉਨ੍ਹਾਂ ਨੇ ਕਿਹਾ ਕਿ: '...ਸ਼ਬਦਾਂ ਦੇ ਪ੍ਰਭਾਵ ਨੂੰ ਉਚਿਤ, ਮਜ਼ਬੂਤ ਦਿਮਾਗ ਵਾਲੇ, ਦ੍ਰਿੜ ਅਤੇ ਦਲੇਰ ਆਦਮੀਆਂ (ਇਸੇ ਤਰ੍ਹਾਂ ਲਿਖਿਆ ਗਿਆ ਹੈ) ਦੇ ਮਾਪਦੰਡਾਂ ਦੁਆਰਾ ਅੰਗਿਆ ਜਾਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਲੋਕਾਂ ਦੁਆਰਾ ਜਿਨ੍ਹਾਂ ਨੂੰ ਹਰ ਵਿਰੋਧੀ ਨਜ਼ਰੀਏ ਵਿੱਚ ਖ਼ਤਰੇ ਦੀ ਬੋਅ ਆਉਂਦੀ ਹੈ।'

ਮੈਂ 'ਇਤਫ਼ਾਕ ਨਾਲ' ਸ਼ਬਦ ਵਰਤਿਆ ਹੈ ਕਿਉਂਕਿ ਮੈਨੂੰ ਸ਼ੱਕ ਹੈ ਕਿ ਜੇਕਰ ਮਾਮਲਾ ਸੁਪਰੀਮ ਕੋਰਟ ਦੇ ਕਿਸੇ ਹੋਰ ਬੈਂਚ ਕੋਲ ਚਲਿਆ ਜਾਂਦਾ ਤਾਂ ਨਤੀਜਾ ਇਹੀ ਹੁੰਦਾ। ਫਿਰ ਵੀ, ਭਾਰਤੀ ਰਾਜਨੀਤੀ ਵਿੱਚ ਆਜ਼ਾਦੀ ਅਤੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਦੀ ਸਪੇਸ ਸਪਸ਼ਟ ਤੌਰ 'ਤੇ ਸੁੰਗੜੀ ਹੈ।

**ਹੋਰ ਨਿਵਾਣਾਂ ਵੱਲ ਲਿਜਾਣ ਦਾ ਸਿਲਸਿਲਾ** : ਮੈਨੂੰ ਸ਼ੱਕ ਹੈ ਕਿ ਕੀ ਉਸ ਹਾਲਤ 'ਚ ਪੁਲਿਸ ਅਧਿਕਾਰੀ ਆਪਣੇ ਕੰਮ ਵਿੱਚ ਇਸ ਮਾਪਦੰਡ ਦਾ ਸਤਿਕਾਰ ਕਰਨਗੇ ਅਤੇ ਇਸ ਦੀ ਪਾਲਣਾ ਕਰਨਗੇ, ਖ਼ਾਸ ਕਰਕੇ ਜਦੋਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਇਹ ਗੱਲ ਕਹੀ ਸੀ ਜੋ ਕਾਫ਼ੀ ਚਰਚਿਤ ਹੋਈ ਕਿ 'ਸਿਵਲ ਸੁਸਾਇਟੀ ਯੁੱਧ ਦੀ ਚੌਥੀ ਪੀੜ੍ਹੀ ਦਾ ਲੜਾਈ ਦਾ ਮੈਦਾਨ ਬਣ ਗਿਆ ਹੈ।' ਉਸਨੇ ਦਾਅਵਾ ਕੀਤਾ ਕਿ ਸਿਵਲ ਸੁਸਾਇਟੀ ਨੂੰ 'ਰਾਸ਼ਟਰ ਦੇ ਹਿੱਤਾਂ ਨੂੰ ਠੇਸ ਪਹੁੰਚਾਉਣ ਲਈ ਵਿਗਾੜਿਆ, ਵੰਡਿਆ ਅਤੇ ਹੇਰਫੇਰੀ ਨਾਲ ਵਰਤਿਆ ਜਾ ਸਕਦਾ ਹੈ।' ਇਕ ਜੀਵੰਤ ਸਿਵਲ ਸੁਸਾਇਟੀ ਅਤੇ ਇਸਦੀ ਸਰਗਰਮੀ ਨੂੰ 'ਚੌਥੀ ਪੀੜ੍ਹੀ ਦੇ ਯੁੱਧ' ਦੇ ਰੂਪ ਵਿੱਚ ਚਿਤਰਿਤ ਕਰਦੇ ਹੋਏ, ਕੌਮੀ ਸੁਰੱਖਿਆ ਸਲਾਹਕਾਰ ਅਸਹਿਮਤੀ ਅਤੇ ਸੁਤੰਤਰ ਗੈਰ-ਸਰਕਾਰੀ ਅਗਵਾਈ ਵਾਲੀਆਂ ਸਰਗਰਮੀਆਂ ਪ੍ਰਤੀ ਸਰਕਾਰ ਦੀ ਘੋਰ ਅਸਹਿਣਸ਼ੀਲਤਾ ਦਾ ਸੰਕੇਤ ਦੇ ਰਿਹਾ ਸੀ।

ਜਾਪਦਾ ਸੀ ਕਿ "ਤੋੜਫੋੜ ਅਤੇ ਹੇਰਫੇਰ" ਨੂੰ ਐਨਾ ਵਧਾ-ਚੜ੍ਹਾ ਕੇ ਪੇਸ਼ ਕਰਨਾ ਉਨ੍ਹਾਂ ਲੋਕਾਂ ਉੱਪਰ ਪੁਲਿਸ ਦਾ ਸ਼ਿਕੰਜਾ ਕੱਸਣ ਦਾ ਸੱਦਾ ਦੇਣਾ ਸੀ ਜੋ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹਨ। ਸਿਵਲ ਸੋਸਾਇਟੀ ਦੇ ਅਹਿੰਸਕ ਸਰਗਰਮੀਆਂ ਕਰਨ ਨੂੰ 'ਯੁੱਧ' ਦੇ ਪੱਧਰ ਤੱਕ ਪੇਸ਼ ਕਰਨਾ ਦੂਜੀ, ਭਿਆਨਕ ਵਿਸ਼ੇਸ਼ਤਾ ਹੈ। ਸ਼ਾਂਤੀ ਦੇ ਉਲਟ, ਯੁੱਧ ਵਿਰੋਧੀਆਂ ਨੂੰ ਦੁਸ਼ਮਣਾਂ ਵਿੱਚ ਬਦਲ ਦਿੰਦਾ ਹੈ। ਨਰਮ ਸ਼ਬਦ ਵਰਤੀਏ ਤਾਂ ਯੁੱਧ ਵਿੱਚ ਦੁਸ਼ਮਣ ਨੂੰ 'ਬੇਅਸਰ ਬਣਾਉਣਾ' ਹੁੰਦਾ ਹੈ। ਇਸਦੇ ਉਲਟ, ਅਮਨ-ਸ਼ਾਂਤੀ ਦੇ ਸਮੇਂ ਵਿਰੋਧੀ ਸੰਭਾਵੀ ਸਹਿਯੋਗੀ ਹੁੰਦਾ ਹੈ, ਜਿਸ ਨਾਲ ਦੋਸਤੀ ਕੀਤੀ ਜਾਣੀ ਚਾਹੀਦੀ ਹੈ ਜਾਂ ਘੱਟੋ ਘੱਟ ਉਸ ਨੂੰ ਦੁਸ਼ਮਣ ਬਣਨ ਵੱਲ ਨਹੀਂ ਧੱਕਿਆ ਜਾਂਦਾ। ਜੇਕਰ ਸਿਵਲ ਸੁਸਾਇਟੀ ਯੁੱਧ ਦੇ ਮੋਰਚੇ ਵਿੱਚ ਬਦਲ ਜਾਂਦੀ ਹੈ, ਤਾਂ 'ਕੌਮੀ ਸੁਰੱਖਿਆ' ਨਾਗਰਿਕਾਂ ਦੀਆਂ ਸੰਵਿਧਾਨਕ ਆਜ਼ਾਦੀਆਂ ਅਤੇ ਅਧਿਕਾਰਾਂ ਨੂੰ ਦਰੜ ਦੇਵੇਗੀ।

ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਸਿਵਲ ਸੋਸਾਇਟੀ ਦੀ ਸਰਗਰਮੀ ਜ਼ਰੂਰੀ ਹੈ ਕਿਉਂਕਿ ਕਾਨੂੰਨ ਘਾੜੇ, ਕਾਨੂੰਨ ਲਾਗੂ ਕਰਨ ਵਾਲੇ ਜਾਂ ਨਿਆਂ ਦੇਣ ਵਾਲੇ, ਕੋਈ ਵੀ ਗ਼ਲਤੀਆਂ ਤੋਂ ਮੁਕਤ ਨਹੀਂ ਹੈ; ਸਾਰੇ ਇਨਸਾਨਾਂ ਵਾਂਗ ਉਹ ਵੀ ਗ਼ਲਤੀਆਂ ਕਰਦੇ ਹਨ, ਕਈ ਵਾਰ ਤਾਂ ਬਹੁਤ ਗੰਭੀਰ ਵੀ। ਸਿਵਲ ਸੋਸਾਇਟੀ ਦੀ ਸਰਗਰਮੀ ਅਤੇ ਦਲੀਲਬਾਜ਼ੀ ਰਾਜਨੀਤੀ ਤੇ ਸਮਾਜ ਨੂੰ ਨੁਕਸਾਨ ਪਹੁੰਚਾਉਣ, ਟਕਰਾਅ ਖੜ੍ਹੇ ਕਰਨ ਅਤੇ ਹੁਕਮਰਾਨਾਂ ਨੂੰ ਤਾਨਾਸ਼ਾਹ ਬਣਨ ਤੋਂ ਬਚਾਉਣ ਵਿੱਚ ਮੱਦਦ ਕਰਦੀ ਹੈ।

ਜਦੋਂ ਭੀਮਾ ਕੋਰੇਗਾਓਂ-16 (ਬੀਕੇ-16) ਨੂੰ ਚਿੱਠੀ-ਪੱਤਰ ਦੇ ਮੁੱਦੇ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਜੇਲ ਪ੍ਰਸ਼ਾਸਨ ਵੱਲੋਂ ਜਾਂਚ ਏਜੰਸੀਆਂ ਨੂੰ ਦਿਖਾਇਆ ਜਾ ਰਿਹਾ ਸੀ, ਤਾਂ ਅਸੀਂ ਵਿਰੋਧ ਕੀਤਾ ਅਤੇ ਮੇਰੇ ਕੁਝ ਸਾਥੀ ਮੁਲਜ਼ਮਾਂ ਨੇ ਬੰਬੇ ਹਾਈ ਕੋਰਟ ਅਤੇ ਮਹਾਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਤੱਕ ਪਹੁੰਚ ਕੀਤੀ। ਨਤੀਜੇ ਵਜੋਂ, ਜੇਲ੍ਹ ਸੁਪਰਡੈਂਟ ਨੇ ਸਾਨੂੰ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕਰਨ ਬਾਰੇ ਸੋਚਿਆ। ਭਾਵੇਂ ਉਸਨੇ ਸਾਨੂੰ ਕਿਸੇ ਹੋਰ ਜੇਲ੍ਹ ਵਿੱਚ ਚਲੇ ਜਾਣ ਲਈ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਅਸੀਂ ਇਨਕਾਰ ਕਰ ਦਿੱਤਾ। ਸਾਰੇ ਬੀਕੇ-16 ਨੇ ਇਸ ਨੂੰ ਰੱਦ ਕਰ ਦਿੱਤਾ। ਕੀ ਸੁਪਰਡੈਂਟ ਨੂੰ ਸਾਡੇ ਨਾਲ ਗੱਲ ਕਰਨ ਲਈ ਐਨੇ ਵੱਡੇ ਕਦਮ ਦਾ ਸਹਾਰਾ ਲੈਣਾ ਪਿਆ? ਇਹ ਮਿਸਾਲ ਦਰਸਾਉਂਦੀ ਹੈ ਕਿ ਕਿਵੇਂ ਜੇਲ੍ਹ ਦੇ ਬੌਸਾਂ ਨੂੰ ਬਹੁਤ ਸਾਰੀਆਂ ਮਨਮਾਨੀਆਂ ਤਾਕਤਾਂ ਪ੍ਰਾਪਤ ਹਨ ਅਤੇ ਸ਼ਾਇਦ ਹੀ ਕਦੇ ਸੱਤਾ ਦੇ ਉੱਚ ਪੱਧਰ ਦੇ ਲੋਕ (ਪੁਲਿਸ ਅਤੇ ਗ੍ਰਹਿ ਵਿਭਾਗ) ਉਨ੍ਹਾਂ ਦੇ ਫ਼ੈਸਲਿਆਂ ਦਾ ਵਿਰੋਧ ਕਰਦੇ ਹਨ।

ਜੇਲ੍ਹ ਸੁਪਰਡੈਂਟ ਨੂੰ ਸਾਨੂੰ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕਰਨ ਦਾ ਇਹ ਰਾਹ ਅਪਣਾਉਣ ਲਈ ਮਜਬੂਰ ਹੋਣਾ ਪਿਆ ਕਿਉਂਕਿ ਜੇਲ੍ਹ ਅਧਿਕਾਰੀਆਂ ਦੀ ਮੁਜਰਮਾਨਾ ਅਣਗਹਿਲੀ ਕਾਰਨ ਫਾਦਰ ਸਟੈਨ ਸਵਾਮੀ ਦੀ ਮੌਤ ਸਮੇਤ ਕਈ ਕਾਰਨਾਂ ਕਰਕੇ ਉਸ ਨੂੰ ਅਦਾਲਤਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇੰਞ ਲੱਗਦਾ ਹੈ ਕਿ ਅਜਿਹੀ ਮਨਮਾਨੀ ਹਾਲ ਹੀ ਵਿੱਚ ਫੈਲੀ ਹੈ ਜਦੋਂ ਹਾਕਮ ਨਾਗਰਿਕਾਂ ਦੇ ਅਧਿਕਾਰਾਂ ਨੂੰ ਸੀਮਤ ਕਰਨ ਅਤੇ ਆਪਣੇ ਆਪ ਨੂੰ ਹੋਰ ਤਾਕਤਵਰ ਬਣਾਉਣ 'ਚ ਲੱਗੇ ਹੋਏ ਹਨ। ਉਹ ਉਦੋਂ ਹੀ ਪਿੱਛੇ ਹਟਦੇ ਹਨ ਜਦੋਂ ਉਨ੍ਹਾਂ ਨੂੰ ਲੋਕ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ - ਜਿਵੇਂ ਕਿ ਕਿਸਾਨਾਂ ਦੇ ਵਿਰੋਧ ਨੇ ਦਿਖਾਇਆ ਅਤੇ ਮਹਾਮਾਰੀ ਦੇ ਦੌਰਾਨ ਸੰਸਦ ਵਿੱਚ ਕਾਹਲੀ-ਕਾਹਲੀ ਪੇਸ਼ ਕੀਤੇ ਗਏ ਤਿੰਨ ਕਿਸਾਨ ਵਿਰੋਧੀ ਬਿੱਲ ਵਾਪਸ ਲੈਣੇ ਪਏ। ਵਿਆਪਕ ਆਲੋਚਨਾ ਅਤੇ ਵਿਰੋਧ ਦਾ ਸਾਹਮਣਾ ਕਰਨ 'ਤੇ ਜੇਲ੍ਹ ਸੁਪਰਡੈਂਟ ਵੀ ਰਾਜ਼ੀਨਾਮਾ ਕਰਦਾ ਪ੍ਰਤੀਤ ਹੋਇਆ। ਇਹ ਸਾਡੇ ਜ਼ਮਾਨੇ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਜੋ ਮੇਰੇ ਜ਼ਿਹਨ 'ਚ ਆਉਂਦੀ ਹੈ।

ਹੈਦਰਾਬਾਦ ਵਿੱਚ ਐੱਸਵੀਪੀ ਨੈਸ਼ਨਲ ਅਕੈਡਮੀ ਵਿੱਚ ਆਈਪੀਐੱਸ ਪ੍ਰੋਬੇਸ਼ਨਰਾਂ ਦੇ 2020 ਬੈਚ ਨੂੰ ਸੰਬੋਧਿਤ ਕਰਦਿਆਂ (12 ਨਵੰਬਰ 2021) ਐੱਨਐੱਸਏ (ਕੌਮੀ ਸੁਰੱਖਿਆ ਸਲਾਹਕਾਰ) ਨੇ ਕਿਹਾ ਕਿ ਲੋਕਤੰਤਰ 'ਚੁਣੇ ਹੋਏ ਨੁਮਾਇੰਦਿਆਂ ਦੁਆਰਾ ਬਣਾਏ ਗਏ ਕਾਨੂੰਨ ਹਨ।' ਇਹੀ ਉਹ ਚੀਜ਼ ਹੈ ਜੋ 'ਕਾਨੂੰਨ ਦੇ ਰਾਜ' ਨੂੰ 'ਕਾਨੂੰਨ ਦੁਆਰਾ ਰਾਜ' ਤੋਂ ਵੱਖ ਕਰਦੀ ਹੈ; ਪਹਿਲਾ ਲੋਕਤੰਤਰ ਦੀ ਜ਼ਰੂਰੀ ਵਿਸ਼ੇਸ਼ਤਾ ਹੈ ਅਤੇ ਮਗਰਲਾ ਤਾਨਾਸ਼ਾਹੀ ਦੀ। ਜਿਹੜੇ ਕਾਨੂੰਨ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਬਣਾਏ ਜਾਂਦੇ ਹਨ, ਉਨ੍ਹਾਂ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਦੀ 17ਵੀਂ ਪਾਰਲੀਮੈਂਟ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲੋਕ ਸਭਾ ਵਿੱਚ 222 ਵਿੱਚੋਂ 45 ਬਿੱਲ ਇੱਕੋ ਬੈਠਕ ਵਿੱਚ ਪਾਸ ਕਰ ਦਿੱਤੇ ਗਏ ਸਨ। ਹੋਰ 20 ਬਿੱਲ ਸੰਸਦ ਦੇ ਦੋਵਾਂ ਸਦਨਾਂ ਵਿੱਚ ਇੱਕੋ ਦਿਨ ਵਿੱਚ ਪਾਸ ਕਰ ਦਿੱਤੇ ਗਏ ਸਨ। ਇਸ ਵਿੱਚ ਧਾਰਾ 370 ਨੂੰ ਰੱਦ ਕਰਨ ਦਾ ਬਿੱਲ ਵੀ ਸ਼ਾਮਲ ਹੈ, ਜਿਸ ਨੇ ਵਿਸ਼ੇਸ਼ ਦਰਜੇ ਵਾਲੇ ਰਾਜ ਦਾ ਦਰਜਾ ਘਟਾ ਕੇ ਉਸ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ। ਇਹ ਗੱਲ ਪਾਰਲੀਮੈਂਟ ਵਿੱਚ ਨਿਰੰਕੁਸ਼ ਬਹੁਮਤ ਨੂੰ ਜਨਮ ਦਿੰਦੀ ਹੈ ਜਿੱਥੇ ਸੱਤਾਧਾਰੀ ਬਹੁਗਿਣਤੀ ਮਹੱਤਵਪੂਰਨ ਬਿੱਲਾਂ ਨੂੰ ਘੋਖੇ-ਪਰਖੇ ਅਤੇ ਬਹਿਸ ਕੀਤੇ ਬਿਨਾਂ ਹੀ ਪਾਸ ਕਰ ਦਿੰਦੀ ਹੈ। ਸੁਪਰੀਮ ਕੋਰਟ ਨੇ ਪਿੱਛੇ ਜਹੇ ਸਰਕਾਰ ਨੂੰ ਇਸ ਤਰੀਕੇ ਨਾਲ ਫਟਾਫਟ ਬਿੱਲਾਂ ਨੂੰ ਪਾਸ ਕਰਨ ਵਿਰੁੱਧ ਸਾਵਧਾਨ ਕੀਤਾ ਸੀ ਕਿਉਂਕਿ ਖਰੜਾ ਤਿਆਰ ਕਰਨ ਵਿੱਚ ਗ਼ਲਤੀਆਂ ਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਮੁਕੱਦਮਿਆਂ ਦੀ ਭਰਮਾਰ ਹੋ ਜਾਂਦੀ ਹੈ ਜਿਸ ਨਾਲ ਪਹਿਲਾਂ ਹੀ ਵਾਧੂ ਬੋਝ ਹੇਠ ਦਬੀ ਨਿਆਂ ਪ੍ਰਣਾਲੀ ਹੋਰ ਜਾਮ ਹੋ ਦਿੰਦੀ ਹੈ।

ਅਜੀਬ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੂੰ ਧਾਰਾ 370 ਨੂੰ ਰੱਦ ਕਰਨ ਵਿੱਚ ਕੁਝ ਵੀ ਗ਼ਲਤ ਨਹੀਂ ਦਿਸਿਆ ਅਤੇ ਜੰਮੂ-ਕਸ਼ਮੀਰ ਦਾ ਦਰਜਾ ਘਟਾਏ ਜਾਣ ਨੂੰ ਪੂਰੀ ਤਰ੍ਹਾਂ ਵਾਜਬ ਕਰਾਰ ਦੇ ਦਿੱਤਾ ਗਿਆ। ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਦੇ ਨਾਲ ਜਾਬਰ ਹਮਲਾ ਵੀ ਕੀਤਾ ਗਿਆ ਜਿਸ ਵਿੱਚ ਪੂਰੇ ਜੰਮੂ-ਕਸ਼ਮੀਰ ਵਿੱਚ 7,000 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੰਮੂ-ਕਸ਼ਮੀਰ ਹਾਈ ਕੋਰਟ ਨੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਕਿਸੇ ਵੀ ਹਾਬੀਅਸ-ਕਾਰਪਸ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰਦੇ ਹੋਏ ਮੂੰਹ ਫੇਰ ਲਿਆ।

ਏਡੀਆਰ ਨੇ ਇਹ ਵੀ ਦੱਸਿਆ ਕਿ 15ਵੀਂ ਸੰਸਦ (2009-2014) ਦੇ ਉਲਟ, ਜਿਸ ਨੇ ਆਪਣੇ ਸਾਹਮਣੇ ਪੇਸ਼ ਕੀਤੇ ਗਏ 71 ਬਿੱਲਾਂ ਦੀ ਘੋਖ-ਪਰਖ ਕੀਤੀ, 16ਵੀਂ ਸੰਸਦ (2014-2019) ਸਿਰਫ਼ 26 ਬਿੱਲਾਂ ਦੀ ਘੋਖ-ਪਰਖ਼ ਕਰਨ ਵਿੱਚ ਸਫ਼ਲ ਹੋਈ। ਨਤੀਜਾ ਇਹ ਹੋਇਆ ਕਿ ਘੋਖ-ਪਰਖ਼ ਨੂੰ ਦਰਕਿਨਾਰ ਕਰਕੇ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕੀਤਾ ਗਿਆ। ਯਾਦ ਕਰੋ ਕਿ ਨਵੇਂ ਅਪਰਾਧਿਕ ਕਾਨੂੰਨ ਕੋਡਾਂ ਨੂੰ ਮਨਜ਼ੂਰੀ ਇੱਕ ਸੰਸਦੀ ਕਮੇਟੀ ਵੱਲੋਂ ਲੰਗੜੀ-ਲੂਲੀ ਜਾਂਚ ਦੁਆਰਾ ਦਿੱਤੀ ਗਈ ਸੀ ਅਤੇ ਸਰਕਾਰ ਦੇਸ਼ ਲਈ ਬਿੱਲਾਂ 'ਤੇ ਬਹਿਸ ਕਰਨ ਤੋਂ ਝਿਜਕ ਰਹੀ ਸੀ।

'ਭਾਰਤ ਕੋਡ' ਦੀ ਕਮਾਲ ਦੀ ਗੱਲ ਇਹ ਹੈ ਕਿ ਇਹ ਵਾਸਤਵ ਵਿਚ ਬਸਤੀਵਾਦੀ ਯੁੱਗ ਦੇ ਭਿਆਨਕ 'ਪੁਲਿਸ ਰਾਜ' ਨੂੰ ਵਾਪਿਸ ਲਿਆਉਂਦੇ ਹਨ। ਭਾਰਤ ਵਿੱਚ ਪੁਲਿਸ ਦਾ ਸੰਚਾਲਨ ਅਜੇ ਵੀ ਬਸਤੀਵਾਦੀ ਐਕਟ (ਭਾਰਤੀ ਪੁਲਿਸ ਐਕਟ, 1861) ਕਰਦਾ ਹੈ ਅਤੇ ਇਸਨੂੰ ਇੱਕ ਕਮਿਊਨਿਟੀ ਪੁਲਿਸ ਦੇ ਰੂਪ ਵਿੱਚ ਨਹੀਂ ਬਲਕਿ ਇੱਕ ਨੀਮ-ਫ਼ੌਜੀ ਬਣਤਰ ਦੇ ਰੂਪ 'ਚ ਬਣਾਇਆ ਗਿਆ ਹੈ। ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿੱਚ, ਇਹ ਹੁਣ ਬਿਨਾਂ ਕਿਸੇ ਅਦਾਲਤੀ ਆਦੇਸ਼ ਦੇ ਬਾਕਾਇਦਾ ਕਾਰਵਾਈ ਦੇ ਰੂਪ 'ਚ 'ਬੁਲਡੋਜ਼ਰ ਨਿਆਂ' ਕਰਦੀ ਹੈ। ਨਵੇਂ ਕੋਡ ਵਿੱਚ, ਅਪਰਾਧ ਦੇ ਅਧਾਰ 'ਤੇ, ਆਮ ਅਪਰਾਧਿਕ ਕਾਨੂੰਨ ਲਈ ਪੁਲਿਸ ਹਿਰਾਸਤ ਮੌਜੂਦਾ 15 ਦਿਨਾਂ ਤੋਂ ਵਧਾ ਕੇ 90 ਦਿਨ ਤੱਕ ਕਰ ਦਿੱਤੀ ਗਈ ਹੈ। ਇਹ ਪੁਲਿਸ ਨੂੰ ਅਦਾਲਤ ਦੇ ਵਾਰੰਟ ਤੋਂ ਬਿਨਾਂ ਗ੍ਰਿਫ਼ਤਾਰ ਕਰਨ, ਤਲਾਸ਼ੀ ਲੈਣ ਅਤੇ ਜ਼ਬਤ ਕਰਨ ਦੀਆਂ ਮਨਮਾਨੀਆਂ ਤਾਕਤਾਂ ਦਿੰਦਾ ਹੈ। ਭਾਰਤੀ ਨਿਆਇ ਸੰਹਿਤਾ ਦੇ ਅਧਿਆਇ 7 ਵਿੱਚ ਰਾਜ ਦੇ ਵਿਰੁੱਧ ਵਿਸਤਾਰੀ ਭਾਸ਼ਾ ਅਤੇ ਰਾਜ ਦੇ ਵਿਰੁੱਧ ਅਪਰਾਧਾਂ ਦੀ ਅਸਪਸ਼ਟ ਪਰਿਭਾਸ਼ਾ ਦੇ ਨਾਲ ਦੇਸ਼ਧ੍ਰੋਹ ਕਾਨੂੰਨ ਦਾ ਇੱਕ ਧੋਖੇਬਾਜ਼ ਰੂਪ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ, ਫ਼ੌਜਦਾਰੀ ਕਾਨੂੰਨ ਕੋਡਾਂ ਨੂੰ ਬਸਤੀਆਨਾ ਵਿਰਾਸਤ ਤੋਂ ਮੁਕਤ ਕਰਨ ਅਤੇ ਨਾਗਰਿਕਾਂ ਦੇ ਹਿੱਤਾਂ ਤੇ ਅਧਿਕਾਰਾਂ ਨੂੰ ਕੇਂਦਰ ਵਿੱਚ ਰੱਖਣ ਦੀ ਬਜਾਏ, ਨਵੇਂ ਕੋਡ ਨਾਗਰਿਕਾਂ ਨੂੰ ਅਧਿਕਾਰਾਂ ਦੇ ਅਧੀਨ ਕਰਦੇ ਹਨ।

ਮੈਨੂੰ ਜੁਲਾਈ 2020 ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੁਆਰਾ ਆਪਣੀ 11 ਦਿਨ ਲੰਮੀ ਪੁੱਛਗਿੱਛ ਚੇਤੇ ਹੈ, ਜਿਸ ਦੌਰਾਨ ਮੈਨੂੰ ਦੱਸਿਆ ਗਿਆ ਕਿ ਇੱਕ ਵਾਰ ਸੰਸਦ ਨੇ ਕੋਈ ਕਾਨੂੰਨ ਪਾਸ ਕਰ ਦਿੱਤਾ ਹੈ ਅਤੇ ਜੇਕਰ ਮੈਨੂੰ ਇਸ ਬਾਰੇ ਕੋਈ ਇਤਰਾਜ਼ ਹੈ, ਤਾਂ ਇਸ ਦਾ ਵਿਰੋਧ ਕਰਨ ਦੀ ਬਜਾਏ ਮੈਨੂੰ ਅਦਾਲਤ ਵਿੱਚ ਜਾਣਾ ਚਾਹੀਦਾ ਹੈ। ਮੈਂ ਇਸਦਾ ਵਿਰੋਧ ਕੀਤਾ ਅਤੇ ਕਿਹਾ ਕਿ ਕਿਉਂਕਿ ਨਾਗਰਿਕ ਆਪਣੇ ਨੁਮਾਇੰਦਿਆਂ ਨੂੰ ਚੁਣਦੇ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਨੇ ਪੰਜ ਸਾਲਾਂ ਲਈ ਆਪਣੀ ਪ੍ਰਭੂਸੱਤਾ ਗਹਿਣੇ ਧਰ ਦਿੱਤੀ ਹੈ ਅਤੇ ਨਾ ਹੀ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਜੋ ਪਰੋਸਿਆ ਜਾਂਦਾ ਹੈ ਉਸ ਦੀ ਲਾਜ਼ਮੀ ਪਾਲਣਾ ਕਰਨ। ਮੈਂ ਜ਼ੋਰ ਦਿੱਤਾ ਕਿ ਨਾਗਰਿਕਾਂ ਨੂੰ ਉਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਆਪਣਾ ਅਧਿਕਾਰ ਬਰਕਰਾਰ ਰੱਖਣਾ ਚਾਹੀਦਾ ਹੈ ਜੋ ਅਨਿਆਂਕਾਰੀ, ਨਹੱਕੇ ਅਤੇ ਪਾਟਕਪਾਊ ਹਨ।

ਐੱਨਆਈਏ ਦੇ ਤਫ਼ਤੀਸ਼ੀ ਅਧਿਕਾਰੀ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀਯੂਡੀਆਰ) ਵਰਗੀਆਂ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ, ਜਿਸਦਾ ਮੈਂ ਮੈਂਬਰ ਹਾਂ, ਵੱਲੋਂ ਯੂਏਪੀਏ ਦੀ ਆਲੋਚਨਾ ਕੀਤੇ ਜਾਣ ਦੇ ਨਾਲ-ਨਾਲ ਹਿੰਦੂਤਵੀ ਦਹਿਸ਼ਤ ਨਾਲ ਜੁੜੇ ਕੇਸਾਂ ਵਿੱਚ ਐੱਨਆਈਏ ਦੇ ਵਾਰ-ਵਾਰ ਅਸਫ਼ਲ ਹੋਣ ਦੀ ਆਲੋਚਨਾ ਕਰਨ ਕਰਕੇ ਨਾਖ਼ੁਸ਼ ਸਨ। ਇੱਕ ਤਫ਼ਤੀਸ਼ੀ ਅਧਿਕਾਰੀ ਇਸ ਗੱਲੋਂ ਹੈਰਾਨ ਸੀ ਕਿ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ ਨੇ ਜੀ.ਐਨ. ਸਾਈਬਾਬਾ ਅਤੇ ਪੰਜ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੇ ਹੇਠਲੀ ਅਦਾਲਤ ਦੇ ਆਦੇਸ਼ ਦਾ ਵਿਰੋਧ ਕੀਤਾ। ਹੁਣ ਜਦੋਂ ਬੰਬੇ ਹਾਈ ਕੋਰਟ ਨੇ ਉਨ੍ਹਾਂ ਸਾਰਿਆਂ ਨੂੰ ਬਰੀ ਕਰ ਦਿੱਤਾ ਹੈ ਤਾਂ ਮੈਨੂੰ ਸ਼ੱਕ ਹੈ ਕਿ ਕੀ ਮੇਰੇ ਤੋਂ ਤਫ਼ਤੀਸ਼ ਕਰਨ ਵਾਲੇ ਨੂੰ ਸਾਡੇ ਵਿਰੋਧ ਕਰਨ ਵਿੱਚ ਵਾਜਬੀਅਤ ਦਿਸੇਗੀ। ਮੈਨੂੰ ਇੱਥੇ ਜ਼ਰੂਰ ਹੀ ਇਹ ਜੋੜ ਦੇਣਾ ਚਾਹੀਦਾ ਹੈ ਕਿ ਇਹ ਆਦਾਨ-ਪ੍ਰਦਾਨ ਮੁਕਾਬਲਤਨ ਸ਼ਿਸ਼ਟਾਚਾਰੀ ਢੰਗ ਨਾਲ ਕੀਤੇ ਗਏ ਸਨ, ਹਾਲਾਂਕਿ ਉਨ੍ਹਾਂ ਦੀ ਹਿਰਾਸਤ ਵਿੱਚ ਹੋਣ ਕਰਕੇ ਇਹ ਮਨਹੂਸ ਰੰਗ 'ਚ ਰੰਗਿਆ ਹੋਇਆ ਸੀ, ਪਰ ਮੈਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਮੈਨੂੰ ਡਰ ਮਹਿਸੂਸ ਨਹੀਂ ਹੋਇਆ।

**ਉਪਰੋਕਤ ਦਾ ਸਿੱਟਾ** : ਪ੍ਰਧਾਨ ਮੰਤਰੀ ਦੀ ਫਰਜ਼ ਦੀ ਸਰਵਉੱਚਤਾ ਦੀ ਵਕਾਲਤ ਨੂੰ 'ਕਾਨੂੰਨ ਦੇ ਰਾਜ' ਨੂੰ ਅਸਲੋਂ ਹੀ ਖੋਖਲਾਪਣ ਦੇ ਨਾਲ ਮੇਲਕੇ ਪੜ੍ਹਨ 'ਤੇ ਇਸ ਦਾ ਮਤਲਬ ਇਹ ਹੈ ਕਿ ਨਾਗਰਿਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਗਿਆਕਾਰੀ ਬਣ ਕੇ ਖ਼ੁਦ ਨੂੰ ਆਪਣੀ ਆਜ਼ਾਦੀ ਅਤੇ ਅਧਿਕਾਰਾਂ ਦੀ ਘੇਰਾਬੰਦੀ ਕਰਨ ਵਾਲੀ ਅਥਾਰਟੀ ਦੇ ਅਧੀਨ ਕਰ ਦੇਣ। ਡਾਵਾਂਡੋਲ ਨਿਆਂਪਾਲਿਕਾ ਕਰਕੇ, ਤੇਜ਼ੀ ਨਾਲ ਨਿਆਂ ਅਤੇ ਨਿਰਪੱਖ ਅਮਲ ਕਾਰਜਪਾਲਿਕਾ ਦੀ ਹੱਦੋਂ ਵੱਧ ਪਹੁੰਚ ਦਾ ਸ਼ਿਕਾਰ ਹੋ ਜਾਂਦੇ ਹਨ ਜਿੱਥੇ ਮਨਮਾਨੀਆਂ ਅਤੇ ਅਣਉਚਿਤਿ ਕਾਰਵਾਈਆਂ ਨੂੰ ਖੁੱਲ੍ਹੀ ਛੁੱਟੀ ਮਿਲ ਜਾਂਦੀ ਹੈ।

ਵਿਡੰਬਨਾ ਇਹ ਹੈ ਕਿ ਜੋ ਲੋਕ ਜੇਲ੍ਹ 'ਚ ਹਨ ਅਤੇ ਜੋ ਜੇਲ੍ਹ ਵਿਚ ਨਹੀਂ ਹਨ, ਉਨ੍ਹਾਂ ਨੂੰ ਹੁਣ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿੱਥੇ ਨਾਗਰਿਕ ਦੀ ਜ਼ਿੰਦਗੀ ਖ਼ਤਰੇ 'ਚ ਹੈ। ਆਜ਼ਾਦੀਆਂ ਸੀਮਤ ਕਰ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਖ਼ਾਮੋਸ਼ ਕਰ ਦਿੱਤੀਆਂ ਗਈਆਂ ਹਨ। ਮੈਨੂੰ ਜੇਲ੍ਹ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਅਜਿਹਾ ਕਾਨੂੰਨ (ਯੂਏਪੀਏ) ਸੀ। ਮੈਨੂੰ ਇੱਕ ਐਸੇ ਗ਼ੈਰਕਾਨੂੰਨੀ ਜੁਰਮ ਵਿੱਚ ਫਸਾਇਆ ਗਿਆ ਜਿਸ ਦਾ ਕੋਈ ਪੀੜਤ ਨਹੀਂ ਸੀ ਅਤੇ ਬਿਨਾਂ ਮੁਕੱਦਮਾ ਚਲਾਏ ਤੇ ਬਿਨਾਂ ਦੋਸ਼ੀ ਠਹਿਰਾਏ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਮੈਨੂੰ ਇੰਞ ਜਾਪਦਾ ਹੈ ਕਿ ਅਧਿਕਾਰਾਂ 'ਤੇ ਹਮਲਾ ਅਤੇ ਫਰਜ਼ ਦੀ ਮੰਗ ਨੂੰ ਸਿਵਲ ਸੋਸਾਇਟੀ ਨੂੰ ਚੌਥੀ ਪੀੜ੍ਹੀ ਦੇ ਯੁੱਧ ਲਈ ਨਵੇਂ ਯੁੱਧ ਖੇਤਰ ਦਾ ਰੂਪ ਦੇਣ ਦੀ ਦਲੀਲ ਨਾਲ ਜੋੜ ਕੇ ਦੇਖੀਏ ਤਾਂ ਇਹ ਉਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣ ਦਾ ਸੰਕੇਤ ਹੈ ਜੋ ਸਰਕਾਰੀ ਬਿਰਤਾਂਤ ਨੂੰ ਸਵੀਕਾਰ ਨਹੀਂ ਕਰਦੇ। ਇਸ ਦੌਰਾਨ, ਜੇ ਕੈਦੀ ਜਿਗਿਆਸੂ ਹੋਣ ਦੀ ਹਿੰਮਤ ਕਰਦਾ ਹੈ ਜਾਂ ਇੱਕ ਕੈਦੀ ਵਜੋਂ ਆਪਣੇ ਅਧਿਕਾਰਾਂ ਬਾਰੇ ਸਵਾਲ ਉਠਾਉਂਦਾ ਹੈ ਤਾਂ ਉਸ ਨੂੰ ਜੇਲ੍ਹ ਅਧਿਕਾਰੀਆਂ ਦੇ ਗੁੱਸੇ ਹੋਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਗੱਲ ਮੁਕਾਉਣ ਲਈ, ਮੈਂ ਕੈਮੂ ਦਾ ਮੁੜ ਹਵਾਲਾ ਦੇਣ ਤੋਂ ਬਿਹਤਰ ਹੋਰ ਕੁਝ ਨਹੀਂ ਕਰ ਸਕਦਾ: 'ਮੈਂ ਸਿਰਫ਼ ਉਸ ਦੁੱਖ ਨੂੰ ਪ੍ਰਗਟਾਉਣਾ ਚਾਹੁੰਦਾ ਸੀ ਜੋ ਮੈਂ ਰੋਜ਼ਾਨਾ ਮਹਿਸੂਸ ਕਰਦਾ ਹਾਂ ਜਦੋਂ ਉਦਾਰ ਊਰਜਾ ਦੀ ਕਮੀ, ਸ਼ਬਦਾਂ ਦੇ ਵੇਸਵਾਪੁਣੇ, ਬਦਨਾਮ ਪੀੜਤਾਂ, ਜਬਰ-ਜ਼ੁਲਮ ਦੀ ਜ਼ੋਰਦਾਰ ਵਾਜਬੀਅਤ ਦਾ, ਤਾਕਤ ਦੀ ਪਾਗਲਾਨਾ ਤਾਰੀਫ਼ ਦਾ ਸਾਹਮਣਾ ਕਰਨਾ ਪੈਂਦਾ ਹੈ।'

ਇਹ ਅਜਿਹੇ ਸਮੇਂ 'ਤੇ ਹੈ ਜਦੋਂ ਕਿਸੇ ਨੂੰ ਇੱਕ ਨਾਜ਼ੁਕ ਚੋਣ ਦਾ ਸਾਹਮਣਾ ਕਰਨਾ ਪੈਂਦਾ ਹੈ: ਜਾਂ ਤਾਂ ਚੁੱਪ ਰਹਿਣਾ ਅਤੇ ਅਥਾਰਟੀਜ਼ ਦੀ ਈਨ ਮੰਨ ਲੈਣਾ ਜਾਂ ਨਤੀਜਿਆਂ ਤੋਂ ਬੇਪ੍ਰਵਾਹ ਹੋ ਕੇ, ਆਜ਼ਾਦੀ ਲਈ ਹੰਭਲਾ ਤੇ ਸੰਘਰਸ਼ ਜਾਰੀ ਰੱਖਣਾ। ਮੇਰੇ ਸਹਿ-ਦੋਸ਼ੀ, ਫ਼ਾਦਰ ਸਟੈਨ ਸਵਾਮੀ ਨੇ ਸਾਨੂੰ ਚੇਤੇ ਕਰਾਇਆ ਸੀ, ਅਸੀਂ 'ਚੁੱਪ ਦਰਸ਼ਕ' ਨਹੀਂ ਹਾਂ।

## ਬਰੈਂਪਟਨ ਦੇ ਪ੍ਰਸਤਾਵਿਤ ਰਿਹਾਇਸ਼ੀ ਰੈਂਟਲ ਲਾਈਸੈਂਸਿੰਗ (ਆਰਆਰਐੱਲ) ਪ੍ਰੋਗਰਾਮ ਦਾ ਛੋਟੇ ਮਕਾਨ ਮਾਲਕਾਂ ਕੀਤਾ ਵਿਰੋਧ

(ਸਫ਼ਾ 8 ਦੀ ਬਾਕੀ)

ਅਨੁਸਾਰੀ ਕਿਰਾਏਦਾਰਾਂ ਨਾਲ ਮਕਾਨ ਮਾਲਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਕਿਉਂਕਿ, ਸ਼ਹਿਰ ਦਾ ਅਧਿਕਾਰ ਖੇਤਰ ਕਿਰਾਏਦਾਰਾਂ 'ਤੇ ਹੈ। ਸ਼ਹਿਰ ਸਿਰਫ ਛੋਟੇ ਮਕਾਨ ਮਾਲਕਾਂ 'ਤੇ ਆਸਾਨ ਟੀਚੇ 'ਤੇ ਧਿਆਨ ਕੇਂਦਰਤ ਕਰਦਾ ਹੈ।

6. ਅਣਰਜਿਸਟਰਡ ਦੂਜੇ ਨਿਵਾਸਾਂ ਲਈ ਕੋਈ ਵਿਵਸਥਾ ਨਹੀਂ: ਆਰਆਰਐੱਲ ਪ੍ਰੋਗਰਾਮ ਗੈਰ-ਰਜਿਸਟਰਡ ਦੂਜੇ ਨਿਵਾਸਾਂ ਦੀ ਚਿੰਤਾ ਨੂੰ ਸੰਬੋਧਿਤ ਨਹੀਂ ਕਰਦਾ ਹੈ, ਜੋ ਸੁਰੱਖਿਆ, ਸਿਹਤ, ਅਤੇ ਉਪ-ਕਾਨੂੰਨ ਦੀ ਪਾਲਣਾ ਲਈ ਮਹੱਤਵਪੂਰਨ ਹਨ—ਪ੍ਰੋਗਰਾਮ ਦੇ ਪ੍ਰਾਇਮਰੀ ਟੀਚੇ। ਸਵਾਲ ਕੀਤੇ ਜਾਣ 'ਤੇ, ਸਿਟੀ ਕੌਂਸਲਰ ਸਪੱਸ਼ਟ ਜਵਾਬ ਦੇਣ ਵਿੱਚ ਅਸਫਲ ਰਹੇ ਹਨ, ਇੱਕ ਸਿਟੀ ਕੌਂਸਲਰ, ਰੋਵੇਨਾ ਸੈਂਟੋਸ, ਸੁਝਾਅ ਦਿੰਦੇ ਹਨ ਕਿ ਸ਼ਹਿਰ ਕਿਰਾਏ ਦੀ ਆਮਦਨ ਤੋਂ ਆਪਣੇ ਮਾਲੀਏ ਦੇ ਹਿੱਸੇ ਦੀ ਉਮੀਦ ਕਰਦਾ ਹੈ।

ਮੇਅਰ ਪੈਟ੍ਰਿਕ ਬ੍ਰਾਊਨ ਸਮੇਤ ਸਿਟੀ ਕੌਂਸਲਰਾਂ ਨੇ ਵਿਰੋਧ ਕਰ ਰਹੇ ਮਕਾਨ ਮਾਲਕਾਂ ਦੀਆਂ ਚਿੰਤਾਵਾਂ ਨੂੰ ਖਾਰਿਜ ਕਰ ਦਿੱਤਾ ਹੈ, ਉਨ੍ਹਾਂ ਨੂੰ ਅਪਮਾਨਜਨਕ ਢੰਗ ਨਾਲ 'ਸਲੱਮਲਾਰਡ' ਵਜੋਂ ਲੇਬਲ ਕਰਨ ਅਤੇ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਨੂੰ ਘੱਟ ਕਰਨ ਦੀ ਗੱਲ ਕਹੀ ਹੈ। ਸ਼ਹਿਰ ਦੇ ਅਧਿਕਾਰੀਆਂ ਦੁਆਰਾ ਕੀਤੇ ਗੁੰਮਰਾਹਕੁੰਨ ਦਾਅਵਿਆਂ ਨੂੰ ਉਜਾਗਰ ਕਰਦੇ ਹੋਏ, 'ਬੇਸਮੈਂਟ ਵਿੱਚ 25 ਕਿਰਾਏਦਾਰ ਤੰਗ ਪਾਏ ਗਏ' ਵਰਗੇ ਬਿਆਨ ਬਾਅਦ ਵਿੱਚ ਵਾਪਸ ਲੈ ਲਏ ਗਏ। ਇਸ ਵਿਵਹਾਰ ਨੂੰ ਜ਼ਿਮੀਂਦਾਰਾਂ ਦੁਆਰਾ ਚੰਗੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਗਿਆ ਹੈ। ਰਾਜਨੀਤਿਕ ਕਾਰਪੋਰੇਟ ਕਿਰਾਏ ਦੀ ਲਾਬੀ ਅਤੇ ਛੋਟੇ ਮਕਾਨ ਮਾਲਕਾਂ ਨੂੰ ਜੁਰਮਾਨਾ ਕਰਨ ਲਈ ਲੁਕਵੇਂ ਏਜੰਡੇ ਨੂੰ ਅੱਗੇ ਵਧਾ ਰਹੇ ਹਨ।

ਇਹਨਾਂ ਖਾਮੀਆਂ ਅਤੇ ਜਾਇਜ਼ ਚਿੰਤਾਵਾਂ ਦੇ ਮੱਦੇਨਜ਼ਰ, ਬਹੁਤ ਸਾਰੇ ਦਲੀਲ ਦਿੰਦੇ ਹਨ ਕਿ ਆਰਆਰਐੱਲ ਪ੍ਰੋਗਰਾਮ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਇਹ ਪਾਲਣਾ ਕਰਨ ਵਾਲੇ ਛੋਟੇ ਮਕਾਨ ਮਾਲਕਾਂ ਨੂੰ ਸਜ਼ਾ ਦਿੰਦੇ ਹੋਏ ਕੁਝ ਨਿਹਿਤ ਹਿੱਤਾਂ ਦਾ ਸਮਰਥਨ ਕਰਦਾ ਪ੍ਰਤੀਤ ਹੁੰਦਾ ਹੈ।

# ਨਿਆਂਇਕ ਤਬਦੀਲੀ ਦੇ ਪ੍ਰਸੰਗ ’ਚ : ਜੀਵਨ ਤੇ ਅਜ਼ਾਦੀ ਖਤਰੇ ਦੀ ਕੰਗਾਰ ’ਤੇ

*ਅਜ਼ਾਦੀ ਦੇ ਮੁਆਇਨੇ ਬਦਲ ਰਹੇ ਹਨ ਜਦੋਂ 26 ਜਨਵਰੀ 1950 ਨੂੰ ਸੰਵਿਧਾਨ ਲਿਖਿਆ ਜਾ ਰਿਹਾ ਸੀ। ਉਸ ਵਿਚ ਸਭ ਤੋਂ ਵੱਡਾ ਅਧਿਆਏ ਦੇਸ਼ ਵਿਚ ਜਮਹੂਰੀਅਤ ਨੂੰ ਪੱਕੇ ਪੈਰੀਂ ਕਰਨ ਦਾ ਸੀ। ਕਿਉਂਕਿ ਜਿਸ ਕਿਸਮ ਦੀਆਂ ਵੱਖ ਵੱਖ ਭਾਸ਼ਾਵਾਂ, ਧਰਮਾਂ ਅਤੇ ਭਾਈਚਾਰਿਆਂ ਦਾ ਮੁਲਕ ਬਣ ਜਾ ਰਿਹਾ ਸੀ। ਹਰ ਇਕ ਦੀ ਰੱਖਿਆ ਲਈ ਉਸ ਦੀ ਆਵਾਜ਼ ਨੂੰ ਖੁੱਲ੍ਹਾ ਵਾਤਾਵਰਣ ਦੇਣਾ ਅਤੇ ਹਰੇਕ ਪੱਧਰ ’ਤੇ ਇਨਸਾਫ਼ ਪ੍ਰਦਾਨ ਕਰਨਾ ਰਾਜ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਸੀ। ਹੌਲੀ ਹੌਲੀ ਲੋਕਾਂ ਦੀ ਆਜ਼ਾਦੀ 25 ਜੂਨ 1975 ਨੂੰ ਐਮਰਜੈਂਸੀ ਲਾ ਕੇ ਖਤਮ ਕਰ ਦਿੱਤੀ ਸੀ। ਹੁਣ ਪੂਰੀ ਤਰ੍ਹਾਂ ਕਾਨੂੰਨਾਂ ਅਤੇ ਨਿਆਂ ਦੀ ਪ੍ਰਣਾਲੀ ਨੂੰ ਤਬਦੀਲ ਕਰਨ ਵਾਲੇ ਕਾਨੂੰਨ ਲੋਕਾਂ ’ਤੇ ਲਾਗੂ ਕਰਨ ਦਾ ਸਿਲਸਿਲਾ ਜੁਲਾਈ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਦੇਸ਼ ਦੀ ਸਭ ਵੱਡੀ ਵਕੀਲ ਅਤੇ ਕਾਨੂੰਨ ਮਾਹਿਰ ਇੰਦਰਾ ਜੈ ਸਿੰਘ ਨਾਲ ਦੀ ਵਾਇਰ ਦੇ ਪ੍ਰਸਿੱਧ ਵਿਸ਼ਲੇਸ਼ਕ ਕਰਨ ਥਾਪਰ ਨਾਲ ਕੀਤੀ ਮੁਲਾਕਾਤ ਅਤੇ ਵਿਚਾਰ ਚਰਚਾ ਇਸ ਕਰਕੇ ਦੇ ਰਹੇ ਹਾਂ ਤਾਂ ਕਿ ਵੱਖ ਵੱਖ ਕਾਨੂੰਨੀ ਅਤਾ ਨਿਆਂਇਕ ਤਬਦੀਲੀ ਦੀਆਂ ਬਾਰੀਕੀਆਂ ਨੂੰ ਸਮਝਿਆ ਜਾ ਸਕਦਾ। – ਸੰਪਾਦਕ*



ਭਾਰਤ ਦੇ ਸਭ ਤੋਂ ਉੱਘੇ ਸੀਨੀਅਰ ਵਕੀਲ ਅਤੇ ਸਾਬਕਾ ਐਡੀਸ਼ਨਲ ਸਾਲਿਸਟਰ ਜਨਰਲ ਇੰਦਰਾ ਜੈਸਿੰਘ ਨੇ ਕਿਹਾ ਹੈ ਕਿ ਜੇਕਰ ਕੇਂਦਰ ਸਰਕਾਰ ਦੇ ਇਰਾਦੇ ਅਨੁਸਾਰ 1 ਜੁਲਾਈ ਨੂੰ ਤਿੰਨ ਨਵੇਂ ਅਪਰਾਧਿਕ ਕਾਨੂੰਨ ਲਾਗੂ ਹੁੰਦੇ ਹਨ, ਤਾਂ ਸਾਡੇ ਹੱਥ ‘ਕਾਨੂੰਨੀ ਅਤੇ ਨਿਆਂਇਕ ਗੜਬੜ ਹੋ ਜਾਵੇਗੀ।’ ਉਸਨੇ ਖਾਸ ਤੌਰ ’ਤੇ ਕਿਹਾ ਕਿ ਜੀਵਨ ਅਤੇ ਆਜ਼ਾਦੀ ਖ਼ਤਰੇ ਵਿੱਚ ਹੋ ਸਕਦੀ ਹੈ। ਇਸੇ ਲਈ ਜੈਸਿੰਘ ਨੇ ਕਾਨੂੰਨ ਮੰਤਰੀ ਦੇ ਨਾਲ-ਨਾਲ ਦੇਸ਼ ਦੇ ਸਾਰੇ ਪ੍ਰਮੁੱਖ ਵਿਰੋਧੀ ਨੇਤਾਵਾਂ ਨੂੰ ਜ਼ੋਰਦਾਰ ਅਤੇ ਜਨਤਕ ਤੌਰ ’ਤੇ ਅਪੀਲ ਕੀਤੀ ਹੈ ਕਿ ਉਹ ਤਿੰਨਾਂ ਅਪਰਾਧਿਕ ਕਾਨੂੰਨਾਂ ਨੂੰ ਉਦੋਂ ਤੱਕ ਰੋਕ ਕੇ ਰੱਖਣ ਜਦੋਂ ਤੱਕ ਉਨ੍ਹਾਂ ’ਤੇ ਹੋਰ ਚਰਚਾ ਨਹੀਂ ਹੋ ਜਾਂਦੀ ਅਤੇ ਇੱਕ ਵਾਰ ਫਿਰ ਨੇੜਿਓਂ ਨਾ ਦੇਖਣ।

**ਕਰਨ ਥਾਪਰ:** ਹੈਲੋ ਅਤੇ ਦਿ ਵਾਇਰ ਲਈ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਤੁਹਾਡਾ ਸੁਆਗਤ ਹੈ। ਜਿਵੇਂ ਕਿ ਸਥਿਤੀਆਂ ਖੜ੍ਹੀਆਂ ਹਨ, ਤਿੰਨੋਂ ਨਵੇਂ ਅਪਰਾਧਿਕ ਕਾਨੂੰਨ 1 ਜੁਲਾਈ ਤੋਂ ਲਾਗੂ ਹੋਣ ਵਾਲੇ ਹਨ, ਪਰ ਦੇਸ਼ ਦੇ ਸਭ ਤੋਂ ਮਸ਼ਹੂਰ ਅਤੇ ਸਭ ਤੋਂ ਸਤਿਕਾਰਤ ਵਕੀਲਾਂ ਵਿੱਚੋਂ ਇੱਕ, ਸਾਬਕਾ ਵਧੀਕ ਸਾਲਿਸਟਰ ਜਨਰਲ ਇੰਦਰਾ ਜੈਸਿੰਘ ਨੇ ਕਾਨੂੰਨ ਮੰਤਰੀ ਨੂੰ ਉਨ੍ਹਾਂ ਨੂੰ ਮੁਲਤਵੀ ਕਰਨ ਲਈ ਕਿਹਾ ਹੈ। ਉਹ ਇਸ ਗੱਲ ਨੂੰ ਲੈ ਕੇ ਡੂੰਘੇ ਚਿੰਤਤ ਹਨ ਕਿ ਜੇਕਰ ਉਨ੍ਹਾਂ ਦੀ ਸਲਾਹ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਤਾਂ ਕੀ ਹੋ ਸਕਦਾ ਹੈ। ਮੈਂ ਹੁਣ ਇੰਦਰਾ ਜੈਸਿੰਘ ਨਾਲ ਜੁੜ ਕੇ ਆਪਣੀਆਂ ਚਿੰਤਾਵਾਂ ਨੂੰ ਹੋਰ ਵਿਸਤਾਰ ਨਾਲ ਦੱਸ ਰਿਹਾ ਹਾਂ। ਸ਼੍ਰੀਮਤੀ ਜੈਸਿੰਘ, ਤੁਸੀਂ ਸੋਮਵਾਰ ਨੂੰ ਇੰਡੀਅਨ ਐਕਸਪ੍ਰੈਸ ਲਈ ਲਿਖੇ ਇੱਕ ਲੇਖ ਵਿੱਚ, ਤੁਸੀਂ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਮੁਲਤਵੀ ਕਰਨ ਅਤੇ 1 ਜੁਲਾਈ ਨੂੰ ਲਾਗੂ ਨਾ ਕਰਨ ਦੀ ਮੰਗ ਕੀਤੀ ਸੀ। ਮੈਂ ਕਾਨੂੰਨ ਮੰਤਰੀ ਨਾਲ ਇਹ ਮੰਗ ਕਰਨ ਦੇ ਤੁਹਾਡੇ ਕਾਰਨਾਂ ਬਾਰੇ ਵਿਚਾਰ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਇਹ ਖਤਰਾ ਹੈ ਕਿ ਸਾਡੇ ਕੋਲ ਦੋ ਵੱਖ-ਵੱਖ ਨਿਆਂ ਪ੍ਰਣਾਲੀਆਂ ਇੱਕੋ ਸਮੇਂ ਅਤੇ ਸਮਾਨਾਂਤਰ ਚੱਲ ਸਕਦੀਆਂ ਹਨ। ਕੀ ਤੁਸੀਂ ਸਮਝਾ ਸਕਦੇ ਹੋ ਕਿ ਅਜਿਹਾ ਕਿਉਂ ਹੋਣਾ ਚਾਹੀਦਾ ਹੈ?

**ਇੰਦਰਾ ਜੈਸਿੰਘ:** ਇਹ ਕਾਨੂੰਨ ਦਾ ਇੱਕ ਬੁਨਿਆਦੀ ਸਿਧਾਂਤ ਹੈ ਕਿ ਕਿਸੇ ਨੂੰ ਵੀ ਕਿਸੇ ਵੀ ਅਪਰਾਧ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਜਦੋਂ ਤੱਕ ਕਿ ਉਹ ਜੋ ਕਰਦਾ ਹੈ ਉਸ ਸਮੇਂ ਅਪਰਾਧੀ ਨਹੀਂ ਹੁੰਦਾ। ਹੁਣ, ਇਸਦਾ ਮਤਲਬ ਹੈ ਕਿ ਜੋ ਮੈਂ ਕਰਨਾ ਚਾਹੁੰਦਾ ਹਾਂ ਉਸ ਤੋਂ ਬਾਅਦ ਤੁਸੀਂ ਕੋਈ ਨਵਾਂ ਅਪਰਾਧ ਨਹੀਂ ਬਣਾ ਸਕਦੇ। ਇਹਨਾਂ ਨੂੰ ਬੁਨਿਆਦੀ ਕਾਨੂੰਨਾਂ ਵਜੋਂ ਜਾਣਿਆ ਜਾਂਦਾ ਹੈ। ਮੂਲ ਕਾਨੂੰਨ ਉਹ ਕਾਨੂੰਨ ਹੈ ਜੋ ਅਪਰਾਧ ਬਣਾਉਂਦਾ ਹੈ; ਜੋ ਪਹਿਲਾਂ ਅਪਰਾਧ ਨਹੀਂ ਸੀ ਉਹ ਹੁਣ ਅਪਰਾਧ ਬਣ ਜਾਂਦਾ ਹੈ, ਅਤੇ ਇਸ ਲਈ ਇਹ ਕਾਨੂੰਨ ਤਾਂ ਹੀ ਕੰਮ ਕਰ ਸਕਦੇ ਹਨ ਜੇਕਰ ਤੁਸੀਂ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਉਹ ਕੰਮ ਕਰਦੇ ਹੋ ਜੋ ਤੁਹਾਨੂੰ ਕਰਨ ਤੋਂ ਵਰਜਿਆ ਗਿਆ ਹੈ। ਇਹ ਸਾਡੇ ਪ੍ਰਕਿਰਿਆ ਸੰਬੰਧੀ ਕਾਨੂੰਨਾਂ ਦਾ ਸੱਚ ਨਹੀਂ ਹੈ। ਸਾਡਾ ਪਰੋਸੀਜਰਲ ਕਨੂੰਨ, ਜਿਸਨੂੰ ਅੱਜ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜੇਕਰ ਇਹ ਦੋਸ਼ੀ ਪ੍ਰਤੀ ਪੱਖਪਾਤ ਦਾ ਕਾਰਨ ਨਹੀਂ ਬਣਦਾ ਹੈ, ਤਾਂ ਪਿਛੇਤੀ ਤੌਰ ’ਤੇ ਕੰਮ ਕਰ ਸਕਦਾ ਹੈ। ਅਤੇ ਇਹੀ ਕਾਰਨ ਹੈ ਕਿ 1 ਜੁਲਾਈ, 2024 ਤੋਂ ਪਹਿਲਾਂ ਦਾਇਰ ਹਰ ਪਹਿਲੀ ਸੂਚਨਾ ਰਿਪੋਰਟ ਲਈ, ਇਹ ਪੁਰਾਣਾ ਮੂਲ ਕਾਨੂੰਨ ਲਾਗੂ ਹੋਵੇਗਾ। 1 ਜੁਲਾਈ ਤੋਂ ਬਾਅਦ ਦਰਜ ਐਫਆਈਆਰਜ਼ ਲਈ, ਸਿਰਫ ਇਹ ਨਵਾਂ ਮੂਲ ਕਾਨੂੰਨ ਲਾਗੂ ਹੋਵੇਗਾ। ਪਰ ਵਿਧੀ – ਹਰ ਇੱਕ ਮਾਮਲੇ ਵਿੱਚ ਇਸ ਗੱਲ ’ਤੇ ਵਿਵਾਦ ਹੋਵੇਗਾ ਕਿ ਕੀ ਮੇਰੇ ’ਤੇ ਪੁਰਾਣੇ ਪ੍ਰਕਿਰਿਆ ਕਾਨੂੰਨ ਦੇ ਤਹਿਤ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ ਜਾਂ ਨਵੇਂ ਪ੍ਰਕਿਰਿਆ ਸੰਬੰਧੀ ਕਾਨੂੰਨ ਦੇ ਤਹਿਤ। ਇੱਕ ਦੋਸ਼ੀ ਦੀ ਨੁਮਾਇੰਦਗੀ ਕਰਦਿਆਂ, ਮੈਂ ਕਹਿ ਸਕਦਾ ਹਾਂ ਕਿ ਨਵਾਂ ਕਾਨੂੰਨ ਮੇਰੇ ਲਈ ਪੱਖਪਾਤੀ ਹੈ, ਇਸ ਲਈ ਅਦਾਲਤਾਂ ਨੂੰ ਪੁਰਾਣੇ ਕਾਨੂੰਨ ਅਤੇ ਨਵੇਂ ਕਾਨੂੰਨ ਦੋਵਾਂ ਨਾਲ ਨਜਿੱਠਣਾ ਪੈਂਦਾ ਹੈ।

**ਕੇਟੀ:** ਆਓ ਇਨ੍ਹਾਂ ਦੋਵਾਂ ਮਾਮਲਿਆਂ ਨੂੰ ਇਕ-ਇਕ ਕਰਕੇ ਲੈਂਦੇ ਹਾਂ ਤਾਂ ਜੋ ਦਰਸ਼ਕਾਂ ਨੂੰ ਸਮਝਣਾ ਆਸਾਨ ਹੋ ਜਾਵੇ। ਸਭ ਤੋਂ ਪਹਿਲਾਂ ਤਾਂ ਤੁਸੀਂ ਇਹ ਕਹਿ ਰਹੇ ਹੋ ਕਿ ਜਿਹੜੇ ਲੋਕ ਪਹਿਲਾਂ ਹੀ ਐਫਆਈਆਰ ਦਰਜ ਕਰ ਚੁੱਕੇ ਹਨ, ਉਨ੍ਹਾਂ ਖ਼ਿਲਾਫ਼ ਪੁਰਾਣੇ ਕਾਨੂੰਨ, ਪੁਰਾਣੇ ਪੀਨਲ ਕੋਡ ਦੇ ਤਹਿਤ ਮੁਕੱਦਮਾ ਚਲਾਇਆ ਜਾਵੇਗਾ, ਜਦੋਂ ਕਿ ਨਵੇਂ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਜਿਨ੍ਹਾਂ ਲੋਕਾਂ ’ਤੇ ਅਪਰਾਧਾਂ ਦੇ ਦੋਸ਼ ਲੱਗੇ ਹਨ, ਉਨ੍ਹਾਂ ’ਤੇ ਨਵੇਂ ਕਾਨੂੰਨ ਤਹਿਤ ਮੁਕੱਦਮਾ ਚਲਾਇਆ ਜਾਵੇਗਾ। ਸਿਰਫ਼ ਕਾਨੂੰਨ, ਜਿਸਦਾ ਮਤਲਬ ਹੈ ਕਿ ਦੋਵੇਂ ਕਾਨੂੰਨ ਇਕੱਠੇ ਚੱਲਣਗੇ। ਕੀ ਇਸ ਦਾ ਇਹ ਵੀ ਮਤਲਬ ਨਹੀਂ ਹੈ ਕਿ ਜਦੋਂ ਤੱਕ ਪੁਰਾਣੇ ਕਾਨੂੰਨ ਤਹਿਤ ਅਪੀਲਾਂ ਹਨ, ਉਹ ਅਪੀਲਾਂ ਪੁਰਾਣੇ ਕਾਨੂੰਨ ਤਹਿਤ ਜਾਰੀ ਰਹਿਣਗੀਆਂ? ਅਤੇ ਇਹ 20 ਸਾਲ ਜਾਂ ਇਸ ਤੋਂ ਵੱਧ ਸਮੇਂ ਤੱਕ ਚੱਲ ਸਕਦਾ ਹੈ, ਇਸਲਈ ਸਾਡੇ ਕੋਲ ਪੁਰਾਣੇ ਕਾਨੂੰਨ ਦੇ ਅਧੀਨ ਕੇਸਾਂ ਦੀ ਸੁਣਵਾਈ ਹੋਵੇਗੀ, ਕਿਸੇ ਕਿਸਮ ਦੀ ਅੰਤਮਤਾ ਵੱਲ ਅਪੀਲ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦੇ ਹੋਏ, ਅਤੇ ਨਵੇਂ ਕਾਨੂੰਨ ਦੇ ਅਧੀਨ ਕੇਸਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ ਅਪੀਲ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣਾ। ਇਹ ਸ਼ਾਇਦ 20 ਸਾਲ ਰਹਿ ਸਕਦਾ ਹੈ?

**ਆਈਜੇ:** ਹਾਂ, ਇਸੇ ਲਈ ਅਸੀਂ ਕਹਿੰਦੇ ਹਾਂ ਕਿ ਭਾਰਤੀ ਦੰਡ ਸੰਹਿਤਾ ਡੇਢ ਸਦੀ ਤੋਂ ਵੱਧ ਪੁਰਾਣੀ ਹੈ ਅਤੇ ਇਸੇ ਤਰ੍ਹਾਂ ਅਪਰਾਧਿਕ ਪ੍ਰਕਿਰਿਆ ਦਾ ਕੋਡ ਵੀ ਹੈ, ਹਾਲਾਂਕਿ ਇਹ 1973 ਵਿੱਚ ਸੋਧਿਆ ਗਿਆ ਸੀ। ਇਸ ਨੂੰ ਭਾਰਤ ਦੀ ਸਰਵਉੱਚ ਅਦਾਲਤ ਦੇ ਹੱਥੋਂ ਨਿਆਂਇਕ ਵਿਆਖਿਆ ਪ੍ਰਾਪਤ ਹੋਈ ਹੈ ਅਤੇ ਇਸਲਈ, ਜਿੱਥੇ ਤੱਕ ਸੰਭਵ ਹੋ ਸਕੇ, ਭਾਰਤੀ ਦੰਡ ਵਿਧਾਨ ਅਤੇ ਅਪਰਾਧਿਕ ਪ੍ਰਕਿਰਿਆ ਦੇ ਸੰਹਿਤਾ ਦੇ ਸਬੰਧ ਵਿੱਚ ਕਾਨੂੰਨ ਬਾਰੇ ਨਿਸ਼ਚਤਤਾ ਹੈ। ਇਸ ਨਿਸ਼ਚਤਤਾ ਦੇ ਪੱਧਰ ਨੂੰ ਹਾਸਲ ਕਰਨ ਲਈ ਨਵੇਂ ਕਾਨੂੰਨ ਨੂੰ ਹੋਰ 50 ਸਾਲ ਲੱਗਣਗੇ। ਇਸ ਲਈ, ਇਸ ਦੌਰਾਨ, ਮੈਜਿਸਟਰੇਟਾਂ ਨੂੰ ਪਤਾ ਨਹੀਂ ਹੋਵੇਗਾ ਕਿ ਉਦੋਂ ਤੱਕ ਕੀ ਕਰਨਾ ਹੈ ਜਦੋਂ ਤੱਕ ਸੁਪਰੀਮ ਕੋਰਟ ਕਾਨੂੰਨ ਦੇ ਕਿਸੇ ਵਿਸ਼ੇਸ਼ ਉਪਬੰਧ ’ਤੇ ਫੈਸਲਾ ਨਹੀਂ ਲੈਂਦੀ ਅਤੇ ਦੇਸ਼ ਦੇ ਸੈਂਕੜੇ ਅਤੇ ਹਜ਼ਾਰਾਂ ਮੈਜਿਸਟਰੇਟਾਂ ਵਿੱਚੋਂ ਹਰ ਇੱਕ ਕਾਨੂੰਨ ਦੀ ਵੱਖ-ਵੱਖ ਵਿਆਖਿਆ ਕਰ ਸਕਦਾ ਹੈ। ਕੇਟੀ: ਬਿਲਕੁਲ।

**ਆਈਜੇ:** ਇਹ ਦੋਸ਼ੀ ਦੇ ਹੱਕਾਂ ਲਈ ਕੀ ਕਰਨ ਜਾ ਰਿਹਾ ਹੈ, ਇਹ ਮੇਰਾ ਸਵਾਲ ਹੈ।

**ਕੇਟੀ:** ਬਿਲਕੁਲ, ਅਤੇ ਹੁਣ ਤੁਸੀਂ ਇਸ ਤੱਥ ਬਾਰੇ ਗੱਲ ਕਰ ਰਹੇ ਹੋ ਕਿ ਪ੍ਰਕਿਰਿਆ ਸੰਬੰਧੀ ਕਾਨੂੰਨ, ਕ੍ਰਿਮੀਨਲ ਪ੍ਰੋਸੀਜ਼ਰ ਦਾ ਕੋਡ, ਪਿਛਾਖੜੀ ਤੌਰ ’ਤੇ ਲਾਗੂ ਹੋ ਸਕਦਾ ਹੈ। ਸਰਕਾਰ ਜਾਂ ਰਾਜ ਹਰ ਇੱਕ ਮਾਮਲੇ ਵਿੱਚ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੇਗਾ ਕਿ ਇਸਨੂੰ ਪਿਛਾਖੜੀ ਰੂਪ ਵਿੱਚ ਲਾਗੂ ਕੀਤਾ ਜਾਵੇ। ਵਕੀਲ ਸ਼ਾਇਦ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨਗੇ ਕਿ ਅਜਿਹਾ ਨਾ ਹੋਵੇ। ਇਸ ਲਈ, ਦੋਸ਼ੀ ਅਤੇ ਸਰਕਾਰ ਵਿਚਕਾਰ ਇਹ ਵਿਵਾਦ ਹੋਵੇਗਾ ਕਿ ਕੀ ਪ੍ਰਕਿਰਿਆ ਕਾਨੂੰਨ ਲਾਗੂ ਹੁੰਦਾ ਹੈ ਜਾਂ ਨਹੀਂ। ਇਕ ਵਾਰ ਫਿਰ ਇਸ ’ਤੇ ਫੈਸਲਾ ਲਿਆ ਜਾਣਾ ਹੈ।

ਨਾਲ ਹੀ, ਇਹ ਦਿੱਤੇ ਗਏ ਕਿ ਇਸ ਕੇਸ ਵਿੱਚ ਦੋ ਕਾਨੂੰਨੀ ਪ੍ਰਣਾਲੀਆਂ ਇਕੱਠੇ ਚੱਲਣਗੀਆਂ ਅਤੇ ਲਗਭਗ 20 ਸਾਲਾਂ ਲਈ ਸਮਾਨਾਂਤਰ ਤੌਰ ’ਤੇ ਚੱਲਣਗੀਆਂ, ਇਸ ਗੱਲ ਨੂੰ ਲੈ ਕੇ ਵੀ ਵਿਵਾਦ ਵਧੇਗਾ ਕਿ ਕੀ ਪ੍ਰਕਿਰਿਆਤਮਕ ਕਾਨੂੰਨ ਲਾਗੂ ਹੁੰਦਾ ਹੈ। ਅਤੇ ਇਹ ਵੀ ਅਪੀਲ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘੇਗਾ।

**ਆਈਜੇ:** ਹਾਂ, ਬਿਲਕੁਲ। ਪਰ ਮੂਲ ਚਿੰਤਾ ਇਹ ਹੈ ਕਿ ਇਸ ਪੂਰੇ ਅਰਸੇ ਦੌਰਾਨ ਮੁਲਜ਼ਮਾਂ ਦਾ ਕੀ ਹਾਲ ਰਿਹਾ? ਮੁਲਜ਼ਮ ਹਿਰਾਸਤ ਵਿੱਚ ਹੀ ਰਹਿਣਗੇ। ਖੈਰ, ਇਸ ਗੱਲ ਦੀ ਕੀ ਗਰੰਟੀ ਹੈ ਕਿ ਜਦੋਂ ਇਹ ਸਭ ਕੁਝ ਸਪੱਸ਼ਟ ਹੋ ਰਿਹਾ ਹੈ ਤਾਂ ਦੋਸ਼ੀ ਜ਼ਮਾਨਤ ’ਤੇ ਹੋਣਗੇ? ਕਾਨੂੰਨ ਤਹਿਤ ਅਜਿਹੀ ਕੋਈ ਗਾਰੰਟੀ ਨਹੀਂ ਹੈ। ਠੀਕ ਹੈ, ਤਾਂ ਜੋ ਤੁਸੀਂ ਕਿਹਾ ਉਹ ਬਿਲਕੁਲ ਸਹੀ ਹੈ। ਅਤੇ ਹੁਣ ਜੋ ਸਵਾਲ ਮੈਂ ਉਠਾਉਂਦਾ ਹਾਂ, ਕੀ ਤੁਸੀਂ ਬੈਕਲਾਗ ਮੁੱਦੇ ’ਤੇ ਬਿਲਕੁਲ ਵੀ ਵਿਚਾਰ ਕੀਤਾ ਹੈ?

**ਕੇਟੀ:** ਮੈਂ ਇੱਕ ਪਲ ਵਿੱਚ ਇਸ ਤੱਕ ਪਹੁੰਚ ਜਾਵਾਂਗੀ। ਆਓ ਪਹਿਲੇ ਬਿੰਦੂ ਨਾਲ ਖਤਮ ਕਰੀਏ, ਅਸੀਂ ਬਾਅਦ ਵਿੱਚ ਦੂਜੇ ’ਤੇ ਆਵਾਂਗੇ। ਕਿਉਂਕਿ ਮੁਲਜ਼ਮ ਹਿਰਾਸਤ ਵਿੱਚ ਹੀ ਰਹੇਗਾ ਕਿਉਂਕਿ ਕਾਨੂੰਨੀ ਵਿਵਾਦ ਅਤੇ ਵਿਵਾਦ ਚੱਲ ਰਹੇ ਹਨ ਕਿ ਕੀ ਪੁਰਾਣਾ ਪ੍ਰਕਿਰਿਆ ਕਾਨੂੰਨ ਲਾਗੂ ਹੁੰਦਾ ਹੈ ਜਾਂ ਨਵਾਂ ਪ੍ਰਕਿਰਿਆ ਕਾਨੂੰਨ ਲਾਗੂ ਹੁੰਦਾ ਹੈ, ਇਸਦਾ ਮਤਲਬ ਹੈ ਕਿ ਮੁਲਜ਼ਮ ਦੀ ਨਜ਼ਰਬੰਦੀ ਦੀ ਮਿਆਦ ਵੀ ਵਧੇਗੀ, ਸ਼ਾਇਦ ਕਾਫ਼ੀ ਹੱਦ ਤੱਕ।

**ਆਈਜੇ:** ਜਦੋਂ ਤੱਕ ਕੋਈ ਜੱਜ ਜ਼ਮਾਨਤ ਦੇਣ ਦਾ ਫੈਸਲਾ ਨਹੀਂ ਕਰਦਾ। ਤੁਸੀਂ ਇੱਕ ਬਹੁਤ ਹੀ ਸਧਾਰਨ ਉਦਾਹਰਣ ਲਓ: ਉਹਨਾਂ ਨੇ ਵੀਡੀਓਗ੍ਰਾਫੀ ਦੁਆਰਾ ਸੁਣਨ ਦੀ ਇਜਾਜ਼ਤ ਦਿੱਤੀ ਹੈ। ਖੈਰ, ਹੁਣ ਵਕੀਲਾਂ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਜੇਕਰ ਅਸੀਂ ਅਦਾਲਤ ਵਿੱਚ ਗਵਾਹ, ਪੁਲਿਸ ਗਵਾਹ, ਅਤੇ ਮੇਰਾ ਮੁਵੱਕਿਲ, ਦੋਸ਼ੀ, ਕਿਤੇ ਜੇਲ੍ਹ ਵਿੱਚ ਬੈਠਾ ਹੈ, ਤਾਂ ਤੁਸੀਂ ਸਾਡੇ ਤੋਂ ਸਾਡੇ ਮੁਵੱਕਿਲ ਨੂੰ ਮਿਲਣ ਦੀ ਉਮੀਦ ਕਿਵੇਂ ਕਰਦੇ ਹੋ। ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ? ਮੈਨੂੰ ਉਹਨਾਂ ਨਾਲ ਗੱਲ ਕਰਨ ਦਾ ਮੌਕਾ ਕਿਵੇਂ ਮਿਲੇਗਾ ਤਾਂ ਜੋ ਮੈਂ ਉਹਨਾਂ ਦਾ ਸਹੀ ਢੰਗ ਨਾਲ ਬਚਾਅ ਕਰ ਸਕਾਂ? ਦੋਸ਼ੀ ਵਿਅਕਤੀ ਜਿਸ ਦੀ ਮੈਂ ਪ੍ਰਤੀਨਿਧਤਾ ਕਰ ਰਿਹਾ ਹਾਂ, ਦਾ ਬਚਾਅ ਕਰਨ ਲਈ ਮੈਨੂੰ ਉਨ੍ਹਾਂ ਨਾਲ ਗੱਲ ਕਰਨ ਦੀ ਲੋੜ ਹੈ। ਜੇਕਰ ਵੀਡੀਓਗ੍ਰਾਫੀ ਸਿਸਟਮ ਸ਼ੁਰੂ ਕੀਤਾ ਜਾਂਦਾ ਹੈ ਤਾਂ ਮੈਂ ਅਜਿਹਾ ਨਹੀਂ ਕਰ ਸਕਾਂਗਾ। ਅਤੇ ਇਹ ਵਿਵਾਦ ਹੋਵੇਗਾ ਕਿ ਕੀ ਇਹ ਵੀਡੀਓਗ੍ਰਾਫੀ ਸਿਸਟਮ ਪੁਰਾਣੇ ਪੈਂਡਿੰਗ ਕੇਸਾਂ ’ਤੇ ਲਾਗੂ ਹੋਵੇਗਾ ਜਾਂ ਸਿਰਫ ਨਵੇਂ ਕੇਸਾਂ ’ਤੇ। ਅਤੇ ਵਕੀਲਾਂ ਦੇ ਇਤਰਾਜ਼ ਵੀ ਹੋਣਗੇ। ਇਨ੍ਹਾਂ ਸਾਰੇ ਮੁੱਦਿਆਂ ਦਾ ਫੈਸਲਾ ਕੌਣ ਕਰੇਗਾ?

**ਕੇਟੀ:** ਬਿਲਕੁਲ। ਅਤੇ ਇਸ ਤੱਥ ਦਾ ਇੱਕ ਨਤੀਜਾ ਇਹ ਹੈ ਕਿ ਪ੍ਰਕਿਰਿਆ ਸੰਬੰਧੀ ਕਾਨੂੰਨ ਵਿਵਾਦ ਵਿੱਚ ਹੋਣਗੇ ਅਤੇ ਦੋਵਾਂ ਪਾਸਿਆਂ ਦੁਆਰਾ ਪੁੱਛਗਿੱਛ ਕੀਤੀ ਜਾਵੇਗੀ। ਅਤੇ ਇਹ ਨਤੀਜਾ ਇਹ ਹੈ ਕਿ ਅਪਰਾਧਿਕ ਕਾਨੂੰਨਾਂ ਦੀ ਭਵਿੱਖਬਾਣੀ ਅਤੇ ਨਿਸ਼ਚਿਤਤਾ, ਜੋ ਕਿ ਸਾਡੀ ਕਾਨੂੰਨੀ ਪ੍ਰਣਾਲੀ ਦਾ ਇੱਕ ਬੁਨਿਆਦੀ ਸਿਧਾਂਤ ਹੈ, ਅਚਾਨਕ ਸ਼ੱਕ ਵਿੱਚ ਸੁੱਟ ਦਿੱਤਾ ਜਾਵੇਗਾ। ਨਾਗਰਿਕ ਹੁਣ ਕਿਸੇ ਕਥਿਤ ਅਪਰਾਧਿਕ ਕਾਰਵਾਈ ’ਤੇ ਲਾਗੂ ਪ੍ਰਕਿਰਿਆਵਾਂ ਦੇ ਸੁਭਾਅ ਅਤੇ ਚਰਿੱਤਰ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋਣਗੇ। ਉਹ ਨਿਆਂਇਕ ਅਥਾਰਟੀ ਦੇ ਕਿਸੇ ਪੱਧਰ ਤੋਂ ਇਹ ਪਤਾ ਲਗਾਉਣ ਲਈ ਇੰਤਜ਼ਾਰ ਕਰਨਗੇ ਕਿ ਕੀ ਪੁਰਾਣਾ ਪਰੋਸੀਜਰਲ ਕਨੂੰਨ ਲਾਗੂ ਹੁੰਦਾ ਹੈ ਜਾਂ ਨਵਾਂ ਪਰੋਸੀਜਰਲ ਕਨੂੰਨ। ਅਤੇ ਜਦੋਂ ਤੱਕ ਉਹ ਪਤਾ ਨਹੀਂ ਲਗਾਉਂਦੇ, ਅਨਿਸ਼ਚਿਤਤਾ ਰਹੇਗੀ. ਅਤੇ ਇਹ ਅਨਿਸ਼ਚਿਤਤਾ ਕਾਨੂੰਨ ਵਿੱਚ ਕਮਜ਼ੋਰੀਆਂ ਪੈਦਾ ਕਰੇਗੀ।

**ਆਈਜੇ:** ਦੇਖੋ ਕਰਨ, ਇਹ ਸਭ ਭਾਰਤ ਦੇ ਸੰਵਿਧਾਨ ਵਿੱਚ ਵਾਪਸ ਜਾਂਦਾ ਹੈ। ਆਰਟੀਕਲ 21 ਬਹੁਤ ਖਾਸ ਹੈ: ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੁਆਰਾ ਸਥਾਪਿਤ ਪ੍ਰਕਿਰਿਆ ਦੇ ਬਿਨਾਂ ਜੀਵਨ ਅਤੇ ਆਜ਼ਾਦੀ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ। ਹੁਣ ਤੁਸੀਂ ਕਾਨੂੰਨ ਦੁਆਰਾ ਸਥਾਪਿਤ ਇਸ ਪ੍ਰਕਿਰਿਆ ਨੂੰ ਕਿਵੇਂ ਕਹਿ ਸਕਦੇ ਹੋ ਜਦੋਂ ਕਾਨੂੰਨ ਕੀ ਕਹਿੰਦਾ ਹੈ ਇਸ ਬਾਰੇ ਜਨਤਕ ਖੇਤਰ ਵਿੱਚ ਪਹਿਲਾਂ ਹੀ ਵਿਵਾਦ ਹਨ? ਇਸ ਲਈ ਅਪਰਾਧਿਕ ਕਾਨੂੰਨ ਲਈ, ਪਹਿਲਾ ਵਿਚਾਰ ਇਹ ਹੈ ਕਿ ਤੁਹਾਡੇ ਕੋਲ ਅਸਪਸ਼ਟਤਾ ਅਤੇ ਅਨਿਸ਼ਚਿਤਤਾ ਨਹੀਂ ਹੋ ਸਕਦੀ, ਕਿਉਂਕਿ ਤੁਸੀਂ ਕਿਸੇ ਨੂੰ ਜੀਵਨ ਅਤੇ ਆਜ਼ਾਦੀ ਤੋਂ ਵਾਂਝੇ ਕਰ ਰਹੇ ਹੋ। ਹੁਣ ਤੁਸੀਂ ਇਹਨਾਂ ਦੋਵਾਂ ਤੱਤਾਂ ਨੂੰ ਕਾਨੂੰਨ ਵਿੱਚ ਪੇਸ਼ ਕੀਤਾ ਹੈ, ਅਨਿਸ਼ਚਿਤਤਾ ਅਤੇ ਅਸਪਸ਼ਟਤਾ ਦੋਵੇਂ।

**ਕੇਟੀ:** ਬਿਲਕੁਲ। ਆਓ ਹੁਣ ਉਸ ਮੁੱਦੇ ਵੱਲ ਆਉਂਦੇ ਹਾਂ ਜੋ ਤੁਸੀਂ ਉਠਾਇਆ ਸੀ, ਜੋ ਮੈਂ ਉਦੋਂ ਨਹੀਂ ਉਠਾਇਆ ਸੀ ਪਰ ਹੁਣ ਉਠਾਵਾਂਗਾ। ਇਸ ਦਾ ਲੰਬਿਤ ਮਾਮਲਿਆਂ ’ਤੇ ਕੀ ਪ੍ਰਭਾਵ ਪਵੇਗਾ? ਆਪਣੇ ਇੰਡੀਅਨ ਐਕਸਪ੍ਰੈਸ ਲੇਖ ਵਿੱਚ, ਤੁਸੀਂ ਕਿਹਾ ਕਿ ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਦਰਸਾਉਂਦਾ ਹੈ ਕਿ 83,000 ਤੋਂ ਵੱਧ ਅਪਰਾਧਿਕ ਮਾਮਲੇ ਪੈਂਡਿੰਗ ਹਨ। ਤੁਸੀਂ ਕਹਿੰਦੇ ਹੋ, ਹੁਣ ਲੰਬਿਤ ਕੇਸਾਂ ਦੀ ਗਿਣਤੀ 30% ਵਧ ਸਕਦੀ ਹੈ, ਅਤੇ ਤੁਸੀਂ ਕਹਿੰਦੇ ਹੋ ਕਿ ਇਹ ਨਿਆਂ ਤੱਕ ਪਹੁੰਚ ਤੋਂ ਇਨਕਾਰ ਕਰਨ ਦੇ ਬਰਾਬਰ ਹੋਵੇਗਾ। ਕੀ ਇਹ ਸੱਚਮੁੱਚ ਇੰਨਾ ਗੰਭੀਰ ਹੈ ਕਿ ਕੇਸਾਂ ਦੀ ਪੈਂਡੈਂਸੀ 30, ਸ਼ਾਇਦ 40% ਤੱਕ ਵਧ ਸਕਦੀ ਹੈ?

**ਆਈਜੇ:** ਹਾਂ। ਪਹਿਲਾ ਅਤੇ ਮੁੱਢਲਾ ਮਸਲਾ ਇਹ ਹੈ ਕਿ ਕੀ ਸਿਸਟਮ, ਭਾਵੇਂ ਉਹ ਕਾਰਜਪਾਲਿਕਾ ਹੋਵੇ, ਵਿਧਾਨਪਾਲਿਕਾ ਹੋਵੇ ਜਾਂ ਨਿਆਂਪਾਲਿਕਾ ਹੋਵੇ, ਇਸ ਦਾ ਵਿਸ਼ਲੇਸ਼ਣ ਕੀਤਾ ਹੈ ਕਿ ਕੇਸਾਂ ਦੀ ਪੈਂਡੈਂਸੀ ਕਿੰਨੀ ਵਧੇਗੀ? ਪੱਤਰ ਵਿੱਚ ਮੈਂ ਮੰਗ ਕੀਤੀ ਸੀ ਕਿ ਜੇਕਰ ਅਜਿਹਾ ਕੋਈ ਆਡਿਟ ਹੈ ਤਾਂ ਕਿਰਪਾ ਕਰਕੇ ਸਾਨੂੰ ਦਿੱਤਾ ਜਾਵੇ। ਇਸ ਪੱਤਰ ਦਾ ਕੋਈ ਜਵਾਬ ਨਹੀਂ ਮਿਲਿਆ ਹੈ। ਇਸ ਦੀ ਕਾਪੀ ਭਾਰਤ ਦੇ ਚੀਫ਼ ਜਸਟਿਸ ਨੂੰ ਭੇਜੀ ਗਈ ਸੀ, ਪਰ ਕੋਈ ਜਵਾਬ ਨਹੀਂ ਮਿਲਿਆ। ਇਸ ਲਈ, ਸਾਡੇ ਕੋਲ ਕੋਈ ਡਾਟਾ-ਅਧਾਰਿਤ ਵਿਸ਼ਲੇਸ਼ਣ ਨਹੀਂ ਹੈ ਕਿ ਇਹ ਦੇਸ਼ ਵਿੱਚ ਲੰਬਿਤ ਕੇਸਾਂ ਦੀ ਗਿਣਤੀ ਵਿੱਚ ਕਿਸ ਹੱਦ ਤੱਕ ਵਾਧਾ ਕਰਨ ਜਾ ਰਿਹਾ ਹੈ। 83,000 ਦੇ ਅੰਕੜੇ ਨੂੰ ਵਿਵਾਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਮੈਂ ਇਸਨੂੰ ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਤੋਂ ਲਿਆ ਹੈ। ਜੇ ਤੁਸੀਂ ਉਸ ਗਰਿੱਡ ਨੂੰ ਥੋੜਾ ਹੋਰ ਧਿਆਨ ਨਾਲ ਦੇਖੋਗੇ, ਤਾਂ ਤੁਸੀਂ ਦੇਖੋਗੇ ਕਿ ਮੌਜੂਦਾ ਕਾਨੂੰਨ ਦੇ ਤਹਿਤ 30 ਸਾਲਾਂ ਤੋਂ ਵੱਧ ਸਮੇਂ ਤੋਂ ਲੰਬਿਤ ਪਏ ਕੇਸ ਹਨ। ਇਸਦਾ ਮਤਲੱਬ ਕੀ ਹੈ? ਹੁਣ, ਸੁਪਰੀਮ ਕੋਰਟ, ਤੁਸੀਂ ਦੇਖੋ, ਮੈਨੂੰ ਇਹ ਹੈਰਾਨੀਜਨਕ ਲੱਗ ਰਿਹਾ ਹੈ ਕਿ ਸੁਪਰੀਮ ਕੋਰਟ ਸਾਨੂੰ ਇਹ ਸਿਧਾਂਤ, ਇਹ ਸ਼ਾਨਦਾਰ ਅਧਿਕਾਰ ਦੇ ਸਕਦੀ ਹੈ, ਜੋ ਕਹਿੰਦੀ ਹੈ ਕਿ ਤੇਜ਼ ਨਿਆਂ ਦਾ ਅਧਿਕਾਰ ਇੱਕ ਬੁਨਿਆਦੀ ਅਧਿਕਾਰ ਹੈ। ਅਤੇ ਫਿਰ ਵੀ, ਜਦੋਂ ਅਸਲੀਅਤ ਦੀ ਗੱਲ ਆਉਂਦੀ ਹੈ, ਤਾਂ ਇਹ ਸਥਿਤੀ ਹੈ. ਇਸ ਦੇਸ਼ ਵਿੱਚ ਲੋਕ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਤੁਸੀਂ ਜਾਣਦੇ ਹੋ, ਕਰਨ, ਇਹ ਵਿਰਾਸਤ ਵਿੱਚ ਮਿਲੀ ਹੈ। ਤੁਸੀਂ ਜਾਣਦੇ ਹੋ, ਮੁਕੱਦਮੇ ਦੌਰਾਨ ਸਟੈਨ ਸਵਾਮੀ ਦੀ ਮੌਤ ਹੋ ਗਈ ਸੀ, ਅਤੇ ਇਹ ਅੰਤ ਸੀ। ਇਸ ਲਈ ਉਸ ਨੂੰ ਇਹ ਜਾਣਨ ਦਾ ਵੀ ਹੱਕ ਨਹੀਂ ਸੀ ਕਿ ਉਸ ਨੂੰ ਬੇਕਸੂਰ ਕਰਾਰ ਦਿੱਤਾ ਜਾਵੇ।

**ਕੇਟੀ:** ਠੀਕ ਹੈ, ਮੈਂ ਸਮਝ ਗਿਆ ਜੋ ਤੁਸੀਂ ਕਹਿ ਰਹੇ ਹੋ। ਇਸ ਲਈ, ਤੁਸੀਂ ਕੀ ਕਹਿ ਰਹੇ ਹੋ, ਬੈਕਲਾਗ 40% ਵਧ ਜਾਵੇਗਾ।

**ਆਈਜੇ:** ਇਹ ਮੇਰਾ ਅਣਅਧਿਕਾਰਤ ਅਨੁਮਾਨ ਹੈ। ਮੈਂ ਦਾਅਵਾ ਨਹੀਂ ਕਰਦਾ ਕਿ ਇਹ ਅਧਿਕਾਰਤ ਅਨੁਮਾਨ ਹੈ। ਮੇਰੀ ਗੱਲ ਇਹ ਹੈ ਕਿ ਸਿਸਟਮ ਨੇ ਆਪਣਾ ਅੰਦਾਜ਼ਾ ਕਿਉਂ ਨਹੀਂ ਲਗਾਇਆ ਅਤੇ ਦੇਸ਼ ਵਿੱਚ ਬੁਨਿਆਦੀ ਢਾਂਚੇ ਨੂੰ ਕਿਉਂ ਨਹੀਂ ਵਧਾਇਆ?

**ਕੇ.ਟੀ.:** ਮੈਂ ਤੁਹਾਨੂੰ ਇੱਕ ਸਧਾਰਨ ਸਵਾਲ ਪੁੱਛਣਾ ਚਾਹੁੰਦਾ ਹਾਂ ਪਰ ਮੈਂ ਜ਼ਰੂਰੀ ਸਵਾਲ ਕਹਾਂਗਾ। ਜੋ ਅਸੀਂ ਹੁਣ ਤੱਕ ਚਰਚਾ ਕਰ ਰਹੇ ਹਾਂ ਉਹ ਬੁਨਿਆਦੀ ਚਿੰਤਾਵਾਂ ਹਨ। ਅਸੀਂ ਇਸ ਬਾਰੇ ਗੱਲ ਕੀਤੀ ਹੈ ਕਿ ਕਿਵੇਂ ਦੋ ਸਮਾਨਾਂਤਰ ਕਾਨੂੰਨੀ ਪ੍ਰਣਾਲੀਆਂ ਕੰਮ ਕਰ ਸਕਦੀਆਂ ਹਨ ਅਤੇ 20-25 ਸਾਲਾਂ ਲਈ ਇਕੱਠੇ ਕੰਮ ਕਰ ਸਕਦੀਆਂ ਹਨ। ਇਹ ਸਭ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਅਪੀਲ ਕਿੰਨੀ ਦੇਰ ਰਹਿੰਦੀ ਹੈ। ਅਸੀਂ ਇਸ ਬਾਰੇ ਗੱਲ ਕੀਤੀ ਹੈ ਕਿ ਕਿਸ ਪ੍ਰਕ੍ਰਿਆ ਸੰਬੰਧੀ ਕਾਨੂੰਨ ਨੂੰ ਲਾਗੂ ਕਰਨ ’ਤੇ ਵਿਵਾਦ ਕਿਵੇਂ ਹੋਣਗੇ ਅਤੇ ਸਰਕਾਰ ਕਿਵੇਂ ਕੋਸ਼ਿਸ਼ ਕਰੇਗੀ ਅਤੇ ਜ਼ੋਰ ਦੇਵੇਗੀ ਕਿ ਇਹ ਨਵਾਂ ਪ੍ਰਕਿਰਿਆ ਕਾਨੂੰਨ ਹੈ, ਦੋਸ਼ੀ ਕੋਸ਼ਿਸ਼ ਕਰੇਗਾ ਅਤੇ ਜ਼ੋਰ ਦੇਵੇ ਕਿ ਇਹ ਪੁਰਾਣਾ ਹੈ, ਅਤੇ ਫਿਰ ਮਸਲਾ ਮੁਕੱਦਮੇ ਵਿੱਚ ਜਾਵੇਗਾ। ਅਤੇ ਅਪੀਲ ਵਿੱਚ ਸਮਾਪਤ ਕਰੋ। ਇਹ ਕਈ ਸਾਲਾਂ ਤੱਕ ਚੱਲ ਸਕਦਾ ਹੈ, ਜੇ ਦਹਾਕਿਆਂ ਤੱਕ ਨਹੀਂ। ਜਿਵੇਂ ਕਿ ਮੈਂ ਕਿਹਾ, ਇਹ ਬੁਨਿਆਦੀ ਚਿੰਤਾਵਾਂ ਹਨ। ਕੀ ਇਨ੍ਹਾਂ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਸਬੰਧਤ ਹਿੱਸੇਦਾਰਾਂ ਨਾਲ ਢੁਕਵੀਂ ਸਲਾਹ-ਮਸ਼ਵਰਾ ਕੀਤਾ ਗਿਆ ਸੀ? ਤੁਸੀਂ ਪਹਿਲਾਂ ਹੀ ਦੱਸਿਆ ਹੈ ਕਿ ਲੰਬਿਤ ਕੇਸਾਂ ਵਿੱਚ ਕਿੰਨਾ ਵਾਧਾ ਹੋਵੇਗਾ,

ਇਹ ਅੰਦਾਜ਼ਾ ਲਗਾਉਣ ਲਈ ਕੋਈ ਆਡਿਟ ਨਹੀਂ ਕੀਤਾ ਗਿਆ ਹੈ, ਭਾਵੇਂ ਇਹ 30% ਵਧੇ ਜਾਂ 40%। ਪਰ ਕੀ ਉਨ੍ਹਾਂ ਹੋਰ ਮੁੱਦਿਆਂ ਬਾਰੇ ਕੋਈ ਸਲਾਹ-ਮਸ਼ਵਰਾ ਕੀਤਾ ਗਿਆ ਸੀ ਜਿਨ੍ਹਾਂ ਬਾਰੇ ਅਸੀਂ ਚਰਚਾ ਕੀਤੀ ਹੈ - ਇਹ ਤੱਥ ਕਿ ਦੋ ਲਗਾਤਾਰ, ਮੌਜੂਦਾ, ਸਮਾਨਾਂਤਰ ਕਾਨੂੰਨੀ ਪ੍ਰਣਾਲੀਆਂ ਕੰਮ ਕਰਨਗੀਆਂ, ਇਹ ਤੱਥ ਕਿ ਇਸ ਬਾਰੇ ਬੇਅੰਤ ਵਿਵਾਦ ਹੋਣਗੇ ਕਿ ਕਿਹੜੀ ਪ੍ਰਕਿਰਿਆ ਕਾਨੂੰਨ ਲਾਗੂ ਹੁੰਦਾ ਹੈ? ਕੀ ਇਸ ਬਾਰੇ ਕੋਈ ਸਲਾਹ-ਮਸ਼ਵਰਾ ਕੀਤਾ ਗਿਆ ਸੀ? ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕੀਤਾ ਗਿਆ ਸੀ। ਤੁਹਾਡਾ ਕੀ ਜਵਾਬ ਹੈ?

**ਆਈਜੇ**: ਖੈਰ, ਮੁੱਦਾ ਇਹ ਹੈ ਕਿ ਸਬੰਧਤ ਹਿੱਸੇਦਾਰ ਕੌਣ ਹਨ? ਕੀ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨਾਲ ਸਲਾਹ ਕੀਤੀ ਗਈ ਸੀ? ਨੰ. ਕੀ ਦਿੱਲੀ ਹਾਈ ਕੋਰਟ ਬਾਰ ਐਸੋਸੀਏਸ਼ਨ ਨਾਲ ਸਲਾਹ ਕੀਤੀ ਗਈ ਸੀ? ਨੰ. ਕਈ ਵਾਰ ਕੌਂਸਲ ਨੇ ਰਿਕਾਰਡ ’ਤੇ ਇਹ ਕਿਹਾ ਹੈ ਕਿ ਸਾਡੇ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਵੱਲ ਧਿਆਨ ਦਿੱਤਾ ਗਿਆ। ਕਰਨ, ਮੈਨੂੰ ਮੀਡੀਆ ਰਾਹੀਂ ਕਾਨੂੰਨ ਮੰਤਰੀ ਨਾਲ ਹੋਈ ਮੀਟਿੰਗ ਬਾਰੇ ਪਤਾ ਲੱਗਾ ਹੈ। ਹੁਣ ਜ਼ਰਾ ਧਿਆਨ ਨਾਲ ਸੁਣੋ, ਕਾਨੂੰਨ ਮੰਤਰੀ ਵੱਲੋਂ ਕੀਤੀ ਮੀਟਿੰਗ ਜਿਸ ਵਿੱਚ ਕੁਝ ਖਾਸ ਵਿਅਕਤੀਆਂ ਨੂੰ ਸੱਦਿਆ ਗਿਆ ਸੀ। ਮੈਨੂੰ ਹੈਰਾਨੀ ਹੋਈ ਕਿ ਭਾਰਤ ਦੇ ਚੀਫ਼ ਜਸਟਿਸ ਨੇ ਉਸ ਸਲਾਹ-ਮਸ਼ਵਰੇ ਵਿੱਚ ਹਿੱਸਾ ਲਿਆ ਸੀ। ਜੇ ਮੈਂ ਗਲਤ ਹਾਂ ਤਾਂ ਮੈਨੂੰ ਸੁਧਾਰਿਆ ਜਾ ਸਕਦਾ ਹੈ, ਪਰ ਮੀਡੀਆ ਨੇ ਇਹ ਐਲਾਨ ਕੀਤਾ ਹੈ। ਹੁਣ ਮੈਨੂੰ ਸਮਝ ਨਹੀਂ ਆ ਰਿਹਾ ਕਿ ਕਾਨੂੰਨ ਮੰਤਰਾਲੇ ਦੁਆਰਾ ਆਯੋਜਿਤ ਸਲਾਹ-ਮਸ਼ਵਰੇ ਲਈ ਭਾਰਤ ਦੇ ਚੀਫ਼ ਜਸਟਿਸ ਨੂੰ ਕਿਵੇਂ ਬੁਲਾਇਆ ਜਾ ਸਕਦਾ ਹੈ। ਉਹ ਉਹ ਵਿਅਕਤੀ ਹੈ ਜੋ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਜਾ ਰਿਹਾ ਹੈ, ਅਤੇ ਫਿਰ ਉਹ ਰਿਕਾਰਡ ’ਤੇ ਇਹ ਕਹਿੰਦਾ ਹੈ ਕਿ ਅਸੀਂ ਇਨ੍ਹਾਂ ਨਵੇਂ ਕਾਨੂੰਨਾਂ ਦਾ ਸਵਾਗਤ ਕਰਦੇ ਹਾਂ। ਅਸੀਂ ਉਨ੍ਹਾਂ ਦਾ ਸਵਾਗਤ ਕਰਦੇ ਹਾਂ? ਨਹੀਂ, ਅਸੀਂ ਉਨ੍ਹਾਂ ਦਾ ਸੁਆਗਤ ਨਹੀਂ ਕਰਦੇ, ਅਤੇ ਇਹ ਵਿਵਾਦ ਭਾਰਤ ਦੀ ਸੁਪਰੀਮ ਕੋਰਟ ਵਿੱਚ ਖਤਮ ਹੋ ਜਾਣਗੇ। ਇਸ ਲਈ ਨਹੀਂ, ਚੁਣੌਤੀ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ ...

**ਕੇਟੀ**: ਤੁਸੀਂ ਜਾਣਦੇ ਹੋ, ਤੁਸੀਂ ਦੋ ਮਹੱਤਵਪੂਰਨ ਗੱਲਾਂ ਕਹਿ ਰਹੇ ਹੋ। ਸਭ ਤੋਂ ਪਹਿਲਾਂ, ਬਹੁਤ ਹੀ ਚੋਣਵੇਂ ਸਲਾਹ-ਮਸ਼ਵਰੇ, ਜੇ ਤੁਸੀਂ ਇਸਨੂੰ ਸਲਾਹ-ਮਸ਼ਵਰਾ ਕਹਿ ਸਕਦੇ ਹੋ, ਉਹਨਾਂ ਲੋਕਾਂ ਨਾਲ ਹੋਇਆ ਸੀ ਜਿਨ੍ਹਾਂ ਨੂੰ ਖਾਸ ਤੌਰ ’ਤੇ ਚੁਣਿਆ ਗਿਆ ਸੀ ਅਤੇ ਸੱਦਾ ਦਿੱਤਾ ਗਿਆ ਸੀ। ਦੂਜਾ, ਜੇਕਰ ਚੀਫ਼ ਜਸਟਿਸ - ਜੇਕਰ ਕੋਈ ਹੈ - ਜੇਕਰ ਚੀਫ਼ ਜਸਟਿਸ ਉਸ ਸਲਾਹ-ਮਸ਼ਵਰੇ ਦਾ ਹਿੱਸਾ ਸੀ, ਤਾਂ ਪਹਿਲਾਂ ਉਸ ਨਾਲ ਸਲਾਹ ਕਰਨਾ ਗਲਤ ਸੀ ਕਿਉਂਕਿ ਉਹ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਦੀ ਪ੍ਰਧਾਨਗੀ ਕਰੇਗਾ। ਇਸ ਲਈ, ਮੈਂ ਤੁਹਾਨੂੰ ਇੱਕ ਹੋਰ ਸਵਾਲ ਪੁੱਛਣਾ ਚਾਹੁੰਦਾ ਹਾਂ। ਜੋ ਤੁਸੀਂ ਕਿਹਾ ਹੈ, ਉਸ ਤੋਂ ਇਹ ਲਗਦਾ ਹੈ ਕਿ ਇੱਕ ਮਹੱਤਵਪੂਰਨ ਸਟੇਕਹੋਲਡਰ ਉਹ ਹਨ ਜਿਨ੍ਹਾਂ ਨੂੰ ਅੱਜ ਪੁਰਾਣੇ ਕਾਨੂੰਨ ਦੇ ਤਹਿਤ ਕਾਨੂੰਨ ਦੁਆਰਾ ਚਾਰਜ ਕੀਤਾ ਜਾਂਦਾ ਹੈ। ਉਹ ਹੁਣ ਮਹਿਸੂਸ ਕਰ ਸਕਦੇ ਹਨ ਕਿ ਸਰਕਾਰ ਇਸ ਗੱਲ ’ਤੇ ਜ਼ੋਰ ਦੇ ਰਹੀ ਹੈ ਕਿ ਜਿਸ ਪ੍ਰਕਿਰਿਆ ਦੁਆਰਾ ਉਨ੍ਹਾਂ ’ਤੇ ਅਜ਼ਮਾਇਸ਼ ਕੀਤੀ ਜਾ ਰਹੀ ਹੈ, ਉਹ ਨਵੀਂ ਪ੍ਰਕਿਰਿਆ ਹੋਣੀ ਚਾਹੀਦੀ ਹੈ, ਅਤੇ ਇਸ ਲਈ ਇਹ ਉਨ੍ਹਾਂ ਦੇ ਮੁਕੱਦਮੇ ਨੂੰ ਪ੍ਰਭਾਵਤ ਕਰੇਗਾ। ਇਹ ਉਹਨਾਂ ਦੀ ਆਪਣੀ ਰੱਖਿਆ ਕਰਨ ਦੀ ਯੋਗਤਾ ਨੂੰ ਪ੍ਰਭਾਵਤ ਕਰੇਗਾ। ਮੁਲਜ਼ਮਾਂ ਨਾਲ ਕਿਸੇ ਤਰ੍ਹਾਂ ਦੀ ਸਲਾਹ ਕੀਤੀ ਗਈ ਸੀ ਜਾਂ ਨਹੀਂ, ਇਹ ਕਹਿਣਾ ਅਸੰਭਵ ਹੈ।

**ਆਈਜੇ**: ਠੀਕ ਹੈ, ਮੇਰਾ ਮਤਲਬ ਹੈ, ਵਕੀਲਾਂ ਦਾ ਇੱਕ ਵੱਡਾ ਸਮੂਹ ਹੈ ਜੋ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਮੁਲਜ਼ਮਾਂ ਦੀ ਨੁਮਾਇੰਦਗੀ ਕਰਨ ਲਈ ਜਾਣਿਆ ਜਾਂਦਾ ਹੈ। ਇਸ ਲਈ, ਪੇਸ਼ੇ, ਕਾਨੂੰਨੀ ਪੇਸ਼ੇ, ਸਰਕਾਰੀ ਵਕੀਲਾਂ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਮੁਲਜ਼ਮਾਂ ਦੀ ਨੁਮਾਇੰਦਗੀ ਕਰਨ ਵਾਲਿਆਂ ਵਿੱਚ ਵੰਡਿਆ ਗਿਆ ਹੈ, ਅਤੇ ਸਾਡੇ ਦੋਵਾਂ ਦੇ ਆਪਣੇ ਦ੍ਰਿਸ਼ਟੀਕੋਣ ਹਨ। ਸਾਡੇ ਵਿੱਚੋਂ ਜਿਹੜੇ ਦੋਸ਼ੀ ਲਈ ਪੇਸ਼ ਹੁੰਦੇ ਹਨ, ਉਹ ਜ਼ਿੰਦਗੀ ਅਤੇ ਆਜ਼ਾਦੀ ਬਾਰੇ ਚਿੰਤਤ ਹਨ। ਹੁਣ ਬੇਸ਼ੱਕ, ਲੋਕਾਂ ਦੇ ਵੱਖਰੇ ਸਮੂਹ ਵਜੋਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ। ਭਾਵੇਂ ਤੁਸੀਂ ਜੇਲ੍ਹ ਵਿੱਚ ਮੁਲਜ਼ਮਾਂ ਨੂੰ ਮਿਲਣ ਨਹੀਂ ਜਾ ਸਕਦੇ - ਜੋ ਮੈਨੂੰ ਲੱਗਦਾ ਹੈ ਕਿ ਤੁਹਾਨੂੰ ਅਸਲ ਵਿੱਚ ਕਰਨਾ ਚਾਹੀਦਾ ਹੈ - ਪਰ ਜੇ ਤੁਸੀਂ ਅਜਿਹਾ ਨਹੀਂ ਕਰ ਸਕਦੇ, ਤਾਂ ਤੁਸੀਂ ਘੱਟੋ-ਘੱਟ ਉਨ੍ਹਾਂ ਦੇ ਪ੍ਰਤੀਨਿਧੀਆਂ ਨਾਲ ਸਲਾਹ ਕਰ ਸਕਦੇ ਹੋ। ਇਸ ਲਈ, ਮੈਨੂੰ ਨਹੀਂ ਪਤਾ ਕਿ ਅਜਿਹੀ ਕੋਈ ਸਲਾਹ ਕੀਤੀ ਗਈ ਸੀ ਜਾਂ ਨਹੀਂ। ਤੁਸੀਂ ਬਾਰ ਐਸੋਸੀਏਸ਼ਨ ਨਾਲ ਸਲਾਹ ਕਰ ਸਕਦੇ ਹੋ। ਮੈਨੂੰ ਨਹੀਂ ਪਤਾ ਕਿ ਅਜਿਹੀ ਕੋਈ ਸਲਾਹ ਕੀਤੀ ਗਈ ਸੀ। ਤਾਂ, ਕੀ ਗੱਲ ਹੈ? ਇੱਥੋਂ ਤੱਕ ਕਿ ਅਸਲ ਕਾਨੂੰਨ ਦਾ ਖਰੜਾ ਵੀ ਗ੍ਰਹਿ ਮੰਤਰਾਲੇ ਨੇ ਸ਼ੁਰੂ ਕੀਤਾ ਸੀ, ਕਾਨੂੰਨ ਕਮਿਸ਼ਨ ਨੇ ਨਹੀਂ। ਅਜਿਹਾ ਬਿਲਕੁਲ ਨਹੀਂ ਕੀਤਾ ਗਿਆ।

**ਕੇ.ਟੀ.**: ਠੀਕ ਹੈ, ਕੀ ਤੁਹਾਨੂੰ ਪੂਰਾ ਯਕੀਨ ਹੈ ਕਿ ਕਾਨੂੰਨ ਦਾ ਖਰੜਾ ਗ੍ਰਹਿ ਮੰਤਰਾਲੇ ਨੇ ਸ਼ੁਰੂ ਕੀਤਾ ਸੀ ਨਾ ਕਿ ਕਾਨੂੰਨ ਕਮਿਸ਼ਨ ਨੇ?

**ਆਈਜੇ**: ਹਾਂ, ਹਾਂ, ਹਾਂ। ਕੇ.ਟੀ: ਚਲੋ ਇਸ ਨੁਕਤੇ ਨੂੰ ਇੱਕ ਕਦਮ ਹੋਰ ਅੱਗੇ ਲੈ ਕੇ ਚੱਲੀਏ, ਸ਼੍ਰੀਮਤੀ ਜੈਸਿੰਘ। ਮੈਂ ਸਪੱਸ਼ਟ ਤੌਰ ’ਤੇ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੁਆਰਾ ਪੇਸ਼ ਕੀਤੇ ਜਾ ਰਹੇ ਸਾਰੇ ਨਵੇਂ ਅਪਰਾਧਾਂ ਬਾਰੇ ਚਰਚਾ ਨਹੀਂ ਕਰ ਸਕਦਾ ਹਾਂ, ਪਰ ਇੱਥੇ ਦੋ ਜਾਂ ਤਿੰਨ ਹਨ ਜਿਨ੍ਹਾਂ ਬਾਰੇ ਤੁਸੀਂ ਲਿਖਿਆ ਹੈ, ਮੈਂ ਤੁਹਾਡੇ ਨਾਲ ਚਰਚਾ ਕਰਨਾ ਚਾਹਾਂਗਾ। ਪਹਿਲਾ ਭਾਰਤੀ ਦੰਡ ਵਿਧਾਨ ਦੀ ਧਾਰਾ 124ਏ ਹੈ, ਜੋ ‘ਦੇਸ਼ਧ੍ਰੋਹ’ ਨੂੰ ਪਰਿਭਾਸ਼ਿਤ ਕਰਦੀ ਹੈ।

ਇੱਕ ਥਾਣੇ ਵਿੱਚ ਇੱਕ ਪੁਲਿਸ ਅਧਿਕਾਰੀ ਨੂੰ ਇੱਕ ਸਥਾਨਕ ਜਾਂਚ ਅਧਿਕਾਰੀ ਤੋਂ ਵੱਧ ਅੱਤਵਾਦ ਦੀ ਜਾਂਚ ਕਰਨੀ ਪੈਂਦੀ ਹੈ। ਦੇਸ਼ ਦਾ ਕੋਈ ਵੀ ਆਮ ਪੁਲਿਸ ਸਟੇਸ਼ਨ ਹੁਣ ਅੱਤਵਾਦ ਦੀ ਜਾਂਚ ਕਰ ਸਕਦਾ ਹੈ। ਕੋਈ ਵੀ। ਦੂਜਾ, ਯੂਏਪੀਏ ਤਹਿਤ ਸਰਕਾਰ ਨੂੰ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣੀ ਪਈ। ਤੁਸੀਂ ਜਾਣਦੇ ਹੋ, ਹਾਲ ਹੀ ਵਿੱਚ, ਉਪ ਰਾਜਪਾਲ ਨੇ ਹੈਰਾਨੀਜਨਕ ਤੌਰ ’ਤੇ ਯੂਏਪੀਏ ਐਕਟ ਦੇ ਤਹਿਤ ਅਰੁੰਧਤੀ ਰਾਏ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿੱਤੀ ਹੈ। ਪਰ ਹੁਣ, ਤੁਹਾਨੂੰ ਉਸ ਇਜਾਜ਼ਤ ਦੀ ਲੋੜ ਨਹੀਂ ਹੈ। ਨਵੇਂ ਜੁਡੀਸ਼ੀਅਲ ਕੋਡ ਦੇ ਤਹਿਤ ਕੋਈ ਵੀ ਸਾਧਾਰਨ ਪੁਲਿਸ ਅਧਿਕਾਰੀ ਤੁਹਾਡੇ ’ਤੇ ਅੱਤਵਾਦ ਦਾ ਮੁਕੱਦਮਾ ਚਲਾ ਸਕਦਾ ਹੈ। ਇਹ ਪੁਰਾਣੇ ਕਾਨੂੰਨ ਦੇ ਅਧੀਨ ਮੌਜੂਦ ਸੁਰੱਖਿਆ ਗਾਰਡਾਂ ਨੂੰ ਪੂਰੀ ਤਰ੍ਹਾਂ ਹਟਾ ਰਿਹਾ ਹੈ - ਕਿ ਇੱਕ ਸੀਨੀਅਰ ਅਧਿਕਾਰੀ ਕੇਸ ਦੀ ਜਾਂਚ ਕਰੇਗਾ, ਕਿ ਸੀਨੀਅਰ ਅਧਿਕਾਰੀ ਤੋਂ ਉੱਪਰ ਕੋਈ ਇਹ ਦੇਖੇਗਾ ਕਿ ਕੇਸ ਬਣਾਇਆ ਗਿਆ ਸੀ ਜਾਂ ਨਹੀਂ।

**ਕੇ.ਟੀ.**: ਬਿਲਕੁਲ, ਹੁਣ, ਤੀਜੀ ਚਿੰਤਾ ਉਹ ਹੈ ਜਿਸ ਬਾਰੇ ਤੁਸੀਂ ਆਪਣੇ ਇੰਡੀਅਨ ਐਕਸਪ੍ਰੈਸ ਲੇਖ ਵਿੱਚ ਲਿਖਿਆ ਹੈ, ਤੁਸੀਂ ਕਹਿੰਦੇ ਹੋ ਕਿ ਭੈਰਵ ਨਗਰ ਸੁਰੱਖਿਆ ਜ਼ਾਬਤਾ 3 ਸਾਲ ਜਾਂ ਇਸ ਤੋਂ ਵੱਧ ਪਰ ਇਸ ਤੋਂ ਘੱਟ ਦੀ ਸਜ਼ਾ ਦੇ ਨਾਲ ਸਜ਼ਾ ਯੋਗ ਹਰੇਕ ਅਪਰਾਧਿਕ ਅਪਰਾਧ ਲਈ ਮੁਢਲੀ ਜਾਂਚ ਨੂੰ ਲਾਜ਼ਮੀ ਕਰਦਾ ਹੈ। 7 ਸਾਲ ਦੀ ਸਜ਼ਾ ਹੈ। ਇਸ ਦਾ ਮਤਲਬ ਹੈ ਕਿ ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ, ਐਫਆਈਆਰ ਆਪਣੇ ਆਪ ਦਰਜ ਨਹੀਂ ਹੋਵੇਗੀ। ਇਸ ਦੇ ਕੀ ਪ੍ਰਭਾਵ ਹਨ?

**ਆਈਜੇ**: ਬਹੁਤ, ਬਹੁਤ ਗੰਭੀਰ। ਸਭ ਤੋਂ ਪਹਿਲਾਂ, ਬੇਸ਼ੱਕ ਦੁਬਾਰਾ, ਉਸਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਬਹੁਤ ਘੱਟ ਸਤਿਕਾਰ ਕੀਤਾ ਹੈ। ਉਨ੍ਹਾਂ ਨੇ ਇਸ ਨੂੰ ਕਾਨੂੰਨ ਰਾਹੀਂ ਰੱਦ ਕਰ ਦਿੱਤਾ ਹੈ, ਜਿੱਥੇ ਸੁਪਰੀਮ ਕੋਰਟ ਨੇ ਕਿਹਾ ਹੈ, “ਨਹੀਂ, ਐੱਫ.ਆਈ.ਆਰ. ਉਦੋਂ ਤੱਕ ਦਰਜ ਕੀਤੀ ਜਾਣੀ ਚਾਹੀਦੀ ਹੈ ਜਦੋਂ ਤੱਕ ਤੁਸੀਂ ਇਸ ਗੱਲ ਦੀ ਪੁਸ਼ਟੀ ਨਹੀਂ ਕਰਨਾ ਚਾਹੁੰਦੇ ਹੋ ਕਿ ਕੀ ਕਿਹਾ ਜਾ ਰਿਹਾ ਹੈ, ਪਰ ਜੇ ਤੁਸੀਂ ਦੋ ਕਾਰੋਬਾਰੀ ਘਰਾਣਿਆਂ ਨੂੰ ਇਕ ਦੂਜੇ ਦੇ ਖਿਲਾਫ ਲੜਦੇ ਦੇਖਣਾ ਚਾਹੁੰਦੇ ਹੋ। ਜੇਕਰ ਉਹ ਸਿਰਫ਼ ਕਾਰੋਬਾਰੀ ਲਾਭ ਲੈਣ ਲਈ ਇਕ-ਦੂਜੇ ਵਿਰੁੱਧ ਸ਼ਿਕਾਇਤਾਂ ਦਰਜ ਕਰਦੇ ਹਨ, ਤਾਂ ਤੁਸੀਂ ਮੁੱਢਲੀ ਜਾਂਚ ਕਰ ਸਕਦੇ ਹੋ।” ਹੁਣ, 3 ਸਾਲ ਤੋਂ 7 ਸਾਲ ਤੱਕ ਦਾ ਹਰ ਕੇਸ ਸਜ਼ਾਯੋਗ ਹੈ - ਇਸਦਾ ਕੀ ਅਰਥ ਹੈ? ਦੇਖੋ, ਇਸ ਨੂੰ ‘ਪਹਿਲੀ ਸੂਚਨਾ ਰਿਪੋਰਟ’ ਕਿਉਂ ਕਿਹਾ ਜਾਂਦਾ ਹੈ? ਸ਼ਬਦ ‘ਪਹਿਲਾ’ ਮਹੱਤਵਪੂਰਨ ਹੈ, ਹੈ ਨਾ? ਕਿਉਂਕਿ ਕਾਨੂੰਨ ਇਹ ਮੰਨਦਾ ਹੈ ਕਿ ਤੁਸੀਂ ਜੋ ਕੁਝ ਵੀ ਬੋਲਦੇ ਹੋ ਉਹ ਸੱਚ ਹੈ। 15 ਦਿਨਾਂ ਜਾਂ 20 ਦਿਨਾਂ ਦੀ ਮਿਆਦ ਦੇ ਬਾਅਦ ਤੁਸੀਂ ਜੋ ਕਹਿੰਦੇ ਹੋ ਉਸ ਨਾਲ ਹੇਰਾਫੇਰੀ ਕੀਤੀ ਜਾ ਸਕਦੀ ਹੈ। ਜਾਣਕਾਰੀ ਵਿੱਚ ਮਸਾਲਾ ਪਾਉਣ ਲਈ ਪੁਲਿਸ ਤੁਹਾਡੇ ਨਾਲ ਛੇੜਛਾੜ ਕਰ ਸਕਦੀ ਹੈ, ਤੁਹਾਡੇ ਦੋਸਤ, ਤੁਹਾਡੇ ਰਿਸ਼ਤੇਦਾਰ ਤੁਹਾਡੇ ਨਾਲ ਛੇੜਛਾੜ ਕਰ ਸਕਦੇ ਹਨ। ਇਹ ‘ਪਹਿਲੀ ਸੂਚਨਾ ਰਿਪੋਰਟ’ ਸ਼ਬਦ ਦੀ ਮਹੱਤਤਾ ਹੈ। ਜਿਵੇਂ ਹੀ ਮੈਨੂੰ ਕੁਝ ਵਾਪਰਦਾ ਹੈ, ਮੈਂ ਸਿੱਧਾ ਥਾਣੇ ਜਾ ਕੇ ਸ਼ਿਕਾਇਤ ਦਰਜ ਕਰਾਉਂਦਾ ਹਾਂ, ਅਤੇ ਉਨ੍ਹਾਂ ਨੂੰ ਇਹ ਦਰਜ ਕਰਵਾਉਣੀ ਪੈਂਦੀ ਹੈ। ਹੁਣ ਕੀ ਹੋਵੇਗਾ ਕਿ ਇਸ ਨੂੰ ਫਾਈਲ ਕਰਨ ਦੀ ਕੋਈ ਲੋੜ ਨਹੀਂ ਹੈ, ਅਤੇ ਇਸ ਅੰਤਰਿਮ ਸਮੇਂ ਦੌਰਾਨ, ਜਾਂ ਤਾਂ ਤੁਸੀਂ - ਤੁਸੀਂ ਜਾਣਦੇ ਹੋ, ਪੁਲਿਸ ਰਿਸ਼ਵਤ ਲੈ ਕੇ ਕਹੇਗੀ, ‘ਠੀਕ ਹੈ, ਤੁਸੀਂ ਮੈਨੂੰ ਇੰਨੇ ਪੈਸੇ ਦੇ ਦਿਓ, ਅਤੇ ਮੈਂ ਫਾਈਲ ਕਰ ਦਿਆਂਗਾ। ਐਫਆਈਆਰ।’ ਮੈਂ ਕਰਾਂਗਾ। ਇਹੀ ਕਾਰਨ ਸੀ ਕਿ ਮੈਨੂੰ ਪਹਿਲਾਂ ਅਦਾਲਤ ਵਿੱਚ ਜਾਣਾ ਪਿਆ। ਪੁਲਿਸ ਪਹਿਲੀ ਸੂਚਨਾ ਰਿਪੋਰਟ ਦਰਜ ਨਹੀਂ ਕਰ ਰਹੀ ਸੀ। ਉਹ ਵਿਚੋਲੇ ਵਜੋਂ ਕੰਮ ਕਰ ਰਹੇ ਸਨ ਅਤੇ ਇਹ ਇਸ ਸਮੇਂ ਦੌਰਾਨ ਸੀ ਕਿ ਉਹ ਇਹ ਜਾਣਕਾਰੀ ਦਰਜ ਨਹੀਂ ਕਰਨਗੇ। ਉਹ ਦੋਸ਼ੀ ਅਤੇ ਸ਼ਿਕਾਇਤ ਕਰਨ ਵਾਲੇ ਵਿਅਕਤੀ ਵਿਚਕਾਰ ਵਿਚੋਲਗੀ ਕਰਨ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ, ‘ਅਸੀਂ ਇਹ ਸਭ ਕੁਝ ਕਿਉਂ ਨਹੀਂ ਕਰਦੇ?’

**ਕੇਟੀ**: ਬਿਲਕੁਲ। ਮੈਂ ਤੁਹਾਡੀ ਗੱਲ ਸਮਝਦਾ ਹਾਂ। ਮੈਂ ਇਹ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ ਕਿਉਂਕਿ ਅਸੀਂ ਇਸ ਇੰਟਰਵਿਊ ਦੇ ਅੰਤ ਵਿੱਚ ਆ ਰਹੇ ਹਾਂ। ਅਸੀਂ ਕਈ ਤਰ੍ਹਾਂ ਦੀਆਂ ਚਿੰਤਾਵਾਂ ’ਤੇ ਚਰਚਾ ਕੀਤੀ ਹੈ। ਇੰਟਰਵਿਊ ਦੇ ਦੂਜੇ ਭਾਗ ਵਿੱਚ, ਅਸੀਂ ਖਾਸ ਨਵੇਂ ਕਾਨੂੰਨਾਂ ਬਾਰੇ ਚਰਚਾ ਕਰਦੇ ਹਾਂ ਅਤੇ ਉਹ ਕਿਵੇਂ ਚਿੰਤਾਜਨਕ ਅਤੇ ਵਧੇਰੇ ਸਖ਼ਤ ਹਨ। ਇੰਟਰਵਿਊ ਦੇ ਪਹਿਲੇ ਹਿੱਸੇ ਵਿੱਚ, ਅਸੀਂ ਚਰਚਾ ਕੀਤੀ ਕਿ ਕਿਵੇਂ ਦੋ ਸਮਕਾਲੀ ਪਰ ਸਮਾਨਾਂਤਰ ਪ੍ਰਣਾਲੀਆਂ ਇਕੱਠੇ ਕੰਮ ਕਰਨਗੀਆਂ, ਸ਼ਾਇਦ ਅਗਲੇ 20-25 ਸਾਲਾਂ ਤੱਕ ਜਦੋਂ ਤੱਕ ਸਾਰੀਆਂ ਅਪੀਲਾਂ ਖਤਮ ਨਹੀਂ ਹੋ ਜਾਂਦੀਆਂ। ਅਸੀਂ ਇਸ ਗੱਲ ’ਤੇ ਚਰਚਾ ਕੀਤੀ ਹੈ ਕਿ ਕਿਸ ਤਰ੍ਹਾਂ ਬੇਅੰਤ ਝਗੜੇ ਹੋਣਗੇ ਕਿ ਕਿਸ ਪ੍ਰਕਿਰਿਆ ਸੰਬੰਧੀ ਕਾਨੂੰਨ ਲਾਗੂ ਹੁੰਦਾ ਹੈ - ਨਵਾਂ ਜਾਂ ਪੁਰਾਣਾ - ਅਤੇ ਇਹ ਦਹਾਕਿਆਂ ਤੱਕ ਚੱਲ ਸਕਦਾ ਹੈ ਕਿਉਂਕਿ ਇਹ ਸਭ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਅਪੀਲ ਪ੍ਰਕਿਰਿਆ ਕਦੋਂ ਖਤਮ ਹੁੰਦੀ ਹੈ। ਅਸੀਂ ਇਸ ਬਾਰੇ ਵੀ ਗੱਲ ਕੀਤੀ ਹੈ ਕਿ ਕਿਵੇਂ ਲੰਬਿਤ ਕੇਸਾਂ ਦੀ ਗਿਣਤੀ 30% ਜਾਂ ਸ਼ਾਇਦ 40% ਤੱਕ ਵਧ ਸਕਦੀ ਹੈ। ਸਰਕਾਰ ਨੇ ਕੋਈ ਆਡਿਟ ਨਹੀਂ ਕਰਵਾਇਆ। ਇਸ ਲਈ, ਅਸੀਂ ਬਹੁਤ ਸਾਰੇ ਚਿੰਤਾਜਨਕ ਮੁੱਦਿਆਂ ’ਤੇ ਚਰਚਾ ਕੀਤੀ ਹੈ। ਮੈਨੂੰ ਦੱਸੋ, ਸਾਡੇ ਦੁਆਰਾ ਸੰਬੋਧਿਤ ਕੀਤੀਆਂ ਗਈਆਂ ਸਾਰੀਆਂ ਚਿੰਤਾਵਾਂ ਨੂੰ ਸੁਪਰੀਮ ਕੋਰਟ ਜਾਂ ਘੱਟੋ-ਘੱਟ ਦੇਸ਼ ਦੀਆਂ ਪ੍ਰਮੁੱਖ ਹਾਈ ਕੋਰਟਾਂ ਦੇ ਪੱਧਰ ’ਤੇ ਚੁਣੌਤੀ ਦੇਣ ਦੀ ਕੀ ਸੰਭਾਵਨਾ ਹੈ? ਕੀ ਅਜਿਹਾ ਹੋਣ ਦੀ ਸੰਭਾਵਨਾ ਹੈ?

**ਆਈਜੇ**: ਇਹ ਯਕੀਨੀ ਹੈ. ਮੈਂ ਉਨ੍ਹਾਂ ਲੋਕਾਂ ਨੂੰ ਜਾਣਦਾ ਹਾਂ ਜੋ ਪਹਿਲਾਂ ਹੀ ਆਪਣੀਆਂ ਪਟੀਸ਼ਨਾਂ ਨਾਲ ਤਿਆਰ ਹਨ। ਜੇ ਮੈਂ ਗਲਤ ਨਹੀਂ ਹਾਂ, ਤਾਂ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਹੀ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਅਤੇ ਉਹ ਵਾਪਸ ਲੈ ਲਈਆਂ ਗਈਆਂ ਸਨ ਕਿਉਂਕਿ ਇਹ ਕਾਨੂੰਨ ਲਾਗੂ ਨਹੀਂ ਹੋਇਆ ਸੀ ਕਿਉਂਕਿ ਸਰਕਾਰ ਨੇ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਦੇਰੀ ਕੀਤੀ ਸੀ। ਸੁਪਰੀਮ ਕੋਰਟ ਵਿੱਚ ਤੁਹਾਡੀਆਂ ਇੱਕ ਨਹੀਂ ਸਗੋਂ ਕਈ ਪਟੀਸ਼ਨਾਂ ਹੋਣਗੀਆਂ ਅਤੇ ਇਸ ਕਾਨੂੰਨ ਦੀਆਂ ਵਿਵਸਥਾਵਾਂ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਹਾਈ ਕੋਰਟਾਂ ਵਿੱਚ ਤੁਹਾਡੀਆਂ ਕਈ ਪਟੀਸ਼ਨਾਂ ਹੋਣਗੀਆਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਜਿਸ ਕਾਰਨ ਮੈਂ ਇੰਨਾ ਦੁਖੀ ਹੋਇਆ ਜਦੋਂ ਮੈਂ ਕਿਹਾ ਕਿ ਭਾਰਤ ਦੇ ਚੀਫ਼ ਜਸਟਿਸ ਨੂੰ ਕਿਸੇ ਵੀ ਕਾਨਫਰੰਸ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ ਸੀ ਜਿਸ ਵਿੱਚ ਇਹਨਾਂ ਕਾਨੂੰਨਾਂ ਬਾਰੇ ਅਖੌਤੀ ਸਲਾਹ-ਮਸ਼ਵਰਾ ਕੀਤਾ ਜਾਂਦਾ ਸੀ, ਕਿਉਂਕਿ ਉਹਨਾਂ ਨੂੰ ਬੁਲਾਇਆ ਜਾਵੇਗਾ, ਜੇ. ਇਨ੍ਹਾਂ ਕੇਸਾਂ ਦਾ ਫੈਸਲਾ ਕਰਨ ਲਈ ਨਹੀਂ, ਘੱਟੋ-ਘੱਟ ਬੈਂਚਾਂ ਦਾ ਗਠਨ ਕਰਨ ਲਈ, ਅਤੇ ਉਹ ਪਹਿਲਾਂ ਹੀ ਆਪਣੀ ਰਾਏ ਜ਼ਾਹਰ ਕਰ ਚੁੱਕੇ ਹਨ ਕਿ ਇਹ ਨਵੇਂ ਕਾਨੂੰਨ ਸਵਾਗਤਯੋਗ ਹਨ।

**ਕੇਟੀ**: ਕੀ ਮੈਂ ਦਖਲਅੰਦਾਜ਼ੀ ਕਰਕੇ ਪੁੱਛ ਸਕਦਾ ਹਾਂ, ਕੀ ਤੁਸੀਂ ਚੀਫ਼ ਜਸਟਿਸ ਵੱਲੋਂ ਸਲਾਹ-ਮਸ਼ਵਰੇ ਵਿੱਚ ਹਿੱਸਾ ਲੈਣ ਬਾਰੇ ਇਹ ਖਾਸ ਮੁੱਦਾ ਉਠਾਇਆ ਹੈ, ਜਿਸ ਨੂੰ ਤੁਸੀਂ ਗਲਤ ਅਤੇ ਗਲਤ ਮੰਨਦੇ ਹੋ? ਤੁਸੀਂ ਇਸ ਇੰਟਰਵਿਊ ਵਿੱਚ ਦੋ ਵਾਰ ਇਸਦਾ ਜ਼ਿਕਰ ਕੀਤਾ ਹੈ. ਕੀ ਤੁਸੀਂ ਇਸਨੂੰ ਚੁੱਕਿਆ ਹੈ?

ਕੀ ਤੁਸੀਂ ਉਨ੍ਹਾਂ ਨਾਲ ਸਿੱਧੀ ਗੱਲ ਕੀਤੀ ਹੈ? ਕੀ ਤੁਸੀਂ ਉਨ੍ਹਾਂ ਨੂੰ ਕੋਈ ਚਿੱਠੀ ਲਿਖੀ ਹੈ? ਕੀ ਤੁਸੀਂ ਉਨ੍ਹਾਂ ਕੋਲ ਇਹ ਮੁੱਦਾ ਉਠਾਇਆ ਹੈ? ਕਿਉਂਕਿ ਸਪੱਸ਼ਟ ਤੌਰ ’ਤੇ, ਜੇ ਉਨ੍ਹਾਂ ਨੇ ਅਜਿਹਾ ਕੀਤਾ ਹੈ ਤਾਂ ਇਹ ਨਾ ਸਿਰਫ ਉਨ੍ਹਾਂ ਦੇ ਪੱਖ ਤੋਂ ਬੇਇਨਸਾਫੀ ਹੈ, ਬਲਕਿ ਇਹ ਇੱਕ ਸਥਿਤੀ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਅਣਸੁਖਾਵੀਂ ਸਥਿਤੀ ਵਿੱਚ ਪਾ ਦਿੱਤਾ ਹੈ ਕਿਉਂਕਿ, ਸਭ ਤੋਂ ਪਹਿਲਾਂ, ਇੱਕ ਵਿਅਕਤੀ ਵਜੋਂ, ਜਿਸ ਨਾਲ ਸਲਾਹ ਕੀਤੀ ਗਈ ਸੀ, ਨੇ ਕਿਹਾ ਕਿ ਕਾਨੂੰਨ ਵਧੀਆ ਅਤੇ ਸਵੀਕਾਰਯੋਗ. ਹੁਣ ਇਨ੍ਹਾਂ ਕਾਨੂੰਨਾਂ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਮੁਕੱਦਮੇ ਦਾ ਫੈਸਲਾ ਕਰਨ ਵਾਲੇ ਵਿਅਕਤੀ ਵਜੋਂ ਉਸ ਨੂੰ ਵੱਖਰੀ ਤਰ੍ਹਾਂ ਦੀ ਰਾਏ ਲੈਣੀ ਪਵੇਗੀ। ਤਾਂ ਕੀ ਤੁਸੀਂ ਇਹ ਮੁੱਦਾ ਉਨ੍ਹਾਂ ਕੋਲ ਉਠਾਇਆ ਹੈ?

**ਆਈਜੇ**: ਦੇਖੋ, ਮੈਂ ਆਪਣੇ ਪੱਤਰ ਦੀ ਇੱਕ ਕਾਪੀ ਭਾਰਤ ਦੇ ਚੀਫ਼ ਜਸਟਿਸ ਅਤੇ ਸਾਰੀਆਂ ਹਾਈ ਕੋਰਟਾਂ ਦੇ ਚੀਫ਼ ਜਸਟਿਸਾਂ ਨੂੰ ਭੇਜ ਦਿੱਤੀ ਹੈ। ਪੱਤਰ ਦਾ ਕੋਈ ਜਵਾਬ ਜਾਂ ਜਵਾਬ ਨਹੀਂ ਮਿਲਿਆ ਹੈ। ਪਰ ਮੈਂ ਤੁਹਾਨੂੰ ਦੱਸਦਾ ਹਾਂ - ਠੀਕ ਹੈ, ਇਸ ਲਈ ਉਸ ਕੋਲ ਹੈ - ਉਸਦੀ ਟਿੱਪਣੀ ਕਰਨ ਬਾਰੇ ਸਮੱਸਿਆ ਦਾ ਹੱਲ ਹੈ। ਉਹ ਜਾਂ ਤਾਂ ਆਪਣੇ ਆਪ ਨੂੰ ਵੱਖ ਕਰ ਸਕਦਾ ਹੈ, ਜਾਂ ਕੇਸ ਦੀ ਸੁਣਵਾਈ ਤੋਂ ਆਪਣੇ ਆਪ ਨੂੰ ਵੱਖ ਕਰਨ ਲਈ ਕਿਹਾ ਜਾ ਸਕਦਾ ਹੈ। ਪਰ ਭਾਰਤ ਦੇ ਚੀਫ਼ ਜਸਟਿਸ ਨੂੰ ਅਜਿਹੇ ਮਹੱਤਵਪੂਰਨ ਕੇਸਾਂ ਦੀ ਸੁਣਵਾਈ ਤੋਂ ਕਿਉਂ ਪਿੱਛੇ ਹਟਣਾ ਚਾਹੀਦਾ ਹੈ?

**ਕੇਟੀ**: ਅਤੇ ਇਹ ਸ਼ਰਮਨਾਕ ਹੈ ਕਿ ਇੱਕ ਚੀਫ਼ ਜਸਟਿਸ ਨੂੰ ਆਪਣੇ ਆਪ ਨੂੰ ਛੱਡਣ ਲਈ ਕਿਹਾ ਜਾਵੇ। ਇਹ ਸ਼ਰਮਨਾਕ ਨਹੀਂ ਹੈ ਜੇਕਰ ਉਹ ਆਪਣੀ ਮਰਜ਼ੀ ਨਾਲ ਅਜਿਹਾ ਕਰਨਾ ਚਾਹੁੰਦਾ ਹੈ, ਪਰ ਅਜਿਹਾ ਕਰਨ ਲਈ ਕਹੇ ਜਾਣ ਦਾ ਮਤਲਬ ਇਹ ਹੋਵੇਗਾ ਕਿ ਇੱਕ ਵਕੀਲ ਨੂੰ ਅਦਾਲਤ ਵਿੱਚ ਖੜ੍ਹਾ ਕਰਨਾ ਅਤੇ ਕਹਿਣਾ, ‘ਇਸ ਕੇਸ ਵਿੱਚ ਤੁਸੀਂ ਜੋ ਟਰੈਕ ਰਿਕਾਰਡ ਸਥਾਪਿਤ ਕੀਤਾ ਹੈ, ਉਸ ਨੂੰ ਦੇਖਦੇ ਹੋਏ, ਤੁਹਾਡੇ ਪਿਛਲੇ ਵਿਵਹਾਰ ਨੂੰ ਵੇਖਦੇ ਹੋਏ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਆਪ ਨੂੰ ਛੱਡ ਦਿਓ।’ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਚੀਫ਼ ਜਸਟਿਸ ਲਈ ਸ਼ਰਮਨਾਕ ਗੱਲ ਹੋਵੇਗੀ।

**ਆਈਜੇ**: ਉਹ ਚੀਫ ਹੈ। ਤੁਸੀਂ ਜਾਣਦੇ ਹੋ, ਉਹ ਰੋਸਟਰ ਦਾ ਮਾਸਟਰ ਹੈ, ਅਤੇ ਉਹ ਫੈਸਲਾ ਕਰਦਾ ਹੈ ਕਿ ਕੀ ਉਹ ਕੇਸ ਦੀ ਸੁਣਵਾਈ ਕਰੇਗਾ ਜਾਂ ਕੋਈ ਹੋਰ ਜੱਜ ਕਰੇਗਾ। ਕਿਸੇ ਵੀ ਸਥਿਤੀ ਵਿੱਚ, ਇਹ ਬਹੁਤ ਹੀ ਅਣਉਚਿਤ ਹੈ।

**ਕੇਟੀ**: ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦੀ ਹਾਂ। ਜੇਕਰ ਇਨ੍ਹਾਂ ਚੁਣੌਤੀਆਂ ’ਤੇ ਵਿਚਾਰ ਕੀਤਾ ਜਾਂਦਾ ਹੈ, ਅਤੇ ਤੁਸੀਂ ਮੈਨੂੰ ਦੱਸ ਰਹੇ ਹੋ ਕਿ ਤੁਹਾਨੂੰ ਭਰੋਸਾ ਹੈ ਕਿ ਸੁਪਰੀਮ ਕੋਰਟ ਵਿਚ ਬਹੁਤ ਸਾਰੀਆਂ ਪਟੀਸ਼ਨਾਂ ਹੋਣਗੀਆਂ, ਸ਼ਾਇਦ ਵੱਡੀਆਂ ਉੱਚ ਅਦਾਲਤਾਂ ਵਿਚ ਬਹੁਤ ਸਾਰੀਆਂ ਪਟੀਸ਼ਨਾਂ ਹੋਣਗੀਆਂ, ਪਰ ਜੇਕਰ ਕਾਨੂੰਨ ਉਨ੍ਹਾਂ ਪਟੀਸ਼ਨਾਂ ਅਤੇ ਚੁਣੌਤੀਆਂ ਦੀ ਸੁਣਵਾਈ ਤੋਂ ਪਹਿਲਾਂ ਲਾਗੂ ਹੁੰਦਾ ਹੈ ਅਤੇ ਜਿਵੇਂ ਕਿ ਸਥਿਤੀ ਬਣੀ ਹੋਈ ਹੈ, ਇਹ 11 ਦਿਨਾਂ ਦੇ ਸਮੇਂ ਵਿੱਚ 1 ਜੁਲਾਈ ਤੋਂ ਲਾਗੂ ਹੋਣ ਜਾ ਰਿਹਾ ਹੈ। ਸਥਿਤੀ ਕੀ ਹੋਵੇਗੀ?

**ਆਈਜੇ**: ਇਹ ਬਹੁਤ ਗੰਭੀਰ ਸਵਾਲ ਹੈ। ਇਸ ਲਈ ਮੈਂ ਚਿੱਠੀ ਵਿੱਚ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਨੂੰ ਉਦੋਂ ਤੱਕ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ ਜਦੋਂ ਤੱਕ ਮੇਰੇ ਵੱਲੋਂ ਉਠਾਏ ਗਏ ਸਾਰੇ ਮੁੱਦਿਆਂ - ਅਤੇ ਹੋਰ ਬਹੁਤ ਸਾਰੇ ਹੋਰ ਮੁੱਦਿਆਂ ਨੂੰ ਹੱਲ ਨਹੀਂ ਕੀਤਾ ਜਾਂਦਾ ਹੈ। ਹੁਣ ਯਾਦ ਕਰੋ, ਕਰਨ, ਇਹ ਕਾਨੂੰਨ ਉਦੋਂ ਪਾਸ ਹੋਇਆ ਸੀ ਜਦੋਂ 175 ਤੋਂ ਵੱਧ ਸੰਸਦ ਮੈਂਬਰ ਮੁਅੱਤਲ ਸਨ। ਸੰਸਦ ਵਿੱਚ ਕੋਈ ਬਹਿਸ ਨਹੀਂ ਹੋਈ; ਇਹ ਸਿਰਫ਼ ਪਾਸ ਕੀਤਾ ਗਿਆ ਸੀ. ਇਸ ਲਈ, ਵੈਧਤਾ ਬਾਰੇ ਸੱਚਮੁੱਚ ਸ਼ੰਕੇ ਹਨ, ਅਤੇ ਜਦੋਂ ਕੋਈ ਚੁਣੌਤੀ ਹੁੰਦੀ ਹੈ, ਤਾਂ ਮੈਨੂੰ ਯਕੀਨ ਹੈ ਕਿ ਇਹ ਉਨ੍ਹਾਂ ਚੁਣੌਤੀਆਂ ਵਿੱਚੋਂ ਇੱਕ ਹੋਵੇਗੀ ਜਿਸਦਾ ਜ਼ਿਕਰ ਕੀਤਾ ਜਾਵੇਗਾ - ਕਿ ਤੁਸੀਂ ਅਜਿਹਾ ਕਾਨੂੰਨ ਕਿਵੇਂ ਬਣਾ ਸਕਦੇ ਹੋ ਜਿਸ ਬਾਰੇ ਸੰਸਦ ਨੇ ਆਪਣਾ ਮਨ ਨਹੀਂ ਬਣਾਇਆ ਹੈ ਪਰ ਕੋਈ ਸਥਾਈ ਕਮੇਟੀ ਨਹੀਂ?

**ਕੇਟੀ**: ਤੁਸੀਂ ਜੋ ਕਹਿ ਰਹੇ ਹੋ - ਅਤੇ ਮੈਂ ਵਿਘਨ ਪਾਉਣ ਲਈ ਮੁਆਫੀ ਮੰਗਦਾ ਹਾਂ - ਇਹ ਹੈ ਕਿ ਜੇਕਰ ਇਹ ਕਾਨੂੰਨ 1 ਜੁਲਾਈ ਨੂੰ ਲਾਗੂ ਹੁੰਦੇ ਹਨ, ਅਤੇ ਮੈਂ ਦੁਹਰਾਉਂਦਾ ਹਾਂ ਕਿ ਇਹ ਸਰਕਾਰ ਦਾ ਇਰਾਦਾ ਹੈ, ਅਤੇ ਉਦੋਂ ਤੱਕ ਇਹਨਾਂ ਕਾਨੂੰਨਾਂ ਦੀਆਂ ਚੁਣੌਤੀਆਂ ਦਾ ਹੱਲ ਨਹੀਂ ਕੀਤਾ ਜਾਂਦਾ, ਤਾਂ ਅਸੀਂ ਕਰਾਂਗੇ। ਸਾਡੇ ਹੱਥਾਂ ਵਿੱਚ ਗੜਬੜ ਹੈ।

**ਆਈਜੇ**: ਇਹ ਇੱਕ ਗੜਬੜ ਹੋਵੇਗੀ। ਪਰ ਤੁਸੀਂ ਜਾਣਦੇ ਹੋ, ਕਰਨ, ਹੱਲ ਬਹੁਤ ਸੌਖਾ ਹੈ। ਮੰਤਰੀ ਨੂੰ ਲਾਗੂ ਕਰਨ ਨੂੰ ਮੁਲਤਵੀ ਕਰਨ ਲਈ ਇੱਕ ਸਧਾਰਨ ਨੋਟੀਫਿਕੇਸ਼ਨ ਜਾਰੀ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਨਵੀਂ ਚੁਣੀ ਗਈ ਸੰਸਦ ਨੂੰ ਇਨ੍ਹਾਂ ਕਾਨੂੰਨਾਂ ਨੂੰ ਦੇਖਣ ਦਾ ਮੌਕਾ ਦਿਓ। ਕੇਟੀ: ਜੇ ਉਹ ਇਹ ਨਹੀਂ ਕਰਨਾ ਚਾਹੁੰਦਾ ਤਾਂ ਕੀ ਹੋਵੇਗਾ?

**ਆਈਜੇ**: ਤਾਂ ਹਾਂ, ਅਸੀਂ ਇੱਕ ਗੜਬੜ ਵਿੱਚ ਹਾਂ, ਜਿਵੇਂ ਕਿ ਤੁਸੀਂ ਸਹੀ ਕਿਹਾ ਹੈ। ਕੇਟੀ: ਤਾਂ ਇਹ ਸਥਿਤੀ ਹੈ। ਜੇਕਰ ਇਹ ਸਰਕਾਰ ਆਪਣੇ ਵਾਅਦੇ ’ਤੇ ਕਾਇਮ ਰਹਿੰਦੀ ਹੈ, ਜੋ ਕਿ 1 ਜੁਲਾਈ ਨੂੰ ਇਨ੍ਹਾਂ ਤਿੰਨ ਨਵੇਂ ਕਾਨੂੰਨਾਂ ਨੂੰ ਲਾਗੂ ਕਰਨਾ ਹੈ, ਤਾਂ ਸਾਡੇ ਹੱਥਾਂ ’ਤੇ ਕਾਨੂੰਨੀ ਅਤੇ ਨਿਆਂਇਕ ਗੜਬੜ ਹੋ ਜਾਵੇਗੀ। ਕਾਨੂੰਨੀ ਅਤੇ ਨਿਆਂਇਕ ਦੋਵੇਂ।

**ਆਈਜੇ**: ਹਾਂ, ਅਤੇ ਇਸੇ ਲਈ ਭਾਰਤ ਦੇ ਨਾਗਰਿਕਾਂ ਨੇ ਗੱਠਜੋੜ ਦੇ ਭਾਈਵਾਲਾਂ ਨੂੰ ਲਿਖਿਆ ਹੈ ਕਿ ਕਿਰਪਾ ਕਰਕੇ ਇਸ ਮੁੱਦੇ ਨੂੰ ਉਠਾਓ, ਕਿ ਸਾਨੂੰ ਇਹਨਾਂ ਕਾਨੂੰਨਾਂ ਦੀ ਵੈਧਤਾ ਨੂੰ ਵੇਖਣ ਲਈ ਸਮਾਂ ਚਾਹੀਦਾ ਹੈ, ਅਤੇ ਸਿਰਫ਼ ਇੱਕ ਸਧਾਰਨ ਨੋਟੀਫਿਕੇਸ਼ਨ ਜਾਰੀ ਕਰੋ ਕਿ ਜਦੋਂ ਤੱਕ ਉਹਨਾਂ ਨੂੰ ਆਉਣ ਨਾ ਦਿਓ। 1 ਜੁਲਾਈ ਤੋਂ ਪ੍ਰਭਾਵੀ ਹੈ ਜਦੋਂ ਤੱਕ ਤੁਹਾਨੂੰ ਪਤਾ ਨਹੀਂ ਲੱਗ ਜਾਂਦਾ।

**ਕੇਟੀ**: ਬਿਲਕੁਲ। ਆਪ ਸਭ ਨੂੰ ਇਨ੍ਹਾਂ ਕਾਨੂੰਨਾਂ ਨੂੰ ਬਰਕਰਾਰ ਰੱਖਣ ਦੀ ਅਪੀਲ ਹੈ। ਤੁਸੀਂ ਉਨ੍ਹਾਂ 3,600 ਲੋਕਾਂ ਵਿੱਚੋਂ ਹੋ ਜਿਨ੍ਹਾਂ ਨੇ ਵਿਰੋਧੀ ਧਿਰ ਦੇ ਲਗਭਗ ਹਰ ਸਿਆਸੀ ਨੇਤਾ ਨੂੰ ਚਿੱਠੀਆਂ ਲਿਖੀਆਂ ਹਨ, ਉਨ੍ਹਾਂ ਨੂੰ ਤੁਹਾਡੇ ਪੱਖ ਵਿੱਚ ਆਉਣ ਅਤੇ ਸਰਕਾਰ ਨੂੰ ਕਾਨੂੰਨਾਂ ਨੂੰ ਮੁਲਤਵੀ ਕਰਨ ਅਤੇ ਉਨ੍ਹਾਂ ਨੂੰ ਟਾਲਣ ਲਈ ਕਹਿਣ ਦੀ ਬੇਨਤੀ ਕੀਤੀ ਹੈ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਕਾਨੂੰਨ 1 ਜੁਲਾਈ ਨੂੰ ਲਾਗੂ ਹੋ ਜਾਂਦੇ ਹਨ, ਜੋ ਕਿ ਸਰਕਾਰ ਦਾ ਇਰਾਦਾ ਹੈ ਅਤੇ ਜਿਸ ਲਈ ਸਰਕਾਰ ਅੱਜ ਤੋਂ ਵਚਨਬੱਧ ਹੈ, ਤਾਂ ਸਾਡੇ ਕੋਲ, ਜਿਵੇਂ ਕਿ ਤੁਸੀਂ ਕਿਹਾ, ਇੱਕ ਕਾਨੂੰਨੀ ਅਤੇ ਨਿਆਂਇਕ ਗੜਬੜ ਹੋ ਜਾਵੇਗੀ ਵਾਪਰਨਾ ਹਾਂ, ਕੀ ਮੈਂ ਸਹੀ ਹਾਂ?

**ਆਈਜੇ**: ਜੀਵਨ ਅਤੇ ਆਜ਼ਾਦੀ ਖ਼ਤਰੇ ਵਿੱਚ ਹੋਵੇਗੀ। ਹਾਂ।

**ਦ ਵਾਇਰ ’ਚੋਂ ਧੰਨਵਾਦ ਸਹਿਤ**

# ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ 'ਤੇ ਕੇਸ ਮੜਨ ਵਿਰੁੱਧ ਜਮਹੂਰੀਅਤ ਲਹਿਰ ਦੀ ਅਹਿਮੀਅਤ

## ਤਿੰਨ ਲੋਕ ਵਿਰੋਧੀ ਕਾਨੂੰਨਾਂ ਦੀਆਂ 1 ਜੁਲਾਈ ਨੂੰ ਕਾਪੀਆਂ ਸਾੜਨ ਅਤੇ ਸੂਬਾਈ ਕਨਵੈਨਸ਼ਨ/ਮੁਜ਼ਾਹਰਾ ਜਲੰਧਰ 21 ਜੁਲਾਈ ਨੂੰ

ਬਰਨਾਲਾ, (ਜਗਮੋਹਨ ਸਿੰਘ ਅਤੇ ਰਜਿੰਦਰ ਭਦੌੜ) : ਸਥਾਨਕ ਤਰਕਸ਼ੀਲ ਭਵਨ ਵਿੱਚ ਜਮਹੂਰੀ ਅਧਿਕਾਰ ਸਭਾ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ ਉੱਤੇ ਪੰਜਾਬ ਦੀਆਂ ਤਿੰਨ ਦਰਜਨ ਤੋਂ ਵਧੇਰੇ ਜਨਤਕ ਜਥੇਬੰਦੀਆਂ ਨੇ ਮੀਟਿੰਗ ਕਰਕੇ ਸੱਦਾ ਦਿੱਤਾ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਨਿਰ-ਅਧਾਰ ਕੇਸ ਵਿੱਚ ਫਸਾਉਣ ਯੂ ਏ ਪੀ ਏ ਮੜ੍ਹਨ ਖ਼ਿਲਾਫ਼ ਪੰਜਾਬ ਭਰ ਵਿੱਚ ਸਾਰੇ ਜਿਲ੍ਹਾ/ਤਹਿਸ਼ੀਲ ਪੱਧਰ ਉੱਤੇ 1 ਜੁਲਾਈ ਨੂੰ ਫ਼ੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।

ਮੀਟਿੰਗ ਵਿੱਚ ਇਹ ਫੈਸਲਾ ਵੀ ਕੀਤਾ ਗਿਆ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਝੂਠੇ ਕੇਸ ਵਿੱਚ ਫਸਾਉਣ ਦੇ ਯਤਨਾਂ ਨੂੰ ਪਿਛਲ ਮੋੜਾਂ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 21 ਜੁਲਾਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਅਤੇ ਮੁਜ਼ਾਹਰਾ ਕੀਤਾ ਜਾਵੇਗਾ।

ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦੇ ਹੋਏ ਪ੍ਰੋ ਜਗਮੋਹਨ ਸਿੰਘ ਅਤੇ ਰਾਜਿੰਦਰ ਭਦੌੜ ਨੇ 26 ਜੂਨ 1975 ਨੂੰ ਐਮਰਜੈਂਸੀ ਦੀ ਐਲਾਨੀ ਗਈ ਸੀ ਪਰ 2014 ਤੋਂ ਅਣਐਲਾਨੀ ਐਮਰਜੈਂਸੀ ਬਦਲਵੇਂ ਰੂਪ ਵਿੱਚ ਦਿਨ ਬ ਦਿਨ ਹੋਰ ਵੀ ਤਿੱਖਾ ਹੋ ਰਿਹਾ ਹੈ ਦਾ ਦੌਰ ਹੋਰ ਤਿੱਖਾ ਹੋ ਰਿਹਾ ਹੈ ਜਿਸ ਦੀ ਉਦਾਹਰਣ ਰੋਲਟ ਐਕਟ ਨੂੰ ਮਾਤ ਪਾਉਂਦੇ ਪਹਿਲੀ ਜੁਲਾਈ ਤੋਂ ਲਾਗੂ ਹੋ ਰਹੇ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਅਤੇ ਕਿਰਤ ਕੋਡ ਹਨ।

ਤਿੰਨ ਦਰਜਨ ਤੋਂ ਵੱਧ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਇਸ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਭਾਜਪਾ ਹਕੂਮਤ ਲੋਕਾਂ ਉੱਪਰ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਾ ਬੋਲਣ ਲਈ ਆਪਣਾ ਰਾਹ ਮੋਕਲਾ ਕਰਨ ਵਾਸਤੇ ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲਾਂ ਅਤੇ ਜਮਹੂਰੀ ਖ਼ੇਤਰ ਦੇ ਵਿਦਵਾਨਾਂ ਨੂੰ ਆਪਣੇ ਚੋਣਵੇਂ ਹੱਲੇ ਦੀ ਮਾਰ ਹੇਠ ਲਿਆ ਕੇ ਲੋਕਾਂ ਦੀ ਆਵਾਜ਼ ਬਣਨ ਵਾਲੇ ਸੰਵੇਦਨਸ਼ੀਲ ਹਿੱਸਿਆਂ ਨੂੰ ਲੋਕ ਕਾਫ਼ਲੇ ਤੋਂ ਅਲੱਗ ਕਰ ਕੇ ਸੀਖਾਂ ਪਿੱਛੇ ਡੱਕ ਕੇ ਜ਼ੁਬਾਨਬੰਦੀ ਕਰਨ ਲਈ ਰੱਸੇ ਪੈੜੇ ਵੱਟ ਰਹੀ ਹੈ।



ਮੀਟਿੰਗ ਨੇ ਸੱਦਾ ਦਿੱਤਾ ਹੈ ਕਿ ਸਮੂਹ ਲੋਕ ਹਿੱਸੇ ਕੱਲੇ ਕੱਲੇ ਮਾਰ ਖਾਣ ਦੀ ਬਜਾਏ ਤੁਰੰਤ ਇਹਨਾਂ ਬੁੱਧੀਜੀਵੀਆਂ ਦੀ ਪਿੱਠ ਤੇ ਖੜ੍ਹਨ , ਕਾਲੇ ਕਾਨੂੰਨ ਮੋੜ ਕੇ ਜੇਬ ਵਿਚ ਪਵਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਕਰਨ ਨਹੀਂ ਤਾਂ ਭਾਜਪਾ ਹਕੂਮਤ ਵਾਰੋ ਵਾਰੀ ਸਭ ਨੂੰ ਆਪਣੀ ਮਾਰ ਹੇਠ ਲਿਆਏਗੀ।

ਅੱਜ ਦੀ ਮੀਟਿੰਗ 'ਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਪ੍ਰਗਤਸ਼ੀਲ ਲੇਖਕ ਸੰਘ, ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ, ਡੈਮੋਕਰੇਟਿਕ ਮੁਲਾਜਮ ਫੈਡਰੇਸ਼ਨ, ਨੌਜਵਾਨ ਭਾਰਤ ਸਭਾ, ਮਜਦੂਰ ਮੁਕਤੀ ਮੋਰਚਾ, ਪੰਜਾਬ ਖੇਤ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਬੀਕੇਯੂ ਕਰਾਂਤੀਕਾਰੀ, ਬੀਕੇਯੂ ਏਕਤਾ ਉਗਰਾਹਾਂ, ਬੀਕੇਯੂ ਏਕਤਾ ਡਕੌਂਦਾ ਧਨੇਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਪਿੰਡ ਬਚਾਓ ਪੰਜਾਬ ਬਚਾਓ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਭੰਗਲ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਸਟੂਡੈਂਟਸ ਯੂਨੀਅਨ, ਪੀਐਸਪੀਸੀਐਲ ਫੈਡਰੇਸ਼ਨ ਏਟਕ, ਦਲਿਤ ਤੇ ਮਜਦੂਰ ਮੁਕਤੀ ਮੋਰਚਾ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਡੀਟੀਐਫ, ਨੌਜਵਾਨ ਭਾਰਤ ਸਭਾ, ਪੀਐਸਯੂ ਲਲਕਾਰ, ਕਾਰਖਾਨਾ ਮਜ਼ਦੂਰ ਯੂਨੀਅਨ, ਟੈਕਨੀਕਲ ਹੌਂਜਰੀ ਕਾਮਗਾਰ ਯੂਨੀਅਨ(ਸਹਿਮਤੀ ਸਨੇਹਾ), ਪੇਂਡੂ ਮਜ਼ਦੂਰ ਯੂਨੀਅਨ ਮਸ਼ਾਲ (ਸਹਿਮਤੀ ਸਨੇਹਾ), ਪੀਐਸਯੂ ਸ਼ਹੀਦ ਰੰਧਾਵਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ, ਪੀਐਸਪੀਸੀਐਲ ਪੈਨਸ਼ਨਰਜ ਯੂਨੀਅਨ, ਨੌਜਵਾਨ ਭਾਰਤ ਸਭਾ, ਅਦਾਰਾ ਤਰਕਸ਼, ਵਰਗ ਚੇਤਨਾ ਮੰਚ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸ਼ੀਏਸ਼ਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਆਈਸਾ, ਬਾਬਾ ਜੀਵਨ ਸਿੰਘ ਸਟੂਡੈਂਟ ਲੀਗ, ਇਨਕਲਾਬੀ ਮਜ਼ਦੂਰ ਕੇਂਦਰ (ਸਹਿਮਤੀ), ਪੇਂਡੂ ਮਜ਼ਦੂਰ ਯੂਨੀਅਨ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ।

ਸ਼ਹੀਦ ਭਗਤ ਵਿਚਾਰ ਮੰਚ(ਆਰਸੀਐਫ ਕਪੂਰਥਲਾ) ਤੇ ਇਨਕਲਾਬੀ ਮਜਦੂਰ ਕੇਂਦਰ ਨੇ ਸਹਿਮਤੀ ਭੇਜੀ ਹੈ।



ਬਲਜਿੰਦਰ ਸਿੰਘ ਅਤੇ ਰਮਨਦੀਪ ਕੌਰ ਬਾਠ ਦੇ ਗ੍ਰਹਿ ਵਿਖੇ ਹਰਕੇਸ਼ ਚੌਧਰੀ ਨਾਲ ਸਰੋਕਾਰਾਂ ਦੀ ਆਵਾਜ਼ ਦੀ ਟੀਮ ਨੇ ਮਿਲਣੀ ਕੀਤੀ। ਟੀਮ ਦੌਰਾਨ ਹਰਕੇਸ਼ ਨੂੰ ਸਰੋਕਾਰਾਂ ਦੀ ਆਵਾਜ਼ ਕਾਪੀ ਅਤੇ ਕੁਲਵਿੰਦਰ ਖਹਿਰਾ ਨੂੰ ਪਰਮਿੰਦਰ ਸਵੈਚ ਦੀ ਕਿਤਾਬ ਭੇਟ ਕਰਦੇ ਹਨ। ਰਕੇਸ਼ ਚੌਧਰੀ ਨਾਲ ਮੀਟਿੰਗ ਦੌਰਾਨ ਸਰੋਕਾਰਾਂ ਦੀ ਆਵਾਜ਼ ਦੀ ਟੀਮ ਨੇ ਅਹਿਮ ਮੁੱਦਿਆਂ 'ਤ ਗੱਲਬਾਤ ਕੀਤੀ।


ਰੈਂਟਲ ਲਾਇਸੈਂਸ ਨੂੰ ਨਾਂਹ ਕਹੋ..!

ਰਿਹਾਇਸ਼ੀ ਕਿਰਾਏ ਦਾ ਲਾਇਸੰਸ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕਿਵੇਂ ਕਰਦਾ ਹੈ ਅਤੇ ਕਾਰਪੋਰੇਟ ਰੈਂਟਲ ਦੀ ਮਦਦ ਕਿਵੇਂ ਕਰਦਾ ਹੈ?

ਕਿਰਾਏ ਦੇ ਲਾਇਸੈਂਸ ਨਾਲ ਮੁੱਖ ਮੁੱਦੇ:

- **ਛੋਟੇ ਮਕਾਨ ਮਾਲਕਾਂ ਨੂੰ ਨਿਸ਼ਾਨਾ ਬਣਾਉਣਾ:** ਆਰ ਆਰ ਐਲ ਗਲਤ ਤਰੀਕੇ ਨਾਲ ਛੋਟੇ ਮਕਾਨ ਮਾਲਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਪਰ, ਕਾਰਪੋਰੇਟ ਰੈਂਟਲ ਅਤੇ ਕੰਡੋਮੀਨੀਅਮ ਨੂੰ ਛੋਟ ਦਿੰਦੇ ਹੈ। ਸਿਟੀ ਹਾਲ ਕਾਰਪੋਰੇਟ ਦੇ ਇੰਟਰਸਟਸ ਦਾ ਸਮਰਥਨ ਕਰ ਰਿਹਾ ਹੈ ਪਰ ਕਮਿਊਨਿਟੀ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਇੱਕ ਵਾਰ ਰੈਜ਼ੀਡੈਂਟਲ ਰੇਨਲ ਲਾਇਸੈਂਸ ਵਿੱਚ ਨਾਮ ਦਰਜ ਕਰਵਾਉਣ 'ਤੇ ਵੱਡੇ ਜੁਰਮਾਨੇ ਲਗਾਏ ਜਾਣਗੇ। ਇਹ ਕਾਰਪੋਰੇਟ ਕਿਰਾਏ ਦੇ ਲਾਭ ਲਈ ਭ੍ਰਿਸ਼ਟ ਸਿਆਸਤਦਾਨਾਂ ਦੁਆਰਾ ਇੱਕ ਘੁਟਾਲਾ ਹੈ।
- **ਗੈਰ-ਕਾਨੂੰਨੀ ਯੂਨਿਟਾਂ ਦੇ ਖਿਲਾਫ ਬੇਅਸਰ:** ਦਾਅਵਿਆਂ ਦੇ ਬਾਵਜੂਦ, ਆਰ ਆਰ ਐਲ ਸਿਰਫ ਕਾਨੂੰਨੀ ਯੂਨਿਟਾਂ ਦੇ ਮਾਲਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਗੈਰ-ਕਾਨੂੰਨੀ ਯੂਨਿਟਾਂ ਦੇ ਮੁੱਦਿਆਂ ਨੂੰ ਅਣਗੌਲਿਆ ਛੱਡਦਾ ਹੈ। ਸਿਟੀ ਸਿਰਫ ਕਾਨੂੰਨ ਦੀ ਪਾਲਣਾ ਕਰਨ ਵਾਲੇ ਮਕਾਨ ਮਾਲਕਾਂ ਨੂੰ ਹੀ ਜੁਰਮਾਨਾ ਕਰੇਗਾ, ਭਾਵੇਂ ਇਹ ਕਿਰਾਏਦਾਰਾਂ ਦੀ ਗਲਤੀ ਹੈ। ਸਿਟੀ ਸਿਰਫ਼ ਮਕਾਨ ਮਾਲਕ ਨੂੰ ਹੀ ਜੁਰਮਾਨਾ ਕਰੇਗਾ ਭਾਵੇਂ ਮਕਾਨ ਮਾਲਕਾਂ ਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾਂ, ਕਿਰਾਏਦਾਰ ਦੁਆਰਾ ਭੀੜ-ਭੜੱਕੇ ਵਾਲੀ ਸਥਿਤੀ ਪੈਦਾ ਕੀਤੀ ਹੋਵੇ।
- **ਰੈਜ਼ੀਡੈਂਟਲ ਟੇਨੈਂਸੀ ਐਕਟ ਦਿਸ਼ਾ-ਨਿਰਦੇਸ਼ਾਂ ਦਾ ਖੰਡਨ ਕਰਨਾ:** ਪ੍ਰੋਗਰਾਮ ਮਕਾਨ ਮਾਲਕਾਂ 'ਤੇ ਕਿਰਾਏਦਾਰਾਂ ਦੇ ਨਿਯੰਤਰਣ ਤੋਂ ਬਾਹਰ ਦੀਆਂ ਕਾਰਵਾਈਆਂ ਲਈ ਜੁਰਮਾਨਾ ਲਗਾਉਂਦਾ ਹੈ, ਜਿਵੇਂ ਕਿ ਸਹਿਮਤੀ ਤੋਂ ਬਿਨਾਂ ਭੀੜ-ਭੜੱਕੇ ਅਤੇ ਉਚਿਤ ਨੋਟਿਸ ਤੋਂ ਬਿਨਾਂ ਜ਼ਬਰਦਸਤੀ ਜਾਂਚ।
- **ਗੁੰਮਰਾਹਕੁੰਨ ਜਾਣਕਾਰੀ:** ਮੇਅਰ ਦਾ ਦਾਅਵਾ ਹੈ ਕਿ ਕਾਨੂੰਨੀ ਯੂਨਿਟਾਂ ਦੇ ਮਾਲਕਾਂ ਨੂੰ ਲਾਇਸੈਂਸ ਲਈ ਚਿੰਤਾ ਜਾਂ ਫੀਸ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਇਹ ਗਲਤ ਹੈ - ਰਿਹਾਇਸ਼ੀ ਰੇਨਲ ਲਾਇਸੈਂਸ ਲਈ ਲਾਇਸੈਂਸ ਨੂੰ ਕਾਇਮ ਰੱਖਣ ਲਈ $300 ਸਾਲਾਨਾ ਫੀਸ ਦੀ ਲੋੜ ਹੁੰਦੀ ਹੈ, ਅਤੇ ਤੁਹਾਨੂੰ ਲਾਇਸੈਂਸ ਲਈ ਅਰਜ਼ੀ ਦੇਣ ਦੀ ਲੋੜ ਹੈ।
- **ਵਿਤਕਰਾਤਮਕ ਅਭਿਆਸ:** ਕਮਰਾ ਸਾਂਝਾ ਕਰਨ ਦੇ ਨਿਯਮ ਅਤੇ ਉਨ੍ਹਾਂ ਲੋਕਾਂ ਦੀ ਗਿਣਤੀ ਦੀ ਗਿਣਤੀ ਜੋ ਰਹਿ ਰਹੇ ਹਨ ਅਤੇ ਜਿਨ੍ਹਾਂ ਨਾਲ ਕਮਰਾ ਸਾਂਝਾ ਕਰ ਰਹੇ ਹਨ। ਉਹ ਸਾਰੇ ਮੁੱਦੇ ਓਨਟਾਰੀਓ ਮਨੁੱਖੀ ਅਧਿਕਾਰ ਕੋਡ ਦੀ ਉਲੰਘਣਾ ਕਰ ਰਹੇ ਹਨ।
- **ਮਾਰਕੀਟ ਪ੍ਰਭਾਵ:** ਆਰ ਆਰ ਐਲ ਦੇ ਕਾਰਨ ਕਿਰਾਏ ਦੇ ਅਪਾਰਟਮੈਂਟ ਦੀ ਗਿਣਤੀ ਘਟੇਗੀ, ਅਤੇ ਇਹ ਕਿਰਾਏ ਵਿੱਚ ਵਾਧਾ ਕਰੇਗਾ। ਲੋਕ ਬਰੈਂਪਟਨ ਵਿੱਚ ਘਰ ਖਰੀਦਣ ਤੋਂ ਪਰਹੇਜ਼ ਕਰਨ ਲੱਗੇ ਹਨ।
- **ਗੋਪਨੀਯਤਾ ਅਤੇ ਪਾਲਣਾ ਦੇ ਮੁੱਦੇ:** ਸਿਟੀ ਕਿਰਾਏਦਾਰ ਨੂੰ ਬਿਨਾਂ ਕਿਸੇ ਉਚਿਤ ਨੋਟਿਸ ਦੇ ਬੇਤਰਤੀਬੇ ਨਿਰੀਖਣ ਕਰ ਸਕਦਾ ਹੈ, ਇਹ ਕਿਰਾਏਦਾਰ ਦੀ ਗੋਪਨੀਯਤਾ ਦੀ ਉਲੰਘਣਾ ਕਰੇਗਾ। ਇਹ ਰਿਹਾਇਸ਼ੀ ਕਿਰਾਏਦਾਰੀ ਐਕਟ ਦੀ ਉਲੰਘਣਾ ਹੈ। ਕਿਰਾਏਦਾਰ ਤੁਹਾਡੇ 'ਤੇ ਮੁਕੱਦਮਾ ਕਰ ਸਕਦਾ ਹੈ।

ਬਰੈਂਪਟਨ ਹਾਊਸਿੰਗ ਪ੍ਰੋਵਾਈਡਰਜ਼ ਐਸੋਸੀਏਸ਼ਨ (BHPA) ਦੀਆਂ ਮੰਗਾਂ:

- **ਰੈਂਟਲ ਲਾਇਸੈਂਸ ਪ੍ਰੋਗਰਾਮ ਨੂੰ ਰੱਦ ਕਰੋ:** ਆਰ ਆਰ ਐਲ ਬੇਅਸਰ ਹੈ ਅਤੇ ਗੈਰ-ਕਾਨੂੰਨੀ ਇਕਾਈਆਂ ਦੇ ਮੁੱਦੇ ਨੂੰ ਹੱਲ ਕਰਨ ਦੀ ਬਜਾਏ ਕਾਨੂੰਨੀ ਯੂਨਿਟ ਮਾਲਕਾਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਉਂਦਾ ਹੈ। ਸਿਟੀ ਕੌਂਸਲ ਨੂੰ ਤੁਰੰਤ RRL ਨੂੰ ਰੱਦ ਕਰਨਾ ਚਾਹੀਦਾ ਹੈ।
- **ਗਲਤ ਜਾਣਕਾਰੀ ਨੂੰ ਖਤਮ ਕਰੋ:** ਮੇਅਰ ਦਾ ਇਹ ਦਾਅਵਾ ਕਿ ਕਾਨੂੰਨੀ ਅਪਾਰਟਮੈਂਟ ਮਾਲਕ ਬਿਨਾਂ ਫੀਸ ਦੇ ਆਪਣੇ ਆਪ ਭਰਤੀ ਹੋ ਜਾਣਗੇ। ਪਰ ਕਾਨੂੰਨੀ ਯੂਨਿਟ ਦੇ ਮਾਲਕਾਂ ਨੂੰ ਲਾਇਸੈਂਸ ਲਈ $300 ਪ੍ਰਤੀ ਸਾਲ ਅਦਾ ਕਰਨੇ ਪੈਣਗੇ।
- **ਛੋਟੇ ਮਕਾਨ ਮਾਲਕਾਂ ਨੂੰ ਸਜ਼ਾ ਦੇਣਾ ਬੰਦ ਕਰੋ:** ਸਿਟੀ ਛੋਟੇ ਮਕਾਨ ਮਾਲਕਾਂ ਨੂੰ ਉਨ੍ਹਾਂ ਦੇ ਕਿਰਾਏਦਾਰਾਂ ਦੀਆਂ ਗਲਤੀਆਂ ਲਈ ਟਿਕਟ ਨਾ ਦਿਓ।
- **ਅਣਉਚਿਤ ਜੁਰਮਾਨਾ:** ਇੱਕ ਮਕਾਨ-ਮਾਲਕ ਜਿਸਨੇ ਆਰ ਆਰ ਐਲ ਲਈ ਅਰਜ਼ੀ ਦਿੱਤੀ ਸੀ, ਨੂੰ ਲਾਇਸੈਂਸ ਪ੍ਰਾਪਤ ਕਰਨ ਦੇ ਦੋ ਹਫ਼ਤਿਆਂ ਦੇ ਅੰਦਰ $2000 ਦਾ ਜੁਰਮਾਨਾ ਪ੍ਰਾਪਤ ਹੋਇਆ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।
- **ਗੁੰਮ ਹੋਏ ਫੰਡਾਂ ਲਈ ਜਵਾਬਦੇਹੀ:** ਅਸੀਂ ਪਿਛਲੇ ਤਿੰਨ ਸਾਲਾਂ ਵਿੱਚ ਖਰਚ ਕੀਤੇ $191 ਮਿਲੀਅਨ ਰਿਜ਼ਰਵ ਫੰਡ ਲਈ ਸਪੱਸ਼ਟੀਕਰਨ ਦੀ ਮੰਗ ਕਰਦੇ ਹਾਂ। ਜਾਇਦਾਦ ਮਾਲਕਾਂ ਨੂੰ ਇਸ ਵਿੱਤੀ ਕੁਪ੍ਰਬੰਧ ਦਾ ਬੋਝ ਨਹੀਂ ਝੱਲਣਾ ਚਾਹੀਦਾ।
- **ਪੀਲ ਦੇ ਖੇਤਰ ਵਿੱਚ ਕਿਰਾਏਦਾਰ 'ਤੇ ਪਾਣੀ ਦੇ ਬਿੱਲ ਨੂੰ ਟ੍ਰਾਂਸਫਰ ਕਰਨ ਦੇ ਯੋਗ:** ਪੀਲ ਦੇ ਖੇਤਰ ਨੂੰ ਕਿਰਾਏਦਾਰਾਂ ਦੇ ਨਾਮ 'ਤੇ ਪਾਣੀ ਦਾ ਬਿੱਲ ਟ੍ਰਾਂਸਫਰ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਜਿਵੇਂ ਕਿ ਦੂਜੇ ਬਿੱਲਾਂ ਦੀ ਤਰ੍ਹਾਂ। ਇਹ ਛੋਟੇ ਕਿਰਾਏ ਲਈ ਕਿਰਾਏ ਦੇ ਕਾਰੋਬਾਰ ਵਿੱਚ ਇਕਸੁਰਤਾ ਪੈਦਾ ਕਰਨ ਲਈ ਕੌਂਸਲਾਂ ਦੇ ਯਤਨਾਂ ਲਈ ਨਿਰਪੱਖਤਾ ਲਿਆਏਗਾ।
- **ਸਾਰੇ ਹਾਊਸਿੰਗ ਪ੍ਰਦਾਤਾ ਲਾਇਸੈਂਸ ਦੇ ਦਾਇਰੇ ਵਿੱਚ ਹੋਣੇ ਚਾਹੀਦੇ ਹਨ:** ਸਾਰੇ ਰੈਂਟਲ ਓਪਰੇਸ਼ਨ RRL ਦਾਇਰੇ ਵਿੱਚ ਹੋਣੇ ਚਾਹੀਦੇ ਹਨ, ਰੀਅਲ ਅਸਟੇਟ ਇਨਵੈਸਟਮੈਂਟ ਟਰੱਸਟ, ਕਾਲਜ ਸੋਰਸਡ ਸਟੂਡੈਂਟ ਰੈਂਟਲ ਅਤੇ ਕੰਡੋਮੀਨੀਅਮ ਕਾਰਪੋਰੇਸ਼ਨ ਨੂੰ ਦਾਇਰੇ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।
- **ਪ੍ਰਤੀ ਸੰਪੱਤੀ ਦੀ ਬਜਾਏ ਪ੍ਰਤੀ ਰਜਿਸਟਰਡ ਯੂਨਿਟ ਪ੍ਰਤੀ ਕੂੜਾਦਾਨ:** ਇੱਕ ਘਰ ਦੋ ਨਿਵਾਸਾਂ ਵਜੋਂ ਰਜਿਸਟਰਡ ਹੋਣ ਦੇ ਬਾਵਜੂਦ, ਸ਼ਹਿਰ ਪ੍ਰਤੀ ਵਿਅਕਤੀਗਤ ਰਿਹਾਇਸ਼ ਦੀ ਬਜਾਏ, ਪ੍ਰਤੀ ਜਾਇਦਾਦ ਪਤੇ ਲਈ ਸਿਰਫ ਇੱਕ ਕੂੜਾ ਇਕੱਠਾ ਕਰਨ ਵਾਲਾ ਬਿਨ ਜਾਰੀ ਕਰਦਾ ਹੈ। ਸਿਟੀ ਨੂੰ ਪ੍ਰਤੀ ਯੂਨਿਟ ਇੱਕ ਬਿਨ ਜਾਰੀ ਕਰਨਾ ਚਾਹੀਦਾ ਹੈ।

BHPA www.bhpa.ca info@bhpa.ca





Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਗਿਆਨ ਵਿਚ ਵਪਾਰ : ਨੀਟ ਅਤੇ ਨੈਟ ਦੇ ਪੀੜਤ ਵਿਦਿਆਰਥੀਆਂ ਦੀ ਹੋਣੀ ਤੇ ਅਣਹੋਣੀ

**ਨਵਕਿਰਨ ਸਿੰਘ ਪੱਤੀ**
n4navkiran@gmail.com




ਸਾਡੇ ਦੇਸ਼ ਵਿੱਚ ਡਾਕਟਰ ਅਤੇ ਪ੍ਰੋਫੈਸਰ ਦੇ ਅਹੁਦੇ ਨੂੰ ਬਹੁਤ ਸਤਿਕਾਰ ਨਾਲ ਵੇਖਿਆ ਜਾਂਦਾ ਹੈ ਕਿਉਂਕਿ ਇਹ ਦੋਵੇਂ ਸਮਾਜ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ।ਪਰ ਪਿਛਲੇ ਦਿਨੀਂ ਇਹਨਾਂ ਦੋਵਾਂ ਅਹੁਦਿਆਂ ਨਾਲ ਸਿੱਧੇ ਤੌਰ ’ਤੇ ਸਬੰਧਤ ਪ੍ਰੀਖਿਆਵਾਂ ਨੀਟ ਅਤੇ ਨੈੱਟ ਵਿੱਚ ਸਾਹਮਣੇ ਆਈ ਧਾਂਦਲੀ ਨੇ ਜਿੱਥੇ ਸਰਕਾਰ ਦੀ ਭਰੋਸੇਯੋਗਤਾ ਉੱਪਰ ਸਵਾਲ ਖੜ੍ਹੇ ਕੀਤੇ ਹਨ ਉੱਥੇ ਹੀ ਪ੍ਰੀਖਿਆਵਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਗੰਭੀਰ ਮਾਨਸਿਕ ਸੱਟ ਮਾਰੀ ਹੈ। ਬਹੁਤ ਸਾਰੇ ਵਿਦਿਆਰਥੀ ਮਿਹਨਤ ਨਾਲ ਦਾਖਲਾ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ। ਪ੍ਰੀਖਿਆ ਵਿੱਚ ਹੋਣ ਵਾਲੇ ਭ੍ਰਿਸ਼ਟਾਚਾਰ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਮਾਨਸਿਕ ਤੌਰ ‘ਤੇ ਅਜਿਹੀ ਪ੍ਰੇਸ਼ਾਨੀ ਵੱਲ ਧੱਕਦੇ ਹਨ ਕਿ ਕਈ ਵਾਰ ਉਹਨਾਂ ਦਾ ਮੁੜ ਖੜ੍ਹੇ ਹੋਣਾ ਔਖਾ ਹੋ ਜਾਂਦਾ ਹੈ।

18 ਜੂਨ ਨੂੰ ਦੇਸ਼ ਭਰ ਦੇ 1205 ਪ੍ਰੀਖਿਆ ਕੇਂਦਰਾਂ ਵਿੱਚ ਆਯੋਜਿਤ ਹੋਈ ਯੂਜੀਸੀ-ਨੈੱਟ ਪ੍ਰੀਖਿਆ ਵਿੱਚ ਲੱਗਭੱਗ 11 ਲੱਖ ਪ੍ਰੀਖਿਆਰਥੀਆਂ ਨੇ ਭਾਗ ਲਿਆ ਸੀ ਤੇ 19 ਜੂਨ ਨੂੰ ਇਹ ਪ੍ਰੀਖਿਆ ਰੱਦ ਕਰਨ ਦਾ ਐਲਾਣ ਕਰ ਦਿੱਤਾ ਗਿਆ। ਯੂਜੀਸੀ ਨੈੱਟ ਉਚੇਰੀ ਸਿੱਖਿਆ ਦੀ ਸਭ ਤੋਂ ਅਹਿਮ ਪ੍ਰੀਖਿਆ ਮੰਨੀ ਜਾਂਦੀ ਹੈ। ਇਹ ਕਾਲਜਾਂ ਅਤੇ ਯੂਨੀਵਰਸਿਟੀ ਅਧਿਆਪਕਾਂ ਦੀ ਯੋਗਤਾ ਪ੍ਰੀਖਿਆ ਹੈ, ਭਾਵ ਇਸ ਪ੍ਰੀਖਿਆ ਨੂੰ ਪਾਸ ਕਰਨ ਵਾਲਾ ਵਿਅਕਤੀ ਕਾਲਜਾਂ, ਯੂਨੀਵਰਸਿਟੀ ’ਚ ਸਹਾਇਕ ਪ੍ਰੋਫੈਸਰ ਲੱਗ ਸਕਦਾ ਹੈ। ਦੂਜਾ ਇਸ ਪ੍ਰੀਖਿਆ ਰਾਹੀਂ ਯੂਜੀਸੀ ਵੱਲੋਂ ਜੂਨੀਅਰ ਰਿਸਰਚ ਸਕਾਲਰਸ਼ਿਪ (ਜੇਆਰਐਫ) ਵਜੋਂ ਪੀਐੱਚਡੀ ਲਈ ਵਜ਼ੀਫਾ ਦਿੱਤਾ ਜਾਂਦਾ ਹੈ। ਤੀਸਰਾ ਇਸ ਪ੍ਰੀਖਿਆ ਨੂੰ ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਪੀਐੱਚਡੀ ਦਾਖਲੇ ਦੀ ਯੋਗਤਾ ਪ੍ਰੀਖਿਆ ਵਜੋਂ ਵੀ ਵਰਤਿਆ ਜਾਂਦਾ ਹੈ। ਹੁਣ ਇਸ ਤਰ੍ਹਾਂ ਦੇ ਉੱਚ ਅਦਾਰਿਆ ਵਿੱਚ ਅਹੁਦਿਆਂ ਲਈ ਹੋਣ ਵਾਲੀ ਪ੍ਰੀਖਿਆ ਵਿੱਚ ਧਾਂਦਲੀ ਦਾ ਮਤਲਬ ਹੈ ਕਿ ਦੇਸ਼ ਦੇ ਯੋਗ ਵਿਦਿਆਰਥੀਆਂ ਦੀ ਜਗ੍ਹਾ ਅਯੋਗ ਵਿਦਿਆਰਥੀਆਂ ਨੂੰ ਅਹਿਮ ਜਗ੍ਹਾ ਫਿੱਟ ਕਰਨਾ ਅਤੇ ਉਹਨਾਂ ਹੱਥ ਸਭ ਕੁੱਝ ਸੌਂਪ ਦੇਣਾ ਹੈ।

5 ਮਈ ਨੂੰ ਦੇਸ਼ ਦੇ 4750 ਪ੍ਰੀਖਿਆ ਕੇਂਦਰਾਂ ਵਿੱਚ ਹੋਈ ਨੀਟ-ਯੂਜੀ ਪ੍ਰੀਖਿਆ ਵਿੱਚ ਲੱਗਭੱਗ 24 ਲੱਖ ਪ੍ਰੀਖਿਆਰਥੀ ਬੈਠੇ ਸਨ।ਅੰਡਰਗ੍ਰੈਜੂਏਟ ਮੈਡੀਕਲ ਕੋਰਸਾਂ ਲਈ ਇਹ ਕੌਮੀ ਯੋਗਤਾ ਕਮ ਦਾਖ਼ਲਾ ਪ੍ਰੀਖਿਆ (ਨੀਟ-ਯੂਜੀ) ਮੈਡੀਕਲ ਕਾਲਜਾਂ ਵਿੱਚ ਦਾਖਲਿਆਂ ਲਈ ਲਿਆ ਜਾਣਾ ਵਾਲਾ ਅਹਿਮ ਪੇਪਰ ਹੈ। ਇਸ ਪੇਪਰ ਨੂੰ ਵਿੱਚ ਧਾਂਦਲੀ ਦਾ ਮਤਲਬ ਹੈ ਅਯੋਗ ਵਿਦਿਆਰਥੀਆਂ ਲਈ ਡਾਕਟਰ ਬੁਨਾਉਣ ਦਾ ਰਾਹ ਖੋਲ੍ਹਣਾ ਹੈ। ਇਸ ਪ੍ਰੀਖਿਆ ਵਿੱਚ ਹੋਈ ਨੰਗੀ ਚਿੱਟੀ ਧਾਂਦਲੀ ਸਾਹਮਣੇ ਆਉਣ ਤੋਂ ਬਾਅਦ ਵੀ ਅਜੇ ਤੱਕ ਇਹ ਪ੍ਰੀਖਿਆ ਰੱਦ ਨਹੀਂ ਕੀਤੀ ਗਈ ਬਲਕਿ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਸਿਰਫ ਗਰੇਸ ਅੰਕ ਹਾਸਲ ਕਰਨ ਵਾਲੇ 1563 ਉਮੀਦਵਾਰਾਂ ਦੀ ਮੁੜ ਪ੍ਰੀਖਿਆ ਲੈ ਲਈ ਗਈ ਹੈ ਜਿਸ ਪ੍ਰੀਖਿਆ ਵਿੱਚ 813 ਵਿਦਿਆਰਥੀਆਂ ਨੇ ਮੁੜ ਤੋਂ ਪ੍ਰੀਖਿਆ ਦੇ ਦਿੱਤੀ ਹੈ।ਪ੍ਰੀਖਿਆ ’ਚ ਗੜਬੜੀਆਂ ਖਿਲਾਫ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੂੰ ਮਾਮਲੇ ਦੀ ਜਾਂਚ ਸੀਬੀਆਈ ਹਵਾਲੇ ਕਰਨੀ ਪਈ ਹੈ। ਕੁੱਝ ਵਿਦਿਆਰਥੀਆਂ ਵੱਲੋਂ ਸੁਪਰੀਮ ਕੋਰਟ ਵਿੱਚ ਤੱਥ ਪੇਸ਼ ਕਰਨ ਤੋਂ ਬਾਅਦ ਵੀ ਕੇਂਦਰ ਸਰਕਾਰ ਦੀ ਸਿਰਦਰੀ ਬਣੀ ਕਿ ਉਹ ਮਾਮਲਾ ਸੀਬੀਆਈ ਹਵਾਲੇ ਕਰੇ।

ਵੈਸੇ ਤਾਂ ਸਾਡੇ ਦੇਸ਼ ਵਿੱਚ ਕਿਸੇ ਪ੍ਰੀਖਿਆ ਦੌਰਾਨ ਘਪਲੇ ਦਾ ਇਹ ਪਹਿਲਾ ਮਾਮਲਾ ਨਹੀਂ ਹੈ ਬਲਕਿ ਇਸਤੋਂ ਪਹਿਲਾਂ ਵੀ ਅਨੇਕਾਂ ਵਾਰ ਪ੍ਰੀਖਿਆਵਾਂ ਵਿੱਚ ਧਾਂਦਲੀਆਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ ਪਰ ਇਸ ਵਾਰ ਨੀਟ ਪ੍ਰੀਖਿਆ ਵਿੱਚ ਕੀਤੀ ਨੰਗੀ ਚਿੱਟੀ ਧਾਂਦਲੀ ਉਦੋਂ ਸਾਹਮਣੇ ਆਈ ਜਦ 67 ਵਿਦਿਆਰਥੀਆਂ ਨੂੰ 720 ’ਚੋਂ 720 ਅੰਕ ਮਿਲੇ, ਇਤਿਹਾਸ ’ਚ ਇਹ ਪਹਿਲੀ ਵਾਰ ਹੋਇਆ ਸੀ ਮੈਡੀਕਲ ਕਾਲਜਾਂ ਵਿੱਚ ਦਾਖਲੇ ਦੀ ਪ੍ਰੀਖਿਆ ਵਿੱਚੋਂ ਇਸ ਤਰ੍ਹਾਂ ਨੰਬਰ ਆਏ ਹੋਣ। ਕੁੱਝ ਪੀੜਤ ਵਿਦਿਆਰਥੀ ਜਦ ਮਾਮਲੇ ਦੀ ਥੌੜ੍ਹੀ ਤਹਿ ਤੱਕ ਗਏ ਤਾਂ ਪਤਾ ਲੱਗਾ ਕਿ ਇਨ੍ਹਾਂ 10 ਵਿੱਚੋਂ 6 ਵਿਦਿਆਰਥੀ ਹਰਿਆਣਾ ਦੇ ਇੱਕੋ ਸੈਂਟਰ ਤੋਂ ਹਨ।

ਸਾਡੇ ਦੇਸ਼ ਦੀ ਮੁੱਖ ਧਾਰਾ ਦੇ ਰਾਜਨੀਤਕ ਲੀਡਰਾਂ ਉੱਪਰ ਬਹੁਤ ਵਾਰ ਇਹ ਸਵਾਲ ਉੱਠਦਾ ਹੈ ਕਿ ਉਹ ਆਪਣਾ ਇਲਾਜ ਕਰਵਾਉਣ ਦੇਸ਼ ਵਿੱਚਲੇ ਹਸਪਤਾਲਾਂ ਦੀ ਬਜਾਏ ਵਿਦੇਸ਼ ਵਿੱਚ ਕਿਉਂ ਚਲੇ ਜਾਂਦੇ ਹਨ।ਅਸਲ ਵਿੱਚ ਨੀਟ ਪ੍ਰੀਖਿਆ ਵਿੱਚ ਹੋਇਆ ਘੁਟਾਲਾ ਉਸ ਸਵਾਲ ਦੀ ਪ੍ਰਤੱਖ ਉਦਾਹਰਨ ਹੈ ਕਿ ਸਾਡੇ ਦੇਸ਼ ਦੇ ਸਿਹਤ ਢਾਂਚੇ ਵਿੱਚ ਕਿਸ ਕਦਰ ਨਿਘਾਰ ਪੈਦਾ ਹੋਇਆ ਹੈ।

ਇੱਕ ਤੋਂ ਬਾਅਦ ਇੱਕ ਲਗਾਤਾਰ ਦੋ ਪ੍ਰੀਖਿਆਵਾਂ ਵਿੱਚ ਇਹੋ ਜਿਹੀ ਗੜਬੜ ਕਰਕੇ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਸਵਾਲਾ ਦੇ ਘੇਰੇ ਵਿੱਚ ਆ ਗਈ ਹੈ। ਯੂਜੀਸੀ-ਨੈੱਟ ਦਾ ਪੇਪਰ ਕਿਸੇ ਸਮੇਂ ਪਾਰਦਰਸ਼ੀ ਮੰਨਿਆ ਜਾਂਦਾ ਸੀ ਤੇ ਇਹ ਪੂਰੀ ਤਰ੍ਹਾਂ ਆਬਜੈਕਟਿਵ ਟਾਈਪ ਵੀ ਨਹੀਂ ਹੁੰਦਾ ਸੀ ਪਰ ਕਰੀਬ ਇਕ ਦਹਾਕਾ ਪਹਿਲਾਂ ਇਹ ਪੇਪਰ ਆਬਜੈਕਟਿਵ ਕੀਤਾ ਗਿਆ। 2018 ਤੋਂ ਕੰਪਿਊਟਰ ਆਧਾਰਿਤ ਫਾਰਮੈਟ ’ਤੇ ਲਿਆ ਜਾ ਰਿਹਾ ਸੀ। ਇਸ ਸਾਲ ਇਸ ਨੇ ਮੁੜ ਪੈੱਨ ਤੇ ਪੇਪਰ ਵਾਲੀ ਪ੍ਰੀਖਿਆ ਮੁੜ ਸ਼ੁਰੂ ਕੀਤੀ ਸੀ ਤੇ ਇਸ ਵਿੱਚ ਹੋਈ ਹੇਰਫੇਰੀ ਕਾਰਨ ਇਹ ਰੱਦ ਹੋਈ।

ਉਂਝ ਤਾਂ ਸਾਡੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਹੀ ਅੰਗਰੇਜ਼ ਹਕੂਮਤ ਦੇ ਲਾਰਡ ਮੈਕਾਲੇ ਵਰਗੇ ਅਫਸਰਾਂ ਦੀ ਦੇਣ ਹੈ। ਇਸ ਸਿੱਖਿਆ ਪ੍ਰਣਾਲੀ ਦੀ ਬੁਨਿਆਦ ਹੀ ‘ਕਲਰਕ’ ਪੈਦਾ ਕਰਨ ਤੱਕ ਸੀਮਤ ਰੱਖਣ ਵਾਲੀ ਹੈ ਤੇ ਇਸ ਦੀ ਦਾਖਲਾ ਪ੍ਰੀਖਿਆਵਾਂ ਜਾਂ ਯੌਗਤਾ ਪ੍ਰੀਖਿਆਵਾਂ ਕਿਸੇ ਵਿਦਿਆਰਥੀ ਦੀ ਲਿਆਕਤ ਦਾ ਸਹੀ ਮੁਲਾਂਕਣ ਕਰਨ ਤੋਂ ਕੋਹਾਂ ਦੂਰ ਹਨ। ਜ਼ਿਆਦਾਤਰ ਪੇਪਰ ਆਬਜੈਕਟਿਵ ਟਾਈਪ ਲਏ ਜਾਂਦੇ ਹਨ ਜੋ ਵਿਦਿਆਰਥੀਆਂ ਨੂੰ ਡੂੰਘਾਈ ਨਾਲ ਪੜ੍ਹਣ ਦੀ ਥਾਂ ਰੱਟੇ ਲਾਉਣ ਦੇ ਰਾਹ ਤੋਰਦੇ ਹਨ ਤੇ ਇਸ ਤਰ੍ਹਾਂ ਦੇ ਪੇਪਰਾਂ ਵਿੱਚ ਨਕਲ ਮਾਰਨ ਜਾਂ ਪੇਪਰ ਤੋਂ ਇਕ ਦਿਨ ਪਹਿਲਾਂ ਪ੍ਰਸ਼ਨ ਪੱਤਰ ਖਰੀਦਣ ਦਾ ਰਾਹ ਖੁੱਲ੍ਹਦਾ ਹੈ। ਦੇਸ਼ ਅੰਦਰ ਪ੍ਰੀਖਿਆ ਪ੍ਰਣਾਲੀਆਂ ਦੀ ਕਾਇਆਕਲਪ ਅਤੇ ਇਸ ਦੇ ਤੌਰ ਤਰੀਕਿਆਂ ਬਾਬਤ ਵੱਡੇ ਪੱਧਰ ’ਤੇ ਬਦਲਾਅ ਦੀ ਲੋੜ ਹੈ। ਪਰ ਫਿਰ ਵੀ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋ ਪੇਪਰ ਲਿਆ ਜਾਂਦਾ ਹੈ ਉਸ ਵਿੱਚ ਹਰ ਪੱਖੋਂ ਇਮਾਨਦਾਰੀ ਹੋਣਾ ਜਰੂਰੀ ਹੋਵੇ।

ਪ੍ਰੀਖਿਆ ਵਿੱਚ ਹੋਣ ਵਾਲੀਆਂ ਧਾਂਦਲੀਆਂ ਦੀ ਜੜ੍ਹ ਪ੍ਰੀਖਿਆ ਦੀ ਬੁਨਿਆਦ ਵਿੱਚ ਹੀ ਪਈ ਹੈ। ਆਬਜੈਕਟਿਵ ਟਾਈਪ ਪੇਪਰ ਹੋਣ ਕਾਰਨ ਵਿਦਿਆਰਥੀ ਨੇ ਪ੍ਰਸ਼ਨ ਹੇਠ ਦਿੱਤੀਆਂ ਕੁੱਝ ਆਪਸ਼ਨਾਂ ਵਿੱਚੋਂ ਸਹੀ ਆਪਸ਼ਨ ਉੱਪਰ ਟਿੱਕ ਲਾਉਣਾ ਹੁੰਦਾ ਹੈ। ਪੇਪਰ ਲੀਕ ਕਰਨ ਵਾਲਾ ਮਾਫੀਆ ਪ੍ਰੀਖਿਆ ਤੋਂ ਇਕ-ਦੋ ਦਿਨ ਪਹਿਲਾਂ ਪੇਪਰ ਹਾਸਲ ਕਰ ਲੈਂਦਾ ਹੈ ਤੇ ਵਿਦਿਆਰਥੀਆਂ ਤੋਂ ਲੱਖਾਂ ਰੁਪਏ ਲੈ ਕੇ ਉਸਨੂੰ ਇਕ ਦਿਨ ਪਹਿਲਾਂ ‘ਵਿਸ਼ੇਸ਼ ਜਗ੍ਹਾ’ ਬੁਲਾ ਕੇ ਪ੍ਰਸ਼ਨਾਂ ਦੇ ਉੱਤਰ ਰੱਟੇ ਲਵਾ ਦਿੰਦੇ ਹਨ।

ਪ੍ਰਧਾਨ ਨਰਿੰਦਰ ਮੋਦੀ ਜੀ ਆਪਣੇ ਪਸੰਦੀਦਾ ਪ੍ਰੋਗਰਾਮ ‘ਮਨ ਕੀ ਬਾਤ’ ਵਿੱਚ ਪ੍ਰੀਖਿਆ ਬਾਰੇ ਚਰਚਾ ਕਰਦੇ ਰਹੇ ਹਨ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਧੱਕੇ ਨਾਲ ਬਿਠਾ ਕੇ ਮੋਦੀ ਜੀ ਇਮਾਨਦਾਰੀ ਨਾਲ ਪੇਪਰਾਂ ਦੀ ਤਿਆਰੀ ਕਰਨ ਦਾ ਸੁਝਾਅ ਦਿੰਦੇ ਰਹੇ ਹਨ ਪਰ ਹੁਣ ਉਹੀ ਵਿਦਿਆਰਥੀ ਕਿਤੇ ਨਾ ਕਿਤੇ ਸਵਾਲ ਜ਼ਰੂਰ ਕਰ ਰਹੇ ਹੋਣਗੇ ਕਿ ਸਾਡੀ ਇਮਾਨਦਾਰੀ ਦਾ ਸਰਕਾਰ ਨੇ ਕੀ ਮੁੱਲ ਪਾਇਆ ਹੈ। ਭਾਜਪਾ ਦੇ ਚੋਣ ਮੈਨੀਫੈਸਟੋ ਵਿੱਚ ਵੀ ‘ਮੋਦੀ ਦੀਆਂ ਗਾਰੰਟੀਆਂ’ ਵਿੱਚੋਂ ਇੱਕ ਗਾਰੰਟੀ ਇਹ ਸੀ ਕਿ ‘ਸਰਕਾਰੀ ਭਰਤੀ ਪ੍ਰੀਖਿਆਵਾਂ ਵਿੱਚ ਬੇਨਿਯਮੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਹੈ। ਹੁਣ ਅਸੀਂ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਾਂਗੇ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਵਾਂਗੇ। ਪਰ ਅਜੇ ਵੋਟਾਂ ਦੌਰਾਨ ਲਗਾਏ ਇਸ ਗਾਰੰਟੀ ਵਾਲੇ ਪੋਸਟਰਾਂ ਤੋਂ ਸਿਆਹੀ ਵੀ ਸੁੱਕੀ ਸੀ ਕਿ ਇਹਨਾਂ ਦੋ ਅਹਿਮ ਪ੍ਰੀਖਿਆਵਾਂ ਦੇ ਘੁਟਾਲਿਆਂ ਨੇ ਸਰਕਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਇੱਕ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ ਦਰਮਿਆਨ 15 ਰਾਜਾਂ ਵਿੱਚ 41 ਭਰਤੀ ਪ੍ਰੀਖਿਆਵਾਂ ਪੇਪਰ ਲੀਕ ਹੋਣ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ।ਇਹਨਾਂ ਪ੍ਰੀਖਿਆਵਾਂ ਵਿੱਚ 1.4 ਕਰੋੜ ਦੇ ਕਰੀਬ ਉਮੀਦਵਾਰ ਬੈਠੇ ਸਨ। ਪੰਜਾਬ ਵਿੱਚ ਵੀ ਅਨੇਕਾਂ ਵਾਰ ਪੇਪਰਾਂ ਵਿੱਚ ਘੁਟਾਲੇ ਸਾਹਮਣੇ ਆਏ ਹਨ। ਪੰਜਾਬ ਵਿੱਚ ਟੀਈਟੀ ਪੇਪਰਾਂ ਵਿੱਚ ਪਿਛਲੇ ਸਮੇਂ ਹੋਏ ਘੁਟਾਲੇ ਕਿਸੇ ਤੋਂ ਲੁਕੇ ਨਹੀਂ ਹਨ। ਗੁਜਰਾਤ ਸਰਕਾਰ ਨੇ ਫਰਵਰੀ 2023 ਵਿੱਚ ਸਰਕਾਰੀ ਭਰਤੀ ਪ੍ਰੀਖਿਆਵਾਂ ਦੇ ਲੀਕ ਹੁੰਦੇ ਪੇਪਰ ਰੋਕਣ ਲਈ ਇੱਕ ਬਿੱਲ ਪਾਸ ਕੀਤਾ ਸੀ। ਇਹ ਬਿਲ ਪੇਸ਼ ਕਰਦੇ ਹੋਏ ਸੂਬੇ ਦੇ ਗ੍ਰਹਿ ਰਾਜ ਮੰਤਰੀ ਨੇ ਮੰਨਿਆ ਸੀ ਕਿ ਗੁਜਰਾਤ ‘ਚ ਪਿਛਲੇ 11 ਸਾਲਾਂ ’ਚ ਪੇਪਰ ਲੀਕ ਹੋਣ ਦੇ 11 ਮਾਮਲੇ ਸਾਹਮਣੇ ਆਏ ਹਨ। ਉੱਤਰ ਪ੍ਰਦੇਸ਼ ਵਿੱਚ ਪੁਲੀਸ ਕਾਂਸਟੇਬਲ ਭਰਤੀ ਪ੍ਰੀਖਿਆ ਫਰਵਰੀ ਵਿੱਚ ਉਸ ਵੇਲੇ ਰੱਦ ਕਰਨੀ ਪਈ ਸੀ ਜਦ ਪ੍ਰੀਖਿਆ ਹੋਣ ਤੋਂ ਕੁਝ ਦਿਨਾਂ ਬਾਅਦ ਪੇਪਰ ਲੀਕ ਹੋਣ ਦੀ ਪੁਸ਼ਟੀ ਹੋਈ ਸੀ।

ਪੰਜਾਬ ਸਮੇਤ ਦੇਸ਼ ਦੇ ਕਈ ਸੂਬੇ ਕੈਨੇਡਾ ਵਰਗੇ ਵਿਕਸਤ ਮੁਲਕਾਂ ਵੱਲ ਹੋ ਰਹੇ ਬੇਲੋੜੇ ਪ੍ਰਵਾਸ ਸਾਹਮਣਾ ਕਰ ਰਹੇ ਹਨ। ਇਸ ਤਰ੍ਹਾਂ ਜਿੱਥੇ ‘ਬਰੇਨ-ਡਰੇਨ’ ਹੋ ਰਿਹਾ ਹੈ ਉੱਥੇ ਹੀ ਫੀਸਾਂ, ਫੰਡਾਂ ਦੇ ਰੂਪ ਵਿੱਚ ਸਾਡੇ ਦੇਸ਼ ਦੀ ਪੂੰਜੀ ਦਾ ਗਿਨਣਯੋਗ ਹਿੱਸਾ ਵਿਦੇਸ਼ ਜਾ ਰਿਹਾ ਹੈ। ਨੈਟ, ਨੀਟ ਵਰਗੀਆਂ ਪ੍ਰੀਖਿਆਵਾਂ ਵਿੱਚ ਹੋਣ ਵਾਲੇ ਘੁਟਾਲੇ ਯੋਗ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੇ ਰੁਝਾਣ ਨੂੰ ਹੋਰ ਤੇਜ਼ ਕਰਦੇ ਹਨ।



**ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਕੈਨਡਾ ਫੇਰੀ ਦੌਰਾਨ ਟਰਾਂਟੋਂ ਵਿਖੇ ਇੱਕ ਸਾਹਿਤਕ ਮੀਟਿੰਗ ਦੇ ਯਾਦਗਾਰੀ ਪਲਾਂ ਦੀ ਗਵਾਹੀ ਭਰਦੀ ਇਹ ਤਸਵੀਰ ਜਿਸ ਵਿੱਚ ਟਰਾਂਟੋਂ ਦੇ ਉੱਘੇ ਕਵੀ ਓਂਕਾਰਪ੍ਰੀਤ, ਸਿਰਮੌਰ ਕਹਾਣੀਕਾਰ ਵਰਿਆਮ ਸੰਧੂ, ਉੱਘੇ ਨਾਟਕਕਾਰ ਡਾ. ਸਾਹਿਬ ਸਿੰਘ, ਹਰਕੇਸ਼ ਚੌਧਰੀ, ਛਿੱਪਣ ਤੋਂ ਪਹਿਲਾਂ ਨਾਟਕ ਦਾ ਪਹਿਲਾ ਭਗਤ ਸਿੰਘ ਜਸਪਾਲ ਢਿੱਲੋਂ, ਉੱਘੇ ਚਿੰਤਕ, ਕਵੀ, ਨਾਟਕਕਾਰ ਕੁਲਵਿੰਦਰ ਖਹਿਰਾ ਇੱਕ ਵਿਚਾਰ ਚਰਚਾ ਦੌਰਾਨ ਵਿਚਾਰ ਸਾਂਝੇ ਕਰਦੇ ਹੋਏ।**






# ਕੁਲਵਿੰਦਰ ਕੌਰ : ਕਾਨੂੰਨ ਉਲੰਘਕ ਤੋਂ ਕਾਨੂੰਨ ਘਾੜ੍ਹੇ ਵੱਲ ?

**'ਸਰੋਕਾਰਾਂ ਦੀ ਆਵਾਜ਼' ਪੀਪਲਜ਼ ਆਰਕਾਈਵ ਆਫ਼ ਰੂਲ ਇੰਡੀਆ ਵਿਚ ਪ੍ਰਕਾਸ਼ਤ ਇਸ ਸਟੋਰੀ ਪਾਠਕਾਂ ਦੇ ਰੂ-ਬ-ਰੂ ਕਰਕੇ ਮਾਣ ਹਾਸਲ ਕਰੇ ਹਾਂ। ਇਸ ਸ਼ਾਨਦਾਰ ਰੂਲ ਇੰਡੀਅਨ ਆਨਲਾਈਨ ਡਾਟ ਓਆਰਜੀ 'ਤੇ ਹੋਰ ਪ੍ਰਕਾਸ਼ਤ ਸਟੋਰੀਜ਼ ਨੂੰ ਪੜ੍ਹਨ ਦੀ ਵਕਾਲਤ ਕਰਦਾ ਹੈ। - ਸੰਪਾਦਕ**

**ਸੀਆਈਐੱਸਐੱਫ਼ ਦੀ ਕਾਂਸਟੇਬਲ ਕੁਲਵਿੰਦਰ ਕੌਰ ਵੱਲੋਂ ਮੰਡੀ ਲੋਕ ਸਭਾ ਐੱਮਪੀ, ਕੰਗਨਾ ਰਣੌਤ ਦੇ ਥੱਪੜ ਜੜ੍ਹਨ ਦੀ ਘਟਨਾ ਕਾਫ਼ੀ ਤੂਲ ਫੜ੍ਹ ਰਹੀ ਹੈ ਪਰ ਪੰਜਾਬ ਦੀ ਤਸੀਰ ਨੂੰ ਸਮਝਣ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਵਿਅਕਤੀਗਤ ਪ੍ਰਦਰਸ਼ਨ ਕਰਨ ਵਾਲ਼ੇ ਲੋਕਾਂ ਨੂੰ ਇਸ ਦੀ ਕੀਮਤ ਤਾਰਨੀ ਹੀ ਪੈਂਦੀ ਹੈ, ਪਰ ਉਨ੍ਹਾਂ ਦਾ ਸਾਹਸ ਇੱਕ ਰੌਸ਼ਨ ਭਵਿੱਖ ਦੇ ਬੀਜ ਜ਼ਰੂਰ ਹੀ ਬੀਜ ਦਿੰਦਾ ਹੈ**

ਅਮੀਰ ਜਾਂ ਗ਼ਰੀਬ, ਵੱਡਾ ਜਾਂ ਛੋਟਾ, ਹਰ ਕਿਸੇ ਲਈ ਇਹ ਇਲਾਹੀ ਹੁਕਮ ਵਾਂਗ ਹੀ ਸੀ ਕਿ ਉਹ ਆਪਣੇ ਜੋੜੇ ਉਤਾਰ ਕੇ ਰਾਜੇ ਦੇ ਪੈਰੀਂ ਪਵੇ। ਪਰ ਇੱਕ ਕਮਜ਼ੋਰ ਜਿਹੇ ਨੌਜਵਾਨ ਨੂੰ ਝੁਕਣਾ ਮਨਜ਼ੂਰ ਨਹੀਂ ਸੀ। ਉਹ ਸਿੱਧਾ ਖੜ੍ਹਾ ਰਾਜੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣ ਲੱਗਾ। ਰੋਸ ਉਸ ਰਾਜੇ ਖਿਲਾਫ਼ ਸੀ, ਜੋ ਕਿਸੇ ਵੀ ਸਿਆਸੀ ਵਿਰੋਧ ਨੂੰ ਬੇਰਹਿਮੀ ਨਾਲ਼ ਕੁਚਲਣ ਲਈ ਜਾਣਿਆ ਜਾਂਦਾ ਸੀ। ਇਹ ਸਭ ਦੇਖ ਕੇ ਪੰਜਾਬ ਦੇ ਜੋਗਾ ਪਿੰਡ ਦੇ ਬਜ਼ੁਰਗ ਸਹਿਮ ਗਏ ਅਤੇ ਵਹਿਸ਼ੀ ਰਾਜਾ ਗੁੱਸੇ ਨਾਲ਼ ਲਾਲ-ਪੀਲ਼ਾ ਹੋ ਗਿਆ।

ਇਹ ਨੌਜਵਾਨ ਜਗੀਰ ਸਿੰਘ ਜੋਗਾ ਸੀ। ਉਸਨੇ ਇਹ ਸਾਹਸ, ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੀ ਸਿਪਾਹੀ ਕੁਲਵਿੰਦਰ ਕੌਰ ਵੱਲੋਂ ਬਾਲੀਵੁੱਡ ਹਸਤੀ ਤੇ ਮੰਡੀ ਸੰਸਦੀ ਹਲਕੇ ਤੋਂ ਹਾਲ ਹੀ 'ਚ ਚੁਣੀ ਸੰਸਦ ਮੈਂਬਰ ਕੰਗਨਾ ਰਣੌਤ ਦੇ ਥੱਪੜ ਮਾਰਨ ਤੋਂ, ਨੌ ਦਹਾਕੇ ਪਹਿਲਾਂ ਦਿਖਾਇਆ ਸੀ। ਜੋਗਾ ਪਟਿਆਲਾ ਰਿਆਸਤ ਦੇ ਮਹਾਰਾਜੇ ਭੁਪਿੰਦਰ ਸਿੰਘ ਦਾ ਵਿਰੋਧ ਕਰ ਰਿਹਾ ਸੀ ਜਿਸ ਦੇ ਕੌਲੀ-ਚੱਟ ਜਗੀਰਦਾਰਾਂ ਨੇ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਕੀਤੀ ਸੀ। ਇਹ ਉੱਨੀ ਸੌ ਤੀਹਵੀਆਂ ਦੀ ਗੱਲ ਹੈ। ਉਸ ਘਟਨਾ ਤੋਂ ਬਾਅਦ ਜੋ ਵਾਪਰਿਆ, ਉਹ ਅੱਜ ਵੀ ਇਤਿਹਾਸ ਤੇ ਦੰਦ ਕਥਾਵਾਂ ਦਾ ਹਿੱਸਾ ਹੈ। ਪਰ, ਲੋਕਾਂ ਨੇ ਜੰਗੀਰ ਸਿੰਘ ਜੋਗਾ ਨੂੰ ਅਜੇ ਹੋਰ ਇਤਿਹਾਸ ਸਿਰਜਦਿਆਂ ਦੇਖਣਾ ਸੀ।

ਉਸ ਘਟਨਾ ਤੋਂ ਕਰੀਬ ਇੱਕ ਦਹਾਕਾ ਬਾਅਦ ਜੋਗਾ ਅਤੇ ਲਾਲ ਪਾਰਟੀ ਦੇ ਉਸ ਦੇ ਸਾਥੀਆਂ ਨੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਤੇ ਉਸ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਇਕ ਇਤਿਹਾਸਕ ਸੰਘਰਸ਼ ਦੀ ਅਗਵਾਈ ਕੀਤੀ ਅਤੇ ਉਸੇ ਜ਼ਾਲਮ ਰਾਜੇ ਭੁਪਿੰਦਰ ਸਿੰਘ ਦੇ ਪੁੱਤਰ ਕੋਲੋਂ 784 ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਖੋਹ ਕੇ ਬੇਜ਼ਮੀਨੇ ਕਿਸਾਨਾਂ ਨੂੰ ਵੰਡ ਦਿੱਤੀ। ਪਟਿਆਲਾ ਦਾ ਭੁਪਿੰਦਰ ਸਿੰਘ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦਾਦਾ ਸੀ।



**1930 ਦੇ ਦਹਾਕੇ ਵਿੱਚ, ਜੋਗਾ ਪਟਿਆਲਾ ਰਿਆਸਤ ਦੇ ਮਹਾਰਾਜੇ ਭੁਪਿੰਦਰ ਸਿੰਘ ਦਾ ਵਿਰੋਧ ਕਰ ਰਿਹਾ ਸੀ ਜਿਸ ਦੇ ਕੌਲੀ-ਚੱਟ ਜਗੀਰਦਾਰਾਂ ਨੇ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਕੀਤੀ ਸੀ। ਸੀਆਈਐੱਸਐੱਫ ਦੀ ਕਾਂਸਟੇਬਲ ਕੁਲਵਿੰਦਰ ਕੌਰ ਨੇ ਜੂਨ 2024 ਵਿੱਚ ਨਵੀਂ ਚੁਣੀ ਗਈ ਸੰਸਦ ਮੈਂਬਰ ਕੰਗਨਾ ਰਣੌਤ ਨਾਲ਼ ਆਪਣੀ ਅਸਹਿਮਤੀ ਜ਼ਾਹਰ ਕੀਤੀ।**

ਬੇਜ਼ਮੀਨਿਆਂ ਅਤੇ ਕਈ ਹੋਰ ਸੰਘਰਸ਼ਾਂ ਦੀ ਅਗਵਾਈ ਕਰਦਿਆਂ ਜਗੀਰ ਜੋਗਾ ਨੂੰ ਸਮੇਂ-ਸਮੇਂ ਜੇਲ੍ਹ ਭੇਜਿਆ ਗਿਆ। ਜਦੋਂ 1954 ਵਿੱਚ ਉਹ ਜੇਲ੍ਹ ਵਿੱਚ ਹੀ ਸਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਪੰਜਾਬ ਵਿਧਾਨ ਸਭਾ ਭੇਜ ਦਿੱਤਾ। ਫਿਰ ਉਹ ਲਗਾਤਾਰ 1962 , 1967 ਤੇ 1972 ਵਿੱਚ ਵੀ ਚੁਣੇ ਜਾਂਦੇ ਰਹੇ।

ਕਿਤਾਬ 'ਇਨਕਲਾਬੀ ਜੋਧਾ: ਜਗੀਰ ਸਿੰਘ ਜੋਗਾ' ਵਿੱਚ ਜੋਗੇ ਦੀ ਬਾਤ ਪਾਉਣ ਵਾਲੇ ਜਗਤਾਰ ਸਿੰਘ ਜੋ ਸੇਵਾਮੁਕਤ ਕਾਲਜ ਪ੍ਰੋਫੈਸਰ ਹਨ, ਕੁਲਵਿੰਦਰ ਕੌਰ ਦੇ ਵਿਅਕਤੀਗਤ ਵਿਰੋਧ ਨੂੰ ਇੱਕ ਨਿਰੰਤਰ ਵਰਤਾਰੇ ਵਜੋਂ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਵਿਰੋਧ ਪੰਜਾਬ ਦੀ ਫਿਜ਼ਾ ਦਾ ਹਿੱਸਾ ਹੈ। ਕੁਲਵਿੰਦਰ ਕੌਰ ਤਾਂ ਬਸ ਪੰਜਾਬ ਦੇ ਵਿਅਕਤੀਗਤ ਵਿਰੋਧਾਂ ਦੀ ਇੱਕ ਲੰਬੀ ਰਿਵਾਇਤ ਦੀ ਇੱਕ ਹੋਰ ਕੜੀ ਹੈ। ਉਹ ਕੜੀ ਜਿਸ ਦੀ ਸ਼ੁਰੂਆਤ ਨਾ ਜੋਗੇ ਨਾਲ਼ ਸ਼ੁਰੂ ਹੁੰਦੀ ਹੈ ਤੇ ਨਾ ਹੀ ਕੁਲਵਿੰਦਰ ਕੌਰ ਨਾਲ਼ ਮੁਕਦੀ ਹੈ।"

ਇਹ ਵਰਤਾਰਾ ਆਮ ਹੀ ਰਿਹਾ। ਪੰਜਾਬ ਵਿੱਚ ਆਮ ਤੌਰ 'ਤੇ ਸਧਾਰਨ ਪਰਿਵਾਰਾਂ ਨਾਲ਼ ਸਬੰਧ ਰੱਖਣ ਵਾਲੇ ਆਮ ਲੋਕਾਂ ਵੱਲੋਂ ਵਿਅਕਤੀਗਤ ਵਿਰੋਧ ਕੀਤੇ ਗਏ। ਸੀ ਆਈ ਐੱਸ ਐੱਫ ਦੀ ਸਿਪਾਹੀ ਕੁਲਵਿੰਦਰ ਕੌਰ ਵੀ ਕਪੂਰਥਲੇ ਜ਼ਿਲ੍ਹੇ ਦੇ ਪਿੰਡ ਮਾਹੀਵਾਲ ਦੇ ਇੱਕ ਦਰਮਿਆਨੇ ਕਿਸਾਨ ਪਰਿਵਾਰ ਨਾਲ਼ ਸਬੰਧ ਰੱਖਦੀ ਹੈ। ਉਸਦੀ ਮਾਂ ਵੀਰ ਕੌਰ ਵੀ ਉਨ੍ਹਾਂ ਸੰਘਰਸ਼ਾਂ ਦਾ ਹਿੱਸਾ ਰਹੀ ਹੈ, ਜਿਸ ਦਾ ਮਜ਼ਾਕ ਕੰਗਨਾ ਰਣੌਤ ਨੇ ਉਡਾਇਆ ਸੀ। ਵੀਰ ਕੌਰ ਅੱਜ ਵੀ ਇੱਕ ਕਿਸਾਨ ਹੈ।

ਜੋਗਾ ਤੋਂ ਵੀ ਪਹਿਲਾਂ ਲਾਹੌਰ ਸਾਜਿਸ਼ ਕੇਸ ਦੀ ਕਾਰਵਾਈ ਦੌਰਾਨ ਭਗਤ ਸਿੰਘ ਹੋਰਾਂ ਦੇ ਸਾਥੀ ਪ੍ਰੇਮ ਦੱਤ ਵਰਮਾ ਨੇ ਵਾਅਦਾ ਮੁਆਫ਼ਕ ਗਵਾਹ ਬਣੇ ਜੈ ਗੋਪਾਲ ਵੱਲ ਭਰੀ ਅਦਾਲਤ ਵਿੱਚ ਜੁੱਤੀ ਵਗਾਹ ਮਾਰੀ ਸੀ। ਦਿ ਭਗਤ ਸਿੰਘ ਰੀਡਰ ਦੇ ਲੇਖਕ ਵਿਦਵਾਨ ਪ੍ਰੋਫੈਸਰ ਚਮਨ ਲਾਲ ਦੱਸਦੇ, "ਉਸ ਨੇ ਇਹ ਕੋਈ ਸੋਚ ਸਮਝ ਕੇ ਨਹੀਂ ਕੀਤਾ ਸੀ, ਸਗੋਂ ਵਰਮਾ ਨੇ ਗੁੱਸੇ ਵਿੱਚ ਆ ਕੇ ਇਹ ਕਦਮ ਚੁੱਕਿਆ। ਦਰਅਸਲ ਮੁਕੱਦਮੇ ਦੀ ਪੂਰੀ ਪ੍ਰਕਿਰਿਆ ਦੌਰਾਨ ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਤਸੀਹੇ ਝੱਲਣੇ ਪਏ ਸਨ।"



**ਲਾਹੌਰ ਸਾਜ਼ਸ਼ ਮਾਮਲੇ ਨੂੰ ਲੈ ਕੇ ਦਿ ਡੇਲੀ ਮਿਲਾਪ ਵੱਲੋਂ 1930ਵਿਆਂ ਦਾ ਪੋਸਟਰ (ਖੱਬੇ)। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ਼ ਮੁਕੱਦਮੇ ਦੀ ਪੇਸ਼ੀ ਦੌਰਾਨ ਭਰੀ**

ਅਦਾਲਤ ਦੇ ਇੱਕ ਪਾਸੜ ਫ਼ੈਸਲੇ ਤਹਿਤ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ 23 ਮਾਰਚ 1931 ਨੂੰ ਫਾਂਸੀ ਦੇ ਦਿੱਤੀ ਗਈ, ਤੇ ਵਰਮਾ ਨੂੰ ਪੰਜ ਸਾਲ ਦੀ ਸਜ਼ਾ। ਉਨ੍ਹਾਂ ਦੀ ਉਮਰ ਲਾਹੌਰ ਸਾਜਿਸ਼ ਕੇਸ ਦੇ ਸਾਰੇ ਇਨਕਲਾਬੀਆਂ ਵਿੱਚੋਂ ਸਭ ਤੋਂ ਘੱਟ ਸੀ। ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੇ ਜਾਣ ਦੀ ਪਹਿਲੀ ਵਰ੍ਹੇਗੰਢ 'ਤੇ ਅੰਗਰੇਜ਼ ਹਕੂਮਤ ਦੇ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ 16 ਸਾਲਾਂ ਹਰਕਿਸ਼ਨ ਸਿੰਘ ਸੁਰਜੀਤ ਨੇ ਹੁਸ਼ਿਆਰਪੁਰ ਕੋਰਟ ਦੀ ਛੱਤ 'ਤੇ ਬਰਤਾਨੀਆ ਦਾ ਝੰਡਾ ਉਤਾਰ ਕੇ ਤਿਰੰਗਾ ਲਹਿਰਾ ਦਿੱਤਾ ਸੀ।

ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ ਲਿਖਣ ਵਾਲੇ ਇਤਿਹਾਸਕਾਰ ਅਜਮੇਰ ਸਿੱਧੂ ਨੇ ਪਾਰੀ ਨੂੰ ਦੱਸਿਆ, "ਇਹ ਫ਼ੈਸਲਾ ਕਾਂਗਰਸ ਦੇ ਪੰਜਾਬ ਯੂਨਿਟ ਵੱਲੋਂ ਲਿਆ ਗਿਆ ਸੀ ਕਿ ਥਾਂ-ਥਾਂ 'ਤੇ ਯੂਨੀਅਨ ਜੈਕ ਉਤਾਰ ਕੇ ਤਿਰੰਗੇ ਝੰਡੇ ਲਹਿਰਾਏ ਜਾਣਗੇ ਪਰ ਐਨ ਮੌਕੇ 'ਤੇ ਕਾਂਗਰਸ ਪਾਰਟੀ ਪਿੱਛੇ ਹਟ ਗਈ। ਪਰ ਸੁਰਜੀਤ ਨੇ ਆਪਣੇ ਹੀ ਪੱਧਰ 'ਤੇ ਇਹ ਕਦਮ ਚੁੱਕਿਆ ਜੋ ਇੱਕ ਇਤਿਹਾਸਕ ਘਟਨਾ ਹੋ ਨਿੱਬੜੀ।"

ਕਈ ਦਹਾਕਿਆਂ ਮਗਰੋਂ ਉਨ੍ਹਾਂ ਪਲਾਂ ਨੂੰ ਯਾਦ ਕਰਦਿਆਂ ਸੁਰਜੀਤ ਨੇ ਕਿਹਾ, "ਮੈਂ ਉਸ ਦਿਨ ਜੋ ਕੀਤਾ, ਉਸ 'ਤੇ ਮੈਨੂੰ ਅੱਜ ਵੀ ਫ਼ਖ਼ਰ ਹੈ।" ਉਸ ਘਟਨਾ ਤੋਂ 60 ਸਾਲ ਬਾਅਦ ਸੁਰਜੀਤ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਬਣੇ।

ਹਰਕਿਸ਼ਨ ਸੁਰਜੀਤ ਦੇ ਝੰਡਾ ਲਹਿਰਾਉਣ ਦੀ ਘਟਨਾ ਤੋਂ ਕੁਝ ਸਾਲ ਬਾਅਦ ਉਨ੍ਹਾਂ ਦੇ ਹੀ ਸਾਥੀ ਭਗਤ ਸਿੰਘ ਝੁੱਗੀਆਂ, ਜੋ ਉਨ੍ਹਾਂ ਤੋਂ ਉਮਰ ਵਿੱਚ ਕਾਫੀ ਛੋਟੇ ਸਨ, ਨੇ ਸਿਰਫ਼ 11 ਸਾਲ ਦੀ ਉਮਰ ਵਿੱਚ ਵਿਲੱਖਣ ਢੰਗ ਨਾਲ਼ ਵਿਰੋਧ ਦਰਜ ਕਰਵਾਇਆ। ਝੁੱਗੀਆਂ ਤੀਜੀ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਇਆ ਸੀ। ਸਿੱਖਿਆ ਵਿਭਾਗ ਦੇ ਮੁਨਸ਼ੀ ਨੇ ਉਸ ਨੂੰ ਇਨਾਮ ਦਿੰਦਿਆਂ ਕਿਹਾ ਕਿ ਬੋਲੋ 'ਬਰਤਾਨੀਆ ਜ਼ਿੰਦਾਬਾਦ, ਹਿਟਲਰ ਮੁਰਦਾਬਾਦ'। ਝੁੱਗੀਆਂ ਨੇ ਲੋਕਾਂ ਵੱਲ ਵੇਖਦਿਆਂ ਕਿਹਾ, "ਬਰਤਾਨੀਆ ਮੁਰਦਾਬਾਦ, ਹਿੰਦੁਸਤਾਨ ਜ਼ਿੰਦਾਬਾਦ।"

ਉਸ ਨੂੰ ਬਹੁਤ ਬੁਰੀ ਤਰ੍ਹਾਂ ਕੁੱਟਿਆ ਗਿਆ ਜਿਸ ਤੋਂ ਬਾਅਦ ਉਹ ਕਦੇ ਵੀ ਸਕੂਲ ਨਹੀਂ ਜਾ ਸਕਿਆ। ਪਰ ਆਪਣੀ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ ਉਹ ਉਸ ਘਟਨਾ ਨੂੰ ਫ਼ਖ਼ਰ ਨਾਲ਼ ਸੁਣਾਉਂਦਾ ਰਿਹਾ। ਝੁੱਗੀਆਂ ਦੀ ਕਹਾਣੀ ਜੋ ਉਨ੍ਹਾਂ ਨੇ 'ਪਾਰੀ' ਦੇ ਬਾਨੀ ਸੰਪਾਦਕ ਪੀ ਸਾਈਨਾਥ ਨੂੰ ਆਪਣੀ ਮੌਤ ਤੋਂ ਇੱਕ ਸਾਲ ਪਹਿਲਾਂ ਕਰੀਬ 95 ਸਾਲ ਦੀ ਉਮਰ ਵਿੱਚ ਸੁਣਾਈ ਸੀ।


ਅਜਿਹੇ ਹੀ ਜਜ਼ਬਾਤ 12 ਜੂਨ ਨੂੰ ਉਸ ਸਮੇਂ ਵੇਖਣ ਨੂੰ ਮਿਲੇ ਜਦੋਂ ਕੁਲਵਿੰਦਰ ਕੌਰ ਦਾ ਭਰਾ ਸ਼ੇਰ ਸਿੰਘ (ਛੇ ਕਿੱਲਿਆਂ ਦੇ ਮਾਲ਼ਕ) ਉਸ ਨੂੰ ਮਿਲ ਕੇ ਮੁਹਾਲੀ ਵਿੱਚ ਪੱਤਰਕਾਰਾਂ ਨਾਲ਼ ਗੱਲਬਾਤ ਕਰ ਰਿਹਾ ਸੀ। ਉਸਨੇ ਫ਼ਖ਼ਰ ਨਾਲ਼ ਕਿਹਾ, "ਨਾ ਸਾਨੂੰ ਉਸ ਘਟਨਾ 'ਤੇ ਅਫਸੋਸ ਹੈ, ਨਾ ਕੁਲਵਿੰਦਰ ਨੂੰ। ਇਸ ਲਈ ਮੁਆਫ਼ੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

ਪੰਜਾਬ ਦਾ ਮੌਜੂਦਾ ਇਤਿਹਾਸ ਵੀ ਇਸੇ ਤਰ੍ਹਾਂ ਦੇ ਵਿਅਕਤੀਗਤ ਵਿਰੋਧ ਪ੍ਰਦਰਸ਼ਨਾਂ ਦੀਆਂ ਘਟਨਾਵਾਂ ਨਾਲ਼ ਭਰਿਆ ਪਿਆ ਹੈ। 2014 ਵਿੱਚ ਕਿਸਾਨਾਂ ਵੱਲੋਂ ਲਗਾਤਾਰ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਸਨ। ਨਸ਼ਾ ਸਿਖ਼ਰ 'ਤੇ ਸੀ। ਬੇਰੁਜ਼ਗਾਰੀ ਨੌਜਵਾਨਾਂ ਨੂੰ ਘੁਣ ਵਾਂਗ ਖਾ ਰਹੀ ਸੀ। ਕਿਸੇ ਪਾਸੇ ਕੋਈ ਉਮੀਦ ਨਜ਼ਰ ਨਾ ਆਉਂਦੀ ਦੇਖ ਕੇ ਵਿਕਰਮ ਸਿੰਘ ਧਨੌਲਾ ਆਪਣੇ ਪਿੰਡੋਂ ਖੰਨੇ ਵੱਲ ਚੱਲ ਪਿਆ ਜੋ ਕਰੀਬ ਸੌ ਕਿਲੋਮੀਟਰ ਦੀ ਵਿੱਥ 'ਤੇ ਸੀ। ਉਥੇ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਜ਼ਾਦੀ ਦਿਵਸ ਦੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਨਾ ਸੀ। ਵਿਕਰਮ ਚੁੱਪ-ਚਾਪ ਦਰਸ਼ਕਾਂ ਵਿੱਚ ਜਾ ਬੈਠਿਆ।

ਜਿਉਂ ਹੀ ਬਾਦਲ ਨੇ ਬੋਲਣਾ ਸ਼ੁਰੂ ਕੀਤਾ ਤਾਂ ਉਸਨੇ ਆਪਣੀ ਜੁੱਤੀ ਉਨ੍ਹਾਂ ਵੱਲ ਵਗਾਹ ਮਾਰੀ। ਘਟਨਾ ਨੂੰ ਯਾਦ ਕਰਕੇ ਵਿਕਰਮ ਦੱਸਦਾ ਹੈ, "ਮੇਰੇ ਤੇ ਪ੍ਰਕਾਸ਼ ਸਿੰਘ ਬਾਦਲ ਵਿਚਕਾਰ ਇੰਨਾ ਕੁ ਫਾਸਲਾ ਸੀ ਕਿ ਮੈਂ ਆਸਾਨੀ ਨਾਲ਼ ਉਨ੍ਹਾਂ ਦੇ ਮੂੰਹ 'ਤੇ ਜੁੱਤੀ ਮਾਰ ਸਕਦਾ ਸਾਂ। ਪਰ ਮੈਂ ਜੁੱਤੀ ਪੋਡੀਅਮ ਵੱਲ ਸੁੱਟੀ। ਮੇਰਾ ਮਕਸਦ ਸੀ ਕਿ ਉਹ ਨਕਲੀ ਦਵਾਈਆਂ ਅਤੇ ਬੀਜਾਂ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਵੱਲ ਧਿਆਨ ਦੇਣ, ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦਾ ਕੋਈ ਹੱਲ ਕਰਨ।"

ਧਨੌਲਾ, ਜੋ ਅੱਜ ਵੀ ਬਰਨਾਲਾ ਜ਼ਿਲ੍ਹੇ ਵਿੱਚ ਪੈਂਦੇ ਆਪਣੇ ਪਿੰਡ, ਧਨੌਲਾ ਵਿਖੇ ਹੀ ਰਹਿੰਦੇ ਹਨ, ਨੂੰ 26 ਦਿਨ ਜੇਲ੍ਹ ਕੱਟਣੀ ਪਈ ਅਤੇ ਪੁਲੀਸ ਤਸੀਹੇ ਝੱਲਣੇ ਪਏ। ਦਸ ਸਾਲਾਂ ਬਾਅਦ ਇੱਕ ਸਵਾਲ ਜੇਹਨ ਵਿੱਚ ਸੁਭਾਵਕ ਹੀ ਆਉਂਦਾ ਹੈ ਕਿ ਜੋ ਵਿਕਰਮ ਨੇ ਕੀਤਾ ਕੀ ਉਹ ਸਹੀ ਸੀ ? "ਜੋ ਕੁਝ ਮੈਂ ਕੀਤਾ ਜਾਂ ਕੁਲਵਿੰਦਰ ਨੇ ਕੀਤਾ, ਕੋਈ ਵੀ ਵਿਅਕਤੀ ਇਹ ਸਭ ਕੁਝ ਕਰਨ ਲਈ ਉਸ ਸਮੇਂ ਮਜਬੂਰ ਹੁੰਦਾ ਹੈ, ਜਦੋਂ ਉਸ ਨੂੰ ਕਿਸੇ ਪਾਸੇ ਕੋਈ ਰਾਹ ਨਜ਼ਰ ਨਹੀਂ ਆਉਂਦਾ", ਉਨ੍ਹਾਂ ਪਾਰੀ ਨੂੰ ਦੱਸਿਆ। ਭਾਵੇਂ ਗੱਲ ਅੰਗਰੇਜ਼ਾਂ ਦੇ ਸਮੇਂ ਦੀ ਹੋਵੇ ਜਾਂ ਭਾਜਪਾ ਦੇ ਰਾਜ ਦੀ, ਪੰਜਾਬ ਦਾ ਇਤਿਹਾਸ ਅਜਿਹੇ ਵਿਅਕਤੀਗਤ ਵਿਰੋਧਾਂ ਨਾਲ਼ ਭਰਿਆ ਪਿਆ ਹੈ ਜੋ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣਾ ਵਿਰੋਧ ਦਰਜ ਕਰਵਾਉਂਦੇ ਆਏ ਹਨ।

ਕੰਗਨਾ ਰਣੌਤ ਦਾ ਪੰਜਾਬ ਨਾਲ਼ ਰਿਸ਼ਤਾ



**1932 ਵਿੱਚ 16 ਸਾਲਾਂ ਹਰਕਿਸ਼ਨ ਸਿੰਘ ਸੁਰਜੀਤ ਨੇ ਹੁਸ਼ਿਆਰਪੁਰ ਕੋਰਟ ਦੀ ਛੱਤ 'ਤੇ ਬਰਤਾਨੀਆ ਦਾ ਝੰਡਾ ਉਤਾਰ ਕੇ ਤਿਰੰਗਾ ਲਹਿਰਾ ਦਿੱਤਾ ਸੀ। ਫਰਵਰੀ 1967 ਵਿੱਚ ਪੰਜਾਬ ਦੇ ਫਿਲੌਰ ਵਿਧਾਨ ਸਭਾ ਹਲਕੇ ਤੋਂ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਦੋਬਾਰਾ ਇੱਥੇ ਦੇਖਿਆ ਗਿਆ।**



DAILY MILAP, LAHORE. CM 9TH OCTOBER 1930.
LAHORE CONSPIRACY CASE JUDGEMENT

Sardar Bhagat Singh. Sentenced to hanging.
Shri Jatenderanath Dass Died in Jail.
Mr. B. K. Dutt. Case withdrawn.
Shriman Raj guru. Sentenced to hanging.
M. Sukh Dev. Sentenced to hanging.
M. Kishori Lal. Transportation for life.
M. Jai Dev Kapur. Transportation for life.
Shiv Verma. Transportation for life.
Gaya Parshad. Transportation for life.
Kanwal Nath Tiwari. Transportation for life.
Mahabir Singh. Transportation for life.
Vijey Kumar Sina. Transportation for life.
Kundan Lall Seven years.
Prem Dutta. Five years.
L. Des Raj. Acquitted.
Ajey Kumar Ghose. Acquitted.
Mr. Sanyal Acquitted.

Printed and Published for the Daily Milap, Ganpat Road, Lahore, by Ch. Gauri Shankar at the National Art Press, Anarkali, Lahore.

**ਲਾਹੌਰ ਸਾਜ਼ਸ਼ ਮਾਮਲੇ ਨੂੰ ਲੈ ਕੇ ਦਿ ਡੇਲੀ ਮਿਲਾਪ ਵੱਲੋਂ 1930ਵਿਆਂ ਦਾ ਪੋਸਟਰ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ਼ ਮੁਕੱਦਮੇ ਦੀ ਪੇਸ਼ੀ ਦੌਰਾਨ ਭਰੀ ਅਦਾਲਤ ਵਿੱਚ ਜੁੱਤੀ ਵਗਾਹ ਮਾਰੀ ਸੀ**



**ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਦੇ ਭਤੀਜੇ, ਪ੍ਰੋ: ਜਗਮੋਹਨ ਸਿੰਘ ਝੁੱਗੀਆਂ ਦੇ ਨਾਲ ਰਾਮਗੜ੍ਹ ਵਿਖੇ ਆਪਣੇ ਘਰ ਵਿੱਚ।**

2020 ਵਿੱਚ ਵਿਗੜ ਗਿਆ ਸੀ, ਜਦੋਂ ਉਸਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼, ਚੱਲ ਰਹੇ ਕਿਸਾਨ ਸੰਘਰਸ਼ ਵਿੱਚ ਸ਼ਾਮਲ ਔਰਤਾਂ ਖਿਲਾਫ਼ ਭੱਦੀਆਂ ਟਿੱਪਣੀਆਂ ਕੀਤੀਆਂ ਸਨ। ਧਿਆਨ ਰਹੇ ਇਹ ਕਨੂੰਨ ਕੇਂਦਰ ਸਰਕਾਰ ਨੇ 19 ਨਵੰਬਰ 2021 ਨੂੰ ਵਾਪਸ ਲੈ ਲਏ ਸਨ।

ਅਜਿਹੇ ਹੀ ਇੱਕ ਟਵੀਟ ਵਿੱਚ ਹੱਸਦਿਆਂ ਕੰਗਨਾ ਨੇ ਕਿਹਾ, "ਹਾ ਹਾ ਹਾ ਇਹ ਉਹੀ ਦਾਦੀ ਹੈ ਜਿਸ ਨੂੰ ਟਾਈਮ ਮੈਗਜ਼ੀਨ ਨੇ ਸਭ ਤੋਂ ਸ਼ਕਤੀਸ਼ਾਲੀ ਭਾਰਤੀ ਕਿਹਾ ਸੀ, ਇਹ ਸੌ ਰੁਪਏ ਵਿੱਚ ਉਪਲੱਬਧ ਹੈ।"

ਇੰਝ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੇ ਲੋਕਾਂ ਨੇ ਕੰਗਨਾ ਦੇ ਉਨ੍ਹਾਂ ਸ਼ਬਦਾਂ ਨੂੰ ਅਜੇ ਤੱਕ ਨਹੀਂ ਭੁਲਾਇਆ। ਉਹ ਸ਼ਬਦ ਵਾਰ-ਵਾਰ ਮੁੜ ਗੂੰਜਦੇ ਹਨ। ਇਹ 6 ਜੂਨ ਨੂੰ ਇੱਕ ਵਾਰ ਫਿਰ ਗੂੰਜੇ ਜਦੋਂ ਕੁਲਵਿੰਦਰ ਕੌਰ ਨੇ ਕਿਹਾ, "ਇਹ ਕਹਿ ਰਹੀ ਸੀ ਨਾ, ਔਰਤਾਂ ਸੌ-ਸੌ ਰੁਪਏ ਲੈ ਕੇ ਧਰਨੇ ਵਿੱਚ ਬੈਠੀਆਂ। ਉਸ ਸਮੇਂ ਮੇਰੀ ਮਾਂ ਵੀ ਧਰਨੇ ਵਿੱਚ ਬੈਠੀ ਸੀ।" ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤੱਕ ਕਿਸੇ ਨੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਉਸਨੇ ਕੁਲਵਿੰਦਰ ਕੌਰ ਨੂੰ ਥੱਪੜ ਮਾਰਦੇ ਹੋਏ ਦੀ ਸੀਸੀਟੀਵੀ ਫੁਟੇਜ ਦੇਖੀ ਹੈ। ਹਾਂ, ਇੱਕ ਗੱਲ ਪੱਕੀ ਹੈ ਕਿ ਇਹ ਸਭ ਕੁਝ 6 ਜੂਨ ਨੂੰ ਹੀ ਸ਼ੁਰੂ ਨਹੀਂ ਹੋਇਆ।

ਥੱਪੜ ਵੱਜਣ ਦੀ ਘਟਨਾ ਤੋਂ ਬਹੁਤ ਪਹਿਲਾਂ ਤਿੰਨ ਦਸੰਬਰ 2021 ਨੂੰ ਕੰਗਨਾ ਰਣੌਤ ਮਨਾਲੀ ਤੋਂ ਚੰਡੀਗੜ੍ਹ ਆ ਰਹੀ ਸੀ। ਉਸ ਦੀ ਕਾਰ ਨੂੰ ਪੰਜਾਬ ਵਿੱਚ ਦਾਖ਼ਲ ਹੁੰਦਿਆਂ ਹੀ ਕਿਸਾਨ ਔਰਤਾਂ ਨੇ ਕੀਰਤਪੁਰ ਸ਼ਾਹੀ ਮਾਰਗ 'ਤੇ ਰੋਕ ਲਿਆ ਅਤੇ ਮੁਆਫ਼ੀ ਮੰਗਣ ਤੋਂ ਬਾਅਦ ਹੀ ਜਾਣ ਦਿੱਤਾ ਗਿਆ। ਇਹ ਮੌਜੂਦਾ ਮਸਲਾ ਕੁਲਵਿੰਦਰ ਕੌਰ, ਉਸਦੇ ਭਰਾ ਸ਼ੇਰ ਸਿੰਘ ਮਾਹੀਵਾਲ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਸਵੈ-ਮਾਣ ਅਤੇ ਵੱਕਾਰ ਦਾ ਸਵਾਲ ਵੀ ਹੈ।

"ਸਾਡੀਆਂ ਕਈ ਪੀੜ੍ਹੀਆਂ ਨੇ ਭਾਰਤੀ ਫ਼ੌਜ ਵਿੱਚ ਸੇਵਾ ਨਿਭਾਈ ਹੈ," ਪਾਰੀ ਨਾਲ਼ ਗੱਲਬਾਤ ਕਰਦਿਆਂ ਸ਼ੇਰ ਸਿੰਘ ਮਾਹੀਵਾਲ ਨੇ ਦੱਸਿਆ। "ਕੁਲਵਿੰਦਰ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਅਤੇ ਦਾਦੇ ਦੇ ਤਿੰਨ ਪੁੱਤਰ ਫ਼ੌਜ ਵਿੱਚ 1965 ਤੇ 1971 ਦੀਆਂ ਜੰਗਾਂ ਲੜ ਚੁੱਕੇ ਹਨ। ਕੀ ਤੁਹਾਨੂੰ ਅਜੇ ਵੀ ਲੱਗਦਾ ਹੈ ਕਿ ਸਾਨੂੰ ਕੰਗਨਾ ਰਣੌਤ ਵਰਗਿਆਂ ਤੋਂ ਦੇਸ਼ ਭਗਤੀ ਦਾ ਸਰਟੀਫਿਕੇਟ ਲੈਣ ਦੀ ਜ਼ਰੂਰਤ ਹੈ, ਜੋ ਸਾਨੂੰ ਅਤਿਵਾਦੀ ਹੋਣ ਦਾ ਸਰਟੀਫਿਕੇਟ ਵੰਡਦੇ ਫਿਰ ਰਹੇ ਨੇ?" ਬੁਲੰਦ ਸੁਰ ਵਿੱਚ ਸ਼ੇਰ ਸਿੰਘ ਪੁੱਛਦੇ ਹਨ।

35 ਸਾਲਾ ਕੁਲਵਿੰਦਰ ਕੌਰ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਉਹ ਦੋ ਬੱਚਿਆਂ, ਪੰਜ ਸਾਲ ਦੇ ਪੁੱਤਰ ਤੇ ਨੌਂ ਸਾਲ ਦੀ ਧੀ ਦੀ ਮਾਂ ਹੈ ਅਤੇ ਉਸ ਦਾ ਪਤੀ ਵੀ ਸੀ. ਆਈ. ਐੱਸ. ਐੱਫ. ਵਿੱਚ ਸਿਪਾਹੀ ਵਜੋਂ ਤਾਇਨਾਤ ਹੈ। ਇਸ ਸਮੇਂ ਕੁਲਵਿੰਦਰ ਦੀ ਨੌਕਰੀ 'ਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਪੰਜਾਬ ਦੀ ਤਸੀਰ ਨੂੰ ਸਮਝਣ ਵਾਲੇ ਲੋਕ ਦੱਸਦੇ ਹਨ ਕਿ ਵਿਅਕਤੀਗਤ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਨੂੰ ਇਸ ਦੀ ਕੀਮਤ ਤਾਰਨੀ ਹੀ ਪੈਂਦੀ ਹੈ, ਪਰ ਉਨ੍ਹਾਂ ਦਾ ਸਾਹਸ ਇੱਕ ਰੌਸ਼ਨ ਭਵਿੱਖ ਦੇ ਬੀਜ ਬੀਜਦਾ ਹੈ। ਸੀਪੀਆਈ ਦੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਕਹਿੰਦੇ ਹਨ, "ਜੋਗਾ ਤੇ ਕੁਲਵਿੰਦਰ ਕੌਰ ਦੋਵੇਂ ਹੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਾਡੇ ਸੁਪਨੇ ਅਜੇ ਵੀ ਜਿਊਂਦੇ ਹਨ।" ਛੇ ਦਹਾਕੇ ਪਹਿਲਾਂ ਜਗੀਰ ਸਿੰਘ ਜੋਗਾ ਨਾਲ? ਜੁੜਨ ਵਾਲ਼ੇ ਅਰਸ਼ੀ ਪਿੰਡ (ਜੋਗਾ) ਤੋਂ 25 ਕਿਲੋਮੀਟਰ ਦੂਰ ਦਾਤੇਵਸ ਪਿੰਡ ਦੇ ਰਹਿਣ ਵਾਲ਼ੇ ਹਨ, ਦੋਵੇਂ ਹੀ ਪਿੰਡ ਮਾਨਸਾ ਜ਼ਿਲ੍ਹੇ ਵਿੱਚ ਪੈਂਦੇ ਹਨ।



ਘਟਨਾ ਤੋਂ ਬਾਅਦ ਚੰਡੀਗੜ੍ਹ ਏਅਰਪੋਰਟ 'ਤੇ ਮੌਜੂਦ ਕੁਲਵਿੰਦਰ ਕੌਰ। 9 ਜੂਨ 2024 ਨੂੰ ਮੋਹਾਲੀ ਵਿਖੇ ਕੰਗਨਾ ਦੇ ਵਿਰੋਧ ਤੇ ਕੁਲਵਿੰਦਰ ਦੇ ਹੱਕ ਵਿੱਚ ਪ੍ਰਦਰਸ਼ਨ ਦੀ ਝਲਕ

ਜੋਗਾ ਨੂੰ ਨਾਭੇ ਜੇਲ੍ਹ ਵਿੱਚੋਂ ਹੀ ਲੋਕਾਂ ਨੇ 1954 ਵਿੱਚ ਪੰਜਾਬ ਅਸੈਂਬਲੀ ਵਿੱਚ ਚੁਣ ਕੇ ਭੇਜ ਦਿੱਤਾ ਸੀ। ਸੁਰਜੀਤ, ਭਗਤ ਸਿੰਘ ਝੁੱਗੀਆਂ ਅਤੇ ਪ੍ਰੇਮ ਦੱਤ ਪੰਜਾਬ ਦੇ ਵਿਅਕਤੀਗਤ ਵਿਰੋਧਾਂ ਦੀ ਵੀਰ ਗਾਥਾ ਦੇ ਨਾਇਕ ਹਨ।

ਕੁਲਵਿੰਦਰ ਕੌਰ ਦੇ ਹੱਕ ਵਿੱਚ ਪ੍ਰਦਰਸ਼ਨ ਅਤੇ ਮੁਜ਼ਾਹਰੇ ਪੰਜਾਬ ਚੰਡੀਗੜ੍ਹ ਵਿੱਚ ਥਾਂ-ਥਾਂ ਹੋ ਰਹੇ ਹਨ। ਇਹ ਪ੍ਰਦਰਸ਼ਨ ਕੰਗਨਾ ਦੇ ਥੱਪੜ ਮਾਰਨ ਨਾਲੋਂ ਇਸ ਗੱਲ 'ਤੇ ਜ਼ਿਆਦਾ ਮਾਣ ਕਰ ਰਹੇ ਹਨ ਕਿ ਇੱਕ ਸਧਾਰਨ ਸਿਪਾਹੀ ਇੱਕ ਸ਼ਕਤੀਸ਼ਾਲੀ ਸੰਸਦ ਮੈਂਬਰ ਅੱਗੇ ਪੰਜਾਬ ਦੀ ਸਾਖ਼ ਤੇ ਸਵੈ-ਮਾਣ ਨੂੰ ਬਚਾਉਣ ਲਈ ਖੜ੍ਹੀ। ਉਹ ਕੁਲਵਿੰਦਰ ਕੌਰ ਦੇ ਇਸ ਕਦਮ ਨੂੰ ਪੰਜਾਬ ਦੇ ਵਿਅਕਤੀਗਤ ਵਿਰੋਧਾਂ ਦੀ ਲਗਾਤਾਰਤਾ ਵਜੋਂ ਦੇਖ ਰਹੇ ਹਨ।

ਇਹ ਘਟਨਾ ਬਹੁਤ ਸਾਰੇ ਗੀਤਾਂ, ਕਵਿਤਾਵਾਂ, ਮੀਮਾਂ ਅਤੇ ਕਾਰਟੂਨਾਂ ਦੀ ਪ੍ਰੇਰਨਾ ਸਰੋਤ ਬਣੀ। 'ਪਾਰੀ' ਵੱਲੋਂ ਇਸ ਰਿਪੋਰਟ ਦੇ ਨਾਲ਼ ਹੀ ਪੰਜਾਬੀ ਦੇ ਉੱਘੇ ਨਾਟਕਕਾਰ ਤੇ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸਵਰਾਜਬੀਰ ਦੀ ਲਿਖੀ ਕਵਿਤਾ ਵੀ ਸਾਂਝੀ ਕੀਤੀ ਹੈ।

ਕੁਲਵਿੰਦਰ ਕੌਰ ਦੇ ਹੱਕ ਵਿੱਚ ਹੋ ਰਹੇ ਪ੍ਰਦਰਸ਼ਨ ਤੇ ਕਾਨੂੰਨੀ ਸਹਾਇਤਾ ਦੇ ਐਲਾਨਾਂ ਦੇ ਬਾਵਜੂਦ ਇੰਝ ਜਾਪ ਰਿਹਾ ਹੈ, ਸ਼ਾਇਦ ਉਹ ਆਪਣੀ ਨੌਕਰੀ ਨਾ ਬਚਾਅ ਪਾਵੇ। ਹਾਲਾਂਕਿ, ਜਦੋਂ ਪੰਜਾਬ ਦੇ ਪੰਜ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਇਸ ਸਭ ਦੌਰਾਨ ਇਹ ਵੀ ਪ੍ਰਤੀਤ ਹੋ ਰਿਹਾ ਹੈ ਕਿ ਸ਼ਾਇਦ ਇਸ ਤੋਂ ਕਿਤੇ ਵੱਡੀ ਨੌਕਰੀ ਸੂਬਾਈ ਵਿਧਾਨ ਸਭਾ ਵਿੱਚ ਉਸ ਦੀ ਉਡੀਕ ਕਰ ਰਹੀ ਹੈ। ਪੰਜਾਬੀਆਂ ਦਾ ਇੱਕ ਵੱਡਾ ਹਿੱਸਾ ਇਹ ਸੋਚਦਾ ਹੈ ਕਿ ਉਹ ਜ਼ਿਮਨੀ ਚੋਣ ਜ਼ਰੂਰ ਲੜੇਗੀ।

**ਦੱਸ ਨੀ ਮਾਏ, ਦੱਸ ਨੀ**

– ਸਵਰਾਜਬੀਰ

ਦੱਸ ਨੀ ਮਾਏ, ਦੱਸ ਨੀ
ਦੱਸ ਦਿਲੇ ਦਾ ਹਾਲ ਨੀ ਮਾਏ
ਮੇਰੇ ਸੰਘ 'ਚ ਆਉਣ ਉਬਾਲ ਨੀ ਮਾਏ
ਬਣੇ ਜਿਨ੍ਹਾਂ ਦਾ ਕੋਈ ਬੋਲ ਨਾ
ਮੇਰੇ ਦਿਲ 'ਚ ਉੱਠਣ ਜਵਾਲ ਨੀ ਮਾਏ

ਦੱਸ ਨੀ ਮਾਏ, ਦੱਸ ਨੀ
ਦੱਸ ਨੀ ਮਾਏ, ਦੱਸ ਨੀ
ਕੌਣ ਨਿੱਤ ਚਪੇੜਾਂ ਮਾਰਦਾ ਏ
ਨਿੱਤ ਪਰਦੇ 'ਤੇ ਚਿੰਘਾੜਦਾ ਏ

ਚਪੇੜਾਂ ਮਾਰਦੇ ਸਿਕਦਾਰ ਮਾਏ
ਚਪੇੜਾਂ ਮਾਰਦੇ ਜ਼ਰਦਾਰ ਮਾਏ
ਨਿੱਤ ਪਏ ਗ਼ਰੀਬ ਨੂੰ ਮਾਰ ਸਹਿਣੀ
ਝੂਠੇ ਸਰਕਾਰਾਂ ਦੇ ਕੌਲ ਕਰਾਰ ਮਾਏ

ਪਰ ਕਦੇ ਕਦੇ
ਕਦੇ ਕਦੇ
ਪਰ ਕਦੇ ਕਦੇ
ਕੋਈ ਥੱਕੀ ਹਾਰੀ ਗ਼ਰੀਬ ਮਾਏ
ਉਠੇ ਖਿਆਲ ਦਿਲ 'ਚ ਅਜੀਬ ਮਾਏ
ਹੱਥ ਉਹ ਵੀ ਕਦੇ ਉਲਾਰਦੀ ਏ
ਸਿਕਦਾਰਾਂ ਨੂੰ ਵੰਗਾਰ ਦੀ ਏ

ਇਹ ਚਪੇੜ ਨਹੀਂ ਚਪੇੜ ਮਾਏ
ਇਹ ਦਿਲ ਮੇਰੇ ਦੀ ਚੀਖ ਮਾਏ
ਗ਼ਲਤ ਆਖੇ ਕੋਈ ਠੀਕ ਮਾਏ
ਇਹ ਦਿਲ ਮੇਰੇ ਦੀ ਚੀਖ ਮਾਏ
ਕੁਝ ਗ਼ਲਤ ਤੇ ਕੁਝ ਠੀਕ ਮਾਏ

ਬੈਠੀ ਤੂੰ ਸੀ ਆਪਣਿਆਂ ਨਾਲ਼ ਮਾਏ
ਕੀਤੇ ਜ਼ਰਦਾਰਾਂ ਜਦੋਂ ਸਵਾਲ ਮਾਏ
ਪਏ ਦਿਲ ਮੇਰੇ ਨੂੰ ਹਾਲ ਮਾਏ

ਇਹ ਦਿਲ ਮੇਰੇ ਦੀ ਕੂਕ ਨੀ ਮਾਏ
ਇਹ ਦਿਲ ਮੇਰੇ ਦੀ ਹੂਕ ਨੀ ਮਾਏ

ਇਹ ਦਿਲ ਮੇਰੀ ਦੀ ਚੀਖ ਮਾਏ
ਕੁਝ ਗ਼ਲਤ ਤੇ ਕੁਝ ਠੀਕ ਮਾਏ

(ਧੰਨਵਾਦ: ਨਵਸ਼ਰਨ, ਸੁਮੇਲ ਸਿੰਘ ਸਿੱਧੂ ਤੇ ਚਰਨਜੀਤ ਸੋਹਲ)




ਸਾਲ 2014 'ਚ ਵਿਕਰਮ ਸਿੰਘ ਧਨੌਲਾ ਨੇ ਬੇਰੁਜ਼ਗਾਰ ਨੌਜਵਾਨਾਂ ਅਤੇ ਪ੍ਰੇਸ਼ਾਨ ਕਿਸਾਨਾਂ ਪ੍ਰਤੀ ਜੋ ਸੂਬੇ ਦਾ ਉਦਾਸੀਨ ਰਵੱਈਆ ਰਿਹਾ ਸੀ ਉਹਦੇ ਖਿਲਾਫ਼ ਪ੍ਰਦਰਸ਼ਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਸੁੱਟੀ ਸੀ। 2021 ਵਿੱਚ, ਪੰਜਾਬ ਦੀਆਂ ਔਰਤਾਂ ਕਿਸਾਨ ਵਿਰੋਧ ਪ੍ਰਦਰਸ਼ਨਾਂ ਵਿੱਚ ਸਭ ਤੋਂ ਅੱਗੇ ਸਨ।


We Provide Following Insurance Services

- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor

2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network · CPP · GREAT-WEST · BMO · RBC Royal Bank · Equitable Life of Canada · Manulife Financial · iA Financial Group · Canada Life · Foresters · ivari




Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9



ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਂਟਾਰੀਓ
ਵੱਲੋਂ ਲੈਕਚਰ ਅਤੇ ਵਿਚਾਰ-ਚਰਚਾ

ਵਿਸ਼ਵ-ਪੱਧਰੀ ਨੌਜਵਾਨ ਪਰਵਾਸ : ਕਾਰਨ ਤੇ ਚੁਣੌਤੀਆਂ



ਵਿਸ਼ੇਸ਼ ਲੈਕਚਰ:
ਡਾ: ਕੁਲਦੀਪ ਸਿੰਘ, ਸਾਬਕਾ ਪ੍ਰੋਫੈਸਰ, ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ
14 ਜੁਲਾਈ ਐਤਵਾਰ ਨੂੰ
ਸਮਾਂ : 1:00 ਵਜੇ ਦੁਪਹਿਰ ਤੋਂ ਸ਼ਾਮ 4:30 ਵਜੇ ਤੱਕ
ਹੋਮ ਲਾਈਫ ਰੀਅਲ ਅਸਟੇਟ ਦੇ ਮੀਟਿੰਗ ਹਾਲ ਬੇਸਮੈਂਟ - 1, 2250, ਬੋਵੇਰਡ ਡਰਾਈਵ, ਬਰੈਂਪਟਨ ਵਿਖੇ

ਵਿਚਾਰ-ਚਰਚਾ

ਆਪ ਸਭ ਨੂੰ ਇਸ ਵਿੱਚ ਜ਼ਰੂਰ ਸ਼ਾਮਲ ਹੋਣ ਵਿੱਚ ਬੇਨਤੀ ਹੈ ਜੀ
ਵਧੇਰੇ ਜਾਣਕਾਰੀ ਲਈ ਸੰਪਰਕ :
ਡਾ ਹਰਦੀਪ ਸਿੰਘ ਅਟਵਾਲ- 416 209 6363 ; ਨੱਛਤਰ ਸਿੰਘ ਬਦੇਸ਼ਾ -647 267 3397
ਰਮਨਜੀਤ ਕਪੂਰ - 647 767 8431 ; ਰਮਨਦੀਪ ਹੇਅਰ -416 460 5885

# ਲੋਕ ਵਿਰੋਧੀ, ਗੈਰ-ਜਮਹੂਰੀ, ਬੇਰਹਿਮ ਅਤੇ ਆਪ-ਹੁਦਰੇ 'ਤਿੰਨ ਕਾਲ਼ੇ ਕਾਨੂੰਨ'

**ਮੁਨੇਸ਼ ਤਿਆਗੀ**
**ਅਨੁ. : ਲਾਭ ਸਿੰਘ ਅਕਲੀਆ**

1 ਜੁਲਾਈ 2024 ਨੂੰ ਇੰਡੀਅਨ ਪੀਨਲ ਕੋਡ, ਸੀ.ਆਰ.ਪੀ.ਸੀ. ਅਤੇ ਐਵੀਡੈਂਸ ਐਕਟ ਬੀਤੇ ਦੀ ਗੱਲ ਬਣ ਕੇ ਰਹਿ ਜਾਣਗੇ ਅਤੇ ਉਸ ਦਿਨ ਮੋਦੀ ਸਰਕਾਰ ਵੱਲੋਂ ਤਿਆਰ ਕੀਤੇ ਤਿੰਨ ਕਾਲ਼ੇ ਕਾਨੂੰਨ ਉਹਨਾਂ ਦੀ ਥਾਂ ਲੈ ਲੈਣਗੇ। ਉਹ ਇਹ ਹਨ ਕਿ ਭਾਰਤੀ ਨਿਆਂਇਕ ਸੰਹਿਤਾ, ਭਾਰਤੀ ਸਿਵਲ ਰੱਖਿਅਕ ਕੋਡ ਅਤੇ ਭਾਰਤੀ ਸਬੂਤ (ਐਵੀਡੈਂਸ) ਐਕਟ। ਇਨ੍ਹਾਂ ਕਾਨੂੰਨਾਂ ਨੂੰ ਲੈ ਕੇ ਕਈ ਸਾਬਕਾ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਫ਼ਸਰਾਂ, ਕਈ ਵਕੀਲਾਂ ਅਤੇ ਆਮ ਜਨਤਾ ਦੇ ਚੇਤਨ ਹਿੱਸਿਆਂ ਵਿੱਚ ਭਾਰੀ ਰੋਸ ਪਇਆ ਜਾ ਰਿਹਾ ਹੈ। ਕਈ ਵਕੀਲ ਜਥੇਬੰਦੀਆਂ ਅਤੇ ਕਈ ਬਾਰ ਕੌਂਸਲਾਂ, ਬੁੱਧੀਜੀਵੀਆਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਇਨ੍ਹਾਂ ਕਾਨੂੰਨਾਂ ਨੂੰ 1 ਜੁਲਾਈ ਤੋਂ ਲਾਗੂ ਕਰਨ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਮੋਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਪੂਰੀ ਘੋਖ-ਪੜਤਾਲ ਕੀਤੇ ਬਿਨਾਂ ਲਾਗੂ ਨਾ ਕੀਤਾ ਜਾਵੇ। ਇਨ੍ਹਾਂ ਕਾਲੇ ਕਾਨੂੰਨਾਂ ਰਾਹੀਂ ਸਰਕਾਰ ਨੇ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਮਿਲੀ ਆਜ਼ਾਦੀ ਨੂੰ ਖੋਹ ਲਿਆ ਹੈ ਅਤੇ ਇਹਨਾਂ ਦੇ ਲਾਗੂ ਹੋ ਜਾਣ ਤੋਂ ਬਾਅਦ ਮਨਮਾਨੇ ਢੰਗ ਨਾਲ਼ ਅਤੇ ਪੁਲਿਸ ਦੀ ਤਾਨਾਸ਼ਾਹੀ ਹੋਰ ਵਧ ਜਾਵੇਗੀ। ਸਰਕਾਰ ਨੇ ਅੰਗਰੇਜ਼ੀ ਮਾਨਸਿਕਤਾ ਤੋਂ ਛੁਟਕਾਰਾ ਪਾਉਣ ਦੇ ਬਹਾਨੇ ਲੋਕਾਂ ਨੂੰ ਜਲਦੀ ਨਿਆਂ ਦੇਣ ਦੇ ਨਾਂ 'ਤੇ ਇਹ ਤਿੰਨੇ ਕਾਨੂੰਨ ਲਿਆਂਦੇ ਹਨ।

ਜਦੋਂਕਿ ਅਸਲੀਅਤ ਇਹ ਹੈ ਕਿ ਸਰਕਾਰ ਨੇ ਸਿਰਫ਼ ਕੁਝ ਸ਼ਬਦ ਹੀ ਬਦਲੇ ਹਨ, ਸਜ਼ਾਵਾਂ ਵਿੱਚ ਵਾਧਾ ਕੀਤਾ ਹੈ ਅਤੇ ਬੇਇਨਸਾਫ਼ੀ ਕਰਨ ਵਾਲ਼ੇ ਕਾਰਨਾਂ ਅਤੇ ਧਾਰਾਵਾਂ ਨੂੰ ਤਾਂ ਬਦਲਿਆ ਨਹੀਂ ਗਿਆ ਹੈ। ਨਵੇਂ ਕਾਨੂੰਨ ਲਿਆ ਕੇ ਮੋਦੀ ਸਰਕਾਰ ਵੱਲੋਂ ਭਾਰਤ ਵਿੱਚ ਮਨੂੰਵਾਦੀ ਨਿਆਂ ਪ੍ਰਣਾਲੀ ਨੂੰ ਲਾਗੂ ਕਰਨ ਦੀ ਸਿਰ-ਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ਼ ਹੀ ਸੰਵਿਧਾਨ ਦੁਆਰਾ ਮਿਲੀ ਆਜ਼ਾਦੀ ਨੂੰ ਖੋਹਣ ਅਤੇ ਹਾਈਜੈੱਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਸਤਾ ਅਤੇ ਪਹੁੰਚ ਯੋਗ ਨਿਆਂ ਪ੍ਰਦਾਨ ਕਰਨ ਲਈ ਇਨ੍ਹਾਂ ਕਾਨੂੰਨਾਂ ਵਿੱਚ ਉਪਬੰਧਾਂ ਦੀ ਬਹੁਤ ਵੱਡੀ ਘਾਟ ਹੈ। ਅਸਲ ਵਿੱਚ ਇਹ ਤਿੰਨੇ ਕਾਨੂੰਨ ਮੋਦੀ ਸਰਕਾਰ ਦੀ ਮਨਮਾਨੀ ਅਤੇ ਘੋਰ ਬੇਇਨਸਾਫ਼ੀ ਨਾਲ਼ ਭਰੇ ਹੋਏ ਹਨ। ਇਨ੍ਹਾਂ ਕਾਲ਼ੇ ਕਾਨੂੰਨਾਂ 'ਤੇ ਬਹਿਸ ਕਰਨ ਲਈ ਬੁੱਧੀਜੀਵੀਆਂ, ਵਿਰੋਧੀ ਪਾਰਟੀਆਂ, ਵਕੀਲ ਜਥੇਬੰਦੀਆਂ ਜਾਂ ਵਕੀਲਾਂ ਨੂੰ ਕੋਈ ਮੌਕਾ ਨਹੀਂ ਦਿੱਤਾ ਗਿਆ। ਇਨ੍ਹਾਂ ਤਿੰਨਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਦੇਸ਼ ਵਿੱਚ ਪੁਲਿਸ ਰਾਜ ਸਥਾਪਿਤ ਹੋ ਜਾਵੇਗਾ, ਸੰਵਿਧਾਨਕ ਅਧਿਕਾਰ ਲੱਗਭਗ ਖ਼ਤਮ ਹੋ ਜਾਣਗੇ, ਆਮ ਜਨਤਾ ਖ਼ਾਸ ਕਰਕੇ ਵਿਰੋਧੀ ਪਾਰਟੀਆਂ ਦੇ ਵਰਕਰਾਂ ਦੇ ਬੋਲਣ, ਲਿਖਣ, ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰਨ ਅਤੇ ਲੋਕਾਂ ਦੇ ਬੁਨਿਆਦੀ ਸੰਵਿਧਾਨਕ ਅਧਿਕਾਰ ਖ਼ਤਮ ਹੋ ਜਾਣਗੇ। ਇਨ੍ਹਾਂ ਕਾਲ਼ੇ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਵਿਰੋਧੀ ਧਿਰ ਅਤੇ ਸਰਕਾਰ ਦੇ ਵਿਰੋਧੀਆਂ ਨੂੰ ਦੇਸ਼-ਧ੍ਰੋਹ ਦੇ ਨਾਂ 'ਤੇ ਸਭ ਤੋਂ ਸਖ਼ਤ ਅਤੇ ਬੇਲੋੜੀਆਂ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਹ ਤਿੰਨੋਂ ਕਾਲ਼ੇ ਕਾਨੂੰਨ ਲੋਕ-ਵਿਰੋਧੀ, ਗੈਰ-ਜਮਹੂਰੀ, ਆਪ-ਹੁਦਰੇ, ਬੇ-ਰਹਿਮ ਤੇ ਜ਼ਾਲਮ ਹਨ ਅਤੇ ਇਨਸਾਫ਼ ਦੇ ਰਾਹ ਵਿੱਚ ਵੱਡੀਆਂ ਮੁਸ਼ਕਿਲਾਂ ਪੈਦਾ ਕਰਨਗੇ। ਇਨ੍ਹਾਂ ਕਾਲ਼ੇ ਕਾਨੂੰਨਾਂ ਵਿੱਚ ਬਹੁਤ ਸਾਰੀਆਂ ਖ਼ਾਮੀਆਂ ਹਨ। ਸਰਕਾਰ ਨੇ ਇਹਨਾਂ ਕਾਨੂੰਨਾਂ ਨੂੰ ਬਿਨਾਂ ਸੋਚੇ-ਸਮਝੇ ਜਾਂ ਕਿਸੇ ਡੂੰਘੀ ਸਾਜ਼ਿਸ਼ ਤੋਂ ਬਾਅਦ ਪਾਸ ਕੀਤਾ ਹੈ, ਜੋ ਇਸ ਨੂੰ ਲਾਗੂ ਕਰਨ ਜਾ ਰਹੀ ਹੈ।

ਆਖ਼ਿਰ ਕੀ ਕਾਰਨ ਹੈ ਕਿ ਇਹ ਕਾਨੂੰਨ ਬਣਾਉਣ ਸਮੇਂ ਸਰਕਾਰ ਨੇ ਕਾਨੂੰਨੀ ਮਾਹਿਰਾਂ, ਵਿਰੋਧੀ ਧਿਰਾਂ ਅਤੇ ਜਨਤਾ ਨਾਲ਼ ਸਲਾਹ-ਮਸ਼ਵਰਾ ਕਿਉਂ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਨੂੰ ਇਨ੍ਹਾਂ ਕਾਨੂੰਨਾਂ ਬਾਰੇ ਸੁਝਾਅ ਦੇਣ ਦਾ ਕੋਈ ਸਮਾਂ ਜਾਂ ਮੌਕਾ ਕਿਉਂ ਨਹੀਂ ਦਿੱਤਾ ਗਿਆ?

**ਇਹਨਾਂ ਕਾਲ਼ੇ ਕਾਨੂੰਨਾਂ ਦੀਆਂ ਕੁਝ ਖ਼ਾਮੀਆਂ ਇਸ ਪ੍ਰਕਾਰ ਹਨ:** ਇਨ੍ਹਾਂ ਕਾਨੂੰਨਾਂ ਵਿੱਚ ਸੁਧਾਰ ਦੀ ਗੁੰਜਾਇਸ਼ ਖ਼ਤਮ ਕਰ ਦਿੱਤੀ ਗਈ ਹੈ। ਇਕਾਂਤ ਕੈਦ ਦੀ ਸਜ਼ਾ ਮਨੁੱਖੀ ਅਧਿਕਾਰਾਂ ਅਤੇ ਭਾਰਤੀ ਸੰਵਿਧਾਨ ਦੇ ਉਪਬੰਧਾਂ ਦੇ ਵਿਰੁੱਧ ਹੈ। ਸੁਪਰੀਮ ਕੋਰਟ ਦੇ ਕਈ ਫ਼ੈਸਲਿਆਂ ਦੇ ਬਾਵਜੂਦ ਮੌਤ ਦੀ ਸਜ਼ਾ ਖ਼ਤਮ ਨਹੀਂ ਕੀਤੀ ਗਈ। ਬਹੁਤ ਸਾਰੇ ਅਪਰਾਧਾਂ ਲਈ ਸਜ਼ਾਵਾਂ ਨੂੰ ਤਰਕਹੀਣ, ਮਨਮਾਨੇ ਅਤੇ ਗੈਰ-ਵਾਜਿਬ ਤਰੀਕੇ ਨਾਲ਼ ਵਧਾ ਦਿੱਤਾ ਗਿਆ ਹੈ। ਪੋਕਸੋ (POCSO) ਕਾਨੂੰਨ ਨਾਲ਼ ਬਹੁਤ ਵੱਡਾ ਟਕਰਾਅ ਹੈ।

ਇਹ ਕਾਨੂੰਨ ਬੱਚਿਆਂ ਅਤੇ ਔਰਤਾਂ ਦੇ ਸੰਵਿਧਾਨਕ ਹੱਕਾਂ ਲਈ ਬਹੁਤ ਵੱਡਾ ਧੱਕਾ ਸਾਬਿਤ ਹੋਣਗੇ। 'ਵਿਆਹੁਤਾ ਬਲਾਤਕਾਰ' ਨੂੰ 'ਬਲਾਤਕਾਰ' ਦੀ ਸ਼੍ਰੇਣੀ ਤੋਂ ਹਟਾ ਦਿੱਤਾ ਗਿਆ ਹੈ। ਵੱਖ ਹੋਣ ਦੌਰਾਨ ਪਤੀ ਦੁਆਰਾ ਆਪਣੀ ਪਤਨੀ ਨਾਲ਼ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਨੂੰ 'ਬਲਾਤਕਾਰ' ਦੀ ਸ਼੍ਰੇਣੀ ਤੋਂ ਬਾਹਰ ਰੱਖਿਆ ਗਿਆ ਹੈ।

ਦੇਸ਼-ਧ੍ਰੋਹ ਦੀ ਧਾਰਾ 152 ਨੂੰ ਹੋਰ ਮਨਮਾਨੀ, ਕਠੋਰ ਅਤੇ ਅਪਮਾਨ-ਜਨਕ ਬਣਾ ਦਿੱਤਾ ਗਿਆ ਹੈ। ਇਨ੍ਹਾਂ ਕਾਲ਼ੇ ਕਾਨੂੰਨਾਂ ਤਹਿਤ ਹਰ ਅਸਹਿਮਤੀ ਅਤੇ ਵਿਰੋਧ ਦੀਆਂ ਆਵਾਜ਼ਾਂ ਨੂੰ ਦਬਾ ਦਿੱਤਾ ਜਾਵੇਗਾ। ਜਿਹੜੇ ਲੋਕ ਪੁਲਿਸ ਹਿਰਾਸਤ ਵਿੱਚ ਮਾਰੇ ਗਏ ਜਾਂ ਤਸੀਹੇ ਦਿੱਤੇ ਗਏ, ਉਹਨਾਂ ਨੂੰ ਅਪਰਾਧ ਨਹੀਂ ਮੰਨਿਆ ਜਾਵੇਗਾ। ਇਸ ਤਰ੍ਹਾਂ ਪੁਲਿਸ ਨੂੰ ਮੁਲਜ਼ਮਾਂ ਖ਼ਿਲਾਫ਼ ਅੱਤਿਆਚਾਰ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ ਹੈ।

ਇਹਨਾਂ ਕਾਲ਼ੇ ਕਾਨੂੰਨਾਂ ਰਾਹੀਂ ਸਰਕਾਰੀ ਮੁਲਾਜ਼ਮਾਂ ਵਿਰੁੱਧ ਧਰਨੇ ਜਾਂ ਰੈਲੀਆਂ ਕਰਨ ਨੂੰ ਅਪਰਾਧ ਕਰਾਰ ਦਿੱਤਾ ਗਿਆ ਹੈ, ਯਾਨੀ ਹੁਣ ਜੇਕਰ ਪ੍ਰੇਸ਼ਾਨ ਜਨਤਾ ਕਿਸੇ ਅਧਿਕਾਰੀ ਦੇ ਸ਼ੋਸ਼ਣ, ਜ਼ੁਲਮ ਅਤੇ ਬੇ-ਇਨਸਾਫ਼ੀ ਵਿਰੁੱਧ ਕੋਈ ਧਰਨਾ ਜਾਂ ਮੁਜ਼ਾਹਰਾ ਕਰਦੀ ਹੈ ਤਾਂ ਜਨਤਾ ਆਪਣੇ ਆਪ ਨੂੰ ਇੱਕ ਗੁਨਾਹਗਾਰ ਸਮਝੇਗੀ। ਕਿਸੇ ਅਪਰਾਧੀ ਨੂੰ ਪੁਲਿਸ ਹਿਰਾਸਤ ਵਿੱਚ ਰੱਖਣ ਦਾ ਸਮਾਂ 15 ਦਿਨਾਂ ਤੋਂ ਵਧਾ ਕੇ 90 ਦਿਨ ਕਰ ਦਿੱਤਾ ਗਿਆ ਹੈ, ਜੋ ਪੁਲਿਸ ਨੂੰ ਮਨਮਰਜ਼ੀ ਦੀਆਂ ਸ਼ਕਤੀਆਂ ਦਿੰਦਾ ਹੈ। ਹੁਣ ਪੁਲਿਸ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਖੁੱਲ੍ਹ ਕੇ ਖੇਡੇਗੀ ਅਤੇ ਬਿਨਾਂ ਕਿਸੇ ਰੋਕ-ਟੋਕ ਅਤੇ ਨਿਡਰ ਹੋ ਕੇ ਜਨਤਾ ਦੇ ਖ਼ਿਲਾਫ਼ ਗੈਰ-ਕਾਨੂੰਨੀ, ਮਨਮਾਨੀ, ਬੇ-ਰਹਿਮ ਅਤੇ ਤਾਨਾਸ਼ਾਹੀ ਕਾਰਵਾਈਆਂ ਕਰੇਗੀ। ਗਿਣਨਯੋਗ ਅਪਰਾਧਾਂ ਵਿੱਚ, ਪੁਲਿਸ ਨੂੰ ਐੱਫ.ਆਈ.ਆਰ. ਦਰਜ ਨਾ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਪੁਲਿਸ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੇ ਕਾਰਨ, ਉਹ ਇਹਨਾਂ ਸ਼ਕਤੀਆਂ ਦੀ ਦੁਰਵਰਤੋਂ ਕਰੇਗੀ, ਸਬੂਤ ਨਸ਼ਟ ਕਰੇਗੀ ਜਾਂ ਗਾਇਬ ਕਰ ਦੇਵੇਗੀ ਅਤੇ ਪੀੜਤ ਨੂੰ ਨੁਕਸਾਨ ਪਹੁੰਚਾਏਗੀ।

ਇਹਨਾਂ ਕਾਲ਼ੇ ਕਾਨੂੰਨਾਂ ਰਾਹੀਂ ਰਾਜ ਸਰਕਾਰਾਂ ਦੇ ਸਜ਼ਾ ਮੁਆਫ਼ ਕਰਨ ਦੇ ਅਧਿਕਾਰ ਨੂੰ ਵੀ ਸੀਮਤ ਕਰ ਦਿੱਤਾ ਗਿਆ ਹੈ। ਕਿਸੇ ਲੋਕ ਸੇਵਕ ਵਿਰੁੱਧ ਕੇਸ ਦਰਜ ਨਹੀਂ ਕੀਤਾ ਜਾ ਸਕਦਾ ਅਤੇ ਉਸ 'ਤੇ ਮੁਕੱਦਮਾ ਚਲਾਉਣਾ ਲਗਭਗ ਅਸੰਭਵ ਹੋ ਗਿਆ ਹੈ। ਅੰਡਰ ਟਰਾਇਲ ਕੈਦੀ ਨੂੰ ਜ਼ਮਾਨਤ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਅਗਾਊਂ ਜ਼ਮਾਨਤ ਦੇਣ ਲਈ ਕੋਈ ਦਿਸ਼ਾ-ਨਿਰਦੇਸ਼ ਨਹੀਂ ਦਿੱਤੇ ਗਏ ਹਨ।

ਇਹਨਾਂ ਕਾਨੂੰਨਾਂ ਵਿੱਚ ਪ੍ਰੌਸੀਕਿਊਸ਼ਨ ਦੇ ਡਾਇਰੈਕਟਰ ਦੀ ਮਨਮਾਨੀ ਨਿਯੁਕਤੀ ਲਈ ਉਪਬੰਧ ਕੀਤੇ ਗਏ ਹਨ। ਹੁਣ ਸਰਕਾਰ ਮਨਮਾਨੇ ਢੰਗ ਨਾਲ਼ ਅਤੇ ਆਪਣੀ ਮਰਜ਼ੀ ਅਨੁਸਾਰ ਆਪਣੀ ਰਾਜਨੀਤੀ ਕਰਨ ਵਾਲ਼ੇ ਲੋਕਾਂ ਨੂੰ ਮੁਕੱਦਮੇ ਦਾ ਨਿਰਦੇਸ਼ਕ ਬਣਾਏਗੀ। ਇਲੈਕਟ ?ਰਾਨਿਕ ਟਰਾਇਲ ਵਿੱਚ ਸੁਰੱਖਿਆ ਦੇ ਕੋਈ ਇੰਤਜ਼ਾਮ ਨਹੀਂ ਕੀਤੇ ਗਏ ਹਨ, ਜੋ ਵਿਰੋਧੀ ਧਿਰ ਦੇ ਖਿਲਾਫ਼ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਵਰਤਿਆ ਜਾਵੇਗਾ।

ਡਿਜ਼ੀਟਲ ਸਬੂਤਾਂ ਨਾਲ਼ ਛੇੜ-ਛਾੜ ਅਤੇ ਹੇਰਾ-ਫੇਰੀ ਨੂੰ ਰੋਕਣ ਲਈ ਢੁਕਵੇਂ ਪ੍ਰਬੰਧ ਨਹੀਂ ਕੀਤੇ ਗਏ। ਇਨ੍ਹਾਂ ਕਾਨੂੰਨਾਂ ਦੀਆਂ ਕਈ ਧਾਰਾਵਾਂ ਬਹੁਤ ਦਮਨਕਾਰੀ, ਗੈਰ-ਜਮਹੂਰੀ, ਆਪ-ਹੁਦਰੇ, ਜ਼ਾਲਮ ਅਤੇ ਸੰਵਿਧਾਨ ਦੀ ਮੂਲ ਭਾਵਨਾ ਦੇ ਵਿਰੁੱਧ ਹਨ। ਇਹਨਾਂ ਕਾਨੂੰਨਾਂ ਵਿੱਚ ਮੌਜੂਦ ਬਹੁਤ ਸਾਰੀਆਂ ਵਿਵਸਥਾਵਾਂ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਵਿਰੁੱਧ ਹਨ, ਜੋ ਕਿਸੇ ਵੀ ਪੜਾਅ 'ਤੇ ਮੁਕੱਦਮੇਬਾਜ਼ਾਂ ਨਾਲ਼ ਨਿਆਂ ਕਰਨ ਦੀ ਸਥਿਤੀ ਵਿੱਚ ਨਹੀਂ ਹਨ।

ਸ ਮ_ ˘ ਚ ੀ ਨਿਆਂਪਾਲਿਕਾ ਭਾਵ ਜੱਜ, ਵਕੀਲ, ਪੁਲਿਸ ਅਜੇ ਤੱਕ ਇਨ੍ਹਾਂ ਕਾਨੂੰਨਾਂ ਬਾਰੇ ਪੜ੍ਹੇ-ਲਿਖੇ ਨਹੀਂ ਹਨ। ਇਨ੍ਹਾਂ ਕਾਨੂੰਨਾਂ ਨੂੰ ਜਲਦਬਾਜ਼ੀ ਵਿੱਚ ਲਾਗੂ ਕਰਨ ਨਾਲ਼ ਕੇਸਾਂ ਦੇ ਨਿਪਟਾਰੇ ਵਿੱਚ ਦੇਰੀ ਹੋਵੇਗੀ, ਅਦਾਲਤਾਂ ਵਿੱਚ ਕੇਸਾਂ ਦੀ ਗਿਣਤੀ ਵਧੇਗੀ, ਜਿਸ ਨਾਲ਼ ਸੁਣਵਾਈ ਅਧੀਨ ਕੈਦੀਆਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ। ਇਸ ਕਾਰਨ ਜਨਤਾ ਨੂੰ ਸਸਤਾ ਅਤੇ ਪਹੁੰਚਯੋਗ ਨਿਆਂ ਨਹੀਂ ਮਿਲੇਗਾ, ਸਗੋਂ ਇੱਕ ਸਾਜ਼ਿਸ਼ ਦੇ ਹਿੱਸੇ ਵਜੋਂ ਅਣਗਿਣਤ ਕੇਸਾਂ ਵਿੱਚ ਭੈੜੇ ਢੰਗ ਨਾਲ਼ ਬੇ-ਇਨਸਾਫ਼ੀ ਕੀਤੀ ਜਾ ਰਹੀ ਹੈ।

ਬੜੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਸਸਤਾ ਤੇ ਆਸਾਨ ਨਿਆਂ ਦੇਣ ਦੀ ਗੱਲ ਤਾਂ ਕਰ ਰਹੀ ਹੈ ਪਰ ਇਸ ਤੱਥ ਨੂੰ ਛੁਪਾ ਰਹੀ ਹੈ ਕਿ ਇੱਥੇ ਮੁਕੱਦਮੇ ਭੁਗਤ ਰਹੇ ਲੋਕਾਂ ਨਾਲ਼ ਬੇਇਨਸਾਫ਼ੀ ਕਿਉਂ ਹੋ ਰਹੀ ਹੈ?

ਉਹ ਉਨ੍ਹਾਂ ਹਾਲਾਤਾਂ ਦਾ ਜ਼ਿਕਰ ਨਹੀਂ ਕਰ ਰਹੀ, ਜਿਨ੍ਹਾਂ ਕਾਰਨ ਲੋਕਾਂ ਨੂੰ ਸਸਤਾ ਤੇ ਪਹੁੰਚਯੋਗ ਨਿਆਂ ਨਹੀਂ ਮਿਲ ਰਿਹਾ ਅਤੇ ਉਨ੍ਹਾਂ ਨਾਲ਼ ਲਗਾਤਾਰ ਬੇ-ਇਨਸਾਫ਼ੀ ਹੋ ਰਹੀ ਹੈ। ਸਾਡੇ ਦੇਸ਼ ਵਿੱਚ ਬੇ-ਇਨਸਾਫ਼ੀ ਦਾ ਮੁੱਖ ਕਾਰਨ ਇਹ ਹੈ ਕਿ 5 ਕਰੋੜ ਤੋਂ ਵੱਧ ਕੇਸ ਕਈ ਸਾਲਾਂ ਤੋਂ ਅਦਾਲਤਾਂ ਵਿੱਚ ਲਟਕ ਰਹੇ ਹਨ, ਅਦਾਲਤਾਂ ਵਿੱਚ ਕੇਸਾਂ ਦੇ ਅਨੁਪਾਤ ਅਨੁਸਾਰ ਜੱਜ, ਸਟੈਨੋ ਅਤੇ ਹੋਰ ਸਰਕਾਰੀ ਕਰਮਚਾਰੀ ਨਹੀਂ ਹਨ। ਅਦਾਲਤਾਂ ਵਿੱਚ ਵਕੀਲਾਂ ਅਤੇ ਮੁਕੱਦਮੇਬਾਜ਼ਾਂ ਦੇ ਬੈਠਣ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਹੈ, ਨਿਆਂ ਪ੍ਰਣਾਲੀ ਦੇ ਖ਼ਰਚੇ ਵਿੱਚ ਕੋਈ ਸੁਧਾਰ ਜਾਂ ਵਾਧਾ ਨਹੀਂ ਕੀਤਾ ਜਾ ਰਿਹਾ। ਸਰਕਾਰ ਸਿਰਫ਼ ਅਨਾਜ ਸਪਲਾਈ ਕਰਨ, ਤਾੜੀਆਂ ਵਜਾਉਣ ਅਤੇ ਜਨਤਾ ਨੂੰ ਗੁੰਮਰਾਹ ਕਰਨ ਦਾ ਕੰਮ ਕਰ ਰਹੀ ਹੈ। ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਉਸ ਦਾ ਕੋਈ ਭਰੋਸਾ ਨਹੀਂ ਹੈ। ਪਿਛਲੇ 10 ਸਾਲਾਂ ਤੋਂ ਅਸੀਂ ਦੇਖ ਰਹੇ ਹਾਂ ਕਿ ਜਨਤਾ ਨੂੰ ਸਸਤਾ ਅਤੇ ਪਹੁੰਚ ਯੋਗ ਨਿਆਂ ਪ੍ਰਦਾਨ ਕਰਨਾ ਇਸ ਦੇ ਏਜੰਡੇ ਜਾਂ ਚਰਚਾ ਦਾ ਹਿੱਸਾ ਹੀ ਨਹੀਂ ਹੈ। ਦੇਸ਼ ਦੀ ਜਨਤਾ ਨੇ ਉਸ ਨੂੰ ਕਦੇ ਇਨਸਾਫ਼ ਦੀ ਗੱਲ ਕਰਦੇ ਨਹੀਂ ਦੇਖਿਆ।

ਭਾਰਤ ਦੇ ਕਈ ਵਕੀਲਾਂ ਅਤੇ ਕਈ ਬਾਰ ਐਸੋਸੀਏਸ਼ਨਾਂ ਨੇ ਇਨ੍ਹਾਂ ਕਾਲ਼ੇ ਕਾਨੂੰਨਾਂ ਦਾ ਵਿਰੋਧ ਕੀਤਾ ਹੈ। ਦੇਸ਼ ਭਰ ਦੇ ਵਕੀਲ ਇਸ ਕਾਨੂੰਨ ਦੀਆਂ ਵਿਵਸਥਾਵਾਂ ਦਾ ਵਿਰੋਧ ਕਰ ਰਹੇ ਹਨ ਅਤੇ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਇਨ੍ਹਾਂ ਲੋਕ ਵਿਰੋਧੀ, ਬੇ-ਰਹਿਮ ਅਤੇ ਬੇ-ਇਨਸਾਫ਼ੀ ਵਾਲ਼ੇ ਕਾਨੂੰਨਾਂ 'ਤੇ ਬਹਿਸ ਹੋਣੀ ਚਾਹੀਦੀ ਹੈ, ਵਕੀਲਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ, ਸਰਕਾਰ ਨੂੰ ਉਨ੍ਹਾਂ ਦੇ ਸੁਝਾਵਾਂ 'ਤੇ ਗੰਭੀਰਤਾ ਨਾਲ਼ ਵਿਚਾਰ ਕਰਨਾ ਚਾਹੀਦਾ ਹੈ ਅਤੇ ਢੁਕਵੇਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਇਹਨਾਂ ਕਾਨੂੰਨਾਂ ਵਿੱਚ ਜਦੋਂ ਤੱਕ ਸੁਧਾਰ ਨਹੀਂ ਕੀਤੇ ਜਾਂਦੇ, ਉਦੋਂ ਤੱਕ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਵਕੀਲਾਂ ਦੀ ਆਲ ਇੰਡੀਆ ਪੱਧਰੀ ਕੌਮੀ ਜਥੇਬੰਦੀ 'ਆਲ ਇੰਡੀਆ ਲਾਇਰਜ਼ ਯੂਨੀਅਨ' ਇਨ੍ਹਾਂ ਕਾਨੂੰਨਾਂ ਨੂੰ ਕੌਮੀ ਪੱਧਰ 'ਤੇ ਲਾਗੂ ਕਰਨ ਦਾ ਸਖ਼ਤ ਵਿਰੋਧ ਕਰ ਰਹੀ ਹੈ।

ਵਕੀਲਾਂ ਵਿੱਚ ਇਹਨਾਂ ਕਾਨੂੰਨਾਂ ਦਾ ਵਿਰੋਧ ਵਧਦਾ ਜਾ ਰਿਹਾ ਹੈ। ਕਈ ਵਕੀਲ ਸੰਗਠਨਾਂ ਅਤੇ ਕਈ 'ਸਟੇਟ ਬਾਰ ਐਸੋਸੀਏਸ਼ਨਾਂ' ਨੇ ਐਲਾਨ ਕੀਤਾ ਹੈ ਕਿ ਉਹ 1 ਜੁਲਾਈ 2024 ਨੂੰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦਾ ਵਿਰੋਧ ਕਰਨਗੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ 'ਬਾਰ ਕੌਂਸਲ ਆਫ਼ ਇੰਡੀਆ' ਵੱਲੋਂ ਵਕੀਲਾਂ ਨੂੰ ਅਪੀਲ ਕਰਨੀ ਪਈ ਹੈ ਕਿ 'ਬਾਰ ਕੌਂਸਲ ਆਫ਼ ਇੰਡੀਆ', ਇਨ੍ਹਾਂ ਕਾਨੂੰਨਾਂ ਬਾਰੇ ਸਰਕਾਰ ਨਾਲ਼ ਗੱਲ ਕਰੇਗੀ ਅਤੇ ਉਨ੍ਹਾਂ ਦੀਆਂ ਬੇ-ਇਨਸਾਫ਼ੀ ਵਾਲ਼ੀਆਂ ਧਾਰਾਵਾਂ ਨੂੰ ਹਟਾਉਣ ਲਈ ਹਰ ਸੰਭਵ ਯਤਨ ਕਰੇਗੀ। ਇਨ੍ਹਾਂ ਕਾਨੂੰਨਾਂ ਪ੍ਰਤੀ ਵਕੀਲਾਂ ਵਿੱਚ ਮੌਜੂਦ ਭਾਵਨਾਵਾਂ ਅਤੇ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ 'ਬਾਰ ਕੌਂਸਲ ਆਫ਼ ਇੰਡੀਆ' ਨੂੰ ਇਹ ਪ੍ਰਸਤਾਵ ਬਣਾਉਣ ਲਈ ਮਜ਼ਬੂਰ ਹੋਣਾ ਪਿਆ ਹੈ।

TANGERINE DEVELOPMENTS LTD
Channi Makkar
Vice President, Construction
Mobile : 604-783-0745
Office : 604-652-2733
channi@tangerinedevelopments.com
tangerinedevelopments.com
203 - 15350 Croydon Drive
Surrey, BC V2Z 0Z5


HOMELIFE
HIGHER STANDARDS
HomeLife SilverCity Realty Inc.
Brokerage Independently Owned & Operated

Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call

Call: 416.209.6363
Hardeep Atwal
Sr. Financial Advisor

# ਨਫਾ ਤੇ ਵਪਾਰ : ਮਾਨਵੀ ਜ਼ਿੰਦਗੀਆਂ ਦੀ ਤਬਾਹੀ

**ਬਲਵਿੰਦਰ ਸਿੰਘ ਔਲਖ**
**9463119829**

28 ਅਪ੍ਰੈਲ 2024 ਨੂੰ ਪੂਰੀ ਸੰਸਾਰ ਪ੍ਰੈਸ ਵਿੱਚ ਇੱਕ ਵੱਡੀ ਹੈਡ ਲਾਈਨ ਛਪਦੀ ਹੈ। ਐਸਟਰਾਜੈਨਿਕਾ ਕੰਪਨੀ ਵੱਲੋਂ ਲੰਡਨ ਦੀ ਹਾਈ ਕੋਰਟ ਵਿੱਚ ਇੱਕ ਇਕਬਾਲੀਆ ਹਲਫ਼ਨਾਮਾ ਪੇਸ਼ ਕੀਤਾ ਜਾਂਦਾ ਹੈ ਕਿ ਇਸ ਕੰਪਨੀ ਦੀ ਆਕਸਫੋਰਡ ਯੂਨੀਵਰਸਿਟੀ ਨਾਲ ਮਿਲ ਕੇ ਬਣਾਈ ਗਈ ਵੈਕਸੀਨ ਦੇ ਕੁਝ ਬਹੁਤ ਹੀ ਸੀਰੀਅਸ ਦੁਸ਼ਪ੍ਰਭਾਵ ਹੋ ਸਕਦੇ ਹਨ ਜਿਨ੍ਹਾਂ ਵਿੱਚੋਂ ਇੱਕ ਹੈ ਥਰੋਂਬੋਸਿਸ ਵਿੱਦ ਥਰੋਂਬੋਸਾਈਟੋਪੀਨੀਆ ਯਾਨਿ ਖ਼ੂਨ ਵਿੱਚ ਅਚਾਨਕ ਥੱਕੇ ਜੰਮਣਾ ਜਿਸ ਨਾਲ ਮਨੁੱਖ ਨੂੰ ਦਿੱਲ ਦਾ ਦੌਰਾ ਪੈਣਾ ਜਾਂ ਬ੍ਰੇਨ ਹੈਮਰੇਜ ਹੋਣ ਨਾਲ ਲਕਵਾ ਮਾਰ ਜਾਣਾ ਜਾਂ ਫਿਰ ਜ਼ਰੂਰੀ ਅੰਗਾਂ ਜਿਵੇਂ ਲਿਵਰ, ਕਿਡਨੀ, ਫੇਫੜੇ ਵਗੈਰਾ ਵਿਚ ਖ਼ੂਨ ਜੰਮਣ ਨਾਲ ਮਰੀਜ਼ ਦਾ ਗੰਭੀਰ ਰੂਪ ਵਿਚ ਬੀਮਾਰ ਹੋ ਕੇ ਬਾਅਦ ਵਿੱਚ ਤਕਲੀਫ਼ਦੇਹ ਮੌਤ ਵੱਲ ਵਧ ਜਾਣਾ। ਇਸ ਖੁਲਾਸੇ ਨਾਲ ਵਿਸ਼ਵ ਸਿਹਤ ਸੰਸਥਾ ਅਤੇ ਦੁਨੀਆਂ ਭਰ ਦੀਆਂ ਸਰਕਾਰਾਂ ਦੁਆਰਾ ਪਿਛਲੇ ਕਈ ਸਾਲਾਂ ਤੋਂ ਬੋਲੇ ਜਾ ਰਹੇ ਉਸ ਝੂਠ ਦਾ ਵੀ ਭਾਂਡਾ ਫੁੱਟ ਗਿਆ ਕਿ ਇਹਨਾਂ ਵੈਕਸੀਨਾਂ ਦੇ ਤਾਂ ਬੱਸ ਫਾਇਦੇ ਹੀ ਫ਼ਾਇਦੇ ਹਨ ਅਤੇ ਨੁਕਸਾਨ ਕੋਈ ਨਹੀਂ ਜਿਵੇਂ ਕਿ ਇਹਨਾਂ ਵੈਕਸੀਨਾਂ ਨੂੰ ਸਵਰਗ ਲੋਕ ਦੇ ਕੁਝ ਫ਼ਰਿਸ਼ਤਿਆਂ ਨੇ ਤਿਆਰ ਕੀਤਾ ਹੁੰਦਾ ਹੈ। ਇਸ ਤੋਂ ਜਲਦੀ ਹੀ ਬਾਅਦ ਵਿੱਚ ਭਾਰਤ ਵਿਚ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਉਹ ਖੋਜ ਵੀ ਸਾਹਮਣੇ ਆ ਗਈ ਕਿ ਭਾਰਤ ਸਰਕਾਰ ਵੱਲੋਂ ਪ੍ਰਮੋਟ ਕੀਤੀ ਗਈ ਦੂਸਰੀ ਵੈਕਸੀਨ ਕੋਵੈਕਸੀਨ ਦੇ ਵੀ ਬੜੇ ਹੀ ਖ਼ਤਰਨਾਕ ਦੁਸ਼ਪ੍ਰਭਾਵ ਹੁੰਦੇ ਹਨ।

ਵੈਕਸੀਨਾਂ ਕੋਈ ਗ਼ਲਤ ਚੀਜ਼ ਨਹੀਂ ਹਨ ਅਤੇ ਮਹਾਨ ਵਿਗਿਆਨਕਾਂ ਬੈਂਜਾਮਿਨ ਜੈਸਟੀ ਅਤੇ ਐਡਵਰਡ ਜੈਨਰ ਜਿਨ੍ਹਾਂ ਨੇ ਦੁਨੀਆਂ ਦੀ ਸਭ ਤੋਂ ਪਹਿਲੀ ਵੈਕਸੀਨ ਚੇਚਕ ਦੀ ਖ਼ਤਰਨਾਕ ਬੀਮਾਰੀ ਦੇ ਖ਼ ?ਲਾਫ਼ ਬਣਾਈ ਸੀ, ਦੇ ਦਿਨਾਂ ਤੋਂ ਹੀ ਇਹ ਮਾਨਵ ਦੇ ਹੱਥਾਂ ਵਿਚ ਵਿਗਿਆਨ ਦੇ ਦੇ ਇੱਕ ਵੱਡਮੁੱਲੇ ਤੋਹਫ਼ਾ ਦੇ ਤੌਰ ਤੇ ਆਪਣੀ ਪਹਿਚਾਣ ਬਣਾ ਚੁੱਕੀਆਂ ਹਨ ਪਰ ਕੋਰੋਨਾ ਮਹਾਂਮਾਰੀ ਦੇ ਉਹਨਾਂ ਭਿਆਨਕ ਦਿਨਾਂ ਵਿੱਚ ਜਿਸ ਤਰੀਕੇ ਨਾਲ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਦੀਆਂ ਤਿਜੋਰੀਆਂ ਭਰਨ ਲਈ ਉਹਨਾਂ ਕੱਚ ਘਰੜ ਅਤੇ ਅੱਧੀਆਂ ਅਧੂਰੀਆਂ ਵੈਕਸੀਨਾਂ ਨੂੰ ਆਪਣੇ ਹੀ ਬਣਾਏ ਹੋਏ ਸਾਰੇ ਨਿਯਮ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਧੜਾਧੜ ਮੰਨਜ਼ੂਰੀਆਂ ਹੀ ਨਹੀਂ ਦਿੱਤੀਆਂ ਬਲਕਿ ਭਾਰਤ ਸਰਕਾਰ ਵੱਲੋਂ ਬਣਾਏ ਨਿਊ ਡਰੱਗਜ਼ ਐਂਡ ਕਲੀਨੀਕਲ ਟਰਾਇਲਜ਼ ਰੂਲਜ਼ 2019 ਵਰਗੇ ਤੁਗਲਕੀ ਕਾਨੂੰਨ ਪਾਸ ਕਰ ਕੇ ਅਸਲੀ ਵਿਗਿਆਨੀਆਂ ਨੂੰ ਦਵਾਈਆਂ ਦੀ ਖੋਜ ਕਰਨ ਤੋਂ ਵੀ ਰੋਕ ਦਿੱਤਾ ਤਾਂ ਕਿ ਕੋਈ ਹੋਣਹਾਰ ਵਿਗਿਆਨੀ ਕਿਧਰੇ ਕੋਰੋਨਾ ਵਰਗੀ ਮਹਾਂਮਾਰੀ ਦਾ ਇਲਾਜ ਹੀ ਨਾ ਕੱਢ ਲਵੇ ਜਿਸ ਨਾਲ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ਿਆਂ ਨੂੰ ਕੋਈ ਨੁਕਸਾਨ ਨਾ ਹੋ ਜਾਵੇ।

ਉਹਨਾਂ ਖ਼ੌਫ਼ਨਾਕ ਦਿਨਾਂ ਨੂੰ ਯਾਦ ਕਰਦਿਆਂ ਅੱਜ ਵੀ ਮਨ ਸਿਹਰ ਜਾਂਦਾ ਹੈ ਜਦੋਂ ਭਿਆਨਕ ਲਾਕਡਾਊਨ ਲਗਾ ਕੇ ਦੁਨੀਆਂ ਭਰ ਵਿੱਚ ਅਤੇ ਖਾਸ ਕਰ ਭਾਰਤ ਵਿਚ ਪੂਰੀ ਆਬਾਦੀ ਦੇ ਮਨਾਂ ਵਿਚ ਇਕ ਦਹਿਸ਼ਤ ਬਿਠਾ ਦਿੱਤੀ ਗਈ ਸੀ ਤਾਂ ਕਿ ਬਾਅਦ ਵਿੱਚ ਆਦਾਰ ਪੂਨਿਵਾਲਾ ਵਰਗਿਆਂ ਦੀਆਂ ਉਹਨਾਂ ਘਟੀਆ ਵੈਕਸੀਨਾਂ ਨੂੰ ਲੋਕਾਂ ਨੂੰ ਡੰਡੇ ਮਾਰ ਮਾਰ ਕੇ ਜ਼ਬਰਦਸਤੀ ਲਗਾਇਆ ਜਾ ਸਕੇ ਤਾਂ ਕਿ ਇੱਕ ਕਾਰਪੋਰੇਟ ਘਰਾਣੇ ਨੂੰ ਮਾਲਾਮਾਲ ਕਰਨ ਲਈ ਉਸ ਉੱਪਰ ਸਰਕਾਰੀ ਖ਼ਜ਼ਾਨਾ ਖੁਲੇਆਮ ਲੁਟਵਾਉਣ ਦਾ ਰਾਹ ਪੱਧਰਾ ਕੀਤਾ ਜਾ ਸਕੇ। ਇੱਥੇ ਯਾਦ ਰੱਖਣ ਯੋਗ ਗੱਲ ਇਹ ਹੈ ਕਿ ਇਹ ਆਦਾਰ ਪੂਨਿਵਾਲਾ ਵਾਲੀ ਉਹੋ ਹੀ ਵੈਕਸੀਨ ਹੈ ਜਿਸ ਦੇ ਕੀੜੇ ਲੰਡਨ ਦੀ ਅਦਾਲਤ ਵਿੱਚ ਨਿੱਕਲੇ ਹਨ। ਭਾਰਤ ਵਿਚ ਇਸ ਖੁਲਾਸੇ ਨਾਲ ਲੋਕਾਂ ਦਾ ਘਬਰਾਉਣ ਕੁਦਰਤੀ ਹੀ ਸੀ ਕਿਉਂਕਿ ਇਥੇ ਦੀ ਮੋਦੀ ਸਰਕਾਰ ਨੇ ਤਾਂ ਸਰਕਾਰੀ ਰਿਕਾਰਡ ਮੁਤਾਬਿਕ ਹੁਣ ਤੱਕ ਇਹਨਾਂ ਵੈਕਸੀਨਾਂ ਦੀਆਂ ਕਰੀਬ 220 ਕਰੋੜ ਡੋਜਾਂ ਨੂੰ ਲੋਕਾਂ ਉੱਪਰ ਲਗਾ ਕੇ 83% ਆਬਾਦੀ ਨੂੰ ਪੂਰਣ ਵੈਕਸੀਨੇਟ (ਦੋ ਟੀਕੇ) ਅਤੇ 95 ਆਬਾਦੀ ਨੂੰ ਘੱਟੋਘੱਟ ਇੱਕ ਟੀਕਾ ਤਾਂ ਲਗਾ ਹੀ ਦਿੱਤਾ ਹੋਇਆ ਹੈ।




ਕੋਰੋਨਾ ਦੇ ਦਿਨਾਂ ਵਿੱਚ ਸਭ ਤਰਫ਼ ਇੱਕ ਅਜ਼ੀਬ ਦਹਿਸ਼ਤ ਦੇ ਮਾਹੌਲ ਤੋਂ ਅਲਾਵਾ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਪੁਲਿਸ ਦੀਆਂ ਧਾੜਾਂ ਹਰ ਉਸ ਬੇਕਸੂਰ ਇਨਸਾਨ ਉੱਪਰ ਭੁੱਖੇ ਕੁੱਤਿਆਂ ਵਾਂਗ ਟੁੱਟ ਪੈਂਦੀਆਂ ਸਨ ਜੋ ਆਪਣੇ ਕਿਸੇ ਛੋਟੇ ਜਿਹੇ ਮਾਸੂਮ ਬੱਚੇ ਲਈ ਦੁੱਧ ਦੀ ਇੱਕ ਬੋਤਲ ਜਾਂ ਕਿਸੇ ਬੀਮਾਰ ਲਈ ਦਵਾਈ ਜਾਂ ਫਿਰ ਘਰ ਦੇ ਭੁੱਖੇ ਜੀਆਂ ਲਈ ਦੋ ਮੁੱਠੀ ਆਨਾਜ ਲੈਣ ਲਈ ਹੀ ਕਿਉਂ ਨਾ ਬਾਹਰ ਨਿੱਕਲਿਆ ਹੋਵੇ। ਜਲੰਧਰ ਵਿੱਚ ਤਾਂ ਹੱਦ ਹੀ ਹੋ ਗਈ ਜਦੋਂ ਇੱਕ ਨੌਜਵਾਨ ਨੂੰ ਜਿਹੜਾ ਆਪਣੀ ਬੀਮਾਰ ਪਤਨੀ ਨੂੰ ਡਾਕਟਰ ਕੋਲ ਲੈ ਕੇ ਜਾ ਰਿਹਾ ਸੀ; ਨੂੰ ਪੁਲਿਸ ਦੀਆਂ ਨਾਦਰਸ਼ਾਹੀ ਧਾੜਾਂ ਨੇ ਇੰਨਾ ਕੁੱਟਿਆ ਕਿ ਉਸ ਦੇ ਜਬਾੜੇ ਦੀ ਹੱਡੀ ਤੱਕ ਟੁੱਟ ਗਈ। ਜੋ ਭੁੱਖੇ ਨੰਗੇ ਦਿਹਾੜੀਦਾਰ ਮਜ਼ਦੂਰ ਆਪਣੇ ਜਾਂ ਆਪਣੇ ਪਰਿਵਾਰ ਦੇ ਭੁੱਖੇ ਢਿੱਡਾਂ ਨੂੰ ਝੁਲਕਾ ਦੇਣ ਲਈ ਕੰਮ ਦੀ ਤਲਾਸ਼ ਵਿਚ ਬਾਹਰ ਨਿੱਕਲੇ, ਉਹਨਾਂ ਨਾਲ ਤਾਂ ਹੋਰ ਵੀ ਬੁਰੀ ਹੋਈ। ਪੁਲਿਸ ਦੀ ਮਾਰ ਖਾਣ ਤੋਂ ਇਲਾਵਾ ਕਈ ਥਾਈਂ ਤਾਂ ਉਹਨਾਂ ਉੱਪਰ ਡੀ ਡੀ ਟੀ ਵਰਗੇ ਖ਼ਤਰਨਾਕ ਰਸਾਇਣਾਂ ਦੀਆਂ ਸਪਰੇਆਂ ਤੱਕ ਕੀਤੀਆਂ ਗਈਆਂ। ਇਹ ਸਭ ਨੈਸ਼ਨਲ ਟੀਵੀ ਚੈਨਲਾਂ ਤੇ ਦਿਖਾਇਆ ਗਿਆ ਅਤੇ ਉਸ ਜਾਂਬਾਜ਼ ਪੁਲਿਸ ਅਫਸਰ ਦੀ ਬਹਾਦਰੀ ਦੇ ਚਰਚੇ ਸਰਕਾਰ ਦੇ ਜੀ ਹਜ਼ੂਰ ਮੀਡੀਆ ਨੇ ਲੋਕਾਂ ਨੂੰ ਪਰੋਸ ਪਰੋਸ ਕੇ ਪੇਸ਼ ਕੀਤੇ। ਹਰ ਤਰਫ ਉਸ ਦੀ ਵਾਹਵਾਹੀ ਹੋਈ। ਇਸ ਕ੍ਰਮ ਵਿੱਚ ਕਿੰਨੇ ਕੈਂਸਰ, ਟੀਬੀ ਜਾਂ ਹੋਰ ਜਾਨਲੇਵਾ ਬੀਮਾਰੀਆਂ ਦੇ ਮਰੀਜ਼ਾਂ ਜਿਨ੍ਹਾਂ ਤੱਕ ਉਹਨਾਂ ਦੀਆਂ ਦਵਾਈਆਂ ਨਹੀਂ ਪਹੁੰਚੀਆਂ ਜਾਂ ਫਿਰ ਉਹ ਆਪਣੇ ਡਾਕਟਰਾਂ ਤੱਕ ਨਹੀਂ ਪਹੁੰਚ ਸਕੇ ਅਤੇ ਇਸ ਤਰ੍ਹਾਂ ਸਿੱਧੇ ਮੌਤ ਦੇ ਮੂੰਹ ਵਿੱਚ ਜਾ ਡਿੱਗੇ, ਦਾ ਕੋਈ ਵੀ ਸਰਕਾਰੀ ਅੰਕੜਾ ਕਿਧਰੇ ਮੌਜੂਦ ਨਹੀਂ ਹੈ। ਇਸ ਤੋਂ ਇਲਾਵਾ ਕਿੰਨੇ ਐਕਸੀਡੈਂਟ ਜਾਂ ਕਿੰਨੀਆਂ ਗਰਭਵਤੀ ਔਰਤਾਂ ਵਕਤ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਮੌਤ ਦੇ ਮੂੰਹ ਚਲੀਆਂ ਗਈਆਂ ਜਾਂ ਫਿਰ ਕਿੰਨੇ ਅਜਨਮੇ ਬੱਚੇ ਕਾਲ ਦਾ ਗ੍ਰਾਸ ਬਣ ਗਏ, ਕੋਈ ਵੀ ਹੁਣ ਤੱਕ ਵੀ ਸਾਰਥਕ ਤੌਰ ਤੇ ਨਹੀਂ ਜਾਣਦਾ। ਆਪਣੇ ਹੀ ਪਰਿਵਾਰ ਦੇ ਸਨੇਹੀ ਸੱਜਣਾਂ ਦਾ ਸਹੀ ਤਰੀਕੇ ਨਾਲ ਸੰਸਕਾਰ ਤੱਕ ਕਰਨ ਦਾ ਵੀ ਕਿਸੇ ਨੂੰ ਮੌਕਾ ਤੱਕ ਨਸੀਬ ਨਹੀਂ ਹੋਇਆ।

ਇਹਨਾਂ ਅਚਰਜ਼ ਭਰੇ ਦਿਨਾਂ ਵਿੱਚ ਬਹੁਤ ਸਾਰੀਆਂ ਹਾਸੋਹੀਣੀਆਂ ਗੱਲਾਂ ਵੀ ਹੋਈਆਂ। ਇੱਕ ਕੇਂਦਰੀ ਮੰਤਰੀ ਜੋ ਮਹਾਰਾਸ਼ਟਰ ਤੋਂ ਆਉਂਦਾ ਹੈ, ਨੇ ਇੱਕ ਗਾਣਾ ਘੜ ਲਿਆ, ÷ਗੋ, ਕੋਰੋਨਾ ਗੋ÷। ਇਹ ਗਾਣਾ ਸਰਕਾਰ ਦੇ ਚਾਟੂਕਾਰਾਂ ਵਿਚ ਇੰਨਾ ਮਕਬੂਲ ਹੋਇਆ ਕਿ ਸਭ ਤਰਫ਼ ਉਸ ਦੀਆਂ ਧੁੰਮਾਂ ਪੈ ਗਈਆਂ। ਫਿਰ ਇੱਕ ਹੋਰ ਦਿਨ, ਸਾਡੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਅਚਾਨਕ ਟੈਲੀਵਿਜ਼ਨ ਤੇ ਆਏ ਅਤੇ ਲੋਕਾਂ ਨੂੰ ਥਾਲੀਆਂ ਵਜਾਉਣ ਲਈ ਕਿਹਾ ਤਾਂ ਕਿ ਕੋਰੋਨਾ ਨੂੰ ਭਜਾਇਆ ਜਾ ਸਕੇ। ਫਿਰ ਕਿਸੇ ਹੋਰ ਦਿਨ ਲੋਕਾਂ ਨੂੰ ਮੋਮਬੱਤੀਆਂ ਜਗਾਉਣ ਲਈ ਕਹਿ ਦਿੱਤਾ। ਸਭ ਨੇ ਲੁਕਮਾਨ ਹਕੀਮ ਦਾ ਕੋਈ ਨੁਕਸਾ ਸਮਝ ਕੇ ਇਸ ਦਾ ਪਾਲਣ ਕੀਤਾ। ਇਸ ਨਾਲ ਕੋਰੋਨਾ ਦੂਰ ਹੋਇਆ ਜਾਂ ਨਹੀਂ, ਪਰ ਇਸ ਨਾਲ ਪ੍ਰਧਾਨ ਮੰਤਰੀ ਦੀ ਸਮਝਦਾਰੀ ਦੀਆਂ ਹਰ ਤਰਫ ਧੁੰਮਾਂ ਪੈ ਗਈਆਂ। ਉਹਨਾਂ ਨੂੰ ਆਈਨਸਟਾਈਨ ਜਾਂ ਨਿਊਟਨ ਤੋਂ ਵੀ ਵੱਡਾ ਵਿਗਿਆਨਕ ਸਮਝਿਆ ਜਾਣ ਲੱਗਾ ਜਿਸ ਨੇ ਕਿ ਕੋਰੋਨਾ ਵਰਗੀ ਲਾਇਲਾਜ ਬੀਮਾਰੀ ਦਾ ਵੀ ਇਲਾਜ ਲੱਭ ਲਿਆ ਸੀ। ਪੂਰੀ ਦੁਨੀਆਂ ਵਿੱਚ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਵਗੈਰਾ ਤੇ ਉਹਨਾਂ ਦੀ ਫ਼ੈਨ ਫਾਲੋਇੰਗ ਬੇਤਹਾਸ਼ਾ ਵਧ ਗਈ ਅਤੇ ਉਹਨਾਂ ਨੂੰ ਦੁਨੀਆਂ ਦੀ ਸਭ ਤੋਂ ਮਸ਼ਹੂਰ ਇੰਟਰਨੈੱਟ ਇੰਟਰਨੈਸ਼ਨਲ ਰਾਜਨੀਤਕ ਹਸਤੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਮੈਡੀਕਲ ਸਾਇੰਸ ਦੀ ਦੁਨੀਆਂ ਵਿੱਚ ਵੀ ਬਹੁਤ ਸਾਰੇ ਮਿੱਥ ਇਸ ਦੌਰਾਨ ਟੁੱਟ ਗਏ। ਲੋਕਾਂ ਨੂੰ ਕਿਹਾ ਗਿਆ ਕਿ ਆਪਣੇ ਮੂੰਹਾਂ ਤੇ ਮਾਸਕ ਪਹਿਨੋ। ਜਿਸ ਨੇ ਇਹ ਹੁਕਮ ਨਹੀਂ ਮੰਨਿਆ, ਉਸ ਦੇ ਵੱਡੇ ਵੱਡੇ ਚਾਲਾਨ ਕੱਟੇ ਗਏ। ਇੱਥੋਂ ਤਕ ਕਿ ਅਗਰ ਕੋਈ ਇਨਸਾਨ ਕਾਰ ਨੂੰ ਸਾਰੋਂ ਤਰਫ਼ ਬੰਦ ਕਰ ਕੇ ਵੀ ਉਸ ਵਿੱਚ ਇਕੱਲਾ ਡਰਾਈਵ ਕਰ ਰਿਹਾ ਹੈ ਅਤੇ ਉਸ ਨੇ ਚਿਹਰੇ ਉੱਪਰ ਮਾਸਕ ਨਹੀਂ ਲਗਾਇਆ ਤਾਂ ਉਸ ਦਾ ਵੀ ਚਲਾਨ ਕੱਟਿਆ ਗਿਆ। ਇਹ ਗੱਲ ਲੋਕਾਂ ਨੂੰ ਅੱਜ ਤਕ ਵੀ ਨਹੀਂ ਦੱਸੀ ਗਈ ਕਿ ਫੇਸ ਮਾਸਕ ਜਿਸ ਦਾ ਕਿ ਛੇਦ ਹੀ 300 ਨੈਨੋ ਮੀਟਰ ਦਾ ਹੁੰਦਾ ਹੈ, ਉਹ ਇੱਕ 100 ਨੈਨੋ ਮੀਟਰ ਦੇ ਵਾਇਰਸ ਨੂੰ ਭਲਾ ਰੋਕੇਗਾ ਕਿਵੇਂ ? ਇਸ ਤੋਂ ਇਲਾਵਾ ਇੱਕ ਹੋਰ ਚੀਜ਼ ਬੜੀ ਮਸ਼ਹੂਰ ਹੋਈ, ÷ਦੋ ਗਜ਼ ਦੀ ਦੂਰੀ÷। ਇਹ ਕਿਹਾ ਗਿਆ ਕਿ ਵਾਇਰਸ ਤਾਂ ਬਸ ਦੋ ਗਜ਼ ਜਾਂ ਕਰੀਬ ਛੇ ਫੁੱਟ ਹੀ ਚਲਦਾ ਹੈ। ਭਲਾ ਇਹਨਾਂ ਨੂੰ ਕੋਈ ਇਹ ਪੁੱਛੇ ਕਿ ਛੇ ਫੁੱਟ ਚੱਲਣ ਤੋਂ ਬਾਅਦ ਕੀ ਵਾਇਰਸ ਦੇ ਸਕੂਟਰ ਦਾ ਪੈਟਰੋਲ ਮੁੱਕ ਜਾਂਦਾ ਹੈ ? ਫਿਰ ਇੱਕ ਨਵਾਂ ਗਿਆਨ ਸਾਹਮਣੇ ਆਇਆ ਕਿ ਵਾਇਰਸ 15 ਫੁੱਟ ਚੱਲਦਾ ਹੈ। ਫਿਰ ਇਹ ਦੂਰੀ 25 ਫੁੱਟ ਅਤੇ ਫਿਰ ਇੱਕ ਹੋਰ ਦਿਨ ਇਹ ਦੱਸਿਆ ਗਿਆ ਕਿ ਨਹੀਂ, ਵਾਇਰਸ ਤਾਂ 60 ਫੁੱਟ ਤੱਕ ਚੱਲਦਾ ਹੈ। ਫਿਰ ਇਹ ਸਾਰਾ ਗਿਆਨ ਇੱਕਦਮ ਗ਼ਾਇਬ ਹੋ ਗਿਆ ਅਤੇ ਨਵਾਂ ਗਿਆਨ ਸਾਹਮਣੇ ਆਇਆ ਕਿ ਵਾਇਰਸ ਤਾਂ ਹਵਾ ਵਿੱਚ ਸਸਪੈਂਡਡ ਹੈ। ਹੁਣ ਇੱਥੇ ਸਵਾਲ ਇਹ ਉੱਠਦਾ ਹੈ ਕਿ ਅਗਰ ਵਾਇਰਸ ਹਵਾ ਵਿੱਚ ਹੀ ਤੈਰ ਰਿਹਾ ਹੈ ਤਾਂ ਫਿਰ ਪੂਰੇ ਦੇਸ਼ ਵਿੱਚ ਲਾਕਡਾਊਨ ਕਿਹੜੇ ਸਮਝਦਾਰ ਇਨਸਾਨ ਨੂੰ ਪੁੱਛ ਕੇ ਲਗਾਏ ਗਏ ਸੀ ?

ਹੁਣ ਗੱਲ ਕਰਦੇ ਹਾਂ ਵੈਕਸੀਨਾਂ ਦੀ ਜਿਹਨਾਂ ਨੂੰ ਲੋਕਾਂ ਉੱਪਰ ਜ਼ਬਰਦਸਤੀ ਮੜ੍ਹਨ ਦੀ ਖਾਤਿਰ ਇਹ ਸਾਰਾ ਪ੍ਰਪੰਚ ਰਚਿਆ ਗਿਆ।

ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੂੰ ਚਾਰ ਵੈਕਸੀਨਾਂ ਲੱਗੀਆਂ। ਉਪਰਾਸ਼ਟਰਪਤੀ ਕਮਲਾ ਹੈਰਿਸ ਨੂੰ ਵੀ ਚਾਰ ਵੈਕਸੀਨਾਂ ਲੱਗੀਆਂ। ਇਹੋ ਹੀ ਕਿੱਸਾ ਰੱਖਿਆ ਮੰਤਰੀ ਆਸਟਿਨ ਲਾਇਡ ਅਤੇ ਅਮਰੀਕਾ ਦੇ ਮੁੱਖ ਮੈਡੀਕਲ ਅਧਿਕਾਰੀ ਡਾਕਟਰ ਐਂਥਨੀ ਫਾਊਚੀ ਦਾ ਹੈ। ਇਹਨਾਂ ਸਾਰਿਆਂ ਨੂੰ ਹੀ ਬਾਅਦ ਵਿੱਚ ਕੋਰੋਨਾ ਹੋ ਗਿਆ। ਲੱਖ ਲਾਹਨਤ ਹੈ ਐਹੋ ਜਿਹੀਆਂ ਘਟੀਆ ਵੈਕਸੀਨਾਂ ਦੇ ਜਿਹਨਾਂ ਦੀਆਂ ਚਾਰ ਚਾਰ ਖ਼ੁਰਾਕਾਂ ਲੱਗਣ ਦੇ ਬਾਵਜੂਦ ਵੀ ਕਿਸੇ ਇਨਸਾਨ ਨੂੰ ਕੋਰੋਨਾ ਹੋ ਜਾਂਦਾ ਹੈ। ਇਹਨਾਂ ਵੈਕਸੀਨਾਂ ਨੂੰ ਹੀ ਲਗਾਉਣ ਦੀ ਖਾਤਿਰ ਅਤੇ ਇਹਨਾਂ ਨੂੰ ਬਣਾਉਣ ਵਾਲੇ ਕਾਰਪੋਰੇਟ ਘਰਾਣਿਆਂ ਨੂੰ ਮਾਲਾਮਾਲ ਕਰਨ ਦੀ ਖਾਤਿਰ ਹੀ ਤਾਂ ਲਾਕਡਾਊਨਾਂ ਅਤੇ ਫੇਸ ਮਾਸਕ ਵਗੈਰਾ ਦਾ ਪ੍ਰਪੰਚ ਰਚਿਆ ਗਿਆ ਸੀ। ਇਥੇ ਯਾਦ ਰੱਖਣ ਯੋਗ ਗੱਲ ਇਹ ਵੀ ਹੈ ਕਿ ਕੋਰੋਨਾ ਇੱਕ ਸਾਹ ਪ੍ਰਣਾਲੀ ਦੀ ਬੀਮਾਰੀ ਹੈ ਜਿਸ ਵਿਚ ਪੂਰੀ ਸਾਹ ਨਲੀ ਵਿਚ ਡੂੰਘੇ ਜ਼ਖ਼ਮ ਹੋ ਜਾਂਦੇ ਹਨ ਜਿਨ੍ਹਾਂ ਵਿਚ ਫਿਰ ਬਲ਼ਗ਼ਮ ਭਰ ਜਾਂਦੀ ਹੈ ਅਤੇ ਫੇਫੜਿਆਂ ਵਿੱਚ ਵੀ ਸਾੜ੍ਹ ਪੈ ਜਾਂਦਾ ਹੈ ਜਿਸ ਨਾਲ ਉਹਨਾਂ ਵਿੱਚ ਰੇਸ਼ਾ ਭਰ ਜਾਂਦਾ ਹੈ। ਅਜਿਹੀ ਹਾਲਤ ਵਿੱਚ ਸਾਹ ਲੈਣ ਵਿੱਚ ਬਹੁਤ ਦਿੱਕਤ ਆਉਂਦੀ ਹੈ। ਆਦਮੀ ਇੱਕ ਇੱਕ ਸਾਹ ਲਈ ਤੜਪਦਾ ਹੈ। ਸਰੀਰ ਵਿੱਚ ਆਕਸੀਜਨ ਦੀ ਬਹੁਤ ਜ਼ਿਆਦਾ ਕਮੀ ਹੋ ਜਾਂਦੀ ਹੈ। ਫੇਫੜਿਆਂ ਵਿੱਚ ਪਸ ਭਰ ਜਾਣ ਕਰਕੇ ਅਗਰ ਕੋਈ ਥੋੜ੍ਹੀ ਬਹੁਤੀ ਹਵਾ ਅੰਦਰ ਪਹੁੰਚਣ ਵਿਚ ਕਾਮਯਾਬ ਹੋ ਵੀ ਜਾਂਦੀ ਹੈ ਤਾਂ ਫੇਫੜੇ ਉਸ ਨੂੰ ਸੋਖ ਨਹੀਂ ਪਾਉਂਦੇ। ਇਹਨਾਂ ਹਾਲਾਤਾਂ ਵਿੱਚ ਸਰੀਰ ਵਿੱਚ ਆਕਸੀਜਨ ਦਾ ਲੈਵਲ ਖ਼ਤਰਨਾਕ ਕਰਿਟੀਕਲ ਦਰਜ਼ੇ ਤੋਂ ਵੀ ਥੱਲੇ ਚਲਿਆ ਜਾਂਦਾ ਹੈ। ਅਗਰ ਇਸ ਤੋਂ ਅੱਗੇ ਥੋੜ੍ਹਾ ਜਿਹਾ ਵੀ ਇਹ ਹੋਰ ਗਿਰੇ ਤਾਂ ਆਦਮੀ ਦੀ ਮੌਤ ਹੋਣਾ ਨਿਸ਼ਚਿਤ ਹੁੰਦਾ ਹੈ। ਅਜਿਹੀਆਂ ਹਾਲਤਾਂ ਵਿਚ ਸਾਨੂੰ ਮਰੀਜ਼ ਨੂੰ ਇਹ ਕਹਿਣਾ ਬਣਦਾ ਹੈ ਕਿ ਲੰਬੇ ਲੰਬੇ ਸਾਹ ਲਵੇ, ਮੂੰਹ ਖੋਲ੍ਹ ਕੇ ਸਾਹ ਲਵੇ ਪਰ ਅਸੀਂ ਤਾਂ ਉਲਟਾ ਉਸ ਦੇ ਮੂੰਹ ਉੱਤੇ ਮਾਸਕ ਲਗਾ ਦਿੱਤਾ। ਇਸ ਨਾਲ ਜੋ ਕੋਈ ਥੋੜ੍ਹੀ ਬਹੁਤੀ ਹਵਾ ਉਸ ਦੇ ਅੰਦਰ ਜਾ ਵੀ ਰਹੀ ਸੀ, ਉਹ ਵੀ ਬੰਦ ਹੋ ਗਈ। ਆਕਸੀਜਨ ਲੈਵਲ ਹੋਰ ਗਿਰਿਆ ਅਤੇ ਆਦਮੀ ਗਿਆ ਸਿੱਧਾ ਮੌਤ ਦੇ ਮੂੰਹ ਵਿੱਚ। ਆਦਮੀ ਤਾਂ ਦਮ ਘੁਟ ਕੇ ਮਰਿਆ। ਤੜਪ ਤੜਪ ਕੇ ਮਰਿਆ। ਇਹ ਮੂਰਖਾਂ ਵਾਲਾ ਮਰੀਜ਼ਾਂ ਦੇ ਮੂੰਹਾਂ ਉਪਰ ਮਾਸਕ ਲਗਾਉਣ ਵਾਲਾ ਪ੍ਰੋਟੋਕਾਲ ਪਤਾ ਨਹੀਂ ਕਿਹੜੇ ਬੇਵਕੂਫ਼ ਨੇ ਬਣਾਇਆ ਪਰ ਇਸ ਨਾਲ ਕਾਰਪੋਰੇਟ ਘਰਾਣਿਆਂ ਨੂੰ ਬਹੁਤ ਫਾਇਦਾ ਹੋਇਆ। ਲੱਖਾਂ, ਕਰੋੜਾਂ ਦੀ ਗਿਣਤੀ ਵਿਚ ਲੋਕ ਮਰੇ, ਸਰਕਾਰਾਂ ਨੂੰ ਦੇਸ਼ਾਂ ਵਿਚ ਲਾਕਡਾਊਨ ਲਗਾਉਣ ਦੇ ਬਹਾਨੇ ਮਿਲੇ। ਫਿਰ ਇਸ ਸਭ ਕਾਸੇ ਦਾ ਸਹਾਰਾ ਲੈ ਕੇ ਵੈਕਸੀਨ-ਮਾਫੀਆ ਨੂੰ ਖੁਸ਼ ਕੀਤਾ ਗਿਆ। ਲੋਕਾਂ ਉੱਤੇ ਜ਼ਬਰਦਸਤੀ ਵੈਕਸੀਨਾਂ ਠੋਕੀਆਂ ਗਈਆਂ।

ਇੱਕ ਹੋਰ ਦੁੱਖਦਾਇਕ ਘਟਨਾ ਜੋ ਉਹਨਾਂ ਮਨਹੂਸ ਦਿਨਾਂ ਵਿੱਚ ਵਾਪਰੀ ਉਹ ਸੀ ਗਰੀਬ ਮਜ਼ਦੂਰਾਂ ਦਾ ਜਬਰਦਸਤੀ ਉਜਾੜਾ। ਹੋਇਆ ਕੀ ਕਿ 24 ਮਾਰਚ, 2020 ਦੀ ਰਾਤ ਨੂੰ ਕਰੀਬ 8 ਵਜੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਚਾਨਕ ਟੈਲੀਵਿਜ਼ਨ ਤੇ ਆਏ ਅਤੇ ਐਲਾਨ ਕਰ ਦਿੱਤਾ ਕਿ ਕੁਝ ਹੀ ਘੰਟਿਆਂ ਬਾਅਦ ਯਾਨਿ ਕਿ ਰਾਤ ਦੇ 12 ਵਜੇ ਤੋਂ ਸਾਰੇ ਮੁਲਕ ਵਿਚ ਲਾਕਡਾਊਨ ਲੱਗ ਜਾਵੇਗਾ। ਅਮੀਰਾਂ ਨੂੰ ਤਾਂ ਇਸ ਨਾਲ ਕੋਈ ਫ਼ਰਕ ਨਹੀ ਪਿਆ ਪਰ ਗਰੀਬਾਂ ਦੇ ਤਾਂ ਸਾਹ ਹੀ ਸੁੱਕ ਗਏ। ਉਹ ਵਿਚਾਰੇ ਕੀ ਕਰਨ ? ਕਿੱਥੇ ਜਾਣ ? ਕੰਮ ਕਰ ਨਹੀਂ ਸਕਦੇ। ਫੈਕਟਰੀਆਂ ਬੰਦ ਹੋ ਗਈਆਂ। ਆਮਦਨ ਦਾ ਕੋਈ ਸਾਧਨ ਨਹੀਂ ਬਚਿਆ। ਉਹ ਵਿਚਾਰੇ ਜਾਣ ਤਾਂ ਕਿਥੇ ਜਾਣ ? ਘਰਾਂ ਵਿੱਚ ਬੱਚੇ ਹਨ, ਬਜ਼ੁਰਗ ਹਨ, ਬੀਮਾਰ ਹਨ। ਰੋਟੀ ਪਾਣੀ, ਕੱਪੜਾ ਲੀੜਾ, ਹਜ਼ਾਰਾਂ ਖਰਚੇ ਹਨ। ਪ੍ਰਧਾਨ ਮੰਤਰੀ ਦਾ ਕੀ ਜਾਂਦਾ ਹੈ ? ਉਹ ਤਾਂ ਆਪਣੇ ਆਲੀਸ਼ਾਨ ਮਹੱਲ ਵਿਚ ਐਸ਼ ਕਰੇਗਾ। ਪਰ ਗਰੀਬ ਕਿੱਥੇ ਜਾਣ ? ਉਹ ਵਿਚਾਰੇ ਦਹਿਸ਼ਤ ਦੇ ਮਾਰੇ ਹਫ਼ੜਾ ਦਫੜੀ ਵਿਚ ਆਪੋ ਆਪਣੇ ਵਤਨਾਂ ਵੱਲ ਆਪਣੇ ਪਿੱਤਰੀ ਘਰਾਂ ਨੂੰ ਚੱਲ ਪਏ। ਪਰ ਜਾਣ ਕਿੱਦਾਂ ? ਗੱਡੀਆਂ ਬੰਦ। ਬੱਸਾਂ ਬੰਦ। ਸਭ ਕੁਝ ਬੰਦ। ਉੱਪਰੋਂ ਜਗ੍ਹਾ ਜਗ੍ਹਾ ਡੰਡੇ ਮਾਰਨ ਨੂੰ ਪੁਲਿਸ ਖੜੀ ਹੈ। ਉਹ ਵਿਚਾਰੇ ਜੀ-ਭਿਆਣੇ ਜਿੱਧਰ ਵੀ ਮੂੰਹ ਆਇਆ, ਆਪੋ ਆਪਣੇ ਪਿੰਡਾਂ ਵੱਲ ਨੂੰ ਪੈਦਲ ਹੀ ਚੱਲ ਪਏ। ਕੋਈ ਥੋੜ੍ਹਾ ਬਹੁਤ ਸਮਾਨ ਵਗੈਰਾ ਲੈ ਕੇ। ਹਜ਼ਾਰਾਂ ਕਿਲੋਮੀਟਰ ਦਾ ਸਫ਼ਰ। ਰਸਤੇ ਵਿੱਚ ਕੋਈ ਦੁਕਾਨ ਨਹੀਂ ਖੁੱਲ੍ਹੀ। ਕੋਈ ਢਾਬਾ ਨਹੀਂ। ਕੁਝ ਖਾ ਨਹੀਂ ਸਕਦੇ। ਕੁਝ ਲੈ ਨਹੀਂ ਸਕਦੇ। ਇੱਥੋਂ ਤਕ ਕਿ ਪੀਣ ਲਈ ਪਾਣੀ ਵੀ ਨਹੀਂ। ਉੱਪਰੋਂ ਅਚਾਨਕ ਗਰਮੀ ਤੇਜ਼ ਪੈਣੀ ਸ਼ੁਰੂ ਹੋ ਗਈ। ਰਾਹ ਚੱਲਦਿਆਂ ਕਿੰਨਿਆਂ ਨੂੰ ਸਨ ਸਟਰੋਕ ਹੋਇਆ, ਕਿੰਨਿਆਂ ਨੂੰ ਹਾਰਟ ਅਟੈਕ ਆਏ ? ਕਿੰਨੇ ਮਰੇ ? ਕਿੰਨੇ ਸਹੀ ਸਲਾਮਤ ਪਹੁੰਚੇ ? ਕਿਧਰੇ ਕੋਈ ਅੰਕੜਾ ਮੌਜੂਦ ਨਹੀਂ। ਡੇਢ ਦਰਜ਼ਨ ਮਜ਼ਦੂਰ ਰੇਲਵੇ ਟਰੈਕ ਉਪਰ ਚਲਦੇ ਹੋਏ ਉਸ ਉੱਪਰ ਹੀ ਸੌਂ ਗਏ ਅਤੇ ਰੇਲ ਦੇ ਪਹੀਆਂ ਹੇਠ ਮਾਸ ਦੇ ਲੋਥੜਿਆਂ ਵਾਂਗ ਟੁਕੜੇ ਟੁਕੜੇ ਕਟ ਗਏ। ਕਿੰਨੇ ਮਜ਼ਦੂਰ ਐਕਸੀਡੈਂਟਾਂ ਵਿਚ ਮਾਰੇ ਗਏ। ਇਹ ਘਟਨਾਵਾਂ ਕਿਸੇ ਵੀ ਸੰਵੇਦਨਸ਼ੀਲ ਇਨਸਾਨ ਨੂੰ ਹਮੇਸ਼ਾ ਯਾਦ ਰਹਿਣਗੀਆਂ।

ਕਿੰਨੇ ਲੋਕ ਮਰੇ ਸਰਕਾਰੀ ਅੰਕੜਿਆਂ ਮੁਤਾਬਕ ਕੋਰੋਨਾ ਨਾਲ ਮਰਨ ਵਾਲਿਆਂ ਦਾ ਅੰਕੜਾ ਪੰਜ ਲੱਖ ਤੀਹ ਹਜ਼ਾਰ ਮੌਤਾਂ ਦਾ ਹੈ। ਪਰ ਜੋ ਲੋਕ ਲਾਕਡਾਊਨ ਜਾਂ ਸਰਕਾਰ ਦੀਆਂ ਹੋਰ ਨੀਤੀਆਂ ਕਾਰਨ ਮਰੇ, ਉਹਨਾਂ ਦਾ ਕੋਈ ਵੀ ਅੰਕੜਾ ਮੌਜੂਦ ਨਹੀਂ ਹੈ। ਵਿਸ਼ਵ ਸਿਹਤ ਸੰਸਥਾ ਦੇ ਮੁਤਾਬਕ ਇਲਾਜ ਨਾ ਮਿਲਣ ਕਰਕੇ ਜਾਂ ਦੂਜੀਆਂ ਜਾਨਲੇਵਾ ਬਿਮਾਰੀਆਂ ਜਿਹਨਾਂ ਦੇ ਚਲਦੇ ਹੋਏ ਇਲਾਜ ਅੱਧ ਵਿਚਾਲੇ ਟੁੱਟ ਗਏ ਜਾਂ ਜੋਂ ਗਰਭਵਤੀ ਔਰਤਾਂ ਜਾਂ ਐਕਸੀਡੈਂਟ ਵਗੈਰਾ ਦੇ ਕੇਸਾਂ ਨੂੰ ਵਕਤ ਸਿਰ ਡਾਕਟਰੀ ਸਹਾਇਤਾ ਨਹੀਂ ਮਿਲੀ; ਇਹਨਾਂ ਸਾਰਿਆਂ ਦਾ ਅੰਕੜਾ ਕਰੀਬ 50 ਲੱਖ ਬਣਦਾ ਹੈ। ਸਰਕਾਰ ਸਭ ਜਾਣਦੀ ਹੈ ਅਤੇ ਡਰੀ ਹੋਈ ਹੈ। ਇਹ ਇੰਨਾ ਡਰ ਗਈ ਹੈ ਕਿ ਇਹ 2024 ਦੇ ਪਾਰਲੀਮੈਂਟ ਦੇ ਇਲੈਕਸ਼ਨ ਤੋਂ ਪਹਿਲਾਂ 2021 ਦਾ ਮੌਤਾਂ ਦਾ ਅੰਕੜਾ ਜਾਰੀ ਕਰਨ ਦੀ ਹਿੰਮਤ ਤੱਕ ਨਹੀਂ ਜੁਟਾ ਪਾ ਰਹੀ। ਇਸ ਨੇ ਪਹਿਲਾਂ 2020 ਦੀਆਂ ਮੌਤਾਂ ਦਾ ਅੰਕੜਾ ਜਾਰੀ ਕੀਤਾ ਸੀ ਅਤੇ ਉਸ ਵਿੱਚ ਹੀ ਸਾਢੇ ਅੱਠ ਲੱਖ ਮੌਤਾਂ ਆ ਗਈਆਂ ਸਨ। ਸਰਕਾਰ ਦੇ ਪੰਜ ਲੱਖ ਤੀਹ ਹਜ਼ਾਰ ਦੇ ਅੰਕੜੇ ਤੋਂ ਕਿਤੇ ਜ਼ਿਆਦਾ। ਪਰ ਹਰ ਕੋਈ ਜਾਣਦਾ ਹੈ ਕਿ ਅਸਲ ਵਿਚ ਸਭ ਤੋਂ ਵੱਧ ਮੌਤਾਂ ਤਾਂ 2021 ਵਿੱਚ ਕੋਰੋਨਾ ਦੀ ਦੂਸਰੀ ਡੈਲਟਾ ਲਹਿਰ ਦੌਰਾਨ ਹੋਈਆਂ ਸਨ ਜਦੋਂ ਹਰ ਤਰਫ ਬੱਸ ਮੌਤ ਹੀ ਮੌਤ ਨੱਚਦੀ ਨਜ਼ਰ ਆਉਂਦੀ ਸੀ। ਗੰਗਾ ਦੇ ਸਾਰੇ ਕਿਨਾਰੇ ਲਾਸ਼ਾਂ ਨਾਲ ਅੱਟ ਗਏ ਸਨ। ਸ਼ਮਸ਼ਾਨ ਘਾਟਾਂ ਅਤੇ ਕਬਰਸਤਾਨਾਂ ਤੇ ਲੰਬੀਆਂ ਲਾਈਨਾਂ ਲੱਗ ਗਈਆਂ ਸਨ। ਸਰਕਾਰ ਡਰਦੀ ਹੈ ਕਿ ਕਿਧਰੇ ਇਹ ਅੰਕੜਾ 50 ਲੱਖ ਤੋਂ ਵੀ ਨਾ ਟੱਪ ਜਾਵੇ ? ਇਸ ਕਰਕੇ ਵਕਤ ਸਾਰੇ ਦੇਸ਼ ਭਗਤ ਅਤੇ ਸੰਵੇਦਨਸ਼ੀਲ ਲੋਕਾਂ ਤੋਂ ਇਹ ਮੰਗ ਕਰਦਾ ਹੈ ਕਿ ਆਉ, ਉਹਨਾਂ 50 ਲੱਖ ਲੋਕਾਂ ਨੂੰ ਹਮੇਸ਼ਾਂ ਯਾਦ ਰੱਖੀਏ ਜੋ ਬੜੀਆਂ ਚੰਗੀਆਂ ਜ਼ਿੰਦਗੀਆਂ ਜੀਵੇ ਹੋ ਸਕਦੇ ਹਨ ਪਰ ਉਹ ਬੜੀਆਂ ਹੀ ਦੁੱਖਦਾਈ ਮੌਤਾਂ ਦੀ ਭੇਟ ਚੜ੍ਹ ਗਏ ਅਤੇ ਇਸ ਸਭ ਕਾਸੇ ਵਿਚ ਉਹਨਾਂ ਦਾ ਕਸੂਰ ਬੱਸ ਇੰਨਾ ਹੀ ਸੀ ਕਿ ਉਹ ਗਿਰੀਆਂ ਹੋਈਆਂ ਸਰਕਾਰਾਂ ਅਤੇ ਘਿਨਾਉਣੇ ਕਾਰਪੋਰੇਟ ਘਰਾਣਿਆਂ ਦੇ ਗੰਦੇ ਮੁਨਾਫ਼ਾਖੋਰ ਮਨਸੂਬਿਆਂ ਦੀ ਭੇਟ ਚੜ੍ਹ ਗਏ।

**ਇੰਟਰਨੈਸ਼ਨਲ ਪੇਟੈਂਟ ਹੋਲਡਰ ਡਰੱਗ ਸਾਇੰਟਿਸਟ**

# ਜਾਂਚ ਰਿਪੋਰਟ : ਹਲਦਵਾਨੀ ਦੀ ਹਿੰਸਾ ਦੇ ਗੁਨਾਹਗਾਰ ਕੌਣ

ਨਰਭਿੰਦਰ
93544-30211



ਹਲਦਵਾਨੀ ਉਤਰਾਖੰਡ ਦਾ ਇਕ ਵੱਡਾ ਤੇ ਮਹੱਤਵਪੂਰਨ ਸ਼ਹਿਰ ਹੈ ਜਿਹੜਾ ਅੰਗਰੇਜ਼ਾਂ ਦੇ ਜ਼ਮਾਨੇ 'ਚ ਵਸਾਇਆ ਗਿਆ ਸੀ। ਇਸ ਤੋਂ ਪਹਿਲਾਂ ਇਹ ਜੰਗਲੀ ਲੱਕੜੀਆਂ ਦੀ ਮੰਗੀ ਜਾਂ ਮੁਗਲ ਕਾਲ ਵਿਚ ਸ਼ਿਕਾਰਗਾਹ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਹਲਦੂ ਰੁੱਖ ਦੇ ਨਾਮ ਉਤੇ ਹੀ ਇਹਦਾ ਨਾਮ ਹਲਦਵਾਨੀ ਪਿਆ ਸੀ। ਇਸ ਸ਼ਹਿਰ ਦੀ ਇਕ ਬਸਤੀ ਹੈ - ਬਣਭੂਲਪੁਰਾ। ਇਸ ਬਸਤੀ ਨੂੰ ਵੀ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਵਸਾਇਆ ਗਿਆ ਸੀ। ਪਹਿਲਾਂ 2023 ਦੇ ਆਖਰੀ ਮਹੀਨਿਆਂ ਵਿਚ ਬਣਭੂਲਪੁਰਾ ਬਸਤੀ ਨੂੰ ਬਲਡੋਜ਼ਰਾਂ ਨਾਲ ਢਾਹੁਣ ਦੀ ਕੋਸ਼ਿਸ਼ ਹੋਈ। ਪਰ ਸਖ਼ਤ ਵਿਰੋਧੀ ਕਾਰਨ ਅਤੇ ਸੁਪਰੀਮ ਕੋਰਟ ਦੀ ਦਖ਼ਲ-ਅਦਾਜ਼ੀ ਕਾਰਨ ਇਹ ਕੰਮ ਰੁਕ ਗਿਆ। ਕੋਰਟ ਵਿਚ ਇਹ ਕੇਸ ਚਲ ਹੀ ਰਿਹਾ ਸੀ ਕਿ 8 ਫਰਵਰੀ 2024 ਨੂੰ ਬਲਡੋਜ਼ਰਾਂ ਤੇ ਪੁਲਿਸ ਫੋਰਸ ਨੇ ਬਣਭੂਲਪੁਰਾ ਦੀ ਬਸਤੀ ਵਿਚ ਪੈਂਦੀ ਮਸਜਿਦ ਅਤੇ ਮਦਰੱਸੇ (ਸਕੂਲ) ਨੂੰ ਤਾਕਤ ਦੇ ਜ਼ੋਰ ਤਹਿਸ਼-ਨਹਿਸ਼ ਕਰ ਦਿੱਤਾ। ਜਿਸ ਉਤੇ ਸਥਾਨਕ ਲੋਕਾਂ ਦਾ ਵਿਰੋਧ ਹੋਇਆ, ਸਿੱਟੇ ਵਜੋਂ ਪੁਲਿਸ ਨੇ ਬਿਨਾਂ ਕਿਸੇ ਕਾਰਨ ਅਤੇ ਚਿਤਾਵਨੀਆਂ ਦੇ ਗੋਲੀ ਚਲਾ ਦਿੱਤੀ। ਲਗਭਗ 7 ਲੋਕਾਂ ਦੀ ਮੌਤ ਹੋ ਗਈ। ਇਸ ਘਟਨਾ ਨੇ ਦੇਸ਼ ਭਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਮਾਮਲੇ ਨੂੰ ਲੈ ਕੇ ਉਤਰਾਖੰਡ ਦੇ ਕੁਝ ਸੰਗਠਨਾਂ ਦੀ ਮੀਟਿੰਗ ਹੋਈ ਜਿਨ੍ਹਾਂ ਨੇ ਇਕ ਕੌਮੀ ਏਕਤਾ ਮੰਚ ਨਾਂ ਦਾ ਤਾਲਮੇਲ ਅਦਾਰਾ ਕਾਇਮ ਕੀਤਾ। ਇਸ ਦਾ ਮੰਤਵ ਸਿਰਫ ਬਣਭੂਲਪੁਰਾ ਇਲਾਕੇ ਵਿਚ ਹੋਈ ਹਿੰਸਾ ਅਗਜ਼ਨੀ ਅਤੇ ਪੀੜਤ ਪਰਿਵਾਰਾਂ ਨੂੰ ਫੌਰੀ ਰਾਹਤ ਦੇਣਾ ਅਤੇ ਇਸ ਘਟਨਾ ਨੂੰ ਲੈ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇਸ ਬੇਇਨਸਾਫ਼ੀ ਵਿਰੁੱਧ ਗੱਲਬਾਤ ਚਲਾਉਣਾ ਸੀ ਅਤੇ ਨਾਲ ਦੀ ਨਾਲ ਦੋਹਾਂ ਫਿਰਕਿਆਂ ਵਿਚ ਆਪਸੀ ਭਾਈਚਾਰਾ ਸਥਾਪਤ ਕਰਨ ਦਾ ਕਾਰਜ ਵੀ ਸੀ। ਇਸ 'ਚ 14 ਮੈਂਬਰ ਸ਼ਾਮਲ ਸਨ, ਇਨ੍ਹਾਂ ਨਾਲ ਜਮਹੂਰੀ ਅਧਿਕਾਰ ਸਭਾ ਦੇ ਨਰਭਿੰਦਰ ਨੇ ਸੰਪਰਕ ਸਥਾਪਤ ਕੀਤਾ ਅਤੇ ਉਨ੍ਹਾਂ ਨਾਲ ਮਿਲ ਕੇ ਇਕ ਰਿਪੋਰਟ ਤਿਆਰ ਕਰਨ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਉਨ੍ਹਾਂ ਨੇ ਪ੍ਰਵਾਨ ਕਰ ਲਿਆ।

15 ਮੈਂਬਰਾਂ ਦੀ ਟੀਮ ਨੇ ਹਲਦਵਾਨੀ ਦੇ ਬਣਭੂਲਪੁਰਾ ਇਲਾਕੇ ਵਿਚ ਪੰਜ ਦਿਨ ਤੱਥ ਇਕੱਠੇ ਕਰਨ ਦਾ ਕੰਮ ਕੀਤਾ। ਮ੍ਰਿਤਕਾਂ ਦੇ ਪਰਿਵਾਰਾਂ ਤੇ ਅਗਜ਼ਨੀ ਨਾਲ ਪੀੜਤ ਪਰਿਵਾਰਾਂ, ਅਧਿਕਾਰੀਆਂ, ਚਸ਼ਮਦੀਦ ਗਵਾਹਾਂ, ਜ਼ਖ਼ਮੀਆਂ ਨਾਲ ਸੰਪਰਕ ਵੀ ਕੀਤਾ, ਉਸ ਸਮੇਂ ਦੀਆਂ ਅਖ਼ਬਾਰਾਂ ਤੇ ਸੋਸ਼ਲ ਮੀਡੀਆ ਉਤੇ ਵਾਇਰਲ ਵੀਡੀਓਜ਼ ਰਿਪੋਰਟਾਂ ਦੀ ਜਾਂਚ ਵੀ ਕੀਤੀ। 28 ਫਰਵਰੀ ਤੋਂ 5 ਮਾਰਚ ਤੱਕ ਕੀਤੀ ਇਹ ਧਰਾਤਲੀ ਜਾਂਚ ਅਤੇ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਇਕ ਰਿਪੋਰਟ ਤਿਆਰ ਕੀਤੀ ਜਿਸ ਰਿਪੋਰਟ ਦਾ ਨਾਮ ਹੈ -'ਬਣਭੂਲਪੁਰਾ ਹਿੰਸਾ : ਅਸਲੀ ਗੁਨਾਹਗਾਰ ਕੌਣ ?'-ਇਸ ਰਿਪੋਰਟ ਦਾ ਸਾਰ ਸੰਖੇਪ ਸਾਂਝਾ ਕਰ ਰਹੇ ਹਾਂ।

1. ਹਲਦਵਾਨੀ ਵਿਚ ਮੁਸਲਿਮ ਭਾਈਚਾਰਾ ਕੋਈ ਨਵਾਂ ਬਾਹਰੋਂ ਆ ਕੇ ਵਸਿਆ ਨਹੀਂ ਜਿਵੇਂ ਕਿ ਪ੍ਰਚਾਰ ਕੀਤਾ ਜਾਂਦਾ ਹੈ ਕਿ ਮੀਆਂਮਾਰ ਤੇ ਬੰਗਲਾਦੇਸ਼ ਵਿਚੋਂ ਆ ਕੇ ਮੁਸਲਮਾਨਾਂ ਨੇ ਰੇਲਵੇ ਦੀ ਜ਼ਮੀਨ ਉਤੇ ਕਬਜ਼ਾ ਕਰ ਲਿਆ ਹੈ ਤੇ ਬਸਤੀਆਂ ਵਸਾ ਲਈਆਂ ਹਨ। ਇਥੇ ਮੁਸਲਮਾਨ ਨੈਨੀਤਾਲ ਦੇ ਗਜ਼ਟੀਅਰ (1904) ਮੁਤਾਬਕ ਬਹੁਤ ਪਹਿਲਾਂ ਤੋਂ ਵਸਨੀਕ ਚਲੇ ਆ ਰਹੇ ਹਨ। 1901 ਦੀ ਜਨਗਣਨਾ ਰਿਪੋਰਟ ਮੁਤਾਬਕ ਹਲਦਵਾਨੀ ਦੀ ਅਬਾਦੀ 6624 ਸੀ ਜਿਸ ਵਿਚ ਹਿੰਦੂ 3327 ਅਤੇ ਮੁਸਲਮਾਨ 3198 ਸਨ। ਭਾਵ ਲਗਭਗ ਅੱਧੀ ਅੱਧੀ ਵਸੋਂ ਸੀ। ਸਹਿਜੇ ਸਹਿਜੇ ਹਿੰਦੂ ਅਬਾਦੀ ਵਧਦੀ ਗਈ। ਵਿਸ਼ੇਸ਼ ਕਰਕੇ 1947 ਤੋਂ ਪਿੱਛੋਂ ਅਤੇ ਮੁਸਲਮਾਨ ਘਟਦੇ ਗਏ। ਇਹ ਹੀ ਨਹੀਂ ਕੁਝ ਕੁ ਅਮੀਰ ਮੁਸਲਮਾਨਾਂ ਨੂੰ ਛੱਡ ਕੇ ਬਾਕੀ ਸਾਰੇ ਕੰਮਕਾਰ ਵਾਲੇ ਮੁਸਲਮਾਨ ਬਣਭੂਲਪੁਰਾ ਬਸਤੀ ਵਿਚ ਸਿਮਟਦੇ ਗਏ। ਇਸ ਬਸਤੀ ਵਿਚ ਜ਼ਿਆਦਾ ਕੰਮਕਾਰ ਵਾਲੇ ਪਲੰਬਰ, ਲੋਹਾਰਾ ਤੇ ਤਰਖਾਣਾ ਮਿਸਤਰੀ, ਵੈਲਡਰ, ਮਕੈਨਿਕ, ਇੱਟਾਂ ਲਾਉਣ ਵਾਲੇ ਮਿਸਤਰੀ, ਮੀਨਾਕਾਰੀ ਕਰਨ ਵਾਲੇ ਕਾਮੇ, ਸਬਜ਼ੀ ਤੇ ਫਲ ਵੇਚਣ ਵਾਲੇ ਕਾਮੇ ਭਾਵ ਹਰ ਤਰ੍ਹਾਂ ਦੇ ਸਿੱਖਿਅਤ ਕਾਮੇ ਰਹਿੰਦੇ ਹਨ। ਕੁਝ ਰਿਕਸ਼ਾ ਆਟੋ ਤੇ ਟੈਂਪੂ ਚਲਾਉਣ ਦਾ ਕੰਮਕਾਰ ਕਰਦੇ ਸਨ। ਜੇ ਕਿਹਾ ਜਾਵੇ ਤਾਂ ਸਮੁੱਚਾ ਹਲਦਵਾਨੀ ਤੇ ਨਾਲ ਲਗਵਾਂ ਕਾਠ ਗੋਦਾਮ ਇਨ੍ਹਾਂ ਮਜ਼ਦੂਰਾਂ ਉਤੇ ਨਿਰਭਰ ਹੈ। ਇਹ ਸ਼ਹਿਰ ਦੀ ਧੜਕਦੀ ਰੂਹ ਹਨ।

ਅੱਠ ਫਰਵਰੀ ਨੂੰ ਸ਼ਾਮ ਦੇ ਚਾਰ ਵਜ ਕੇ 30 ਮਿੰਟ ਉਤੇ ਨਗਰ ਨਿਗਮ ਦੀਆਂ ਟੀਮਾਂ ਨੇ ਪੁਲਿਸ ਦੀਆਂ ਬਾੜਾਂ ਅਤੇ ਪ੍ਰਸ਼ਾਸਨਿਕ ਅਮਲੇ ਨਾਲ ਬਣਭੂਲਪੁਰਾ 'ਚ ਮਾਲਕ ਦਾ ਬਗੀਚੇ ਨਾਂ ਨਾਲ ਜਾਣੀ ਜਾਂਦੀ ਜਗ੍ਹਾ ਵਿਚ ਬਣੀ ਮਸਜਿਦ ਅਤੇ ਮਦਰੱਸੇ ਨੂੰ ਗੈਰ ਕਾਨੂੰਨੀ ਉਸਾਰੀ ਕਹਿ ਕੇ ਬੁਲਡੋਜ਼ਰਾਂ ਨਾਲ ਢਾਹ ਦਿੱਤਾ। ਹਾਲਾਂਕਿ ਤਿੰਨ ਫਰਵਰੀ ਨੂੰ ਨਗਰ ਨਿਗਮ ਤੇ ਅਧਕਾਰੀ ਦੀ ਮੁਸਲਮਾਨ ਫਿਰਕੇ ਦੇ ਧਾਰਮਿਕ ਮੁਖੀਆਂ ਅਤੇ ਸਥਾਨਕ ਲੋਕਾਂ ਦੇ ਆਗੂਆਂ ਨਾਲ ਇਕ ਮੀਟਿੰਗ ਹੋਈ ਸੀ। ਮੀਟਿੰਗ ਬੇਨਤੀਜਾ ਰਹੀ ਅਤੇ ਰਾਤ ਦੇ ਡੇਢ ਵਜੇ ਹੀ ਉਸੇ ਦਿਨ ਪ੍ਰਸ਼ਾਸਨ ਨੇ ਮਦੱਰਸੇ ਅਤੇ ਮਸਜਿਦ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਤੇ ਸੀਲ ਕਰ ਦਿੱਤਾ ਸੀ। 6 ਫਰਵਰੀ ਨੂੰ ਮਲਿਕ ਦੀ ਪਤਨੀ ਨੇ ਆਪਣੇ ਕਾਗਜ਼ੀ ਪਰੂਫ਼ਾਂ ਦੇ ਆਧਾਰ ਉਤੇ ਹਾਈਕੋਰਟ ਵਿਚ ਅਪੀਲ ਦਾਇਰ ਕੀਤੀ ਅਤੇ 8 ਫਰਵਰੀ ਨੂੰ ਹੀ ਦਿਨੇ ਇਹਦੇ ਉਤੇ ਵਿਚਾਰ ਕਰਕੇ ਅਗਲੀ ਤਾਰੀਕ 14 ਫਰਵਰੀ ਸੁਣਵਾਈ ਲਈ ਤਹਿ ਹੋਈ। ਪਰ ਪ੍ਰਸ਼ਾਸਨ ਨੇ 14 ਫਰਵਰੀ ਨੂੰ ਹਾਈਕੋਰਟ ਦੀ ਤਾਰੀਖ ਨੂੰ ਵੀ ਨਹੀਂ ਉਡੀਕਿਆ ਅਤੇ 8 ਫਰਵਰੀ ਦੀ ਸ਼ਾਮ ਨੂੰ ਹੀ ਆਪਣੀ ਕਾਰਵਾਈ ਕਰ ਦਿੱਤੀ।

ਉਤਰ ਪ੍ਰਦੇਸ਼ ਦਾ 1950 ਦਾ ਇਕ ਭੂਮੀ ਸੁਧਾਰ ਕਾਨੂੰਨ ਹੈ। ਉਤਰਾਖੰਡ ਵੀ ਇਸੇ ਦਾ ਹੀ ਹਿੱਸਾ ਸੀ ਜਿਸ ਤਹਿਤ ਪੁਰਾਣੇ ਜ਼ਮੀਨੀ ਸਬੰਧਾਂ ਨੂੰ ਬਦਲਿਆ ਗਿਆ ਸੀ ਅਤੇ ਭੂਮੀ ਦੀ ਇਕ ਹੱਦ ਤਹਿ ਕੀਤੀ ਗਈ ਸੀ। ਇਸ ਕਾਨੂੰਨ ਦੇ ਲਿਹਾਜ਼ ਨਾਲ ਬਣਭੂਲਪੁਰਾ ਸਮੇਤ ਪ੍ਰਦੇਸ਼ ਦੀਆਂ ਉਹ ਬਸਤੀਆਂ 'ਤੇ ਜ਼ਮੀਨ ਕਾਨੂੰਨੀ ਮੰਨੀ ਜਾਣੀ ਚਾਹੀਦੀ ਹੈ।

ਪ੍ਰਸ਼ਾਸਨਿਕ ਅਧਿਕਾਰੀਆਂ ਨੇ ਉਸ ਪ੍ਰੋਟੋਕਾਲ ਦੀ ਵੀ ਪ੍ਰਵਾਹ ਨਹੀਂ ਕੀਤੀ ਜਿਸ ਤਹਿਤ ਸਰਕਾਰੀ ਸੀਲ ਖੋਹਲ ਕੇ ਧਾਰਮਿਕ ਕਿਤਾਬਾਂ 'ਤੇ ਹੋਰ ਸਮਾਨ ਦੀ ਇਕ ਸਦੀ ਬਣਾ ਕੇ ਮਾਲ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਈ ਜਾਂਦੀ ਹੈ। ਟੀਮ ਨੇ ਉਸ ਮਸਜਿਦ ਵਾਲੀ ਜਗ੍ਹਾ ਵਿਚ ਨੁਕਸਾਨੇ ਸਮਾਨ ਨੂੰ ਵੀ ਅੱਖੀਂ ਵੇਖਿਆ। ਹਾਲਾਂਕਿ ਪੁਲਿਸ ਦਾ ਸਖ਼ਤ ਪਹਿਰਾ ਸੀ ਅਤੇ ਕੋਈ ਵੀ ਉਸ ਖੇਤਰ ਵਿਚ ਪ੍ਰਵੇਸ਼ ਨਹੀਂ ਸੀ ਕਰ ਸਕਦਾ। ਮਸਜਿਦ ਬਣਭੂਲਪੁਰਾ ਇਲਾਕੇ ਦੇ ਵਿਚਕਾਰ ਸਥਿਤ ਸੀ ਅਤੇ ਆਲੇ ਦੁਆਲੇ ਦੀ ਮੁਸਲਿਮ ਆਬਾਦੀ ਇਥੇ ਨਮਾਜ਼ ਅਦਾ ਕਰਨ ਆਉਂਦੀ ਸੀ।

ਮਸਜਿਦ ਜਦੋਂ ਢਾਹ ਜਾ ਰਹੀ ਸੀ ਤਾਂ ਸੁਭਾਵਿਕ ਹੈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੇ ਉਤੇਜਿਤ ਹੋਣਾ ਹੀ ਸੀ। ਲੋਕਾਂ ਵਲੋਂ ਪਥਰਾ ਸ਼ੁਰੂ ਹੋਇਆ ਜਿਸ ਦੇ ਜਵਾਬ ਵਿਚ ਉਹ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਪੁਲਿਸ ਨੇ ਵੀ ਪਥਰਾਓ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਅਤੇ ਹਵਾਈ ਫਾਇਰ ਕੀਤੇ। ਚਾਰੇ ਪਾਸੇ ਅਫਰਾਤਫਰੀ ਫੈਲ ਗਈ। ਇਸ ਅਫਰਾਤਫਰੀ ਵਿਚ ਗੈਰ ਸਮਾਜਿਕ ਤੱਤ ਵੀ ਸ਼ਾਮਲ ਹੋ ਗਏ ਅਤੇ ਭੀੜ ਨੇ ਨੇੜੇ ਹੀ ਪੈਂਦੇ ਇਕ ਥਾਣੇ ਨੂੰ ਘੇਰ ਲਿਆ। ਉਨ੍ਹਾਂ ਨੇ ਥਾਣੇ ਨੇੜੇ ਇਕ ਮੁਸਲਿਮ ਫਿਰਕੇ ਦੇ ਵਿਆਹ ਸਮਾਰੋਹ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਥਾਣੇ ਦੇ ਬਾਹਰੀ ਕਮਰੇ ਨੂੰ ਵੀ ਨਿਸ਼ਾਨਾ ਬਣਾਇਆ। ਭੰਨਤੋੜ ਕੀਤੀ ਅਤੇ ਅੱਗ ਲਾ ਦਿੱਤੀ। ਸਾਫ਼ ਸੀ ਕਿ ਹੁਲੜਬਾਜ਼ ਮੁਸਲਮਾਨ ਨਹੀਂ ਸਨ। ਜੇ ਮੁਸਲਮਾਨ ਹੁੰਦੇ ਤਾਂ ਮਸਲਮ ਵਿਆਹ ਪਾਰਟੀ ਉਤੇ ਤਾਂ ਹਮਲਾ ਨਾ ਕਰਦੇ। ਇਹ ਸਾਰੇ ਪੱਖਾਂ ਨੂੰ ਸੁਣ ਕੇ ਟੀਮ ਦਾ ਮਤ ਬਣਿਆ। ਲੋਕਾਂ ਨੇ ਇਹ ਵੀ ਦੱਸਿਆ ਕਿ ਇਸੇ ਹੋ ਹੱਲੇ ਦੌਰਾਨ ਗਾਂਧੀ ਨਗਰ ਖੇਤਰ ਵਿਚ ਨੌਜਵਾਨ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਫਾਈਮ ਉਨ੍ਹਾਂ ਸਤਾਂ ਲੋਕਾਂ ਵਿਚ ਇਕ ਹੈ। ਇਸ 30 ਸਾਲਾ ਆਟੋ ਚਾਲਕ ਦੇ ਘਰ ਦੇ ਸਾਮਾਨ ਨੂੰ ਵੀ ਲੁੱਟਿਆ। ਇਸ ਕਤਲ ਕੇਸ ਦਾ ਅਤੇ ਇਸ ਖੇਤਰ ਵਿਚ ਮੁਸਲਿਮ ਸਮੁਦਾਏ ਦੇ ਘਰਾਂ ਨੂੰ ਅੱਗ ਦੀ ਭੇਂਟ ਕਰਨ ਦਾ ਮੁਕੱਦਮਾ ਪੁਲਿਸ ਨੇ ਦਰਜ ਨਹੀਂ ਕੀਤਾ। ਹਾਲਾਂਕਿ ਦੋਹਾਂ ਦੇ ਘਰਾਂ ਦਾ ਫਾਸਲਾ ਬਹੁਤ ਥੋੜ੍ਹਾ ਹੈ। ਮੁਸਲਿਮ ਘਰਾਂ ਦੇ ਨਾਲ ਹੀ ਦਲਿਤ ਬਸਤੀ ਹੈ। ਜਿਥੇ ਟਕਰਾਅ ਹੋਇਆ ਸੀ। ਵੈਸੇ ਸ਼ਹਿਰ ਵਿਚ ਦੋਹਾਂ ਫਿਰਕਿਆਂ ਦਾ ਕੋਈ ਟਕਰਾਅ ਨਹੀਂ ਹੋਇਆ। ਇਹ ਸਾਰੇ ਚਸ਼ਮਦੀਦਾਂ ਨੇ ਦੱਸਿਆ ਇਥੇ ਵੀ ਟਕਰਾਅ ਵਿਚ ਘਰਾਂ ਦਾ ਸਮਾਨ ਲੁੱਟਣ ਤੇ ਅੱਗ ਲਾਉਣ ਦੀਆਂ ਘਟਨਾਵਾਂ ਹੋਈਆਂ। ਸੰਜੈ ਸੋਨਕਰ ਉਤੇ ਮੁੱਕਦਮਾ ਬਹੁਤ ਪਿੱਛੋਂ ਅਦਾਲਤ ਦੇ ਆਦੇਸ਼ ਦੇ ਉਤੇ 9 ਮਈ ਨੂੰ ਦਰਜ ਕੀਤਾ ਗਿਆ। ਟੀਮ ਨੂੰ ਅਜਿਹੀਆਂ ਵੀਡੀਓ ਵੀ ਲੋਕਾਂ ਨੇ ਦਿਖਾਈਆਂ ਜਿਸ 'ਚ ਪੁਲਿਸ ਦੀ ਹਾਜ਼ਰੀ ਵਿਚ ਲੋਕ ਪਥਰਾਓ ਕਰ ਰਹੇ ਹਨ। ਟੀਮ ਇਸ ਸਿੱਟੇ ਉਤੇ ਪਹੁੰਚੀ ਕਿ ਇਹ ਟਕਰਾਅ ਪ੍ਰਸ਼ਾਸਨ ਤੇ ਕਿਸੇ ਵਰਗ ਵਲੋਂ ਯੋਜਨਾਬੱਧ ਸਾਜ਼ਿਸ਼ ਤਹਿਤ ਹੀ ਹੋਇਆ।

ਪਿੱਛੋਂ ਕਰਫਿਊ ਲਾ ਦਿੱਤਾ। ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ। ਹਾਲਾਂਕਿ 10 ਫਰਵਰੀ ਨੂੰ ਬਾਕੀ ਸਾਰੇ ਹਲਦਵਾਨੀ ਕਸਬੇ 'ਚੋਂ ਕਰਫਿਊ ਉਠਾ ਦਿੱਤਾ ਗਿਆ ਪਰ ਬਣਭੂਲਪੁਰਾ ਇਲਾਕੇ ਵਿਚ ਲੰਮਾ ਸਮਾਂ ਭਾਵ 12-15 ਦਿਨ ਕਰਫਿਊ ਲਾਈ ਰੱਖਿਆ। 15 ਫਰਵਰੀ ਨੂੰ ਕੁਝ ਢਿੱਲ ਦਿੱਤੀ ਪੂਰਾ ਕਰਫਿਊ 20 ਫਰਵਰੀ ਨੂੰ ਹੀ ਹਟਾਇਆ ਗਿਆ। ਇਸ ਦੇ ਬਾਵਜੂਦ ਜਦੋਂ 28 ਫਰਵਰੀ ਨੂੰ ਟੀਮ ਪ੍ਰਭਾਵਤ ਖੇਤਰਾਂ ਵਿਚ ਪਹੁੰਚੀ ਸੀ ਤਾਂ ਚੱਪੇ ਚੱਪੇ ਉਤੇ ਪੁਲਿਸ ਅਤੇ ਅਰਧ ਸੈਨਿਕ ਬਲ ਤਾਇਨਾਤ ਸਨ ਅਤੇ ਕਰਫਿਊ ਵਰਗੇ ਹੀ ਹਾਲਤ ਸਨ।

**ਪੁਲਿਸ ਫਾਇਰਿੰਗ ਨਾਲ ਮਰਨ ਵਾਲਿਆਂ ਤੇ ਜ਼ਖ਼ਮੀਆਂ ਦਾ ਵੇਰਵਾ :** ਰੇਲਵੇ ਸਟੇਸ਼ਨ ਨੇੜੇ ਬਣਭੂਲਪੁਰਾ ਦੀ ਗਫੂਰ ਬਸਤੀ ਹੈ। ਅਤਿ ਗਰੀਬੀ ਤੇ ਮਿਹਨਤ ਕਰਨ ਵਾਲੇ ਮਜ਼ਦੂਰ ਮੁਸਲਮਾਨਾਂ ਦੀ ਇਸ ਬਸਤੀ ਵਿਚ ਮੁਹੰਮਦ ਜਾਹਿਦ (43 ਸਾਲ) ਅਤੇ ਉਹਦਾ ਲੜਕਾ ਅਨਸ (18 ਸਾਲ) 8 ਫਰਵਰੀ ਨੂੰ ਪੁਲਿਸ ਫਾਇਰਿੰਗ ਵਿਚ ਮਾਰੇ ਗਏ। ਮੁਹੰਮਦ ਜਾਹਿਦ ਛੋਟੀ ਟਾਟਾ ਮੈਜਿਕ ਗੱਡੀ ਚਲਾਉਂਦਾ ਸੀ ਅਤੇ 8 ਫਰਵਰੀ ਨੂੰ ਸ਼ਾਮੀ 7 ਜਾਂ 7.30 ਵਜੇ ਚੋਰਗਲੀਆ ਰੋਡ ਉਤੇ ਦੁੱਧ ਲੈਣ ਗਿਆ ਸੀ। ਜਿਸ ਨੂੰ ਗੋਲੀ ਮਾਰ ਕੇ ਪੁਲਿਸ ਨੇ ਮਾਰ ਦਿੱਤਾ। ਉਹਦਾ ਪੁੱਤਰ ਪਿਤਾ ਨੂੰ ਲੱਭਣ ਗਿਆ ਤੇ ਉਹ ਦੇ ਵੀ ਗੋਲੀ ਲੱਗੀ। ਉਹ ਜ਼ਖ਼ਮੀ ਸੀ, ਪੁਲਿਸ ਹੈਲਪਲਾਈਨ ਤੇ ਐਂਬੂਲੈਂਸ ਦੀ ਕੋਈ ਮਦਦ ਨਾ ਮਿਲੀ ਜਿਸ ਕਰਕੇ ਉਹ ਤੜਫਦਾ ਹੀ ਦਮ ਤੋੜ ਗਿਆ। ਦੋਹਾਂ ਪਿਓ ਪੁੱਤਰਾਂ ਦੀ ਲਾਸ਼ ਨੂੰ ਤਿਵਾੜੀ ਹਸਪਤਾਲ ਲਿਜਾਇਆ ਗਿਆ, ਉਥੇ ਉਨ੍ਹਾਂ ਦਾ ਪੋਸਟ ਮਾਰਟਮ ਹੋਇਆ ਪਰ 28 ਫਰਵਰੀ ਤੱਕ ਉਨ੍ਹਾਂ ਨੂੰ ਪੋਸਟ ਮਾਰਟਮ ਦੀ ਰਿਪੋਰਟ ਤੱਕ ਨਹੀਂ ਸੀ ਦਿੱਤੀ ਗਈ ਤੇ ਨਾ ਹੀ ਮ੍ਰਿਤਕਾਂ ਦੀ ਮੌਤ ਦਾ ਸਰਟੀਫਿਕੇਟ ਹੀ ਦਿੱਤਾ ਗਿਆ। ਮ੍ਰਿਤਕ ਪਰਿਵਾਰ ਵਿਚ ਪੂਰੀ ਦਹਿਸ਼ਤ ਦਾ ਮਾਹੌਲ ਸੀ। ਪਰਿਵਾਰ ਨੇ ਤਾਂ ਥਾਣੇ ਵਿਚ ਐਫ.ਆਈ.ਆਰ. ਵੀ ਨਹੀਂ ਲਿਖਵਾਈ ਨਾ ਹੀ ਪੁਲਿਸ ਨੇ ਕੋਈ ਖ਼ੁਦ ਐਫ.ਆਈ.ਆਰ. ਦਰਜ ਕੀਤੀ। ਜੋ ਕਿ ਨਿਯਮ ਮੁਤਾਬਕ ਜ਼ਰੂਰੀ ਹੁੰਦੀ ਹੈ। ਟੀਮ ਨੇ ਉਸ ਗਰੀਬ ਬਸਤੀ ਵਿਚ ਛੋਟੀਆਂ-ਛੋਟੀਆਂ ਭੀੜੀਆਂ ਗਲੀਆਂ ਵਿਚ ਬਿਨਾਂ ਸਹੂਲਤਾਂ ਵਾਲੇ ਘਰ ਵੇਖੇ।

ਇਸੇ ਤਰ੍ਹਾਂ ਪੁਲਿਸ ਗੋਲੀ ਨਾਲ ਮੋਹੰਮਦ ਇਸਹਾਰ, ਇੰਦਰਾ ਨਗਰ ਦੇ ਅਲ ਬਸਰ (19 ਸਾਲ) ਪੁੱਤਰ ਮਾਜਿਦ ਵੀ ਗੋਲੀਆਂ ਨਾਲ ਜ਼ਖ਼ਮੀ ਹੋ ਗਏ ਸਨ। ਜਿਨ੍ਹਾਂ ਨੂੰ ਮੌਕੇ ਉਤੇ ਯੋਗ ਮੈਡੀਕਲ ਸੇਵਾਵਾਂ ਨਾ ਮਿਲਣ ਕਰਕੇ ਉਨ੍ਹਾਂ ਦੀ ਮੌਤ ਹੋ ਗਈ। ਇਹ ਵੀ ਬਾਜ਼ਾਰ ਵਿਚੋਂ ਆਪਣੇ ਘਰਾਂ ਨੂੰ ਪਰਤ ਰਹੇ ਸਨ। ਸਥਾਨ ਪੁੱਤਰ ਸ਼ਰੀਫ਼ ਅਹਿਮਦ, ਬਿਲਾਰੀ ਨਾਂ ਦੇ ਮਜ਼ਦੂਰਾਂ ਤੇ ਰਿਕਸ਼ਾ ਚਾਲਕ ਜਿਹੜੇ ਮੱਛਲੀ ਬਾਜ਼ਾਰ ਦੇ ਵਾਸੀ ਸਨ, ਦੀ ਵੀ ਗੋਲੀਆਂ ਲੱਗਣ ਨਾਲ ਮੌਤ ਹੋਈ।

ਟੀਮ ਨੇ ਨੋਟ ਕੀਤਾ ਕਿ ਪੁਲਿਸ ਦੀ ਗੋਲੀ ਨਾਲ ਮਰਨ ਵਾਲੇ ਪੰਜ ਲੋਕਾਂ ਦੀ ਮੌਤ 8 ਫਰਵਰੀ ਨੂੰ ਸ਼ਾਮੀਂ ਸਤ ਤੋਂ ਸਾਢੇ ਸਤ ਦਰਮਿਆਨ ਹੋਈ। ਜਦੋਂਕਿ ਜ਼ਿਲ੍ਹਾ ਅਧਿਕਾਰੀਆਂ ਵਲੋਂ ਜਾਰੀ ਕਰਫਿਊ ਦੇ ਆਦੇਸ਼ ਰਾਤ 9 ਵਜੇ ਜਾਰੀ ਕੀਤੇ ਗਏ ਸਨ। ਪੁਲਿਸ ਵਲੋਂ ਗੋਲੀ ਚਲਾਉਣ ਦੀ ਕਾਰਵਾਈ ਪਹਿਲਾਂ ਹੋਈ ਆਦੇਸ਼ ਪਿੱਛੋਂ ਜਾਰੀ ਹੋਏ। ਆਦੇਸ਼ ਤੋਂ ਪਹਿਲਾਂ ਕਿਸ ਨੇ ਗੋਲੀ ਚਲਵਾਈ ਇਹ ਜਾਂਚ ਦਾ ਵਿਸ਼ਾ ਹੈ।

ਗਫੂਰ ਬਸਤੀ ਦਾ 21 ਸਾਲਾ ਮਜ਼ਦੂਰ ਮੁਹੰਮਦ ਸਮੀਰ ਅਤੇ 40 ਸਾਲਾ ਰਿਕਸ਼ਾ ਚਾਲਕ ਗਈਸ ਨੂੰ ਵੀ ਗੋਲੀਆਂ ਲੱਗੀਆਂ ਜਿਨ੍ਹਾਂ ਨੂੰ ਬੇਸ ਹਸਪਤਾਲ ਵਿਚ ਪੁਲਿਸ ਲੈ ਕੇ ਗਈ ਤੇ ਮਲ੍ਹਮ ਪੱਟੀ ਕਰਵਾਈ। ਇਹ ਉਦੋਂ ਕੰਮ ਤੋਂ ਘਰਾਂ ਨੂੰ ਆ ਰਹੇ ਸਨ। ਇਨ੍ਹਾਂ ਨੇ ਦਹਿਸ਼ਤ ਦੇ ਮਾਹੌਲ ਕਰਕੇ ਮੁਕੱਦਮਾ ਦਰਜ ਨਹੀਂ ਕਰਵਾਇਆ।

ਦੈਨਿਕ ਅਮਰ ਉਜਾਲਾ ਦੀ ਖ਼ਬਰ ਮੁਤਾਬਕ ਪੁਲਿਸ ਨੇ 350 ਦੇ ਕਰੀਬ ਗੋਲੀਆਂ ਚਲਾਈਆਂ। ਸ਼ਾਮ ਦੇ ਇਸ ਸਮੇਂ ਬੱਤੀਆਂ ਵੀ ਗੁੱਲ ਸਨ। ਪੁਲਿਸ ਨੇ ਗੋਲੀ ਚਲਾਉਣ ਸਮੇਂ ਕਿਸੇ ਵੀ ਪ੍ਰੋਟੋਕਾਲ ਦੀ ਪਾਲਣਾ ਨਹੀਂ ਕੀਤੀ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿੰਨੀ ਵੀ ਫਾਇਰਿੰਗ ਹੋਈ ਇਹ ਮਸਜਿਦ ਵਾਲੇ ਇਲਾਕੇ ਤੋਂ ਕਾਫ਼ੀ ਦੂਰ ਹੀ ਹੋਈ ਅਤੇ ਜਿੰਨੇ ਵੀ ਮ੍ਰਿਤਕ ਤੇ ਜ਼ਖ਼ਮੀ ਮਿਲੇ ਉਹ ਸਾਰੇ ਆਪਣੇ ਮਜ਼ਦੂਰੀ ਦੇ ਕੰਮਾਂ ਤੋਂ ਸ਼ਾਮ ਘਰਾਂ ਨੂੰ ਪਰਤ ਰਹੇ ਸਨ ਜਿਨ੍ਹਾਂ ਦਾ ਸ਼ਹਿਰ ਵਿਚ ਵਾਪਰੇ ਕਾਂਡ ਨਾਲ ਕੋਈ ਸਬੰਧ ਨਹੀਂ ਸੀ। ਭਾਵ ਸਾਧਾਰਨ ਤੇ ਗਰੀਬ ਲੋਕ ਹੀ ਸਨ।

ਟੀਮ ਨੂੰ ਇਕ ਹੋਰ ਜਾਣਕਾਰੀ ਵੀ ਮਿਲੀ। ਇਸੇ ਦੌਰਾਨ ਇਕ ਪੁਲਿਸ ਮੁਲਾਜ਼ਮ ਨੇ ਆਪਣੇ ਪੁਲਿਸ ਕਰਮਚਾਰੀਆਂ ਨਾਲ ਮਿਲ ਕੇ ਪ੍ਰਕਾਸ਼ ਨਾਂ ਦੇ ਇਕ ਮਜ਼ਦੂਰ ਦਾ ਕਤਲ ਕਰਕੇ ਉਹਦੀ ਲਾਸ਼ ਚੋਰਗਲੀਆਂ ਸੜਕ ਉਤੇ ਪੁਲ ਦੇ ਨੇੜੇ ਸੁੱਟ ਦਿੱਤੀ ਤਾਂ ਕਿ ਇਹ ਅਫਵਾਹ ਫੈਲਾਈ ਜਾਵੇ ਕਿ ਇਹ ਬਣਭੂਲਪੁਰਾ ਵਿਚ ਮੁਸਲਮਾਨਾਂ ਵਲੋਂ ਹਿੰਦੂ ਨੂੰ ਮਾਰਨ ਦਾ ਮਾਮਲਾ ਬਣਾਇਆ ਜਾ ਸਕੇ। ਦੋਹਾਂ ਦਰਮਿਆਨ ਵਿਆਹ ਤੋਂ ਬਾਹਰੀ ਸਬੰਧਾਂ ਨੂੰ ਲੈ ਕੇ ਰੰਜਿਸ਼ ਸੀ। ਪਰ ਇਹ ਮਾਮਲਾ ਛੇਤੀ ਹੀ ਨੰਗਾ ਹੋ ਗਿਆ ਤੇ ਪੁਲਿਸ ਮੁਲਾਜ਼ਮ ਦੀ ਸਾਜ਼ਿਸ਼ ਫੇਲ ਹੋ ਗਈ।

**ਖੁਫ਼ੀਆ ਵਿਭਾਗ ਦੀ ਰਿਪੋਰਟ :** ਇਸ ਪੂਰੇ ਮਾਮਲੇ ਵਿਚ ਖੁਫ਼ੀਆ ਵਿਭਾਗ ਨੇ ਪ੍ਰਕਾਸ਼ਨ ਨੂੰ ਕਈ ਵਾਰੀ ਚੌਕਸ ਕੀਤਾ ਕਿ ਜੇ ਮਸਜਿਦ ਤੇ ਮਦਰੱਸੇ ਨੂੰ ਨੁਕਸਾਨ ਪਹੁੰਚਾਇਆ ਤਾਂ ਇਹਦਾ ਕਾਫ਼ੀ ਵਿਰੋਧ ਹੋਵੇਗਾ। ਇਸ ਲਈ ਕੋਈ ਕਾਰਵਾਈ ਕਰਨ ਤੋਂ ਬਚਿਆ ਜਾਵੇ। ਪ੍ਰਕਾਸ਼ਨ ਦਾ ਇਹ ਕਦਮ ਉਹਨੂੰ ਦੋਸ਼ ਦੇ ਕਟਹਿਰੇ ਵਿਚ ਖੜ੍ਹਾ ਕਰਦਾ ਹੈ।

ਇਸ ਮਾਮਲੇ ਵਿਚ ਨਗਰ ਨਿਗਮ ਦੇ ਕਮਿਸ਼ਨਰ ਦੀ ਭੂਮਿਕਾ ਸ਼ੱਕੀ ਹੈ। ਕਮਿਸ਼ਨਰ ਪੰਕਜ ਉਪਾਧਿਆਏ ਬਹੁਤ ਵਿਵਾਦਤ ਰਹੇ ਹਨ। ਹਾਲਾਂਕਿ ਇਹਦੀ ਬਦਲੀ 31 ਜਨਵਰੀ ਨੂੰ ਹਲਦਵਾਨੀ ਤੋਂ ਕਮਾਊਂ ਮੰਡਲ ਵਿਕਾਸ ਨਿਗਮ ਦੇ ਪ੍ਰਬੰਧਕ ਨਿਰਦੇਸ਼ਕ ਦੇ ਅਹੁਦੇ ਉਤੇ ਹੋ ਚੁੱਕੀ ਸੀ। ਪਰ ਇਸ ਦੇ ਬਾਵਜੂਦ ਉਹ 8 ਫਰਵਰੀ ਦੀ ਐਡੀ ਵੱਡੀ ਕਾਰਵਾਈ ਨੂੰ ਅੰਜਾਮ ਦਿੰਦੇ ਹਨ। ਇਹਨੇ 2 ਫਰਵਰੀ ਨੂੰ ਹੀ ਹਲਦਵਾਨੀ ਦੇ ਹੀ ਇਕ ਹੋਰ ਹਿੱਸੇ ਰਾਜਪੁਰਾ ਇਲਾਕੇ ਵਿਚ ਨਜਾਕਤ ਖਾਂ ਦੇ ਇਕ ਜ਼ਮੀਨ ਮਾਲਕ ਦੇ ਬਗੀਚੇ ਉਤੇ ਕਬਜ਼ਾ ਲੈਣ ਦੀ ਕਾਰਵਾਈ ਕੀਤੀ। ਹਾਲਾਂਕਿ ਨਜ਼ਾਕਤ ਖਾਂ ਕੋਲ ਜ਼ਮੀਨ ਦੇ ਰਿਕਾਰਡ ਦੇ ਪੁਰਾਣੇ ਕਾਗਜ਼ ਤੇ ਇੰਤਕਾਲਾਂ ਦੀ ਮਾਲਕੀ ਦੇ ਸਬੂਤਾਂ ਸਮੇਤ ਕਾਗਜ਼ ਹਨ। ਬਣਭੂਲ ਨਿਵਾਸੀਆਂ ਨੇ ਬਹੁਤ ਸਾਰੇ ਉਰਦੂ ਦੇ ਦਸਤਾਵੇਜ਼ ਵੀ ਟੀਮ ਨੂੰ ਵਿਖਾਏ ਜਿਸ ਉਤੇ 1904 ਤੋਂ 1921 ਤੱਕ ਦੀਆਂ ਮੋਹਰਾਂ ਲੱਗੀਆਂ ਸਨ।

ਸੰਵਿਧਾਨਕ ਅਹੁਦਿਆਂ ਉਤੇ ਬੈਠੇ ਅਫ਼ਸਰਾਂ ਤੇ ਰਾਜਸੀ ਲੋਕ ਜਿਨ੍ਹਾਂ ਵਿਚ ਉਤਰਾਖੰਡ ਦਾ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੀ ਸੀ 9 ਫਰਵਰੀ ਨੂੰ ਹਲਦਵਾਨੀ ਆਏ ਉਹ ਜ਼ਖ਼ਮੀਆਂ ਨੂੰ ਤਾਂ ਮਿਲੇ ਪਰ ਬਣਭੂਲਪੁਰਾ ਖੇਤਰ ਵਿਚ ਵੀ ਨਹੀਂ ਗਏ ਨਾ ਹੀ ਢਾਹੀ ਮਸਜਿਦ ਤੇ ਮਦਰੱਸਾ ਦੇਖਿਆ ਨਾ ਹੀ ਸਥਾਨਕ ਲੋਕਾਂ ਨੂੰ ਮਿਲੇ। ਨਾ ਹੀ ਮ੍ਰਿਤਕਾਂ ਤੇ ਨਾਗਰਿਕਾਂ ਪ੍ਰਤੀ ਕੋਈ ਸੰਵੇਦਨਾ ਹੀ ਪ੍ਰਗਟ ਕੀਤੀ। ਸਗੋਂ ਵਿਵਾਦਤ ਜ਼ਮੀਨ ਸਬੰਧੀ ਹਾਈਕੋਰਟ ਵਿਚ ਕਾਨੂੰਨੀ ਪ੍ਰਕਿਰਿਆ ਨੂੰ ਉਲੰਘ ਕੇ ਮਸਜਿਦ ਦੀ ਜਗ੍ਹਾ ਪੁਲਿਸ ਚੌਕੀ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ ਅਤੇ ਇਕ ਟੈਂਟ ਲਾ ਕੇ ਪੁਲਿਸ ਚੌਕੀ ਦਾ ਬੋਰਡ ਲਾ ਕੇ ਇਹਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਦੌਰਾਨ ਪੁਲਿਸ ਮਸਜਿਦ ਅਤੇ ਕੁਝ ਘਰਾਂ ਵਿਚ ਜਿਨ੍ਹਾਂ 'ਚ ਇਸ ਜਗ੍ਹਾ ਦਾ ਮਾਲਕ ਸੀ ਦੇ ਘਰਾਂ ਵਿਚੋਂ ਕੁਰਕੀ ਦੇ ਨਾਮ ਹੇਠ ਸਾਮਾਨ ਲਿਆ ਕੇ ਇਥੇ ਸਜਾ ਦਿੱਤਾ, ਹਾਲਾਂਕਿ ਨਿਯਮ ਇਹ ਹੈ ਕਿ ਜੋ ਸਾਮਾਨ ਕੁਰਕ ਕੀਤਾ ਹੈ ਉਹ ਮਾਲਖਾਨੇ ਜਮ੍ਹਾਂ ਕਰਵਾਇਆ ਜਾਵੇ। ਸੰਸਦ ਆਰੀਆ ਭੱਟ ਨੇ 12 ਫਰਵਰੀ ਨੂੰ, ਰਾਜ ਮਹਿਲਾ ਅਯੋਗ ਦੀ ਪ੍ਰਧਾਨ ਕੁਸੁਮ ਕੰਡਵਾਲ ਨੇ 27 ਫਰਵਰੀ ਨੂੰ ਹਲਦਵਾਨੀ ਦਾ ਦੌਰਾ ਕੀਤਾ ਪਰ ਇਨ੍ਹਾਂ ਨਿਰਪੱਖ ਤੇ ਨਿਆਂ ਦੀ ਭਾਵਨਾ ਦੇ ਉਲਟ ਪੱਖਪਾਤੀ ਰਵੱਈਆ ਹੀ ਉਜਾਗਰ ਕੀਤਾ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਵੀ 21-22 ਫਰਵਰੀ ਨੂੰ ਹਲਦਵਾਨੀ ਦਾ ਦੌਰਾ ਕੀਤਾ। 22 ਫਰਵਰੀ ਨੂੰ ਸਰਕਟ ਹਾਊਸ ਤੇ ਕਾਠ ਗੋਦਾਮ 'ਚ ਮਿਲੇ। ਸਰਕਟ ਹਾਊਸ 'ਚ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਪਰ ਆਮ ਲੋਕਾਂ ਨੂੰ ਮਿਲਣ ਦੀ ਤਵੱਜੋਂ ਨਹੀਂ ਕੀਤੀ। ਆਮ ਲੋਕਾਂ ਦੀ ਸ਼ਿਕਾਇਤ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪੁਲਿਸ ਖ਼ਿਲਾਫ਼ ਸੀ ਤੇ ਪੁਲਿਸ ਹਰ ਵਿਅਕਤੀ ਦੀ ਰਿਕਾਰਡਿੰਗ ਕਰ ਰਹੀ ਸੀ। ਲੋਕਾਂ ਇਸ ਵੀਡੀਓਗਰਾਫ਼ੀ ਦਾ ਵਿਰੋਧ ਕੀਤਾ। ਅਜਿਹੀ ਹਾਲਤ ਵਿਚ ਪੀੜਤ ਲੋਕ ਕੁਝ ਵੀ ਕਹਿ ਨਹੀਂ ਸਕੇ ਤੇ ਲਾਲਪੁਰਾ ਨੇ ਅਲੱਗ ਹੋ ਕੇ ਉਨ੍ਹਾਂ ਦੀ ਪੀੜ ਵੀ ਨਹੀਂ ਸੁਣੀ।

**ਉਤਰਾਖੰਡ ਦੀ ਰਾਜਨੀਤੀ ਵਿਚ 'ਲੈਂਡ-ਜੇਹਾਦ'** : ਉਤਰਾਖੰਡ ਦੀ ਰਾਜਨੀਤੀ ਨੂੰ ਸਮਝੇ ਬਿਨਾਂ ਬਣਫੂਲਪੁਰਾ (ਹਲਦਵਾਨੀ) ਦੇ ਘਟਨਾਕ੍ਰਮ ਨੂੰ ਨਹੀਂ ਸਮਝਿਆ ਜਾ ਸਕਦਾ। ਰਾਜ ਦਾ ਮੁੱਖ ਮੰਤਰੀ ਖ਼ੁਦ ਨੂੰ ਧਰਮ ਰੱਖਿਅਕ ਵਜੋਂ ਪੇਸ਼ ਕਰਦਾ ਹੈ ਜਿਸ 'ਚ ਉਹ ਕਹਿੰਦਾ ਹੈ ਕਿ ਕਿ ਲੈਂਡ ਜੇਹਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੇਸ਼ ਇਉਂ ਕੀਤਾ ਜਾ ਰਿਹਾ ਹੈ ਕਿ ਉਤਰਾਖੰਡ ਵੀ ਦੇਵਤਿਆਂ ਦੀ ਭੂਮੀ ਹੈ ਇਥੇ ਹਿੰਦੂ ਧਰਮ ਤੋਂ ਬਿਨਾਂ ਜੋ ਵੀ ਆ ਕੇ ਵਸੇ ਹਨ ਉਹ ਬਾਹਰੀ ਹਨ। ਹਾਲਾਂਕਿ ਉਤਰਾਖੰਡ ਵਿਚ ਮੁਸਲਮਾਨਾਂ ਦਾ ਬਰਤਾਨਵੀ ਦਸਤਾਵੇਜ਼ਾਂ ਵਿਚ ਤਾਂ ਰਿਕਾਰਡ ਚਿੰਤਨ ਹੀ ਹੈ। ਉਸ ਤੋਂ ਪਹਿਲਾਂ ਵੀ ਮੁਗਲ ਕਾਲ ਵਿਚ ਉਨ੍ਹਾਂ ਦੇ ਕਾਰੋਬਾਰਾਂ ਤੇ ਰਿਹਾਇਸ਼ਾਂ ਦੇ ਪ੍ਰਮਾਣ ਮਿਲਦੇ ਹਨ। ਮੁੱਖ ਮੰਤਰੀ ਉਤਰਾਖੰਡ ਲਈ ਇਕ ਮਜ਼ਬੂਤ ਜ਼ਮੀਨੀ ਕਾਨੂੰਨ ਦੀ ਗੱਲ ਕਰਦਾ ਹੈ। ਦਰਅਸਲ ਇਸ ਖੇਤਰ ਵਿਚ ਕਾਰਪੋਰੇਟੀ ਪੂੰਜੀ ਆਪਣਾ ਕਾਰੋਬਾਰ ਸਥਾਪਤ ਕਰਨਾ ਚਾਹੁੰਦੀ ਹੈ ਅਤੇ ਉਸ ਨੂੰ ਸੁਰੱਖਿਆ ਤੇ ਬੇਰੋਕ ਟੇਕ ਜ਼ਮੀਨ ਲਈ ਜ਼ਮੀਨੀ ਕਾਨੂੰਨ ਵਿਚ ਸੋਧ ਦੀ ਲੋੜ ਹੈ, ਜਿਹੜਾ ਪਹਿਲੇ ਉਤਰ ਪ੍ਰਦੇਸ਼ ਵਾਲੇ ਕਾਨੂੰਨ ਤੋਂ ਅਲੱਗ ਹੋਵੇ। ਇਸ ਮੰਤਵ ਲਈ ਉਹ ਭਾਵ ਭਾਜਪਾ ਇਸ ਖੇਤਰ ਵਿਚ ਹਿੰਦੂ-ਮੁਸਲਿਮ ਧਰੁਵੀਕਰਨ ਕਰਨਾ ਚਾਹੁੰਦੀ ਹੈ। ਅੱਜ ਤੱਕ ਉਤਰਾਖੰਡ ਵਿਚ ਕਦੇਵੀ ਹਿੰਦੂ ਮੁਸਲਿਮ ਫਿਰਕੂ ਤਣਾਅ ਨਹੀਂ ਬਣਿਆ ਤੇ ਨਾ ਹੀ ਧਰਮ ਦੇ ਆਧਾਰਤ ਧਰੁਵੀਕਰਨ ਹੋਇਆ।

ਪਹਿਲਾਂ ਇਸ ਖੇਤਰ ਵਿਚ ਲਵ ਜੇਹਾਦ ਦੇ ਨਾਂ ਹੇਠ ਹਿੰਦੂਤਵਵਾਦੀ ਸੰਗਠਨਾਂ ਨੂੰ ਸਰਗਰਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਫਿਰ ਹਲਦਵਾਨੀ ਦੇ ਕਮਾਲਵਾਗੰਜ ਵਿਚ ਇਕ ਮੁਸਲਿਮ ਵਿਅਕਤੀ ਉਤੇ ਗਊ ਨਾਲ ਗੈਰ ਕਾਨੂੰਨੀ ਦੁਸ਼ਕਰਮ ਦਾ ਫਰਜ਼ੀ ਮਾਮਲਾ ਦਰਜ ਕਰਵਾ ਪ੍ਰਚਾਰਿਆ। ਹਾਲਾਂਕਿ ਜਿਸ ਨੇ ਇਹ ਕੇਸ ਦਰਜ ਕਰਵਾਇਆ ਉਸ ਦਾ ਉਸ ਮੁਸਲਮਾਨ ਨਾਲ ਪੈਸਿਆਂ ਦਾ ਲੈਣ ਦੇਣ ਸੀ। ਮੁਸਲਮਾਨਾਂ ਨੂੰ ਬਦਨਾਮ ਕਰਨ ਹਿੱਤ ਇਹ ਕੇਸ ਉਭਾਰਿਆ। ਇਸ ਮਾਮਲੇ ਵਿਚ ਕਮਾਲਵਾਗੰਜ ਵਿਚ ਭਾਜਪਾਈ ਆਗੂ ਵਿਪਨ ਪਾਂਡੇ ਤੇ ਉਹਦੇ ਗੈਂਗ ਨੇ ਮੁਸਲਮਾਨਾਂ ਦੀਆਂ ਦੁਕਾਨਾਂ ਬੰਦ ਕਰਵਾਈਆਂ ਤੇ ਦਹਿਸ਼ਤ ਜਦਾ ਕੀਤਾ। ਪਿਛਲੇ ਸਮੇਂ 'ਚ ਧਾਰਚੂਲਾ ਕਸਬੇ ਵਿਚ ਵਿਚ ਕੁਝ ਬਾਹਰੀ ਤੱਤਾਂ ਨੇ ਮੁਸਲਮਾਨ ਫਿਰਕੇ ਦੇ ਵਿਰੁੱਧ ਇਕ ਭੜਕਾਊ ਕੱਢਿਆ ਇਹ ਖ਼ੁਦ ਨੂੰ ਹਿੰਦੂਵਾਦੀ ਸੰਗਠਨਾਂ ਦੇ ਕਾਰਕੁੰਨ ਦੱਸਦੇ ਸਨ। ਪਰ ਕਸਬੇ ਦੇ ਲੋਕ ਇਸ 'ਚ ਸ਼ਾਮਲ ਨਹੀਂ ਸਨ।

ਹਲਦਵਾਨੀ ਦੇ ਬਣਫੂਲਪੁਰਾ ਖੇਤਰ ਵਿਚ ਮੁਸਲਿਮ ਵੋਟਾਂ ਦੀ ਗਿਣਤੀ ਵਧੇਰੇ ਹੋਣ ਕਰਕੇ ਇਥੋਂ ਕਾਂਗਰਸੀ ਉਮੀਦਵਾਰ ਹੀ ਜਿੱਤਦਾ ਹੈ। ਭਾਜਪਾ ਦੀ ਵੋਟ ਫੀਸਦੀ ਬਹੁਤ ਘੱਟ ਹੈ। ਸੋ ਪਿਛਲੇਰੇ ਤਿੰਨ-ਚਾਰ ਸਾਲ ਤੋਂ ਬਣਫੂਲਪੁਰਾ ਦੀ ਜ਼ਮੀਨ ਨੂੰ ਰੇਲਵੇ ਦੀ ਮਾਲਕੀ ਵਾਲੀ ਜ਼ਮੀਨ ਕਹਿ ਕੇ ਇਥੋਂ ਮੁਸਲਿਮ ਆਬਾਦੀ ਨੂੰ ਦਹਿਸ਼ਤਜਦਾ ਕਰਕੇ ਤੇ ਉਜਾੜ ਕੇ ਖਿੰਡਾਉਣਾ ਵੀ ਰਾਜਨੀਤੀ ਦਾ ਇਕ ਹਿਸਾ ਹੈ। ਇਹ ਦੇਸ਼ ਵਿਚ ਵੱਖ ਵੱਖ ਥਾਵਾਂ ਉਤੇ ਜਿਵੇਂ ਯੋਜਨਾਬੱਧ ਤਰੀਕੇ ਨਾਲ ਮੁਸਲਮਾਨਾਂ ਉਤੇ ਹਮਲੇ ਹੋ ਰਹੇ ਹਨ, ਉਸੇ ਦੀ ਰਾਜਨੀਤੀ ਦਾ ਹਿਸਾ ਹੈ। ਮਲਿਕ ਜਿਸਦੇ ਬਗੀਚੇ ਭਾਵ ਮਾਲਕੀ ਵਾਲੇ ਖੇਤਰ ਉਤੇ ਬਣੀ ਮਸਜਿਦ ਮਦਰੱਸੇ ਨੂੰ ਢਾਹਿਆ ਗਿਆ ਹੈ ਇਕ ਸੰਪਨ ਮੁਸਲਮਾਨ ਹੈ ਜਿਸ ਦੀ ਰਾਜਨੀਤੀ ਸਵੀ ਵੀ ਹੈ। ਸ਼ਹਿਰ ਵਿਚ ਉਸਦੀ ਇਕ ਪੁਰਾਣੀ ਵੱਡੀ ਹਵੇਲੀਨੁਮਾ ਇਮਾਰਤ ਨੂੰ ਵੀ ਸੀਲ ਕੀਤਾ ਗਿਆ ਹੈ ਜਿਸ ਨੂੰ ਟੀਮ ਨੇ ਜਾਂਚ ਦੌਰਾਨ ਦੇਖਿਆ ਸੀ। ਮੌਜੂਦਾ ਹਿੰਸਾ ਦਾ ਦੋਸ਼ ਵੀ ਉਸ ਉਤੇ ਮੜ੍ਹਿਆ ਗਿਆ ਹੈ। ਹਾਲਾਂਕਿ ਘਟਨਾ ਤੋਂ ਦੋ ਦਿਨ ਪਹਿਲਾਂ ਉਹ ਆਪਣਾ ਕੇਸ ਹਾਈਕੋਰਟ ਤੋਂ ਪਿਛੋਂ ਸੁਪਰੀਮ ਕੋਰਟ ਵਿਚ ਦਰਜ ਕਰਨ ਲਈ ਵਕੀਲ ਪਾਸ ਦਿੱਲੀ ਗਿਆ ਸੀ।

**ਘਟਨਾ ਦਰਮਿਆਨ ਪੁਲਿਸ ਦਾ ਕਹਿਰ** : ਲੋਕਾਂ ਨੈ ਟੀਮ ਨੂੰ ਦੱਸਿਆ ਕਿ ਘਟਨਾ ਤੋਂ ਪਿਛੋਂ ਕਰਫਿਊ ਦਰਮਿਆਨ ਪੁਲਿਸ ਗੰਦੀਆਂ ਗਾਲਾਂ ਤੇ ਮੁਸਲਮਾਨਾਂ ਨੂੰ ਅਪਮਾਨਿਤ ਕਰਨ ਵਾਲੇ ਸ਼ਬਦਾਂ ਦਾ ਪ੍ਰਯੋਗ ਕਰਦੀ ਰਹੀ। ਇਕ ਦੂਸਰੇ ਘਰ ਤੋਂ ਖਾਣ ਪੀਣ ਲਈ ਲੋੜੀਂਦਾ ਸਾਮਾਨ ਦੇ ਲੈਣ ਦੇਣ ਤੱਕ ਦੀ ਮਨਾਹੀ ਸੀ। ਪੁਲਿਸ ਨੇ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਭੰਨੇ ਤੇ ਘਰਾਂ ਮੂਹਰੇ ਗਲੀਆਂ 'ਚ ਖਲੋਤੇ ਵਹੀਕਲ ਵੀ ਤੋੜੇ। ਘਰਾਂ ਵਿਚ ਅੰਦਰ ਵੜ ਕੇ ਲੋਕਾਂ ਦੀ ਕੁੱਟਮਾਰ ਕੀਤੀ ਵਿਸ਼ੇਸ਼ ਕਰਕੇ ਔਰਤਾਂ ਦੀ ਕੁੱਟ ਮਾਰ ਕੀਤੀ। ਇਸ 'ਚ ਬਜ਼ੁਰਗ ਔਰਤਾਂ ਨੂੰ ਵੀ ਨਹੀਂ ਬਖਸ਼ਿਆ। 70-70 ਸਾਲ ਦੀਆਂ ਔਰਤਾਂ ਨੇ ਰੋ ਰੋ ਕੇ ਆਪਣੀ ਵਿਥਿਆ ਟੀਮ ਨੂੰ ਦੱਸੀ ਤੇ ਨਾਲ ਹੀ ਇਹ ਵੀ ਕਿਹਾ ਕਿ ਉਨ੍ਹਾਂ ਦਾ ਨਾਮ ਨਾ ਲਿਖਿਆ ਜਾਵੇ। ਤੁਹਾਡੇ ਪਿਛੋਂ ਪੁਲਿਸ ਫਿਰ ਆ ਧਮਕੇਗੀ। ਪੁਲਿਸ ਨੇ ਘਰਾਂ 'ਚ ਟੀ.ਵੀ., ਫਰਿਜ਼, ਵਾਸ਼ਿੰਗ ਮਸ਼ੀਨ, ਸਿਲਾਈ ਮਸ਼ੀਨ, ਰਸੋਈ ਦਾ ਸਮਾਨ ਆਦਿ ਨੂੰ ਨੁਕਸਾਨ ਪਹੁੰਚਾਇਆ। ਕਈ ਘਰਾਂ 'ਚੋਂ ਸਿਲੰਡਰ ਵੀ ਚੁੱਕ ਕੇ ਲੈ ਗਏ। ਇਸ ਮਕਾਨ ਦੇ ਅੰਦਰ ਅੱਧ ਸੜੇ ਮਕਾਨ ਤੇ ਸਮਾਨ ਨੂੰ ਜਦੋਂ ਟੀਮ ਦੇਖ ਰਹੀ ਸੀ ਤਾਂ ਅੱਧ ਜਲੇ ਨੋਟਾਂ ਨੂੰ ਵੀ ਵੇਖਿਆ। ਭਾਵ ਉਨ੍ਹਾਂ ਦੇ ਜ਼ਰੂਰੀ ਕਾਗਜ਼ਾਤ ਅਤੇ ਬੱਚਤ ਦੇ ਰੁਪਏ ਵੀ ਸਾੜ ਦਿੱਤੇ ਗਏ।

ਇਸ ਦੌਰਾਨ ਵੱਡੀ ਗਿਣਤੀ 'ਚ ਲੋਕਾਂ ਨੂੰ ਹਿਰਾਸਤ ਵਿਚ ਲਿਆ ਅਤੇ ਦੰਗਿਆਂ ਦੇ ਨਾਂ ਹੇਠ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਜਿਸ ਦਿਨ ਟੀਮ (28 ਫਰਵਰੀ) ਉਸ ਖੇਤਰ ਦਾ ਦੌਰ ਕਰ ਰਹੀ ਸੀ ਇਕ ਨਾਲ ਦੇ ਮੁਹੱਲੇ ਵਿਚੋਂ ਪੰਜ ਛੇ ਔਰਤਾਂ ਨੂੰ ਪੁਲਿਸ ਚੁੱਕ ਕੇ ਥਾਣੇ ਲੈ ਗਈ ਸੀ। ਉਨ੍ਹਾਂ ਉਤੇ ਦੰਗਿਆਂ 'ਚ ਸ਼ਾਮਲ ਹੋਣ ਦਾ ਦੋਸ਼ ਸੀ। ਜਦੋਂਕਿ ਉਹ ਔਰਤਾਂ ਆਪਣੇ ਹੀ ਅੱਧ ਸੜੇ ਤੇ ਨੁਕਸਾਨੇ ਘਰਾਂ ਅੱਗੇ ਖਲੋਤੀਆਂ ਸਨ।

**ਆਮ ਲੋਕਾਂ ਦਾ ਰਵੱਈਆ-ਭਾਈਚਾਰਕ ਸਾਂਝ ਵਾਲਾ** : ਸ਼ਹਿਰ ਦੇ ਆਮ ਲੋਕਾਂ ਦਾ ਪ੍ਰਸ਼ਾਸਨ ਵਲੋਂ ਮੁਸਲਿਮ ਸਮੁਦਾਏ ਉਤੇ ਕੀਤੇ ਜਾ ਰਹੇ ਅਣਮਨੁੱਖੀ ਵਿਉਹਾਰ ਪ੍ਰਤੀ ਰਵੱਈਆ ਹਮਦਰਦੀ ਵਾਲਾ ਹੀ ਸੀ। ਗੌਲਾ ਪਾਰ, ਚੋਰ ਗਲੀਆਂ (ਇਹ ਖੇਤਰ ਬਣਫੂਲਪੁਰਾ ਦੇ ਪੂਰਬ ਵੱਲ ਗੌਲਾ ਨਦੀ ਤੋਂ ਪਾਰਲੇ ਇਲਾਕੇ ਹਨ) ਤੋਂ ਲੈ ਕੇ ਹਲਦਵਾਨੀ ਦੇ ਲੋਕਾਂ ਨੇ ਕਰਫਿਊ ਦੌਰਾਨ ਰਾਸ਼ਨ ਅਤੇ ਲੋੜੀਂਦੀਆਂ ਵਸਤੂਆਂ ਬਣਫੂਲਪੁਰਾ ਦੇ ਕਰਫਿਊ ਪ੍ਰਭਾਵਿਤ ਖੇਤਰ ਦੇ ਮੁਸਲਿਮ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ। ਵਪਾਰ ਮੰਡਲ ਦਾ ਇਕ ਵਫਦ ਵੀ ਅਧਿਕਾਰੀਆਂ ਨੂੰ ਮਿਲਿਆ ਅਤੇ ਮੁਸਲਿਮ ਦੁਕਾਨਦਾਰਾਂ ਨੂੰ ਦੁਕਾਨਾਂ ਖੋਲ੍ਹਣ ਦੀ ਮੰਗ ਕੀਤੀ। ਪ੍ਰਸ਼ਾਸਨ ਤੇ ਪੁਲਿਸ ਨੇ ਉਨ੍ਹਾਂ ਉਤੇ 'ਦੰਗਾਈਆਂ' ਦੀ ਮਦਦ ਕਰਨ ਦਾ ਦੋਸ਼ ਲਾਇਆ। ਇਹ ਲੋਕਾਂ ਉਤੇ ਮੁਸੀਬਤ ਸਮੇਂ ਭਾਈਚਾਰਕ ਸਾਂਝ ਵਾਲਾ ਸੀ। ਜਿਹੜਾ ਪਿਛੋਂ ਵੀ ਚਲਦਾ ਰਿਹਾ। ਰਾਹਤ ਇਕੱਠੀ ਕਰ ਰਹੀਆਂ ਟੀਮਾਂ ਨੂੰ ਹਲਦਵਾਨੀ ਦੇ ਲੋਕਾਂ ਨੇ ਬਿਨਾਂ ਕਿਸੇ ਧਾਰਮਿਕ ਵਿਤਕਰੇ ਤੋਂ ਖੁੱਲ੍ਹੀ ਮਦਦ ਦਿੱਤੀ।

ਉਤਰਾਂਚਲ ਦੀਪ ਵਿਚ ਕੰਮ ਕਰਨ ਵਾਲੇ ਸਲੀਮ ਖਾਨ ਦੀ ਪਤਨੀ ਨੇ ਦੱਸਿਆ ਕਿ 10 ਫਰਵਰੀ ਨੂੰ ਦੁਪਹਿਰ 20-25 ਪੁਲਿਸ ਵਾਲੇ ਉਨ੍ਹਾਂ ਦੇ ਘਰ ਵਿਚ ਦਰਵਾਜ਼ਾ ਤੋੜ ਕੇ ਅੰਦਰ ਆ ਗਏ। ਉਹਦਾ ਪਤੀ ਘਰ ਵਿਚ ਨਹੀਂ ਸੀ। ਘਰ ਵਿਚ ਸਿਰਫ਼ ਔਰਤਾਂ ਹੀ ਸਨ। ਪੁਲਿਸ ਨੇ ਸਾਰਿਆਂ ਨੂੰ ਕੁੱਟਿਆ ਮਾਰਿਆ। ਗੰਦੀਆਂ ਗਾਲਾਂ ਦਿੱਤੀਆਂ ਅਤੇ ਸਮਾਨ ਦੀ ਭੰਨ ਤੋੜ ਕੀਤੀ। ਕੁੜੀਆਂ ਨੂੰ ਤੇ ਬੱਚਿਆਂ ਨੂੰ ਵੀ ਕੁੱਟਿਆ। ਉਹਦੀ ਭਰਜਾਈ ਦਾ ਹੱਥ ਤੋੜ ਦਿੱਤਾ। ਇਹੋ ਜਿਹੀ ਕਹਾਣੀ ਦਰਜਨਾਂ ਘਰਾਂ ਦੀ ਹੈ। ਪੁਲਿਸ ਦੀ ਦਹਿਸ਼ਤ ਕਰਕੇ ਬਹੁਤ ਸਰੇ ਮੁਸਲਿਮ ਪਰਿਵਰ ਘਰਾਂ ਨੂੰ ਜਿੰਦਰੇ ਲਾ ਕੇ ਨੇੜਲੇ ਕਸਬਿਆਂ 'ਚ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ ਸਨ। ਟੀਮ ਨੇ ਜਿੰਦਰੇ ਲੱਗੇ ਘਰਾਂ ਨੂੰ ਵੀ ਨੋਟ ਕੀਤਾ।

**ਮੀਡੀਆ ਦੀ ਭੂਮਿਕਾ** : ਮੀਡੀਆ ਦੀ ਭੂਮਿਕਾ ਦੋਹਾਂ ਤਰ੍ਹਾਂ ਦੀ ਰਹੀ। ਕੁਝ ਮੀਡੀਆ ਕਰਮੀਆਂ ਨੈ 8 ਫਰਵਰੀ ਦੀ ਘਟਨਾ ਨੂੰ ਪ੍ਰਸ਼ਾਸਨ ਦੀ ਗੈਰ ਜ਼ਰੂਰੀ ਤੇ ਹੁਲੜਬਾਜ਼ ਕਾਰਵਾਈ ਦੀ ਉਪਜ ਕਿਹਾ ਤੇ ਹਿੰਸਾ ਦਾ ਜ਼ਿੰਮੇਵਾਰ ਪੁਲਿਸ ਤੇ ਪ੍ਰਸ਼ਾਸਨ ਨੂੰ ਚਿੰਤਨ ਕੀਤਾ। ਉਨ੍ਹਾਂ ਇਸ ਨੂੰ ਉਕਸਾਵੇ ਦੀ ਕਾਰਵਾਈ ਕਿਹਾ। ਕੁਝ ਪੱਤਰਕਰਾਂ ਨੇ ਟੀਮ ਸਾਹਮਣੇ ਪ੍ਰਵਾਨ ਕੀਤਾ ਕਿ ਉਨ੍ਹਾਂ ਵਲੋਂ ਕੀਤੀ ਗਈ ਉਤੇਜਿਤ ਕਵਰੇਜ਼ ਅਤੇ ਵਰਤੀ ਗਈ ਫਿਰਕਾਪ੍ਰਸਤ ਭਾਸ਼ਾ ਦਰੁਸਤ ਨਹੀਂ ਸੀ। ਪੱਥਰਬਾਜ਼ੀ ਕਿਵੇਂ ਤੇ ਕਿਥੋਂ ਸ਼ੁਰੂ ਹੋਈ ਇਹਦੀ ਜਾਣਕਾਰੀ ਪੱਤਰਕਾਰਾਂ ਪਾਸੋਂ ਵੀ ਨਹੀਂ ਮਿਲੀ। ਉਨ੍ਹਾਂ ਦੋਹਾਂ ਧਿਰਾਂ ਆਮ ਲੋਕਾਂ ਅਤੇ ਪ੍ਰਸ਼ਾਸਨ ਤੇ ਪੁਲਿਸ ਵਲੋਂ ਪੱਥਰਬਾਜ਼ੀ ਕਰਦਿਆਂ ਵੇਖਿਆ ਸੀ। ਜ਼ਖ਼ਮੀ ਪੱਤਰਕਾਰਾਂ ਦੇ ਇਲਾਜ 'ਚ ਪ੍ਰਸ਼ਾਸਨ ਤੇ ਸਰਕਾਰ ਨੇ ਮਦਦ ਕੀਤੀ। ਮੋਟਰਸਾਈਕਲਾਂ ਦੇ ਨੁਕਸਾਨ ਦੇ ਨਾਂ ਮਾਤਰ ਮੁਆਵਜ਼ੇ ਹੀ ਮਿਲੇ।

ਇਸ ਘਟਨਾ ਪਿਛੋਂ ਦੇਸ਼ ਅਤੇ ਵਿਦੇਸ਼ ਦੇ ਪੱਤਰਕਾਰਾਂ ਨੇ ਕਰਫਿਊ ਦਰਮਿਆਨ ਇਸ ਖੇਤਰ ਦਾ ਦੌਰਾ ਕਰਕੇ ਘਟਨਾ ਦੀ ਰਿਪੋਰਟਿੰਗ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪ੍ਰਸ਼ਾਸਨ ਤੇ ਪੁਲਿਸ ਨੇ ਉਨ੍ਹਾਂ ਨੂੰ ਰੋਕਿਆ। ਇਸਮਤ ਆਰਾ ਨਾਂ ਦੀ ਪੱਤਰਕਾਰ ਜਿਹੜੀ ਸੋਸ਼ਲ ਮੀਡੀਆ ਦੇ 'ਐਕਸ' ਪਲੇਟਫਾਰਮ ਨਾਲ ਸੰਬੰਧਤ ਹੈ, ਨੇ ਬਣਫੂਲਪੁਰਾ ਦੀ ਇਕ ਔਰਤ ਦੀ ਪੀੜਤ ਵੇਦਨਾ ਦੀ ਕਹਾਣੀ ਦੀ ਵੀਡੀਓ ਸਾਂਝੀ ਕੀਤੀ ਤਾਂ ਉਸਨੂੰ ਉਤਰਾਖੰਡ ਦੀ ਪੁਲਿਸ ਦੇ ਦਬਾਅ ਹੇਠ ਇਹਨੂੰ ਵਾਪਸ ਲੈਣਾ ਪਿਆ।

ਇਸ ਜਾਂਚ ਦਲ ਨੇ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲਣ ਲਈ ਲਿਖਤੀ ਪੱਤਰ ਭੇਜਿਆ ਤੇ ਸਮਾਂ ਦੇਣ ਲਈ ਕਿਹਾ, ਪਰ ਉਨ੍ਹਾਂ ਵਾਰ-ਵਾਰ ਯਾਦ ਕਰਾਉਣ ਉਤੇ ਸਮਾਂ ਨਹੀਂ ਦਿੱਤਾ। ਬਣਫੂਲਪੁਰਾ ਥਾਣੇ ਦੇ ਕਰਮਚਾਰੀ ਅਤੇ ਮੁਖੀਆਂ ਦਾ ਵੀ ਜਵਾਬ ਸੀ ਕਿ ਇਸ ਮਾਮਲੇ ਵਿਚ ਕਪਤਾਨ ਜਾਂ ਸੀ.ਓ. ਹੀ ਦੇ ਸਕਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜਾਂਚ ਅਜੇ ਜਾਰੀ ਹੈ। (ਇਹ ਦੋ ਮਾਰਚ ਨੂੰ ਕਿਹਾ ਸੀ) ਘਟਨਾ ਯੋਜਨਾਬੱਧ ਸੀ ਜਾਂ ਨਹੀਂ। ਇਹ ਵੀ ਨਹੀਂ ਦਸ ਸਕਦੇ। ਇਹ ਹਿੰਸਾ ਕਿੰਨੀ ਦੇਰ ਚਲੀ ਇਹ ਵੀ ਨਹੀਂ ਦਸ ਸਕਦੇ। ਉਨ੍ਹਾਂ ਪ੍ਰਵਾਨ ਕੀਤਾ ਕਿ ਅਸੀਂ ਮੁਸਲਿਮ ਸਮੁਦਾਏ ਨੂੰ ਅਰੋਪੀ ਨਹੀਂ ਕਹਿ ਸਕਦੇ। ਉਨ੍ਹਾਂ ਇਹ ਵੀ ਪ੍ਰਵਾਨ ਕੀਤਾ ਕਿ ਕਈ ਮੁਸਲਿਮ ਪਰਿਵਾਰਾਂ ਨੇ ਪੁਲਿਸ ਕਰਮੀਆਂ ਦੀ ਹਿੰਸਾ ਦਰਮਿਆਨ ਮਦਦ ਕੀਤੀ। ਉਤੇਜਿਤ ਭੀੜ ਨੇ ਮਦਦ ਕਰਨ ਵਾਲਿਆਂ ਦੇ ਘਰਾਂ ਉਤੇ ਵੀ ਇੱਟਾਂ ਵੱਟੇ ਸੁੱਟੇ। ਸਥਾਨਕ ਪੁਲਿਸ ਦੇ ਕਰਮਚਾਰੀਆਂ ਨੇ ਇਹ ਵੀ ਪ੍ਰਵਾਨ ਕੀਤਾ ਕਿ ਔਰਤਾਂ ਪ੍ਰਦਰਸ਼ਨ ਸਮੇਂ ਤਾਂ ਹਾਜ਼ਰ ਸਨ ਪਰ ਅਗਜਨੀ ਵਿਚ ਸ਼ਾਮਲ ਨਹੀਂ ਸਨ। ਅਗਜਨੀ ਦੀਆਂ ਘਟਨਾਵਾਂ ਕਰਨ ਵਾਲੇ ਥਾਣੇ ਦੇ ਬਾਹਰ ਹੀ ਸਨ, ਅੰਦਰ ਨਹੀਂ ਆ ਸਕੇ। ਮਾਰੇ ਗਏ 7 ਬਣਫੂਲਪੁਰਾ ਵਸੀਆਂ ਵਲੋਂ ਕੋਈ ਵੀ ਮੁਕੱਦਮਾ ਦਰਜ ਨਹੀਂ ਕਰਵਾਇਆ ਗਿਆ। ਸਗੋਂ ਇਸ ਹਿੰਸਕ ਘਟਨਾਵਾਂ ਨੂੰ ਲੈ ਕੇ 100 ਤੋਂ ਵੱਧ ਬਣਫੂਲਪੁਰਾ ਵਾਸੀਆਂ ਉਤੇ ਵੱਖ-ਵੱਖ ਧਾਰਾਵਾਂ ਜਿਨ੍ਹਾਂ 'ਚ 147, 148, 149, 395, 323, 341, 342, 353, 427, 435, 436 ਦੇ ਤਹਿਤ ਅਤੇ ਉਤਰਾਖੰਡ ਲੋਕ ਸੰਪਤੀ ਨੁਕਸਾਨ ਪਹੁੰਚਾਊ ਕਾਨੂੰਨ ਦੀ ਧਾਰਾ 3 ਤੇ 4 ਹੇਠ, ਅਪਰਾਧਿਕ ਕਾਨੂੰਨ ਤਹਿਤ ਮੁਕੱਦਮੇ ਦਰਜ ਕੀਤੇ ਗਏ। ਹਾਈਕੋਰਟ ਦੇ ਆਦੇਸ਼ ਉਤੇ ਫਾਈਮ ਦੇ ਕਤਲ ਦੇ ਮਾਮਲੇ ਉਤੇ 9 ਮਈ ਨੂੰ ਦਿੱਤੇ ਆਦੇਸ਼ ਪਿਛੋਂ ਕਿਸ ਉਤੇ ਕਿਹੜੀਆਂ ਧਾਰਾਵਾਂ ਹੇਠ ਕੇਸ ਦਰਜ ਹੋਇਆ ਇਹ ਜਾਣਕਾਰੀ ਅਜੇ ਨਹੀਂ ਮਿਲੀ।

**ਸਿੱਟੇ** :

1. ਜਦੋਂ ਮਲਿਕ ਦਾ ਬਗੀਚਾ ਜਿਹਾ ਮਸਜਿਦ ਤੇ ਮਦਰੱਸਾ ਸੀ ਪੁਲਿਸ ਨੇ ਸੀਲ ਕਰ ਦਿੱਤਾ ਸੀ ਤੇ ਮਾਮਲਾ ਹਾਈਕੋਰਟ 'ਚ ਸੀ ਤਾਂ ਪ੍ਰਸ਼ਾਸਨ ਵਲੋਂ ਕੀਤੀ ਗਈ ਇਹ ਕਾਰਵਾਈ ਗੈਰ ਕਾਨੂੰਨੀ ਤੇ ਜ਼ਰੂਰੀ ਨਹੀਂ ਸੀ। ਇਹ ਉਕਸਾਵੇ ਵਾਲੀ ਕਾਰਵਾਈ ਸੀ।

2. ਸਵਾ ਸਾਲ ਪਹਿਲਾਂ ਹਾਈਕੋਰਟ ਨੇ ਇਸ ਖੇਤਰ ਦੀ ਜ਼ਮੀਨ ਦੇ ਵਿਵਾਦ ਸਮੇਂ ਜੋ ਰੇਲਵੇ ਦੇ ਦਾਅਵੇ ਦੇ ਸੰਬੰਧ ਵਿਚ ਸੀ, ਫੈਸਲਾ ਦਿੱਤਾ ਸੀ ਕਿ ਇਹ ਜ਼ਮੀਨ ਫਜ਼ੂਲ ਜ਼ਮੀਨ ਨਹੀਂ ਹੈ, ਨਾ ਹੀ ਇਸ ਉਤੇ ਨਗਰ ਨਿਗਮ ਦੀ ਮਾਲਕੀ ਵਾਲੀ ਹੈ। ਅਜਿਹੀ ਹਾਲਤ ਵਿਚ ਕਿਸੇ ਉਸਨੂੰ ਢਹਿ ਢੇਰੀ ਕਰਨ ਦਾ ਨਗਰ ਨਿਗਮ ਕੋਲ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

3. ਪ੍ਰਸ਼ਾਸਨ ਤੇ ਪੁਲਿਸ ਨੇ ਖੁਫ਼ੀਆ ਵਿਭਾਗ ਦੀਆਂ ਰਿਪੋਰਟਾਂ ਨੂੰ ਦਰਕਿਨਾਰ ਕੀਤਾ।

4. ਥਾਣੇ ਦੇ ਬਾਹਰ ਅੱਗ ਲਾਉਣ ਵਾਲੇ ਤੇ ਭੰਨਤੋੜ ਕਰਨ ਵਾਲੇ ਬਣਫੂਲਪੁਰਾ ਵਾਸੀ ਨਹੀਂ ਸਨ ਸਗੋਂ ਅਸਮਾਜਿਕ ਤੱਤ ਸਨ। ਜਿਨ੍ਹਾਂ ਨੂੰ ਹਿੰਸਾ ਭੜਕਾਉਣ ਲਈ ਵਰਤਿਆ ਗਿਆ। ਇਹ ਬਾਹਰਲੇ ਖੇਤਰਾਂ ਵਿਚੋਂ ਸਨ।

5. ਕਰਫਿਊ ਲੱਗਣ ਤੋਂ ਪਹਿਲਾਂ ਗੋਲੀ ਚਲਾਉਣਾ ਇਹ ਇਕ ਜਾਂਚ ਦਾ ਮਾਮਲਾ ਹੈ।

6. ਕਰਫਿਊ ਤੇ ਵੇਖਦਿਆਂ ਹੀ ਗੋਲੀ ਮਾਰਨ ਦੇ ਆਦੇਸ਼ ਜਿਸ 'ਚ ਲੱਕ ਤੋਂ ਹੇਠ ਗੋਲੀ ਮਾਰਨ ਦਾ ਆਦੇਸ਼ ਹੈ, ਦੇ ਪ੍ਰੋਟੋਕਾਲ ਦੀ ਵੀ ਪਾਲਣਾ ਨਹੀਂ ਕੀਤੀ ਗਈ। ਜਿਸ ਨਾਲ ਬੇਗੁਨਾਹ ਲੋਕ ਮਾਰੇ ਗਏ ਤੇ ਜ਼ਖ਼ਮੀ ਹੋਏ।

7. ਕਰਫਿਊ ਤੇ ਗਸ਼ਤ ਦੌਰਾਨ ਜ਼ਬਰੀ ਘਰਾਂ ਵਿਚ ਦਰਵਾਜ਼ੇ ਭੰਨ ਕੇ ਦਾਖਲ ਹੋਣ ਤੇ ਉਨ੍ਹਾਂ ਨੂੰ ਕੁੱਟਣਾ ਮਾਰਨਾ ਇਕ ਦਹਿਸ਼ਤਜਦਾ ਕਰਨ ਦੀ ਕਾਰਵਾਈ ਹੈ।

8. ਪੁਲਿਸ ਫਾਇਰਿੰਗ ਨਾਲ ਮਰਨ ਵਾਲੇ ਪੀੜਤਾਂ ਤੇ ਜ਼ਖ਼ਮੀਆਂ ਨੂੰ ਸਹਾਇਤਾ ਤੇ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਸੀ ਜੋ ਨਹੀਂ ਨਿਭਾਈ। ਮੁੱਖ ਮੰਤਰੀ ਵਲੋਂ ਮ੍ਰਿਤਕ ਪਰਿਵਾਰਾਂ ਨੂੰ ਨਾਂ ਮਿਲਣਾ ਵੀ ਮੁਸਲਮਾਨਾਂ ਪ੍ਰਤੀ ਵਿਉਹਾਰ ਨੂੰ ਉਜਾਗਰ ਕਰਦਾ ਹੈ।

ਜਾਂਚ ਟੀਮ ਇਹ ਮੰਗ ਕਰਦੀ ਹੈ।

1. 8 ਫਰਵਰੀ ਦੀਆਂ ਬਣਫੂਲਪੁਰਾ 'ਚ ਵਾਪਰੀਆਂ ਘਟਨਾਵਾਂ ਦੀ ਜਾਂਚ ਤੇ ਪੁਲਿਸ ਦੀਆਂ ਵਧੀਕੀਆਂ ਦੀ ਜਾਂਚ ਹਾਈਕੋਰਟ ਦੀ ਨਿਗਰਾਨੀ ਹੇਠ ਨਿਆਂਇਕ ਜਾਂਚ ਹੋਵੇ ਤੇ ਦੋਸ਼ੀ ਅਧਿਕਾਰੀਆਂ ਉਤੇ ਸਖ਼ਤ ਕਾਰਵਾਈ ਹੋਵੇ।

2. ਪੁਲਿਸ ਗੋਲੀ ਨਾਲ ਜ਼ਖ਼ਮੀਆਂ ਨੂੰ ਪੰਜ ਪੰਜ ਲੱਖ ਤੇ ਮ੍ਰਿਤਕਾਂ ਨੂੰ 25-25 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ। ਮ੍ਰਿਤਕ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

3. ਬਣਫੂਲਪੁਰਾ ਦੇ ਲੋਕਾਂ ਦੇ ਘਰਾਂ ਵਿਚੋਂ ਹੋਈ ਲੁੱਟ ਮਾਰ ਤੇ ਭੰਨਤੋੜ ਤੇ ਅੱਗ ਲਾਉਣ ਨਾਲ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਜਾਂਚ ਟੀਮ ਵਿਚ ਡਾ. ਉਮਾ ਭੱਟੀ, ਬਸੰਤੀ ਪਾਠਕ, ਰਜਨੀ ਜੋਸ਼ੀ, ਹੀਰਾ ਜੰਗਪਾਂਗੀ, ਪ੍ਰੇਮ ਪ੍ਰਸ਼ਾਦ ਆਰੀਆ, ਡਾ. ਕੈਲਾਸ਼ ਪਾਂਡੇ, ਕੇ. ਕੇ. ਵੋਹਰਾ, ਮਹੇਸ਼, ਚੰਦਨ, ਰਈਸ, ਰਿਆਸਤ, ਰੋਹਿਤ, ਨਰਭਿੰਦਰ, ਨਸੀਮ ਤੇ ਹਬੀਬ ਸ਼ਾਮਲ ਸਨ।

ਇਹ ਜਾਂਚ ਦਲ ਨੇ – ਜਾਂਚ ਰਿਪੋਰਟ ਤੋਂ ਬਿਨਾਂ, ਪੀੜਤ ਪਰਿਵਾਰਾਂ ਤੇ ਕਰਫਿਊ ਦਰਮਿਆਨ ਰਾਹਤ ਸਮੱਗਰੀ ਦੇਣ ਅਤੇ ਇਸ ਲਈ ਸ਼ਹਿਰ ਵਿਚੋਂ ਸਮੱਗਰੀ ਇਕੱਠੀ ਕਰਨ ਦੀ ਭੂਮਿਕਾ ਵੀ ਨਿਭਾਈ। ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਇਲਾਵਾ ਭਾਈਚਾਰਕ ਸਦਭਾਵਨਾ ਮੁਹਿੰਮ ਦੀ ਚਲਾਈ ਜਿਸ ਵਲੋਂ ਇਕ ਕਨਵੈਸ਼ਨ ਵੀ ਕੀਤੀ ਗਈ ਜਿਸ ਵਿਚ ਪ੍ਰੋ. ਜਗਮੋਹਨ ਸਿੰਘ ਵੀ ਵਿਚਾਰ ਰੱਖਣੇ। ਇਹ ਟੀਮ ਕਾਨੂੰਨੀ ਕਾਰਵਾਈ ਵਿਚ ਵੀ ਸਹਿਯੋਗ ਦੇ ਰਹੀ ਹੈ ਅਤੇ ਪੀੜਤ ਪਰਿਵਾਰ ਦੇ ਨਾਲ ਤੇ ਬਣਫੂਲਪੁਰਾ ਮੁਹੱਲਿਆਂ ਵਿਚ ਤੇ ਸ਼ਹਿਰਾਂ ਵਿਚ ਭਾਈਚਾਰਕ ਏਕਤਾ ਦੀ ਮੁਹਿੰਮ ਵੀ ਚਲਾ ਰਹੀ ਹੈ।

# ਕਿਰਤੀਆਂ ਦੀ ਮੁਕਤੀ ਲਈ ਜੂਝਣ ਵਾਲਾ ਅਡੋਲ ਯੋਧਾ ਅਵਤਾਰ ਸਿੰਘ ਵਿਰਕ



ਲੁਧਿਆਣਾ ਦੇ ਮਜ਼ਦੂਰ ਅਤੇ ਇਨਕਲਾਬੀ ਜਮਹੂਰੀ ਹਲਕਿਆਂ ਵਿਚ ਜਾਣੀ-ਪਛਾਣੀ ਸ਼ਖ਼ਸੀਅਤ ਸਾਥੀ ਅਵਤਾਰ ਸਿੰਘ ਵਿਰਕ ਪਿਛਲੇ ਦਿਨੀ 19 ਜੂਨ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ ਪਿੰਡ ਬਰਾਮਕੇ (ਨੇੜੇ ਕੋਟ ਈਸੇ ਖਾਂ) ਜ਼ਿਲਾ ਮੋਗਾ ਦੇ ਕਿਸਾਨ ਪਰਿਵਾਰ ਵਿਚ ਹੋਇਆ ਜੋ ਦੇਸ਼ ਦੀ ਵੰਡ ਸਮੇਂ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੇ ਪਿੰਡ ਖਾਂਗਰ ਤੋਂ ਇੱਥੇ ਆ ਕੇ ਵਸਿਆ ਸੀ। ਸਾਥੀ ਨੇ ਲੱਗਭਗ 79 ਸਾਲ ਦੀ ਉਮਰ ਵਿੱਚੋਂ 50 ਸਾਲ ਤੋਂ ਵੱਧ ਸ਼ਾਨਾਮਤੀ ਜ਼ਿੰਦਗੀ ਇਨਕਲਾਬੀ ਲਹਿਰ ਦੇ ਲੇਖੇ ਲਾਈ। ਨਕਸਲੀ ਲਹਿਰ ਦੇ ਪ੍ਰਭਾਵ ਹੇਠ ਉਹ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਲੁਧਿਆਣਾ ਦੀ ਸਨਅਤ 'ਚ ਢਲਾਈ ਦਾ ਕੰਮ ਕਰਦਿਆਂ ਮਜ਼ਦੂਰਾਂ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ ਅਤੇ ਉਹ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੀ ਸਥਾਪਨਾ ਕਰਨ ਵਾਲਿਆਂ 'ਚ ਸ਼ੁਮਾਰ ਸਨ। ਉਹ ਉਸ ਸਮੇਂ ਮਜ਼ਦੂਰਾਂ ਦੇ ਹੱਕਾਂ ਲਈ ਲੜੇ ਗਏ ਰਾਧੇ ਰਮਨ ਤੇ ਔਰੇ ਵਰਗੇ ਇਤਿਹਾਸਕ ਸੰਘਰਸ਼ਾਂ ਵਿਚ ਡੱਟ ਕੇ ਲੜੇ। ਸ਼ਾਇਦ ਹੀ ਕੋਈ ਲੋਕਪੱਖੀ ਅੰਦੋਲਨ ਜਾਂ ਸਰਗਰਮੀ ਹੋਵੇਗੀ ਜਿਸ ਵਿਚ ਉਹ ਸ਼ਾਮਲ ਨਾ ਹੋਏ ਹੋਣ।

ਉਨ੍ਹਾਂ ਨੇ ਕ੍ਰਾਂਤੀਕਾਰੀ ਮਜ਼ਦੂਰ ਸੈਂਟਰ 'ਚ ਵੀ ਆਗੂ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਉਹ ਇਨਕਲਾਬੀ ਜਮਹੂਰੀ ਮੋਰਚੇ 'ਚ ਕੰਮ ਕਰਦਿਆਂ ਦਿੱਲੀ ਕਿਸਾਨ ਮੋਰਚੇ ਦੀ ਹਮਾਇਤ 'ਚ ਵੀ ਸ਼ਾਮਲ ਰਹੇ। ਉਹ ਨਾਲ ਦੀ ਨਾਲ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਵਿਜੈ ਨਰਾਇਣ) ਦੀ ਸਹਾਇਤਾ ਕਰਦੇ ਰਹੇ। ਉਹ ਪੰਜਾਬ ਜਮਹੂਰੀ ਮੋਰਚੇ ਨਾਲ ਜੁੜੇ ਹੋਏ ਸਨ ਅਤੇ ਆਪਣੇ ਅਖੀਰਲੇ ਸਮੇਂ 'ਚ ਉਹ ਇਨਕਲਾਬੀ ਮਜਦੂਰ ਕੇਂਦਰ ਦੀ ਵੀ ਸਹਾਇਤਾ ਕਰਦੇ ਰਹੇ।

ਜਿੱਥੇ ਉਹਨਾਂ ਨੇ ਸੰਘਰਸ਼ਸ਼ੀਲ ਯੋਧੇ ਵਾਲੀ ਜ਼ਿੰਦਗੀ ਬਤੀਤ ਕੀਤੀ ਉੱਥੇ ਵਿਚਾਰਧਾਰਕ-ਸਿਧਾਂਤਕ ਤੌਰ 'ਤੇ ਵੀ ਸੁਚੇਤ ਕਾਰਕੁਨ ਸਨ। ਉਹ ਅੰਤਮ ਦਿਨ ਤੱਕ ਵੀ ਕਦੇ ਸਵੈ ਸੰਤੁਸ਼ਟੀ ਦਾ ਸ਼ਿਕਾਰ ਨਹੀਂ ਹੋਏ । ਉਹ ਮਾਰਕਸਵਾਦ, ਲੇਨਿਨਵਾਦ ਤੇ ਮਾਓਵਾਦ ਦੇ ਧਾਰਨੀ ਸਨ। ਉਹ ਕਮਿਊਨਿਜ਼ਮ ਦੇ ਰਾਹਨੁਮਾਵਾਂ ਮਾਰਕਸ, ਏਂਗਲਜ਼, ਲੈਨਿਨ, ਸਟਾਲਿਨ, ਮਾਓ ਤੋਂ ਇਲਾਵਾ ਸ਼ਹੀਦ ਭਗਤ ਸਿੰਘ, ਬਾਬ ਅਵੇਕੀਅਨ ਤੇ ਹੋਰ ਸਿਧਾਂਤਕਾਰਾਂ ਦੀਆਂ ਲਿਖਤਾਂ ਨਿੱਠ ਕੇ ਪੜ੍ਹਦੇ ਸਨ ਅਤੇ ਵਿਚਾਰ-ਚਰਚਾਵਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਜਾਗਰੂਕ ਕਮਿਊਨਿਸਟ ਸਨ। ਆਪਣੇ ਅਖ਼ਰਲੇ ਸਮੇਂ ਵੀ ਉਹ ਏਂਗਲਜ਼ ਦੀ ਫਰਾਂਸ ਤੇ ਜਰਮਨ ਅੰਦਰ ਕਿਸਾਨੀ ਸੰਘਰਸ਼ ਤੇ ਜਰਮਨ ਅੰਦਰ ਇਨਕਲਾਬ ਤੇ ਉਲਟ ਇਨਕਲਾਬ ਲਿਖਤਾਂ ਪੜ੍ਹ ਰਹੇ ਸਨ।

ਉਨ੍ਹਾਂ ਦੀ ਸਪਸ਼ਟ ਸਮਝ ਸੀ ਕਿ ਭਾਰਤ 'ਚ ਇਨਕਲਾਬ ਤੋਂ ਬਿਨਾਂ ਮਜ਼ਦੂਰ ਜਮਾਤ ਅਤੇ ਹੋਰ ਦੱਬੇਕੁਚਲੇ ਕਿਰਤੀ ਲੋਕਾਂ ਦੀ ਮੁਕਤੀ ਸੰਭਵ ਨਹੀਂ ਹੈ। ਨਵ-ਜਮਹੂਰੀ ਇਨਕਲਾਬ ਕਰਨ ਲਈ ਮਜ਼ਦੂਰ ਜਮਾਤ ਦੀ ਪਾਰਟੀ ਦੀ ਅਗਵਾਈ ਹੇਠ ਜਨਤਕ ਆਧਾਰ ਵਾਲੀ ਇਨਕਲਾਬੀ ਬਗਾਵਤ ਹੀ ਇਸ ਲੋਟੂ ਪ੍ਰਬੰਧ ਨੂੰ ਖ਼ਤਮ ਕਰਕੇ ਮਨੁੱਖ ਦੇ ਜਿਊਣ ਯੋਗ ਸਮਾਜ ਦੀ ਸਿਰਜਣਾ ਕਰ ਸਕਦੀ ਹੈ। ਸਾਨੂੰ ਟਰੇਡ ਯੂਨੀਅਨ ਵਾਦ ਦਾ ਸ਼ਿਕਾਰ ਨਹੀ ਹੋਣਾ ਚਾਹੀਦਾ। ਉਹ ਸਾਂਝੇ ਮੋਰਚੇ ਦੀ ਨੀਤੀ ਤੇ ਇਨਕਲਾਬੀ ਵਿਚਾਰਧਾਰਕ ਸਿਖਿਆ ਰਾਹੀਂ ਮਿਹਨਤਕਸ਼ ਜਮਾਤਾਂ ਵਿੱਚੋਂ ਸਿਖਿਅਤ ਨੌਜਆਨਾ ਦੀਆਂ ਟੁਕੜੀਆਂ ਉਸਾਰਨ ਦੀ ਲੋੜ ਨੂੰ ਬੇਹੱਦ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ। ਉਸਨੇ ਦੇਹਾਂਤ ਤੋਂ ਪਹਿਲਾਂ ਇਨਕਲਾਬੀ ਮਜ਼ਦੂਰ ਕੇਂਦਰ ਦੇ ਸਾਥੀਆਂ ਨਾਲ ਕੋਲ ਆਪਣੀ ਪੁਰਜ਼ੋਰ ਇੱਛਾ ਪ੍ਰਗਟਾਈ ਸੀ ਕਿ ਮੇਰੀ ਜਾਇਦਾਦ, ਮੇਰਾ ਘਰ ਇਨਕਲਾਬੀ ਲਹਿਰ ਲਈ ਵਰਤਿਆ ਜਾਣਾ ਚਾਹੀਦਾ ਹੈ ਅਤੇ ਇੱਥੇ ਲਾਲ ਝੰਡਾ ਝੁੱਲਣਾ ਚਾਹੀਦਾ ਹੈ। ਇਹ ਘਰ ਮਜ਼ਦੂਰ ਜਮਾਤ ਲਈ ਗਿਆਨ ਦਾ ਸਾਧਨ ਬਣਨਾ ਚਾਹੀਦਾ ਹੈ। ਯਤਨ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਦੇ ਘਰ ਨੂੰ ਜਨਤਕ ਲਾਇਬ੍ਰੇਰੀ ਬਣਾਇਆ ਜਾਵੇ। ਉਹ ਅਕਸਰ ਹੀ ਇਹ ਇੱਛਾ ਪ੍ਰਗਟਾਉਂਦੇ ਸਨ ਮੌਤ ਉਪਰੰਤ ਉਨ੍ਹਾਂ ਦਾ ਮਿਰਤਕ ਸਰੀਰ ਕਿਸੇ ਹਸਪਤਾਲ ਲਈ ਖੋਜ ਕਾਰਜਾਂ ਵਜੋਂ ਦਾਨ ਕਰ ਦਿੱਤਾ ਜਾਵੇ। ਪਰ ਅਚਾਨਕ ਦਿਲ ਦੇ ਦੌਰੇ ਕਾਰਨ 19 ਜੂਨ ਨੂੰ ਸ਼ਾਮ ਦੇ 4 ਵਜੇ ਲੁਧਿਆਣਾ ਦੇ ਨਿਊ ਸ਼ਿਮਲਾਪੁਰੀ ਇਲਾਵੇ ਦ ਸਤਿਗੁਰੂ ਨਗਰ ਵਿਖੇ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਨੂੰ ਅੰਤਮ ਰਸਮਾਂ ਸੰਬੰਧੀ ਕੋਈ ਲਿਖਤੀ ਵਸੀਅਤ ਲਿਖਣ ਦਾ ਮੌਕਾ ਹੀ ਨਹੀਂ ਮਿਲਿਆ। ਇਸ ਕਾਰਨ ਉਨ੍ਹਾਂ ਦੇ ਸੰਗੀ-ਸਾਥੀ ਕੋਸ਼ਿਸ਼ ਕਰਨ ਦੇ ਬਾਵਜੂਦ ਉਨ੍ਹਾਂ ਦੀ ਇੱਛਾ ਅਨੁਸਾਰ ਮਿਤ੍ਰਕ ਦੇਹ ਖੋਜ ਕਾਰਜਾਂ ਲਈ ਨਹੀਂ ਦੇ ਸਕੇ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਪਿੰਡ ਲਿਜਾ ਕੇ ਰਵਾਇਤੀ ਤਰੀਕੇ ਨਾਲ ਉਨ੍ਹਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ।

ਉਨ੍ਹਾਂ ਦੇ ਸੰਗੀ-ਸਾਥੀਆਂ ਵੱਲੋਂ ਸ਼ਰਧਾਂਜਲੀ ਕਮੇਟੀ ਬਣਾ ਕੇ ਉਨ੍ਹਾਂ ਦਾ ਸਰਧਾਂਜਲੀ ਸਮਾਗਮ 30 ਜੂਨ ਦਿਨ ਐਤਵਾਰ ਨਿਊ ਸ਼ਿਮਲਾਪੁਰੀ ਇਲਾਕੇ ਵਿਚ ਕੀਤਾ ਗਿਆ। ਜਿੱਥੇ ਕਿਸਾਨ, ਮਜ਼ਦੂਰ ਤੇ ਹੋਰ ਲੋਕਪੱਖੀ ਜਥੇਬੰਦੀਆਂ ਦੇ ਆਗੂਆਂ ਤੇ ਸੰਗੀਸਾਥੀਆਂ ਵੱਲੋਂ ਉਨ੍ਹਾਂ ਦੇ ਯੋਗਦਾਨ ਨੂੰ ਚੇਤੇ ਕੀਤਾ ਗਿਆ ਅਤੇ ਉਨ੍ਹਾਂ ਦੀ ਸੰਘਰਸ਼ਸ਼ੀਲ ਜ਼ਿੰਦਗੀ ਨੂੰ ਸਲਾਮ ਕੀਤੀ ਗਈ।

# ਇਜ਼ਰਾਇਲ, ਖਾੜੀ ਅਤੇ ਮੱਧ ਪੂਰਬ 'ਚ ਅਮਰੀਕੀ ਸ਼ਕਤੀ

**ਐਡਮ ਹਨੀਹ**

ਫਰੇਮਿੰਗ ਫਲਸਤੀਨ: ਇਜ਼ਰਾਈਲ, ਖਾੜੀ ਰਾਜ ਅਤੇ ਮੱਧ ਪੂਰਬ ਵਿੱਚ ਅਮਰੀਕੀ ਸ਼ਕਤੀ ਐਡਮ ਹਨੀਹ ਪਿਛਲੇ ਸੱਤ ਮਹੀਨਿਆਂ ਵਿੱਚ, ਗਾਜ਼ਾ ਵਿੱਚ ਇਜ਼ਰਾਈਲ ਦੀ ਨਸਲਕੁਸ਼ੀ ਦੀ ਲੜਾਈ ਨੇ ਫਲਸਤੀਨ ਦੇ ਆਲੇ ਦੁਆਲੇ ਵਿਸ਼ਵਵਿਆਪੀ ਵਿਰੋਧ ਅਤੇ ਜਾਗਰੂਕਤਾ ਦੀ ਇੱਕ ਬੇਮਿਸਾਲ ਲਹਿਰ ਪੈਦਾ ਕੀਤੀ ਹੈ। ਲੱਖਾਂ ਲੋਕ ਸੜਕਾਂ 'ਤੇ ਆ ਗਏ ਹਨ, ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਵਿੱਚ ਡੇਰੇ ਪੈਦਾ ਹੋ ਗਏ ਹਨ, ਹਿੰਮਤੀ ਕਾਰਕੁਨਾਂ ਨੇ ਬੰਦਰਗਾਹਾਂ ਅਤੇ ਹਥਿਆਰਾਂ ਦੇ ਕਾਰਖਾਨਿਆਂ ਨੂੰ ਬੰਦ ਕਰ ਦਿੱਤਾ ਹੈ, ਅਤੇ ਇੱਕ ਡੂੰਘੀ ਮਾਨਤਾ ਹੈ ਕਿ ਇਜ਼ਰਾਈਲ ਦੇ ਵਿਰੁੱਧ ਬਾਈਕਾਟ, ਵੰਡ ਅਤੇ ਪਾਬੰਦੀਆਂ ਦੀ ਇੱਕ ਵਿਸ਼ਵਵਿਆਪੀ ਮੁਹਿੰਮ ਹੁਣ ਤੋਂ ਵੱਧ ਹੈ। ਕਦੇ ਵੀ ਵੱਧ ਮਹੱਤਵਪੂਰਨ ਹੈ. ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚ ਇਜ਼ਰਾਈਲ ਦੇ ਖਿਲਾਫ ਦੱਖਣੀ ਅਫ਼ਰੀਕਾ ਦੇ ਕੇਸ ਦੁਆਰਾ ਲਿਆਂਦੇ ਗਏ ਬਹੁਤ ਜ਼ਿਆਦਾ ਧਿਆਨ ਨਾਲ ਇਹਨਾਂ ਲੋਕ ਲਹਿਰਾਂ ਦੀ ਤਾਕਤ ਨੂੰ ਮਜ਼ਬੂਤ ਕੀਤਾ ਗਿਆ ਹੈ - ਇੱਕ ਅਜਿਹਾ ਕੇਸ ਜਿਸ ਨੇ ਨਾ ਸਿਰਫ਼ ਇਜ਼ਰਾਈਲੀ ਨਸਲਕੁਸ਼ੀ ਦੀ ਅਸਲੀਅਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੇਨਕਾਬ ਕੀਤਾ ਹੈ, ਸਗੋਂ ਇਸ ਨੇ ਇਸ ਦਾ ਪਰਦਾਫਾਸ਼ ਵੀ ਕੀਤਾ ਹੈ। ਗਾਜ਼ਾ ਪੱਟੀ ਅਤੇ ਇਸ ਤੋਂ ਬਾਹਰ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਸਮਰੱਥ ਬਣਾਉਣ ਵਿੱਚ ਪ੍ਰਮੁੱਖ ਪੱਛਮੀ ਰਾਜਾਂ ਦੀ ਅਣਗਹਿਲੀ। ਫਿਰ ਵੀ, ਫਲਸਤੀਨ ਦੇ ਨਾਲ ਏਕਤਾ ਵਿੱਚ ਇਸ ਵਿਸ਼ਵਵਿਆਪੀ ਉਭਾਰ ਦੇ ਬਾਵਜੂਦ, ਫਲਸਤੀਨ ਨੂੰ ਆਮ ਤੌਰ 'ਤੇ ਬਹਿਸ ਅਤੇ ਫਰੇਮ ਕੀਤੇ ਜਾਣ ਦੇ ਤਰੀਕੇ ਵਿੱਚ ਬਹੁਤ ਸਾਰੀਆਂ ਗਲਤ ਧਾਰਨਾਵਾਂ ਬਰਕਰਾਰ ਹਨ। ਬਹੁਤ ਵਾਰ, ਫਲਸਤੀਨੀ ਰਾਜਨੀਤੀ ਨੂੰ ਸਿਰਫ਼ ਇਜ਼ਰਾਈਲ, ਵੈਸਟ ਬੈਂਕ ਅਤੇ ਗਾਜ਼ਾ ਦੇ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ, ਮੱਧ ਪੂਰਬ ਦੀ ਵਿਆਪਕ ਖੇਤਰੀ ਗਤੀਸ਼ੀਲਤਾ ਅਤੇ ਵਿਸ਼ਵਵਿਆਪੀ ਸੰਦਰਭ ਜਿਸ ਵਿੱਚ ਇਜ਼ਰਾਈਲੀ ਬਸਤੀਵਾਦ ਕੰਮ ਕਰਦਾ ਹੈ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਸੇ ਤਰ੍ਹਾਂ, ਫਲਸਤੀਨ ਨਾਲ ਇਕਮੁੱਠਤਾ ਅਕਸਰ ਇਜ਼ਰਾਈਲ ਦੇ ਵੱਡੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅੰਤਰਰਾਸ਼ਟਰੀ ਕਾਨੂੰਨ ਦੀਆਂ ਲਗਾਤਾਰ ਉਲੰਘਣਾਵਾਂ ਦੇ ਸਵਾਲ ਤੱਕ ਸੀਮਿਤ ਹੁੰਦੀ ਹੈ - ਹੱਤਿਆਵਾਂ, ਗ੍ਰਿਫਤਾਰੀਆਂ ਅਤੇ ਬੇਦਖਲੀ ਜੋ ਫਲਸਤੀਨੀਆਂ ਨੇ ਲਗਭਗ ਅੱਠ ਦਹਾਕਿਆਂ ਤੋਂ ਅਨੁਭਵ ਕੀਤਾ ਹੈ। ਇਸ ਮਨੁੱਖੀ ਅਧਿਕਾਰਾਂ ਦੇ ਢਾਂਚੇ ਨਾਲ ਸਮੱਸਿਆ ਇਹ ਹੈ ਕਿ ਇਹ ਫਲਸਤੀਨੀ ਸੰਘਰਸ਼ ਦਾ ਸਿਆਸੀਕਰਨ ਕਰਦਾ ਹੈ, ਇਹ ਦੱਸਣ ਵਿੱਚ ਅਸਫਲ ਰਿਹਾ ਕਿ ਪੱਛਮੀ ਦੇਸ਼ ਇਜ਼ਰਾਈਲ ਦਾ ਇੰਨਾ ਸਪੱਸ਼ਟ ਸਮਰਥਨ ਕਿਉਂ ਕਰਨਾ ਜਾਰੀ ਰੱਖਦੇ ਹਨ। ਅਤੇ ਜਦੋਂ ਪੱਛਮੀ ਸਮਰਥਨ ਦਾ ਇਹ ਮਹੱਤਵਪੂਰਨ ਸਵਾਲ ਉਠਾਇਆ ਜਾਂਦਾ ਹੈ, ਤਾਂ ਬਹੁਤ ਸਾਰੇ ਇਸ ਦਾ ਕਾਰਨ ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਵਿੱਚ ਸਰਗਰਮ 'ਇਜ਼ਰਾਈਲ ਪੱਖੀ ਲਾਬੀ' ਨੂੰ ਦਿੰਦੇ ਹਨ - ਇੱਕ ਗਲਤ ਅਤੇ ਸਿਆਸੀ ਤੌਰ 'ਤੇ ਖਤਰਨਾਕ ਪਹੁੰਚ ਜੋ ਪੱਛਮੀ ਦੇਸ਼ਾਂ ਅਤੇ ਇਜ਼ਰਾਈਲ ਦੇ ਸਬੰਧਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਲੇਖ ਵਿੱਚ ਮੇਰਾ ਉਦੇਸ਼ ਫਲਸਤੀਨ ਨੂੰ ਸਮਝਣ ਲਈ ਇੱਕ ਵਿਕਲਪਿਕ ਪਹੁੰਚ ਪੇਸ਼ ਕਰਨਾ ਹੈ - ਇੱਕ ਵਿਆਪਕ ਖੇਤਰ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਸਾਡੇ ਜੈਵਿਕ ਬਾਲਣ-ਕੇਂਦ੍ਰਿਤ ਸੰਸਾਰ ਵਿੱਚ ਮੱਧ ਪੂਰਬ ਦੀ ਕੇਂਦਰੀ ਸਥਿਤੀ। ਮੇਰੀ ਮੁੱਖ ਦਲੀਲ ਇਹ ਹੈ ਕਿ ਇਜ਼ਰਾਈਲ ਲਈ ਅਮਰੀਕਾ ਅਤੇ ਵੱਡੇ ਯੂਰਪੀਅਨ ਰਾਜਾਂ ਦੇ ਸਪੱਸ਼ਟ




ਸਮਰਥਨ ਨੂੰ ਇਸ ਢਾਂਚੇ ਤੋਂ ਬਾਹਰ ਸਮਝਿਆ ਨਹੀਂ ਜਾ ਸਕਦਾ। ਇੱਕ ਕਬਜ਼ੇ ਵਾਲੀ ਬਸਤੀ ਦੇ ਰੂਪ ਵਿੱਚ, ਇਜ਼ਰਾਈਲ ਮੱਧ ਪੂਰਬ ਵਿੱਚ ਪੱਛਮੀ ਸਾਮਰਾਜਵਾਦੀ ਹਿੱਤਾਂ - ਖਾਸ ਤੌਰ 'ਤੇ ਅਮਰੀਕੀ ਹਿੱਤਾਂ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਰਿਹਾ ਹੈ। ਇਸ ਨੇ ਖੇਤਰ ਵਿੱਚ ਅਮਰੀਕੀ ਨਿਯੰਤਰਣ ਦੇ ਹੋਰ ਪ੍ਰਮੁੱਖ ਥੰਮ ?ਹਾਂ ਦੇ ਨਾਲ ਇਹ ਭੂਮਿਕਾ ਨਿਭਾਈ ਹੈ: ਤੇਲ ਨਾਲ ਭਰਪੂਰ ਖਾੜੀ ਅਰਬ ਰਾਜਸ਼ਾਹੀ, ਮੁੱਖ ਤੌਰ 'ਤੇ ਸਾਊਦੀ ਅਰਬ। ਖਾੜੀ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਤੇਜ਼ੀ ਨਾਲ ਵਿਕਸਤ ਹੋ ਰਹੇ ਸਬੰਧਾਂ ਨੂੰ ਮੌਜੂਦਾ ਪਲ ਨੂੰ ਸਮਝਣ ਲਈ ਜ਼ਰੂਰੀ ਹੈ, ਖਾਸ ਤੌਰ 'ਤੇ ਅਮਰੀਕੀ ਵਿਸ਼ਵ ਸ਼ਕਤੀ ਦੀ ਤੁਲਨਾਤਮਕ ਕਮਜ਼ੋਰੀ ਨੂੰ ਦੇਖਦੇ ਹੋਏ। ਦੋ ਵੱਡੀਆਂ ਗਲੋਬਲ ਤਬਦੀਲੀਆਂ ਨੇ ਦੂਜੇ ਵਿਸ਼ਵ ਯੁੱਧ ਤੋਂ ਤੁਰੰਤ ਬਾਅਦ ਦੇ ਸਾਲਾਂ ਵਿੱਚ ਬਦਲ ਰਹੀ ਵਿਸ਼ਵ ਵਿਵਸਥਾ ਨੂੰ ਪਰਿਭਾਸ਼ਿਤ ਕੀਤਾ।

**ਪਹਿਲਾ ਵਿਸ਼ਵ ਦੇ ਊਰਜਾ ਪ੍ਰਣਾਲੀਆਂ ਵਿੱਚ ਇੱਕ ਕ੍ਰਾਂਤੀ ਸੀ:** ਦੁਨੀਆ ਦੇ ਪ੍ਰਮੁੱਖ ਜੈਵਿਕ ਬਾਲਣ ਵਜੋਂ ਤੇਲ ਦਾ ਉਭਾਰ, ਜਿਸ ਨੇ ਪ੍ਰਮੁੱਖ ਉਦਯੋਗਿਕ ਅਰਥਚਾਰਿਆਂ ਵਿੱਚ ਕੋਲੇ ਅਤੇ ਹੋਰ ਊਰਜਾ ਸਰੋਤਾਂ ਨੂੰ ਉਜਾੜ ਦਿੱਤਾ। ਇਹ ਜੈਵਿਕ ਬਾਲਣ ਪਰਿਵਰਤਨ ਪਹਿਲਾਂ ਅਮਰੀਕਾ ਵਿੱਚ ਹੋਇਆ, ਜਿੱਥੇ ਤੇਲ ਦੀ ਖਪਤ 1950 ਦੇ ਦਹਾਕੇ ਵਿੱਚ ਕੋਲੇ ਤੋਂ ਵੱਧ ਗਈ, ਫਿਰ 1960 ਦੇ ਦਹਾਕੇ ਵਿੱਚ ਪੱਛਮੀ ਯੂਰਪ ਅਤੇ ਜਾਪਾਨ ਵਿੱਚ। ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪ੍ਰੇਸ਼ਨ ਐਂਡ ਡਿਵੈਲਪਮੈਂਟ ਵਿੱਚ ਨੁਮਾਇੰਦਗੀ ਕਰਨ ਵਾਲੇ ਸਾਰੇ ਅਮੀਰ ਦੇਸ਼ਾਂ ਵਿੱਚ, 1950 ਵਿੱਚ ਤੇਲ ਦੀ ਕੁੱਲ ਜੈਵਿਕ ਬਾਲਣ ਦੀ ਖਪਤ ਦਾ 28% ਤੋਂ ਘੱਟ ਹਿੱਸਾ ਸੀ; 1960 ਦੇ ਦਹਾਕੇ ਦੇ ਅਖੀਰ ਤੱਕ, ਇਸਦਾ ਹਿੱਸਾ ਬਹੁਗਿਣਤੀ ਬਣ ਗਿਆ ਸੀ। ਇਸਦੀ ਵਧੇਰੇ ਊਰਜਾ ਘਣਤਾ, ਰਸਾਇਣਕ ਲਚਕਤਾ ਅਤੇ ਆਸਾਨ ਆਵਾਜਾਈਯੋਗਤਾ ਦੇ ਨਾਲ, ਤੇਲ ਨੇ ਜੰਗ ਤੋਂ ਬਾਅਦ ਦੀ ਪੂੰਜੀਵਾਦ ਨੂੰ ਵਧਾਇਆ - ਜਿਸ ਨੇ ਬਹੁਤ ਸਾਰੀਆਂ ਨਵੀਆਂ ਤਕਨਾਲੋਜੀਆਂ, ਉਦਯੋਗਾਂ ਅਤੇ ਬੁਨਿਆਦੀ ਢਾਂਚੇ ਨੂੰ ਆਧਾਰ ਬਣਾਇਆ। ਇਹ ਉਸ ਦੀ ਸ਼ੁਰੂਆਤ ਸੀ ਜਿਸਨੂੰ ਵਿਗਿਆਨੀਆਂ ਨੇ ਬਾਅਦ ਵਿੱਚ 'ਮਹਾਨ ਪ੍ਰਵੇਗ' ਦੇ ਰੂਪ ਵਿੱਚ ਦਰਸਾਇਆ - 20 ਵੀਂ ਸਦੀ ਦੇ ਮੱਧ ਵਿੱਚ ਸ਼ੁਰੂ ਹੋਏ ਜੀਵਾਸ਼ਮ ਈਂਧਨ ਦੀ ਖਪਤ ਦਾ ਇੱਕ ਵਿਸ਼ਾਲ ਅਤੇ ਨਿਰੰਤਰ ਵਿਸਤਾਰ, ਅਤੇ ਜਿਸਨੇ ਜ਼ਰੂਰੀ ਤੌਰ 'ਤੇ ਅੱਜ ਦੀ ਜਲਵਾਯੂ ਸੰਕਟਕਾਲ ਨੂੰ ਜਨਮ ਦਿੱਤਾ ਹੈ।

**ਤੇਲ ਦੀ ਇਹ ਗਲੋਬਲ ਤਬਦੀਲੀ ਜੰਗ ਤੋਂ ਬਾਅਦ ਦੀ ਦੂਜੀ ਵੱਡੀ ਤਬਦੀਲੀ ਨਾਲ ਨਜ਼ਦੀਕੀ ਤੌਰ 'ਤੇ ਜੁੜੀ ਹੋਈ ਸੀ:** ਪ੍ਰਮੁੱਖ ਆਰਥਿਕ ਅਤੇ ਰਾਜਨੀਤਿਕ ਸ਼ਕਤੀ ਵਜੋਂ ਅਮਰੀਕਾ ਦਾ ਏਕੀਕਰਨ। ਅਮਰੀਕਾ ਦਾ ਆਰਥਿਕ ਉਭਾਰ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਸ਼ੁਰੂ ਹੋ ਗਿਆ ਸੀ, ਪਰ ਇਹ ਦੂਜਾ ਵਿਸ਼ਵ ਯੁੱਧ ਸੀ ਜਿਸ ਨੇ ਅਮਰੀਕਾ ਦੇ ਨਿਸ਼ਚਿਤ ਉਭਾਰ ਨੂੰ ਵਿਸ਼ਵ ਪੂੰਜੀਵਾਦ ਵਿੱਚ ਸਭ ਤੋਂ ਵੱਧ ਗਤੀਸ਼ੀਲ ਸ਼ਕਤੀ ਵਜੋਂ ਦਰਸਾਇਆ, ਜਿਸਦਾ ਮੁਕਾਬਲਾ ਸਿਰਫ਼ ਸੋਵੀਅਤ ਯੂਨੀਅਨ ਅਤੇ ਉਸਦੇ ਸਹਿਯੋਗੀਆਂ ਦੁਆਰਾ ਕੀਤਾ ਗਿਆ ਸੀ। ਯੁੱਧ ਦੌਰਾਨ ਪੱਛਮੀ ਯੂਰਪ ਦੀ ਤਬਾਹੀ, ਅਤੇ ਨਾਲ ਹੀ ਅਖੌਤੀ ਤੀਜੀ ਦੁਨੀਆਂ ਦੇ ਬਹੁਤ ਸਾਰੇ ਹਿੱਸੇ ਉੱਤੇ ਯੂਰਪੀ ਬਸਤੀਵਾਦੀ ਸ਼ਾਸਨ ਦੇ ਕਮਜ਼ੋਰ ਹੋਣ ਨਾਲ ਅਮਰੀਕੀ ਸ਼ਕਤੀ ਦੇ ਉਭਾਰ ਦਾ ਕਾਰਨ ਬਣਿਆ।

**ਦਾਗ ਨੇ ਖੇਤਰੀ ਪ੍ਰਬੰਧਾਂ ਵਿੱਚ ਇੱਕ ਵੱਡੀ ਤਬਦੀਲੀ ਦਾ ਪ੍ਰਦਰਸ਼ਨ ਵੀ ਕੀਤਾ:** ਜਦੋਂ ਕਿ ਬ੍ਰਿਟੇਨ ਨੇ ਤਖ਼ਤਾ ਪਲਟ ਵਿੱਚ ਇੱਕ ਮੁੱਖ ਭੂਮਿਕਾ ਨਿਭਾਈ, ਇਹ ਅਮਰੀਕਾ ਸੀ ਜਿਸਨੇ ਆਪ੍ਰੇਸ਼ਨ ਦੀ ਯੋਜਨਾ ਬਣਾਉਣ ਅਤੇ ਇਸਨੂੰ ਲਾਗੂ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ। ਇਹ ਪਹਿਲੀ ਵਾਰ ਸੀ ਜਦੋਂ ਯੂਐਸ ਸਰਕਾਰ ਨੇ ਸ਼ਾਂਤੀ ਦੇ ਸਮੇਂ ਵਿੱਚ ਇੱਕ ਵਿਦੇਸ਼ੀ ਸ਼ਾਸਕ ਨੂੰ ਬਰਖਾਸਤ ਕੀਤਾ ਸੀ, ਅਤੇ ਤਖਤਾਪਲਟ ਵਿੱਚ ਸੀਆਈਏ ਦੀ ਸ਼ਮੂਲੀਅਤ ਬਾਅਦ ਵਿੱਚ ਅਮਰੀਕੀ ਦਖਲਅੰਦਾਜ਼ੀ ਦਾ ਇੱਕ ਮਹੱਤਵਪੂਰਨ ਪੂਰਵ-ਸੂਚਕ ਸੀ, ਜਿਵੇਂ ਕਿ ਗੁਆਟੇਮਾਲਾ ਵਿੱਚ 1954 ਦਾ ਤਖਤਾ ਪਲਟ ਅਤੇ 1973 ਵਿੱਚ ਚਿਲੀ ਵਿੱਚ ਸਲਵਾਡੋਰ ਐਲੇਂਡੇ ਦਾ ਤਖਤਾ ਪਲਟਣਾ। ਇਹ ਇਸ ਸੰਦਰਭ ਵਿੱਚ ਸੀ ਕਿ ਇਜ਼ਰਾਈਲ ਖੇਤਰ ਵਿੱਚ ਅਮਰੀਕੀ ਹਿੱਤਾਂ ਦੇ ਇੱਕ ਵੱਡੇ ਗੜ੍ਹ ਵਜੋਂ ਉੱਭਰਿਆ ਸੀ। ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ, ਬ੍ਰਿਟੇਨ ਫਲਸਤੀਨ ਦੇ ਜ਼ਯੋਨਿਸਟ ਬਸਤੀਵਾਦ ਦਾ ਇੱਕ ਵੱਡਾ ਸਮਰਥਕ ਸੀ ਅਤੇ 1948 ਵਿੱਚ ਇਜ਼ਰਾਈਲ ਦੀ ਸਥਾਪਨਾ ਤੋਂ ਬਾਅਦ, ਇਸ ਨੇ ਜ਼ੀਓਨਿਸਟ ਰਾਜ-ਨਿਰਮਾਣ ਪ੍ਰੋਜੈਕਟ ਦਾ ਸਮਰਥਨ ਕਰਨਾ ਜਾਰੀ ਰੱਖਿਆ। ਪਰ ਜਿਵੇਂ ਕਿ ਸੰਯੁਕਤ ਰਾਜ ਨੇ ਯੁੱਧ ਤੋਂ ਬਾਅਦ ਦੇ ਸਮੇਂ ਵਿੱਚ ਮੱਧ ਪੂਰਬ ਵਿੱਚ ਬ੍ਰਿਟਿਸ਼ ਅਤੇ ਫਰਾਂਸੀਸੀ ਬਸਤੀਵਾਦੀ ਦਬਦਬੇ ਨੂੰ ਖਤਮ ਕੀਤਾ, ਇਜ਼ਰਾਈਲ ਲਈ ਅਮਰੀਕੀ ਸਮਰਥਨ ਇੱਕ ਨਵੇਂ ਖੇਤਰੀ ਸੁਰੱਖਿਆ ਵਿਵਸਥਾ ਦੇ ਮੁੱਖ ਅਧਾਰ ਵਜੋਂ ਉਭਰਿਆ। ਅਹਿਮ ਮੋੜ ਇਜ਼ਰਾਈਲ ਅਤੇ ਵੱਡੇ ਅਰਬ ਰਾਜਾਂ ਵਿਚਕਾਰ 1967 ਦੀ ਲੜਾਈ ਸੀ, ਜਿਸ ਵਿੱਚ ਇਜ਼ਰਾਈਲੀ ਫੌਜਾਂ ਨੇ ਮਿਸਰ ਅਤੇ ਸੀਰੀਆ ਦੀਆਂ ਹਵਾਈ ਫੌਜਾਂ ਨੂੰ ਤਬਾਹ ਕਰ ਦਿੱਤਾ ਅਤੇ ਵੈਸਟ ਬੈਂਕ ਅਤੇ ਗਾਜ਼ਾ ਪੱਟੀ, (ਮਿਸਰ) ਸਿਨਾਈ ਪ੍ਰਾਇਦੀਪ ਅਤੇ (ਸੀਰੀਅਨ) ਗੋਲਾਨ ਹਾਈਟਸ ਉੱਤੇ ਕਬਜ਼ਾ ਕਰ ਲਿਆ। ਇਜ਼ਰਾਈਲ ਦੀ ਜਿੱਤ ਨੇ ਅਰਬ ਏਕਤਾ, ਰਾਸ਼ਟਰੀ ਸੁਤੰਤਰਤਾ ਅਤੇ ਬਸਤੀਵਾਦ ਵਿਰੋਧੀ ਵਿਰੋਧ ਦੀਆਂ ਲਹਿਰਾਂ ਨੂੰ ਚਕਨਾਚੂਰ ਕਰ ਦਿੱਤਾ ਜੋ ਨਸੇਰ ਦੇ ਮਿਸਰ ਵਿੱਚ ਸਭ ਤੋਂ ਤੇਜ਼ੀ ਨਾਲ ਉਭਰੀਆਂ ਸਨ। ਇਸਨੇ ਯੂਨਾਈਟਿਡ ਸਟੇਟਸ ਨੂੰ ਬ੍ਰਿਟੇਨ ਦੀ ਬਜਾਏ ਦੇਸ਼ ਦਾ ਮੁੱਖ ਰੱਖਿਅਕ ਬਣਨ ਲਈ ਵੀ ਉਤਸ਼ਾਹਿਤ ਕੀਤਾ। ਉਸ ਪਲ ਤੋਂ, ਅਮਰੀਕਾ ਨੇ ਇਜ਼ਰਾਈਲ ਨੂੰ ਹਰ ਸਾਲ ਅਰਬਾਂ ਡਾਲਰ ਦੇ ਫੌਜੀ ਹਾਰਡਵੇਅਰ ਅਤੇ ਵਿੱਤੀ ਸਹਾਇਤਾ ਦੀ ਸਪਲਾਈ ਕਰਨੀ ਸ਼ੁਰੂ ਕਰ ਦਿੱਤੀ। 1967 ਦੀ ਜੰਗ ਨੇ ਦਿਖਾਇਆ ਕਿ ਇਜ਼ਰਾਈਲ ਇੱਕ ਸ਼ਕਤੀਸ਼ਾਲੀ ਤਾਕਤ ਹੈ ਜਿਸਦੀ ਵਰਤੋਂ ਖੇਤਰ ਵਿੱਚ ਅਮਰੀਕੀ ਹਿੱਤਾਂ ਲਈ ਕਿਸੇ ਵੀ ਖਤਰੇ ਵਿਰੁੱਧ ਕੀਤੀ ਜਾ ਸਕਦੀ ਹੈ। ਪਰ ਇੱਕ ਮਹੱਤਵਪੂਰਨ ਪਹਿਲੂ ਹੈ ਜਿਸਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ: ਅਮਰੀਕੀ ਸ਼ਕਤੀ ਦਾ ਸਮਰਥਨ ਕਰਨ ਵਿੱਚ ਇਜ਼ਰਾਈਲ ਦਾ ਵਿਸ਼ੇਸ਼ ਸਥਾਨ ਸਿੱਧੇ ਤੌਰ 'ਤੇ ਫਿਲਸਤੀਨੀ ਆਬਾਦੀ ਦੇ ਨਿਰੰਤਰ ਵਿਸਥਾਪਨ ਦੇ ਅਧਾਰ 'ਤੇ ਇੱਕ ਵਸਨੀਕ ਬਸਤੀ ਦੇ ਰੂਪ ਵਿੱਚ ਇਸਦੇ ਅੰਦਰੂਨੀ ਚਰਿੱਤਰ ਨਾਲ ਜੁੜਿਆ ਹੋਇਆ ਹੈ। ਵਸਨੀਕ ਕਲੋਨੀਆਂ ਨੂੰ ਨਸਲੀ ਜ਼ੁਲਮ, ਜਮਾਤੀ ਸ਼ੋਸ਼ਣ ਅਤੇ ਬੇਦਖਲੀ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕਰਨਾ ਚਾਹੀਦਾ ਹੈ। ਨਤੀਜੇ ਵਜੋਂ, ਉਹ ਆਮ ਤੌਰ 'ਤੇ ਬਹੁਤ ਜ਼ਿਆਦਾ ਮਿਲਟਰੀਕ੍ਰਿਤ ਅਤੇ ਹਿੰਸਕ ਸਮਾਜ ਹੁੰਦੇ ਹਨ, ਜੋ ਬਾਹਰੀ ਸਮਰਥਨ 'ਤੇ ਨਿਰਭਰ ਹੁੰਦੇ ਹਨ, ਜੋ ਉਹਨਾਂ ਨੂੰ ਇੱਕ ਵਿਰੋਧੀ ਖੇਤਰੀ ਮਾਹੌਲ ਵਿੱਚ ਆਪਣੇ ਪਦਾਰਥਕ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਇਜਾਜ਼ਤ ਦਿੰਦੇ ਹਨ। ਅਜਿਹੇ ਸਮਾਜਾਂ ਵਿੱਚ, ਆਬਾਦੀ ਦਾ ਇੱਕ ਵੱਡਾ ਹਿੱਸਾ ਆਦਿਵਾਸੀ ਲੋਕਾਂ ਦੇ ਜ਼ੁਲਮ ਤੋਂ ਲਾਭ ਉਠਾਉਂਦਾ ਹੈ ਅਤੇ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਨਸਲੀ ਅਤੇ ਫੌਜੀ ਸ਼ਬਦਾਂ ਵਿੱਚ ਸਮਝਦਾ ਹੈ। ਇਸ ਕਾਰਨ ਕਰਕੇ, ਬਸਤੀਵਾਦੀ ਬਸਤੀਆਂ 'ਆਮ' ਗਾਹਕ ਰਾਜਾਂ ਨਾਲੋਂ ਪੱਛਮੀ ਸਾਮਰਾਜਵਾਦੀ ਹਿੱਤਾਂ ਦੀਆਂ ਵਧੇਰੇ ਭਰੋਸੇਮੰਦ ਭਾਈਵਾਲ ਹਨ। 2 ਇਹੀ ਕਾਰਨ ਹੈ ਕਿ ਬ੍ਰਿਟਿਸ਼ ਬਸਤੀਵਾਦ ਨੇ ਵੀਹਵੀਂ ਸਦੀ ਦੇ ਅਰੰਭ ਵਿੱਚ ਇੱਕ ਰਾਜਨੀਤਿਕ ਲਹਿਰ ਦੇ ਰੂਪ ਵਿੱਚ ਜ਼ੀਓਨਿਜ਼ਮ ਦਾ ਸਮਰਥਨ ਕੀਤਾ - ਅਤੇ ਇਹ ਕਾਰਨ ਹੈ ਕਿ ਅਮਰੀਕਾ ਨੇ ਇਜ਼ਰਾਈਲ ਨੂੰ ਅਪਣਾਇਆ। 1967 ਤੋਂ ਬਾਅਦ ਦਾ ਪਲ। ਬੇਸ਼ੱਕ, ਇਸਦਾ ਮਤਲਬ ਇਹ ਨਹੀਂ ਹੈ ਕਿ ਅਮਰੀਕਾ ਇਜ਼ਰਾਈਲ 'ਤੇ 'ਨਿਯੰਤਰਣ' ਕਰਦਾ ਹੈ, ਜਾਂ ਇਹ ਕਿ ਇਸ ਸਬੰਧ ਨੂੰ ਕਿਵੇਂ ਕਾਇਮ ਰੱਖਿਆ ਜਾਣਾ ਚਾਹੀਦਾ ਹੈ ਇਸ ਬਾਰੇ ਅਮਰੀਕਾ ਅਤੇ ਇਜ਼ਰਾਈਲੀ ਸਰਕਾਰਾਂ ਵਿਚਕਾਰ ਕਦੇ ਵੀ ਅਸਹਿਮਤੀ ਨਹੀਂ ਹੈ। ਪਰ ਇਜ਼ਰਾਈਲ ਦੀ ਯੁੱਧ, ਕਬਜ਼ੇ ਅਤੇ ਜ਼ੁਲਮ ਦੀ ਇੱਕ ਸਥਾਈ ਸਥਿਤੀ ਨੂੰ ਕਾਇਮ ਰੱਖਣ ਦੀ ਸਮਰੱਥਾ ਅਮਰੀਕੀ ਸਮਰਥਨ (ਦੋਵੇਂ ਪਦਾਰਥਕ ਅਤੇ ਰਾਜਨੀਤਿਕ) ਦੇ ਬਿਨਾਂ ਡੂੰਘੇ ਖਤਰੇ ਵਿੱਚ ਪੈ ਜਾਵੇਗੀ। ਬਦਲੇ ਵਿੱਚ, ਇਜ਼ਰਾਈਲ ਇੱਕ ਵਫ਼ਾਦਾਰ ਸਾਥੀ ਵਜੋਂ ਕੰਮ ਕਰਦਾ ਹੈ ਅਤੇ ਖੇਤਰ ਵਿੱਚ ਅਮਰੀਕੀ ਹਿੱਤਾਂ ਲਈ ਖਤਰੇ ਦੇ ਵਿਰੁੱਧ ਇੱਕ ਬਲਵਰਕ ਵਜੋਂ ਕੰਮ ਕਰਦਾ ਹੈ। ਇਜ਼ਰਾਈਲ ਨੇ ਵਿਸ਼ਵ ਭਰ ਵਿੱਚ ਦਮਨਕਾਰੀ ਅਮਰੀਕਾ-ਸਮਰਥਿਤ ਸ਼ਾਸਨ ਦਾ ਸਮਰਥਨ ਕਰਨ ਵਿੱਚ ਵਿਸ਼ਵ ਪੱਧਰ 'ਤੇ ਕੰਮ ਕੀਤਾ ਹੈ - ਨਸਲਵਾਦੀ ਦੱਖਣੀ ਅਫਰੀਕਾ ਤੋਂ ਲੈ ਕੇ ਲਾਤੀਨੀ ਅਮਰੀਕਾ ਵਿੱਚ ਫੌਜੀ ਤਾਨਾਸ਼ਾਹੀ ਤੱਕ। ਅਲੈਗਜ਼ੈਂਡਰ ਹੇਗ, ਰਿਚਰਡ ਨਿਕਸਨ ਦੇ ਅਧੀਨ ਅਮਰੀਕਾ ਦੇ ਵਿਦੇਸ਼ ਮੰਤਰੀ, ਨੇ ਇੱਕ ਵਾਰ ਇਸਨੂੰ ਸਪੱਸ਼ਟ ਤੌਰ 'ਤੇ ਕਿਹਾ: 'ਇਸਰਾਈਲ ਦੁਨੀਆ ਦਾ ਸਭ ਤੋਂ ਵੱਡਾ ਨਾ ਡੁੱਬਣ ਵਾਲਾ ਯੂਐਸ ਏਅਰਕ੍ਰਾਫਟ ਕੈਰੀਅਰ ਹੈ, ਇਸ ਵਿੱਚ ਇੱਕ ਵੀ ਅਮਰੀਕੀ ਸੈਨਿਕ ਨਹੀਂ ਹੈ, ਅਤੇ ਇਹ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖਤਰੇ ਵਿੱਚ ਸਥਿਤ ਹੈ। ਇੱਕ ਮਹੱਤਵਪੂਰਨ ਖੇਤਰ।' 3 ਇਜ਼ਰਾਈਲੀ ਰਾਜ ਦੇ ਅੰਦਰੂਨੀ ਚਰਿੱਤਰ ਅਤੇ ਅਮਰੀਕੀ ਸ਼ਕਤੀ ਵਿੱਚ ਇਸਦੀ ਵਿਸ਼ੇਸ਼ ਅਧਿਕਾਰ ਪ੍ਰਾਪਤ ਸਥਿਤੀ ਦੇ ਵਿਚਕਾਰ ਸਬੰਧ ਉਸ ਭੂਮਿਕਾ ਦੇ ਸਮਾਨ ਹੈ ਜੋ ਦੱਖਣੀ ਅਫ਼ਰੀਕੀ ਰੰਗਭੇਦ ਨੇ ਪੂਰੇ ਅਫ਼ਰੀਕੀ ਮਹਾਂਦੀਪ ਵਿੱਚ ਪੱਛਮੀ ਹਿੱਤਾਂ ਲਈ ਨਿਭਾਇਆ ਸੀ। ਦੱਖਣੀ ਅਫ਼ਰੀਕਾ ਦੇ ਰੰਗਭੇਦ ਅਤੇ ਇਜ਼ਰਾਈਲੀ ਰੰਗਭੇਦ



ਵਿਚਕਾਰ ਮਹੱਤਵਪੂਰਨ ਅੰਤਰ ਹਨ – ਦੇਸ਼ ਦੇ ਮਜ਼ਦੂਰ ਵਰਗ ਵਿੱਚ ਘੱਟ ਤੋਂ ਘੱਟ ਦੱਖਣੀ ਅਫ਼ਰੀਕੀ ਕਾਲਾ ਆਬਾਦੀ ਦਾ ਪ੍ਰਮੁੱਖ ਹਿੱਸਾ (ਇਜ਼ਰਾਈਲ ਵਿੱਚ ਫਲਸਤੀਨੀਆਂ ਦੇ ਉਲਟ) – ਪਰ ਵਸਣ ਵਾਲੇ ਬਸਤੀਆਂ ਦੇ ਰੂਪ ਵਿੱਚ, ਦੋਵਾਂ ਦੇਸ਼ਾਂ ਨੇ ਆਪਣੇ ਗੁਆਂਢ ਸ਼ੁਰੂ ਕੀਤੇ ਹਨ ਪੱਛਮੀ ਸ਼ਕਤੀ ਦੇ ਮੁੱਖ ਪ੍ਰਬੰਧਕੀ ਕੇਂਦਰਾਂ ਵਜੋਂ ਕੰਮ ਕਰਨਾ। ਜੇਕਰ ਅਸੀਂ ਦੱਖਣੀ ਅਫ਼ਰੀਕਾ ਦੇ ਨਸਲੀ ਵਿਤਕਰੇ ਲਈ ਪੱਛਮੀ ਸਮਰਥਨ ਦੇ ਇਤਿਹਾਸ ਦੀ ਜਾਂਚ ਕਰਦੇ ਹਾਂ, ਤਾਂ ਅਸੀਂ ਅੱਜ ਇਜ਼ਰਾਈਲ ਦੇ ਮਾਮਲੇ ਵਿੱਚ ਉਸੇ ਤਰ੍ਹਾਂ ਦੀ ਜਾਇਜ਼ਤਾ ਦੇਖਦੇ ਹਾਂ (ਅਤੇ ਅੰਤਰਰਾਸ਼ਟਰੀ ਪਾਬੰਦੀਆਂ ਲਗਾਉਣ ਅਤੇ ਵਿਰੋਧ ਅੰਦੋਲਨਾਂ ਨੂੰ ਅਪਰਾਧਿਕ ਬਣਾਉਣ ਲਈ ਉਸੇ ਤਰ੍ਹਾਂ ਦੀ ਵਰਤੋਂ ਦੀ ਕੋਸ਼ਿਸ਼)। ਇਹ ਸਮਾਨਤਾਵਾਂ ਖਾਸ ਵਿਅਕਤੀਆਂ ਦੀ ਭੂਮਿਕਾ ਤੱਕ ਫੈਲਦੀਆਂ ਹਨ। ਇਸਦੀ ਇੱਕ ਘੱਟ ਜਾਣੀ ਜਾਂਦੀ ਉਦਾਹਰਨ ਬਰਤਾਨੀਆ ਦੀ ਕੰਜ਼ਰਵੇਟਿਵ ਪਾਰਟੀ ਦੇ ਇੱਕ ਨੌਜਵਾਨ ਮੈਂਬਰ ਦੁਆਰਾ 1989 ਵਿੱਚ ਦੱਖਣੀ ਅਫ਼ਰੀਕਾ ਦਾ ਦੌਰਾ ਹੈ, ਜਿਸ ਦੌਰਾਨ ਉਸਨੇ ਦੱਖਣੀ ਅਫ਼ਰੀਕਾ ਉੱਤੇ ਅੰਤਰਰਾਸ਼ਟਰੀ ਪਾਬੰਦੀਆਂ ਦੇ ਵਿਰੁੱਧ ਦਲੀਲ ਦਿੱਤੀ ਅਤੇ ਦਲੀਲ ਦਿੱਤੀ ਕਿ ਬਰਤਾਨੀਆ ਨੂੰ ਰੰਗਭੇਦ ਸ਼ਾਸਨ ਦਾ ਸਮਰਥਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਦਹਾਕਿਆਂ ਬਾਅਦ, ਉਸ ਨੌਜਵਾਨ ਨੂੰ

ਇਹ ਵਿਸ਼ਵ ਨਿਰਮਾਣ ਉਤਪਾਦਨ ਦਾ 60% ਅਤੇ ਗਲੋਬਲ ਜੀਡੀਪੀ ਦਾ ਲਗਭਗ ਇੱਕ ਚੌਥਾਈ ਹਿੱਸਾ ਹੈ – ਅਤੇ ਵਿਸ਼ਵ ਦੀਆਂ ਚੋਟੀ ਦੀਆਂ 50 ਉਦਯੋਗਿਕ ਕਾਰਪੋਰੇਸ਼ਨਾਂ ਵਿੱਚੋਂ 42 ਅਮਰੀਕੀ ਸਨ। ਇਹ ਦੋ ਵਿਸ਼ਵਵਿਆਪੀ ਤਬਦੀਲੀਆਂ – ਤੇਲ ਵਿੱਚ ਤਬਦੀਲੀ ਅਤੇ ਅਮਰੀਕੀ ਸ਼ਕਤੀ ਦੇ ਉਭਾਰ – ਨੇ ਮੱਧ ਪੂਰਬ ’ਤੇ ਡੂੰਘਾ ਪ੍ਰਭਾਵ ਪਾਇਆ। ਇੱਕ ਪਾਸੇ, ਮੱਧ ਪੂਰਬ ਨੇ ਤੇਲ ਵੱਲ ਗਲੋਬਲ ਤਬਦੀਲੀ ਵਿੱਚ ਇੱਕ ਨਿਰਣਾਇਕ ਭੂਮਿਕਾ ਨਿਭਾਈ। ਇਸ ਖੇਤਰ ਵਿੱਚ ਤੇਲ ਦੀ ਭਰਪੂਰ ਸਪਲਾਈ ਸੀ, ਜੋ ਕਿ 1950 ਦੇ ਦਹਾਕੇ ਦੇ ਮੱਧ ਤੱਕ ਦੁਨੀਆ ਦੇ ਸਾਬਤ ਹੋਏ ਭੰਡਾਰਾਂ ਦਾ ਲਗਭਗ 40% ਸੀ। ਮੱਧ ਪੂਰਬ ਦਾ ਤੇਲ ਵੀ ਬਹੁਤ ਸਾਰੇ ਯੂਰਪੀਅਨ ਦੇਸ਼ਾਂ ਦੇ ਨੇੜੇ ਸਥਿਤ ਸੀ, ਅਤੇ ਇਸ ਦੇ ਉਤਪਾਦਨ ਦੀ ਲਾਗਤ ਦੁਨੀਆ ਦੇ ਹੋਰ ਕਿਤੇ ਵੀ ਤੇਲ ਪੈਦਾ ਕਰਨ ਦੀ ਲਾਗਤ ਨਾਲੋਂ ਬਹੁਤ ਘੱਟ ਸੀ। ਇਸ ਤਰ੍ਹਾਂ ਘੱਟ ਕੀਮਤ ਵਾਲੇ ਮੱਧ ਪੂਰਬ ਦੇ ਤੇਲ ਦੀ ਅਸੀਮਤ ਮਾਤਰਾ ਯੂਰਪ ਨੂੰ ਕੋਲੇ ਨਾਲੋਂ ਘੱਟ ਕੀਮਤਾਂ ’ਤੇ ਸਪਲਾਈ ਕੀਤੀ ਜਾ ਸਕਦੀ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਘਰੇਲੂ ਯੂਐਸ ਤੇਲ ਬਾਜ਼ਾਰ ਵਧਦੀ ਯੂਰਪੀਅਨ ਮੰਗ ਦੇ ਪ੍ਰਭਾਵਾਂ ਤੋਂ ਸੁਰੱਖਿਅਤ ਰਹੇ। ਮੱਧ ਪੂਰਬ ਨੂੰ ਯੂਰਪ ਦੇ ਤੇਲ ਦੀ ਸਪਲਾਈ ਦੀ ਰੀਡਾਇਰੈਕਸ਼ਨ ਇੱਕ ਕਮਾਲ ਦੀ ਤੇਜ਼ ਪ੍ਰਕਿਰਿਆ ਸੀ: 1947 ਅਤੇ 1960 ਦੇ ਵਿਚਕਾਰ, ਇਸ ਖੇਤਰ ਤੋਂ ਉਤਪੰਨ ਹੋਣ ਵਾਲੇ ਯੂਰਪ ਦੇ ਤੇਲ ਦਾ ਹਿੱਸਾ ਦੁੱਗਣਾ ਹੋ ਗਿਆ, 43% ਤੋਂ ਵੱਧ ਕੇ 85% ਹੋ ਗਿਆ। ਇਸ ਨੇ ਨਾ ਸਿਰਫ਼ ਨਵੇਂ ਉਦਯੋਗਾਂ (ਜਿਵੇਂ ਕਿ ਪੈਟਰੋਕੈਮੀਕਲਜ਼) ਦੇ ਉਭਾਰ ਨੂੰ ਸਮਰੱਥ ਬਣਾਇਆ, ਸਗੋਂ ਆਵਾਜਾਈ ਅਤੇ ਯੁੱਧ-ਨਿਰਮਾਣ ਦੇ ਨਵੇਂ ਰੂਪਾਂ ਨੂੰ ਵੀ ਜਨਮ ਦਿੱਤਾ। ਵਾਸਤਵ ਵਿੱਚ, ਮੱਧ ਪੂਰਬ ਤੋਂ ਬਿਨਾਂ, ਪੱਛਮੀ ਯੂਰਪ ਵਿੱਚ ਤੇਲ ਦੀ ਤਬਦੀਲੀ ਸ਼ਾਇਦ ਕਦੇ ਨਹੀਂ ਹੋਈ ਸੀ. ਮੱਧ ਪੂਰਬ ਦੇ ਜ਼ਿਆਦਾਤਰ ਤੇਲ ਭੰਡਾਰ ਖਾੜੀ ਖੇਤਰ, ਖਾਸ ਕਰਕੇ ਸਾਊਦੀ ਅਰਬ ਅਤੇ ਛੋਟੇ ਖਾੜੀ ਅਰਬ ਰਾਜਾਂ ਦੇ ਨਾਲ-ਨਾਲ ਈਰਾਨ ਅਤੇ ਇਰਾਕ ਵਿੱਚ ਕੇਂਦਰਿਤ ਹਨ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ, ਇਹਨਾਂ ਦੇਸ਼ਾਂ ਵਿੱਚ ਬ੍ਰਿਟਿਸ਼ ਦੁਆਰਾ ਸਮਰਥਿਤ ਪੂਰਨ ਰਾਜਸ਼ਾਹੀ ਦੁਆਰਾ ਸ਼ਾਸਨ ਕੀਤਾ ਗਿਆ ਸੀ (ਸਾਊਦੀ ਅਰਬ ਨੂੰ ਛੱਡ ਕੇ, ਜੋ ਕਿ ਬ੍ਰਿਟਿਸ਼ ਬਸਤੀਵਾਦ ਤੋਂ ਨਾਮਾਤਰ ਤੌਰ ’ਤੇ ਆਜ਼ਾਦ ਸੀ)। ਖਿੱਤੇ ਵਿੱਚ ਤੇਲ ਦਾ ਉਤਪਾਦਨ ਮੁੱਠੀ ਭਰ ਵੱਡੀਆਂ ਪੱਛਮੀ




ਤੇਲ ਫਰਮਾਂ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ, ਜੋ ਇਹਨਾਂ ਰਾਜਾਂ ਦੇ ਸ਼ਾਸਕਾਂ ਨੂੰ ਤੇਲ ਕੱਢਣ ਦੇ ਅਧਿਕਾਰ ਲਈ ਕਿਰਾਏ ਅਤੇ ਰਾਇਲਟੀ ਅਦਾ ਕਰਦੇ ਸਨ। ਇਹ ਤੇਲ ਕੰਪਨੀਆਂ ਲੰਬਕਾਰੀ ਤੌਰ ’ਤੇ ਏਕੀਕ੍ਰਿਤ ਸਨ, ਮਤਲਬ ਕਿ ਉਨ੍ਹਾਂ ਨੇ ਨਾ ਸਿਰਫ ਕੱਚੇ ਤੇਲ ਦੀ ਨਿਕਾਸੀ ਨੂੰ ਨਿਯੰਤਰਿਤ ਕੀਤਾ, ਬਲਕਿ ਦੁਨੀਆ ਭਰ ਵਿੱਚ ਤੇਲ ਦੀ ਰਿਫਾਈਨਿੰਗ, ਸ਼ਿਪਿੰਗ ਅਤੇ ਵਿਕਰੀ ਨੂੰ ਵੀ ਨਿਯੰਤਰਿਤ ਕੀਤਾ। ਇਹਨਾਂ ਫਰਮਾਂ ਦੀ ਸ਼ਕਤੀ ਬੇਅੰਤ ਸੀ, ਤੇਲ ਦੀ ਆਵਾਜਾਈ ਦੇ ਬੁਨਿਆਦੀ ਢਾਂਚੇ ਉੱਤੇ ਉਹਨਾਂ ਦੇ ਨਿਯੰਤਰਣ ਨੇ ਉਹਨਾਂ ਨੂੰ ਕਿਸੇ ਵੀ ਸੰਭਾਵੀ ਪ੍ਰਤੀਯੋਗੀ ਨੂੰ ਬਾਹਰ ਕੱਢਣ ਦੀ ਇਜਾਜ਼ਤ ਦਿੱਤੀ। ਤੇਲ ਉਦਯੋਗ ਵਿੱਚ ਮਲਕੀਅਤ ਦੀ ਇਕਾਗਰਤਾ ਕਿਸੇ ਵੀ ਹੋਰ ਉਦਯੋਗ ਵਿੱਚ ਦੇਖੀ ਗਈ ਨਾਲੋਂ ਵੱਧ ਸੀ; ਵਾਸਤਵ ਵਿੱਚ, ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ, ਯੂਐਸ ਅਤੇ ਯੂਐਸਐਸਆਰ ਤੋਂ ਬਾਹਰ ਦੁਨੀਆ ਦੇ ਸਾਰੇ ਤੇਲ ਭੰਡਾਰਾਂ ਦਾ 80% ਤੋਂ ਵੱਧ ਸਿਰਫ ਸੱਤ ਵੱਡੀਆਂ ਅਮਰੀਕੀ ਅਤੇ ਯੂਰਪੀਅਨ ਫਰਮਾਂ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ – ਅਖੌਤੀ ‘ਸੈਵਨ ਸਿਸਟਰਜ਼’। ਆਪਣੀ ਅਥਾਹ ਸ਼ਕਤੀ ਦੇ ਬਾਵਜੂਦ, ਜਿਵੇਂ ਕਿ ਮੱਧ ਪੂਰਬ 1950 ਅਤੇ 1960 ਦੇ ਦਹਾਕੇ ਵਿੱਚ ਵਿਸ਼ਵ ਤੇਲ ਬਾਜ਼ਾਰਾਂ ਦਾ ਕੇਂਦਰ ਬਣ ਗਿਆ, ਇਹਨਾਂ ਤੇਲ ਫਰਮਾਂ ਨੂੰ ਇੱਕ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਹ ਸਭ ਤੋਂ ਗੰਭੀਰਤਾ ਨਾਲ ਮਿਸਰ ਵਿੱਚ ਅਨੁਭਵ ਕੀਤਾ ਗਿਆ ਸੀ, ਜਿੱਥੇ ਬ੍ਰਿਟਿਸ਼ ਸਮਰਥਿਤ ਬਾਦਸ਼ਾਹ, ਕਿੰਗ ਫਾਰੂਕ ਨੂੰ 1952 ਵਿੱਚ ਇੱਕ ਪ੍ਰਸਿੱਧ ਫੌਜੀ ਅਧਿਕਾਰੀ, ਗਮਲ ਅਬਦੇਲ ਨਸੇਰ ਦੀ ਅਗਵਾਈ ਵਿੱਚ ਇੱਕ ਫੌਜੀ ਤਖਤਾਪਲਟ ਵਿੱਚ ਹਟਾ ਦਿੱਤਾ ਗਿਆ ਸੀ। ਨਾਸਰ ਦੇ ਸੱਤਾ ਵਿੱਚ ਆਉਣ ਨਾਲ ਮਿਸਰ ਤੋਂ ਬ੍ਰਿਟਿਸ਼ ਫੌਜਾਂ ਦੀ ਵਾਪਸੀ ਹੋਈ ਅਤੇ ਸੁਡਾਨ ਨੇ 1956 ਵਿੱਚ ਆਜ਼ਾਦੀ ਪ੍ਰਾਪਤ ਕੀਤੀ। ਮਿਸਰ ਦੀ ਨਵੀਂ ਪ੍ਰਾਪਤ ਕੀਤੀ ਪ੍ਰਭੂਸੱਤਾ ਨੂੰ 1956 ਵਿੱਚ ਬ੍ਰਿਟਿਸ਼/ਫਰੈਂਚ-ਨਿਯੰਤਰਿਤ ਸੁਏਜ਼ ਨਹਿਰ ਦੇ ਰਾਸ਼ਟਰੀਕਰਨ ਨਾਲ ਤਾਜ ਦਿੱਤਾ ਗਿਆ ਸੀ – ਇੱਕ ਅਜਿਹਾ ਕਦਮ ਜੋ ਪੂਰੇ ਮੱਧ ਪੂਰਬ ਵਿੱਚ ਲੱਖਾਂ ਲੋਕਾਂ ਦੁਆਰਾ ਮਨਾਇਆ ਗਿਆ ਅਤੇ ਇਸ ਤੋਂ ਬਾਅਦ ਬ੍ਰਿਟੇਨ, ਫਰਾਂਸ ਅਤੇ ਇਜ਼ਰਾਈਲ ਦੁਆਰਾ ਮਿਸਰ ਉੱਤੇ ਅਸਫਲ ਹਮਲੇ ਕੀਤੇ ਗਏ। ਜਦੋਂ ਨਸੇਰ ਨੇ ਇਹ ਕਦਮ ਚੁੱਕੇ, ਤਾਂ ਬਸਤੀਵਾਦ ਵਿਰੋਧੀ ਸੰਘਰਸ਼ ਇਸ ਖੇਤਰ ਵਿੱਚ ਹੋਰ ਕਿਤੇ ਵੱਧ ਰਹੇ ਸਨ, ਖਾਸ ਤੌਰ ’ਤੇ ਅਲਜੀਰੀਆ ਵਿੱਚ, ਜਿੱਥੇ 1954 ਵਿੱਚ ਫਰਾਂਸੀਸੀ ਕਬਜ਼ੇ ਦੇ ਵਿਰੁੱਧ ਆਜ਼ਾਦੀ ਦੀ ਇੱਕ ਗੁਰੀਲਾ ਜੰਗ ਸ਼ੁਰੂ ਕੀਤੀ ਗਈ ਸੀ। ਹਾਲਾਂਕਿ ਅੱਜ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਲੰਬੇ ਸਮੇਂ ਤੋਂ ਚੱਲ ਰਹੇ ਬਸਤੀਵਾਦੀ ਦਬਦਬੇ ਲਈ

ਇਹ ਖਤਰੇ ਖਾੜੀ ਦੇ ਤੇਲ-ਅਮੀਰ ਰਾਜਾਂ ਵਿੱਚ ਵੀ ਮਹਿਸੂਸ ਕੀਤੇ ਗਏ ਸਨ। ਸਾਊਦੀ ਅਰਬ ਅਤੇ ਛੋਟੀਆਂ ਖਾੜੀ ਰਾਜਸ਼ਾਹੀਆਂ ਵਿੱਚ ਨਾਸਰ ਲਈ ਸਮਰਥਨ ਮਜ਼ਬੂਤ ਸੀ ਅਤੇ ਵੱਖ-ਵੱਖ ਖੱਬੇਪੱਖੀ ਅੰਦੋਲਨਾਂ ਨੇ ਸੱਤਾਧਾਰੀ ਰਾਜਸ਼ਾਹੀਆਂ ਦੇ ਭ੍ਰਿਸ਼ਟ ਅਭਿਆਸਾਂ, ਭ੍ਰਿਸ਼ਟਾਚਾਰ ਅਤੇ ਪੱਛਮੀ-ਪੱਖੀ ਰੁਖ ਦਾ ਵਿਰੋਧ ਕੀਤਾ। ਇਸਦੇ ਸੰਭਾਵੀ ਨਤੀਜੇ ਗੁਆਂਢੀ ਦੇਸ਼ ਈਰਾਨ ਵਿੱਚ ਦੇਖੇ ਗਏ, ਜਿੱਥੇ ਇੱਕ ਪ੍ਰਸਿੱਧ ਰਾਸ਼ਟਰਵਾਦੀ ਨੇਤਾ, ਮੁਹੰਮਦ ਮੋਸਾਦੇਗ, 1951 ਵਿੱਚ ਸੱਤਾ ਵਿੱਚ ਆਇਆ। ਮੋਸਾਦੇਗ ਦੇ ਪਹਿਲੇ ਕੰਮਾਂ ਵਿੱਚੋਂ ਇੱਕ ਬ੍ਰਿਟਿਸ਼-ਨਿਯੰਤਰਿਤ ਤੇਲ ਕੰਪਨੀ, ਐਂਗਲੋ-ਈਰਾਨੀਅਨ ਆਇਲ ਕੰਪਨੀ (ਅੱਜ ਦੇ ਬੀਪੀ ਦੀ ਪੂਰਵਜ) ਨੂੰ ਮੱਧ ਪੂਰਬ ਵਿੱਚ ਤੇਲ ਦੇ ਪਹਿਲੇ ਰਾਸ਼ਟਰੀਕਰਨ ਵਿੱਚ ਹਾਸਲ ਕਰਨਾ ਸੀ। ਇਹ ਰਾਸ਼ਟਰੀਕਰਨ ਨੇੜਲੇ ਅਰਬ ਰਾਜਾਂ ਵਿੱਚ ਜ਼ੋਰਦਾਰ ਗੂੰਜਿਆ, ਜਿੱਥੇ ਆਮ ਬਸਤੀਵਾਦ ਵਿਰੋਧੀ ਭਾਵਨਾਵਾਂ ਦੇ ਵਿਚਕਾਰ ‘ਅਰਬ ਦਾ ਤੇਲ ਅਰਬਾਂ ਲਈ’ ਨਾਅਰਾ ਵਿਆਪਕ ਤੌਰ ’ਤੇ ਪ੍ਰਸਿੱਧ ਹੋ ਗਿਆ। ਈਰਾਨ ਦੇ ਤੇਲ ਦੇ ਰਾਸ਼ਟਰੀਕਰਨ ਦੇ ਜਵਾਬ ਵਿੱਚ, ਅਮਰੀਕੀ ਅਤੇ ਬ੍ਰਿਟਿਸ਼ ਖੁਫੀਆ ਅਧਿਕਾਰੀਆਂ ਨੇ 1953 ਵਿੱਚ ਮੋਸਾਦੇਗ ਦੇ ਖਿਲਾਫ ਇੱਕ ਤਖਤਾ ਪਲਟ ਦੀ ਸਾਜ਼ਿਸ਼ ਰਚੀ, ਜਿਸ ਨਾਲ ਈਰਾਨੀ ਸਮਰਾਟ ਮੁਹੰਮਦ ਰਜ਼ਾ ਸ਼ਾਹ ਪਹਿਲਵੀ ਦੀ ਵਫ਼ਾਦਾਰ ਪੱਛਮੀ-ਪੱਖੀ ਸਰਕਾਰ ਨੂੰ ਸੱਤਾ ਵਿੱਚ ਲਿਆਂਦਾ ਗਿਆ।

ਜ਼ਿਆਦਾਤਰ ਟੈਕਸਟਾਈਲ ਅਤੇ ਲਿਬਾਸ ਵਿੱਚ ਪੈਦਾ ਕੀਤੇ ਗਏ ਸਮਾਨ ਨੂੰ ਯੂਐਸ ਤੱਕ ਡਿਊਟੀ-ਮੁਕਤ ਪਹੁੰਚ ਦਿੱਤੀ ਗਈ ਸੀ, ਬਸ਼ਰਤੇ ਕਿ ਉਹਨਾਂ ਦੇ ਨਿਰਮਾਣ ਵਿੱਚ ਸ਼ਾਮਲ ਇਨਪੁਟਸ ਦਾ ਇੱਕ ਨਿਸ਼ਚਿਤ ਅਨੁਪਾਤ ਇਜ਼ਰਾਈਲ ਤੋਂ ਆਇਆ ਹੋਵੇ। QIZ ਨੇ ਇਜ਼ਰਾਈਲ, ਜਾਰਡਨ ਅਤੇ ਮਿਸਰੀ ਪੂੰਜੀ ਨੂੰ ਸੰਯੁਕਤ ਮਾਲਕੀ ਢਾਂਚੇ ਵਿੱਚ ਇੱਕਠੇ ਲਿਆਉਣ ਵਿੱਚ ਇੱਕ ਸ਼ੁਰੂਆਤੀ ਅਤੇ ਨਿਰਣਾਇਕ ਭੂਮਿਕਾ ਨਿਭਾਈ – ਦੋ ਅਰਬ ਦੇਸ਼ਾਂ ਦੇ ਗੁਆਂਢੀ ਇਜ਼ਰਾਈਲ ਵਿਚਕਾਰ ਆਰਥਿਕ ਸਬੰਧਾਂ ਨੂੰ ਆਮ ਬਣਾਉਣਾ। 2007 ਤੱਕ, ਯੂਐਸ ਸਰਕਾਰ ਰਿਪੋਰਟ ਕਰ ਰਹੀ ਸੀ ਕਿ ਅਮਰੀਕਾ ਨੂੰ ਜੌਰਡਨ ਦੇ 70% ਤੋਂ ਵੱਧ ਨਿਰਯਾਤ QIZ ਤੋਂ ਆਉਂਦੇ ਹਨ; ਮਿਸਰ ਲਈ, 2008 ਵਿੱਚ ਅਮਰੀਕਾ ਨੂੰ ਨਿਰਯਾਤ ਦਾ 30% QIZ.5 ਵਿੱਚ ਪੈਦਾ ਕੀਤਾ ਗਿਆ ਸੀ QIZ ਪ੍ਰੋਗਰਾਮ ਦੇ ਨਾਲ, ਅਮਰੀਕਾ ਨੇ 2003 ਵਿੱਚ ਮੱਧ ਪੂਰਬ ਮੁਕਤ ਵਪਾਰ ਖੇਤਰ (MEFTA) ਪਹਿਲਕਦਮੀ ਦਾ ਵੀ ਪ੍ਰਸਤਾਵ ਕੀਤਾ ਸੀ। MEFTA ਦਾ ਟੀਚਾ 2013 ਤੱਕ ਪੂਰੇ ਖੇਤਰ ਵਿੱਚ ਇੱਕ ਮੁਕਤ ਵਪਾਰ ਖੇਤਰ ਸਥਾਪਤ ਕਰਨਾ ਸੀ। ਅਮਰੀਕਾ ਦੀ ਰਣਨੀਤੀ ਛੇ-ਪੜਾਵੀ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ‘ਦੋਸਤਾਨਾ’ ਦੇਸ਼ਾਂ ਨਾਲ ਵਿਅਕਤੀਗਤ ਤੌਰ ’ਤੇ ਗੱਲਬਾਤ ਕਰਨ ਦੀ ਸੀ, ਜਿਸ ਨਾਲ ਆਖਰਕਾਰ ਅਮਰੀਕਾ ਅਤੇ ਸਬੰਧਤ ਦੇਸ਼ ਵਿਚਕਾਰ ਇੱਕ ਪੂਰਨ ਮੁਕਤ ਵਪਾਰ ਸਮਝੌਤਾ (ਐਫਟੀਏ) ਹੋਵੇਗਾ। ਇਹ ਐਫਟੀਏ ਦੇਸ਼ਾਂ ਨੂੰ ਅਮਰੀਕਾ ਨਾਲ ਆਪਣੇ ਦੁਵੱਲੇ ਐਫਟੀਏ ਨੂੰ ਦੂਜੇ ਦੇਸ਼ਾਂ ਨਾਲ ਦੁਵੱਲੇ ਐਫਟੀਏ ਨਾਲ ਜੋੜਨ ਦੀ ਇਜਾਜ਼ਤ ਦੇਣ ਲਈ ਤਿਆਰ ਕੀਤਾ ਗਿਆ ਸੀ, ਜਿਸ ਨਾਲ ਮੱਧ ਪੂਰਬ ਵਿੱਚ ਉਪ-ਖੇਤਰੀ-ਪੱਧਰ ਦੇ ਸਮਝੌਤੇ ਸਥਾਪਤ ਕੀਤੇ ਗਏ ਸਨ। ਇਹ ਉਪ-ਖੇਤਰੀ ਸਮਝੌਤਿਆਂ ਨੂੰ ਸਮੇਂ ਦੇ ਨਾਲ ਜੋੜਿਆ ਜਾ ਸਕਦਾ ਹੈ, ਜਦੋਂ ਤੱਕ ਉਹ ਪੂਰੇ ਖੇਤਰ ਨੂੰ ਕਵਰ ਨਹੀਂ ਕਰਦੇ। ਮਹੱਤਵਪੂਰਨ ਤੌਰ ’ਤੇ, ਇਹ ਐੱਫ.ਟੀ.ਏ. ਦੀ ਵਰਤੋਂ ਅਰਬ ਬਾਜ਼ਾਰਾਂ ਵਿੱਚ ਇਜ਼ਰਾਈਲ ਦੇ ਏਕੀਕਰਣ ਨੂੰ ਉਤਸ਼ਾਹਿਤ ਕਰਨ ਲਈ ਵੀ ਕੀਤੀ ਜਾਵੇਗੀ, ਜਿਸ ਵਿੱਚ ਹਰੇਕ ਸਮਝੌਤੇ ਵਿੱਚ ਇੱਕ ਧਾਰਾ ਸ਼ਾਮਲ ਹੋਵੇਗੀ ਜੋ ਹਸਤਾਖਰਕਰਤਾ ਨੂੰ ਇਜ਼ਰਾਈਲ ਨਾਲ ਸਧਾਰਣ ਬਣਾਉਣ ਲਈ ਵਚਨਬੱਧ ਕਰੇਗਾ ਅਤੇ ਵਪਾਰਕ ਸਬੰਧਾਂ ਤੋਂ ਕਿਸੇ ਵੀ ਤਰ੍ਹਾਂ ਦੀ ਬੇਦਖਲੀ ਤੋਂ ਇਨਕਾਰ ਕਰੇਗਾ। ਜਦੋਂ ਕਿ ਯੂਐਸ MEFTA ਸਥਾਪਤ ਕਰਨ ਦੇ ਆਪਣੇ 2013 ਦੇ ਟੀਚੇ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ, ਨੀਤੀ ਨੇ ਸਫਲਤਾਪੂਰਵਕ ਖੇਤਰ ਵਿੱਚ ਅਮਰੀਕੀ ਆਰਥਿਕ ਪ੍ਰਭਾਵ ਦੇ ਵਿਸਥਾਰ ਦੀ ਅਗਵਾਈ ਕੀਤੀ, ਇਜ਼ਰਾਈਲ ਅਤੇ ਪ੍ਰਮੁੱਖ ਅਰਬ ਰਾਜਾਂ ਵਿਚਕਾਰ ਸਧਾਰਣਕਰਨ ਦੁਆਰਾ ਸਮਰਥਤ। ਹੈਰਾਨੀ ਦੀ ਗੱਲ ਹੈ ਕਿ ਅੱਜ ਅਮਰੀਕਾ ਦੇ ਦੁਨੀਆ ਭਰ ਦੇ ਦੇਸ਼ਾਂ ਨਾਲ 14 ਐਫਟੀਏ ਹਨ, ਜਿਨ੍ਹਾਂ ਵਿੱਚੋਂ ਪੰਜ ਮੱਧ ਪੂਰਬ (ਇਜ਼ਰਾਈਲ, ਬਹਿਰੀਨ, ਮੋਰੋਕੋ, ਜਾਰਡਨ ਅਤੇ ਓਮਾਨ) ਦੇ ਰਾਜਾਂ ਨਾਲ ਹਨ। ਹਾਲਾਂਕਿ, ਆਰਥਿਕ ਸਧਾਰਣਕਰਨ ਦੀ ਸਫਲਤਾ ਆਖਰਕਾਰ ਰਾਜਨੀਤਿਕ ਸਥਿਤੀ ਵਿੱਚ ਤਬਦੀਲੀ ’ਤੇ ਨਿਰਭਰ ਕਰਦੀ ਹੈ ਜੋ ਇਜ਼ਰਾਈਲ ਦੇ ਵਿਸ਼ਾਲ ਖੇਤਰ ਵਿੱਚ ਆਰਥਿਕ ਏਕੀਕਰਣ ਲਈ ਫਲਸਤੀਨ ਨੂੰ ‘ਹਰੀ ਰੋਸ਼ਨੀ’ ਪ੍ਰਦਾਨ ਕਰੇਗੀ। ਇੱਥੇ, ਮੁੱਖ ਮੋੜ ਓਸਲੋ ਸਮਝੌਤਾ ਸੀ, ਇਜ਼ਰਾਈਲ ਅਤੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀਐਲਓ) ਵਿਚਕਾਰ ਇੱਕ ਸਮਝੌਤਾ, ਜੋ ਕਿ 1993 ਵਿੱਚ ਵ੍ਹਾਈਟ ਹਾਊਸ ਦੇ ਲਾਅਨ ਵਿੱਚ ਅਮਰੀਕੀ ਸਰਕਾਰ ਦੀ ਸਰਪ੍ਰਸਤੀ ਹੇਠ ਦਸਤਖਤ ਕੀਤਾ ਗਿਆ ਸੀ। ਓਸਲੋ ਨੇ ਪਿਛਲੇ ਦਹਾਕਿਆਂ ਵਿੱਚ ਸਥਾਪਤ ਬਸਤੀਵਾਦੀ ਅਭਿਆਸਾਂ ’ਤੇ ਬਹੁਤ ਜ਼ਿਆਦਾ ਨਿਰਮਾਣ ਕੀਤਾ। 1970 ਦੇ ਦਹਾਕੇ ਤੋਂ ਇਜ਼ਰਾਈਲ ਨੇ ਇੱਕ ਫਲਸਤੀਨੀ ਫੌਜ ਲੱਭਣ ਦੀ ਕੋਸ਼ਿਸ਼ ਕੀਤੀ ਸੀ ਜੋ ਇਸਦੀ ਤਰਫੋਂ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਦਾ ਪ੍ਰਬੰਧ ਕਰੇਗੀ – ਇਜ਼ਰਾਈਲੀ ਕਬਜ਼ੇ ਲਈ ਇੱਕ ਫਲਸਤੀਨੀ ਪ੍ਰੌਕਸੀ ਜੋ ਫਲਸਤੀਨੀਆਂ ਅਤੇ ਇਜ਼ਰਾਈਲੀ ਫੌਜ ਵਿਚਕਾਰ ਰੋਜ਼ਾਨਾ ਸੰਪਰਕ ਨੂੰ ਘੱਟ ਕਰ ਸਕਦੀ ਸੀ। ਇਹ ਸ਼ੁਰੂਆਤੀ ਕੋਸ਼ਿਸ਼ਾਂ ਪਹਿਲੀ ਇੰਤਿਫਾਦਾ ਦੌਰਾਨ ਅਸਫਲ ਰਹੀਆਂ, ਇੱਕ ਵਿਸ਼ਾਲ ਪ੍ਰਸਿੱਧ ਵਿਦਰੋਹ ਜੋ 1987 (ਗਾਜ਼ਾ ਪੱਟੀ ਵਿੱਚ) ਵਿੱਚ ਸ਼ੁਰੂ ਹੋਇਆ ਸੀ। ਓਸਲੋ ਸਮਝੌਤੇ ਨੇ ਪਹਿਲੇ ਇੰਤਫਾਦਾ ਨੂੰ ਖਤਮ ਕੀਤਾ। ਓਸਲੋ ਦੇ ਤਹਿਤ, ਪੀਐਲਓ ਫਲਸਤੀਨੀ ਅਥਾਰਟੀ (ਪੀਏ) ਨਾਮਕ ਇੱਕ ਨਵੀਂ ਰਾਜਨੀਤਿਕ ਹਸਤੀ ਬਣਾਉਣ ਲਈ ਸਹਿਮਤ ਹੋ ਗਿਆ, ਜਿਸ ਨੂੰ ਪੱਛਮੀ ਕਿਨਾਰੇ ਅਤੇ ਗਾਜ਼ਾ ਪੱਟੀ ਦੇ ਟੁੱਟੇ ਹੋਏ ਖੇਤਰਾਂ ਉੱਤੇ ਸੀਮਤ ਅਧਿਕਾਰ ਦਿੱਤੇ ਜਾਣਗੇ। ਪੀਏ ਪੂਰੀ ਤਰ੍ਹਾਂ ਆਪਣੇ ਬਚਾਅ ਲਈ ਬਾਹਰੀ ਫੰਡਿੰਗ ’ਤੇ ਨਿਰਭਰ ਹੋਵੇਗਾ – ਖਾਸ ਤੌਰ ’ਤੇ ਇਜ਼ਰਾਈਲ ਦੁਆਰਾ ਇਕੱਠੇ ਕੀਤੇ ਕਰਜ਼ੇ, ਸਹਾਇਤਾ ਅਤੇ ਆਯਾਤ ਟੈਕਸ ਜੋ ਫਿਰ ਪੀਏ ਨੂੰ ਭੇਜੇ ਜਾਣਗੇ। ਕਿਉਂਕਿ ਇਹਨਾਂ ਵਿੱਚੋਂ ਜ਼ਿਆਦਾਤਰ ਫੰਡਿੰਗ ਸਰੋਤ ਆਖਰਕਾਰ ਪੱਛਮੀ ਰਾਜਾਂ ਅਤੇ ਇਜ਼ਰਾਈਲ ਤੋਂ ਆਏ ਸਨ, ਪੀਏ ਜਲਦੀ ਹੀ ਰਾਜਨੀਤਿਕ ਤੌਰ ’ਤੇ ਅਧੀਨ ਹੋ ਗਿਆ। ਇਸ ਤੋਂ ਇਲਾਵਾ, ਇਜ਼ਰਾਈਲ ਨੇ ਫਲਸਤੀਨ ਦੀ ਆਰਥਿਕਤਾ ਅਤੇ ਸਰੋਤਾਂ ਅਤੇ ਲੋਕਾਂ ਅਤੇ ਵਸਤੂਆਂ ਦੀ ਆਵਾਜਾਈ ’ਤੇ ਪੂਰਾ ਕੰਟਰੋਲ ਕਾਇਮ ਰੱਖਿਆ। 2007 ਵਿੱਚ ਗਾਜ਼ਾ ਅਤੇ ਵੈਸਟ ਬੈਂਕ ਦੀ ਖੇਤਰੀ ਵੰਡ ਤੋਂ ਬਾਅਦ, ਪੀਏ ਨੇ ਪੱਛਮੀ ਕਿਨਾਰੇ ਵਿੱਚ ਰਾਮੱਲਾ ਵਿੱਚ ਆਪਣਾ ਹੈੱਡਕੁਆਰਟਰ ਸਥਾਪਤ ਕੀਤਾ। ਅੱਜ ਪੀ.ਏ. ਦੀ ਅਗਵਾਈ ਮਹਿਮੂਦ ਅੱਬਾਸ ਕਰ ਰਹੇ ਹਨ। 6 ਓਸਲੋ ਸਮਝੌਤੇ ਅਤੇ ਉਸ ਤੋਂ ਬਾਅਦ ਦੀ ਗੱਲਬਾਤ ਦੇ ਤਰੀਕੇ ਦੇ ਬਾਵਜੂਦ, ਉਹ ਕਦੇ ਵੀ ਸ਼ਾਂਤੀ ਅਤੇ ਫਲਸਤੀਨ ਦੀ ਆਜ਼ਾਦੀ ਦੇ ਰਸਤੇ ਬਾਰੇ ਨਹੀਂ ਸਨ। ਇਹ ਓਸਲੋ ਦੇ ਅਧੀਨ ਸੀ ਕਿ ਵੈਸਟ ਬੈਂਕ ਵਿੱਚ ਇਜ਼ਰਾਈਲੀ ਬਸਤੀਆਂ ਦਾ ਤੇਜ਼ੀ ਨਾਲ ਵਿਸਤਾਰ ਹੋਇਆ, ਰੰਗਭੇਦ ਦੀ ਕੰਧ ਬਣਾਈ ਗਈ ਅਤੇ ਵਿਸਤ੍ਰਿਤ ਅੰਦੋਲਨ ਪਾਬੰਦੀਆਂ ਜੋ ਅੱਜ ਫਲਸਤੀਨੀ ਜੀਵਨ ਨੂੰ ਨਿਯੰਤਰਿਤ ਕਰਦੀਆਂ ਹਨ ਵਿਕਸਿਤ ਹੋਈਆਂ। ਓਸਲੋ ਨੇ ਫਲਸਤੀਨ ਦੀ ਆਬਾਦੀ ਦੇ ਮੁੱਖ ਭਾਗਾਂ – ਸ਼ਰਨਾਰਥੀ ਅਤੇ ਇਜ਼ਰਾਈਲ ਦੇ ਫਲਸਤੀਨੀ ਨਾਗਰਿਕ – ਨੂੰ ਰਾਜਨੀਤਿਕ ਸੰਘਰਸ਼ ਤੋਂ ਬਾਹਰ ਰੱਖਿਆ, ਫਲਸਤੀਨ ਦੇ ਸਵਾਲ ਨੂੰ ਪੱਛਮੀ ਕਿਨਾਰੇ ਅਤੇ ਗਾਜ਼ਾ ਪੱਟੀ ਵਿੱਚ ਖੇਤਰ ਦੇ ਟੁਕੜਿਆਂ ਦੇ ਆਲੇ ਦੁਆਲੇ ਗੱਲਬਾਤ ਤੱਕ ਸੀਮਿਤ ਕੀਤਾ। ਸਭ ਤੋਂ ਮਹੱਤਵਪੂਰਨ, ਓਸਲੋ ਨੇ ਵਿਆਪਕ ਮੱਧ ਪੂਰਬ ਵਿੱਚ ਇਜ਼ਰਾਈਲ ਦੇ ਏਕੀਕਰਨ ਲਈ ਫਲਸਤੀਨੀ ਆਸ਼ੀਰਵਾਦ ਪ੍ਰਦਾਨ ਕੀਤਾ, ਜੋਰਡਨ ਅਤੇ ਮਿਸਰ ਦੀ ਅਗਵਾਈ ਵਿੱਚ ਅਰਬ ਸਰਕਾਰਾਂ ਲਈ ਅਮਰੀਕੀ ਸਰਪ੍ਰਸਤੀ ਹੇਠ ਇਜ਼ਰਾਈਲ ਨਾਲ ਸਧਾਰਣ ਹੋਣ ਦਾ ਰਾਹ ਖੋਲ੍ਹਿਆ। ਇਹ ਓਸਲੋ ਤੋਂ ਬਾਅਦ ਹੀ ਸੀ ਕਿ ਅੰਦੋਲਨ ਦੀਆਂ ਪਾਬੰਦੀਆਂ, ਨਾਕਾਬੰਦੀਆਂ, ਚੌਕੀਆਂ ਅਤੇ ਫੌਜੀ ਬਫਰ ਜੋ ਹੁਣ ਗਾਜ਼ਾ ਦੇ ਆਲੇ ਦੁਆਲੇ ਹਨ। ਇਸ ਅਰਥ ਵਿਚ, ਅੱਜ ਗਾਜ਼ਾ ਵਿਚ ਮੌਜੂਦ ਓਪਨ-ਏਅਰ ਜੇਲ੍ਹ ਓਸਲੋ ਪ੍ਰਕਿਰਿਆ ਦੀ ਸਿਰਜਣਾ ਹੈ: ਇਕ ਸਿੱਧਾ ਧਾਗਾ ਓਸਲੋ ਦੀ ਗੱਲਬਾਤ ਨੂੰ ਉਸ ਨਸਲਕੁਸ਼ੀ ਨਾਲ ਜੋੜਦਾ ਹੈ ਜਿਸ ਨੂੰ ਅਸੀਂ ਹੁਣ ਦੇਖ ਰਹੇ ਹਾਂ। ਜੰਗ ਤੋਂ ਬਾਅਦ ਦੇ ਸੰਭਾਵਿਤ ਦ੍ਰਿਸ਼ਾਂ ਬਾਰੇ ਚੱਲ ਰਹੀਆਂ ਚਰਚਾਵਾਂ ਦੇ ਮੱਦੇਨਜ਼ਰ ਇਹ ਯਾਦ ਰੱਖਣਾ ਮਹੱਤਵਪੂਰਨ ਹੈ। ਇਜ਼ਰਾਈਲੀ ਰਣਨੀਤੀ ਹਮੇਸ਼ਾ ਦੀ ਆਵਰਤੀ ਵਰਤਣ ਨੂੰ ਸ਼ਾਮਿਲ ਕੀਤਾ ਗਿਆ ਹੈ

ਅੰਤਰਰਾਸ਼ਟਰੀ ਪੱਧਰ ’ਤੇ ਸਮਰਥਿਤ ਗੱਲਬਾਤ ਦੇ ਝੂਠੇ ਵਾਅਦਿਆਂ ਦੇ ਨਾਲ ਬਹੁਤ ਜ਼ਿਆਦਾ ਹਿੰਸਾ। ਇਹ ਦੋਹਰੇ ਯੰਤਰ ਉਸੇ ਪ੍ਰਕਿਰਿਆ ਦਾ ਹਿੱਸਾ ਹਨ, ਜੋ ਫਲਸਤੀਨੀ ਲੋਕਾਂ ਦੇ ਲਗਾਤਾਰ ਵਿਖੰਡਨ ਅਤੇ ਨਿਜਾਤ ਨੂੰ ਮਜ਼ਬੂਤ ਕਰਨ ਲਈ ਕੰਮ ਕਰਦਾ ਹੈ। ਯੁੱਧ ਤੋਂ ਬਾਅਦ ਦੀ ਕੋਈ ਵੀ ਅਮਰੀਕੀ ਅਗਵਾਈ ਵਾਲੀ ਗੱਲਬਾਤ ਨਿਸ਼ਚਿਤ ਤੌਰ ’ਤੇ ਫਲਸਤੀਨੀਆਂ ਦੇ ਜੀਵਨ ਅਤੇ ਜ਼ਮੀਨਾਂ ’ਤੇ ਇਜ਼ਰਾਈਲ ਦੇ ਨਿਰੰਤਰ ਦਬਦਬੇ ਨੂੰ ਯਕੀਨੀ ਬਣਾਉਣ ਲਈ ਸਮਾਨ ਯਤਨਾਂ ਨੂੰ ਵੇਖੇਗੀ। ਤੇਲ-ਅਮੀਰ ਮੱਧ ਪੂਰਬ ਦੀ ਅਮਰੀਕੀ ਗਲੋਬਲ ਸ਼ਕਤੀ ਦੀ ਰਣਨੀਤਕ ਕੇਂਦਰੀਤਾ ਦੱਸਦੀ ਹੈ ਕਿ ਕਿਉਂ ਇਜ਼ਰਾਈਲ ਹੁਣ ਵਿਸ਼ਵ ਵਿੱਚ ਅਮਰੀਕੀ ਵਿਦੇਸ਼ੀ ਸਹਾਇਤਾ ਦਾ ਸਭ ਤੋਂ ਵੱਡਾ ਸੰਚਤ ਪ੍ਰਾਪਤਕਰਤਾ ਹੈ, ਭਾਵੇਂ ਕਿ ਇਹ ਪ੍ਰਤੀ ਵਿਅਕਤੀ ਜੀਡੀਪੀ (ਯੂਕੇ, ਜਰਮਨੀ ਤੋਂ ਪਿੱਛੇ) ਦੁਆਰਾ ਦੁਨੀਆ ਦੀ 13ਵੀਂ ਸਭ ਤੋਂ ਅਮੀਰ ਆਰਥਿਕਤਾ ਹੈ। ਜਾਂ ਜਾਪਾਨ ਤੋਂ ਵੱਧ)। ਇਹ ਸੰਯੁਕਤ ਰਾਜ (ਅਤੇ ਯੂਕੇ) ਵਿੱਚ ਰਾਜਨੀਤਿਕ ਕੁਲੀਨ ਲੋਕਾਂ ਵਿੱਚ ਇਜ਼ਰਾਈਲ ਲਈ ਦੋ-ਪੱਖੀ ਸਮਰਥਨ ਦੀ ਵੀ ਵਿਆਖਿਆ ਕਰਦਾ ਹੈ। ਵਾਸਤਵ ਵਿੱਚ, 2021 ਵਿੱਚ – ਟਰੰਪ ਦੀ ਪ੍ਰਧਾਨਗੀ ਹੇਠ ਅਤੇ ਮੌਜੂਦਾ ਯੁੱਧ ਤੋਂ ਪਹਿਲਾਂ – ਇਜ਼ਰਾਈਲ ਨੂੰ ਦੁਨੀਆ ਦੇ ਹੋਰ ਸਾਰੇ ਦੇਸ਼ਾਂ ਨਾਲੋਂ ਵੱਧ ਅਮਰੀਕੀ ਵਿਦੇਸ਼ੀ ਫੌਜੀ ਵਿੱਤੀ ਸਹਾਇਤਾ ਮਿਲੀ। ਅਤੇ, ਮਹੱਤਵਪੂਰਨ ਤੌਰ ’ਤੇ, ਜਿਵੇਂ ਕਿ ਪਿਛਲੇ ਅੱਠ ਮਹੀਨਿਆਂ ਨੇ ਦਿਖਾਇਆ ਹੈ, ਅਮਰੀਕੀ ਸਮਰਥਨ ਵਿੱਤੀ ਅਤੇ ਭੌਤਿਕ ਸਹਾਇਤਾ ਤੋਂ ਬਹੁਤ ਜ਼ਿਆਦਾ


(ਬਾਕੀ ਸਫ਼ਾ 37 ’ਤੇ)

# ਨੋਮ ਚੋਮਸਕੀ ਤੋਂ ਬਿਨਾਂ ਸੰਸਾਰ ਦੀ ਕਲਪਨਾ ਅਸੰਭਵ

*ਦੁਨੀਆ ਦਾ ਪ੍ਰਸਿੱਧ ਚਿੰਤਕ ਜਿਨ੍ਹਾਂ ਦੀ ਉਮਰ 95 ਸਾਲ ਹੈ। ਆਪਣੀ ਜੀਵਨ ਦਾ ਆਖਰੀ ਲੜਾਈ ਲੜ ਰਹੇ ਹਨ। ਪਰ ਜਿਸ ਕਿਸਮ ਨਾਲ ਉਨ੍ਹਾਂ ਨੇ ਆਪਣੇ ਸਮੁੱਚੇ ਜੀਵਨ ਸਫ਼ਰ ਦੌਰਾਨ ਜਿੰਦ ਜਾਨ ਨਾਲ ਜੰਗਾਂ ਦੇ ਖਿਲਾਫ਼ ਅਤੇ ਲੋਕਾਂ ਦੇ ਪੱਖ ਵਿਚ ਕਾਰਜ ਕੀਤਾ ਹੈ ਉਹ ਇਕ ਇਤਿਹਾਸਕ ਪੈੜਾਂ ਇਸ ਤਰ੍ਹਾਂ ਛੱਡਦਾ ਹੈ ਕਿ ਵਿਦਵਤਾ ਦਾ ਕੀ ਅਰਥ ਹੁੰਦਾ ਹੈ ਅਤੇ ਬੁੱਧੀਜੀਵੀਆਂ ਦਾ ਕੀ ਮਤਲਬ ਹੁੰਦਾ ਹੈ। ਕਲਮ ਦੀ ਤਾਕਤ ਕਿਸ ਤਰ੍ਹਾਂ ਹਾਕਮਾਂ ਨੂੰ ਕੰਬਣੀਆਂ ਛੇੜ ਸਕਦੀ ਹੈ। ਇਸ ਲਿਖਤ ਨੂੰ ਪੜ੍ਹਦਿਆਂ ਇਹ ਅਹਿਸਾਸ ਕਰੋਗੇ ਕਿ ਇਸ ਧਰਤੀ 'ਤੇ ਅਜਿਹੇ ਮੁੱਲਵਾਨ ਵਿਅਕਤੀ ਵੀ ਹਨ। – ਸੰਪਾਦਕ*

**ਵਿਵੇਕ ਸਿੱਬਰ**

ਨੌਅਮ ਚੋਮਸਕੀ ਤੋਂ ਬਿਨਾਂ ਸੰਸਾਰ ਦੀ ਕਲਪਨਾ ਕਰਨਾ ਮੁਸ਼ਕਲ ਹੈ। ਸੱਠ ਸਾਲਾਂ ਤੋਂ ਵੱਧ ਸਮੇਂ ਤੋਂ ਉਹ ਗ੍ਰਹਿ 'ਤੇ ਸਭ ਤੋਂ ਵੱਧ ਦਿਖਾਈ ਦੇਣ ਵਾਲਾ ਅਤੇ ਉੱਤਮ ਖੱਬੇਪੱਖੀ ਬੁੱਧੀਜੀਵੀ ਰਿਹਾ ਹੈ। ਦੁਨੀਆਂ ਦਾ ਸ਼ਾਇਦ ਹੀ ਕੋਈ ਕੋਨਾ ਹੋਵੇ ਜਿੱਥੇ ਉਸ ਦੀਆਂ ਲਿਖਤਾਂ ਅਤੇ ਇਨਸਾਫ਼ ਲਈ ਅਣਥੱਕ ਸੰਘਰਸ਼ ਨੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਨਾ ਕੀਤਾ ਹੋਵੇ। ਮੇਰੀ ਮਾਂ ਇੱਕ ਵਾਰ ਇੱਕ ਛੋਟੇ ਜਿਹੇ ਮੱਧ-ਪੱਛਮੀ ਸ਼ਹਿਰ ਵਿੱਚ ਇੱਕ ਕੈਫੇ ਵਿੱਚ ਬੈਠੀ ਹੋਈ ਸੀ, ਇੱਕ ਦੋਸਤ ਨਾਲ ਆਪਣੇ ਬਾਰੇ ਗੱਲ ਕਰ ਰਹੀ ਸੀ, ਜਦੋਂ ਦੋ ਮੇਜ਼ ਦੂਰ ਬੈਠੇ ਕਿਸੇ ਨੇ ਉਸ ਵੱਲ ਮੁੜਿਆ ਅਤੇ ਪੁੱਛਿਆ, 'ਮਾਫ ਕਰਨਾ, ਕੀ ਤੁਸੀਂ ਨੋਮ ਚੋਮਸਕੀ ਦੇ ਪ੍ਰਸ਼ੰਸਕ ਹੋ?' 'ਅਤੇ ਇਸ ਦੇ ਨਾਲ, ਦੋ-ਪਾਸੜ ਗੱਲਬਾਤ ਫਿਰਕੂ ਬਣ ਗਈ, ਉਹਨਾਂ ਲੋਕਾਂ ਦੇ ਨਾਲ ਜੋ ਪੂਰੀ ਤਰ੍ਹਾਂ ਅਜਨਬੀ ਸਨ, ਇੱਕ ਦੂਜੇ ਨਾਲ ਤੁਰੰਤ ਜੁੜ ਗਏ। ਆਧੁਨਿਕ ਇਤਿਹਾਸ ਵਿੱਚ ਕੁਝ ਕੁ ਬੁੱਧੀਜੀਵੀ ਹੀ ਹੋਏ ਹਨ ਜਿਨ੍ਹਾਂ ਦੀ ਇਸ ਤਰ੍ਹਾਂ ਦੀ ਪਹੁੰਚ ਅਤੇ ਇਸ ਤਰ੍ਹਾਂ ਦੀ ਪਹੁੰਚ ਲੱਖਾਂ ਅਤੇ ਕਰੋੜਾਂ ਲੋਕਾਂ ਤੱਕ ਸੀ। ਯੁੱਧ ਤੋਂ ਬਾਅਦ ਦੇ ਯੁੱਗ ਦੇ ਕਿਸੇ ਵੀ ਹੋਰ ਚਿੰਤਕ ਨਾਲੋਂ, ਚੋਮਸਕੀ ਨੇ ਕਾਰਲ ਮਾਰਕਸ ਦੇ ਮਨਪਸੰਦ ਹਵਾਲੇ ਨੂੰ ਮੂਰਤੀਮਾਨ ਕੀਤਾ: 'ਕੋਈ ਵੀ ਆਦਮੀ ਮੇਰੇ ਲਈ ਅਜਨਬੀ ਨਹੀਂ ਹੈ।' ਨੌਅਮ ਨੇ ਸਿਰਫ਼ ਬੇਇਨਸਾਫ਼ੀ ਵੱਲ ਇਸ਼ਾਰਾ ਨਹੀਂ ਕੀਤਾ, ਭਾਵੇਂ ਕਿੰਨੀ ਵੀ ਦੂਰ ਦੀ ਗੱਲ ਹੋਵੇ – ਉਸਨੇ ਮਹਿਸੂਸ ਕੀਤਾ। ਵੀਅਤਨਾਮੀ, ਫਲਸਤੀਨੀ, ਪੂਰਬੀ ਟਿਮੋਰਿਸ, ਕੁਰਦ – ਸਾਰਿਆਂ ਨੇ ਨੋਮ ਨੂੰ ਆਪਣੇ ਸੰਘਰਸ਼ ਨੂੰ ਆਪਣਾ ਬਣਾਉਂਦੇ ਹੋਏ ਦੇਖਿਆ, ਇੱਕ ਜਨੂੰਨ ਨਾਲ ਜੋ ਸਿਰਫ ਉਸ ਵਿਅਕਤੀ ਤੋਂ ਆ ਸਕਦਾ ਹੈ ਜੋ ਉਹਨਾਂ ਦੇ ਦੁੱਖ ਨੂੰ ਉਹਨਾਂ ਦੀਆਂ ਆਪਣੀਆਂ ਸੰਵੇਦਨਸ਼ੀਲਤਾਵਾਂ ਦੇ ਅਪਮਾਨ ਵਜੋਂ ਦੇਖਦਾ ਹੈ। ਅਤੇ ਇਸਦੇ ਲਈ ਕਿਸੇ ਵੀ ਮਨੁੱਖਤਾ ਵਾਲੇ ਵਿਅਕਤੀ ਨੇ ਉਸ ਵਿਅਕਤੀ ਨੂੰ ਆਪਣਾ ਪਿਆਰ ਅਤੇ ਸਤਿਕਾਰ ਦਿੱਤਾ। ਮਾਰਕਸ ਨਾਲ ਸਮਾਨਤਾਵਾਂ ਇੱਥੇ ਨਹੀਂ ਰੁਕਦੀਆਂ। ਮਾਰਕਸ ਤੋਂ ਬਾਅਦ ਕੋਈ ਵੀ ਬੁੱਧੀਜੀਵੀ ਚੋਮਸਕੀ ਵਾਂਗ ਚੌੜਾਈ ਅਤੇ ਡੂੰਘਾਈ ਨੂੰ ਇਕੱਠਾ ਨਹੀਂ ਕਰ ਸਕਿਆ ਹੈ। ਉਹਨਾਂ ਕੋਲ ਵਿਸ਼ਿਆਂ ਅਤੇ ਭੂਗੋਲਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਬਾਰੇ ਪੜ੍ਹੇ-ਲਿਖੇ ਵਿਚਾਰ ਹੀ ਨਹੀਂ ਹਨ – ਉਹਨਾਂ ਕੋਲ ਅਸਲ ਮੁਹਾਰਤ ਹੈ। ਇਹੀ ਗੱਲ ਹੈ ਜਿਸ ਨੇ ਉਸਨੂੰ ਇੰਨੀ ਮਹਾਨ ਹਸਤੀ ਬਣਾ ਦਿੱਤਾ ਹੈ – ਉਹ ਇੱਕ-ਮਨੁੱਖ ਦਾ ਥਿੰਕ ਟੈਂਕ ਰਿਹਾ ਹੈ, ਦਰਜਨਾਂ ਲੋਕਾਂ ਦਾ ਕੰਮ ਕਰਦਾ ਹੈ, ਟਿੱਪਣੀਆਂ ਅਤੇ ਵਿਸ਼ਲੇਸ਼ਣ ਇਸ ਗਤੀ ਨਾਲ ਕਰਦਾ ਹੈ ਜਿਸ ਨਾਲ ਕੋਈ ਹੋਰ ਸਮਕਾਲੀ ਵਿਚਾਰਕ ਮੇਲ ਨਹੀਂ ਖਾਂਦਾ। ਕਈ ਤਰੀਕਿਆਂ ਨਾਲ ਉਸ ਦੀ ਟਿੱਪਣੀ ਆਪਣੇ ਆਪ ਵਿਚ ਇਕ ਸੰਗ੍ਰਹਿ ਹੈ। ਜਿਵੇਂ ਕਿ ਕੋਈ ਵੀ ਇਤਿਹਾਸਕਾਰ ਜਾਣਦਾ ਹੈ, ਦਸਤਾਵੇਜ਼ੀ ਰਿਕਾਰਡ ਦਾ ਸਿਰਫ ਛੋਟਾ ਹਿੱਸਾ ਅਸਲ ਵਿੱਚ ਇਸਨੂੰ ਅਧਿਕਾਰਤ ਪੁਰਾਲੇਖਾਂ ਵਿੱਚ ਬਣਾਉਂਦਾ ਹੈ। ਵੱਡੀ ਬਹੁਗਿਣਤੀ ਤਬਾਹ ਹੋ ਗਈ ਹੈ ਜਾਂ, ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿੱਚ, ਬਸ ਗੁਆਚ ਗਈ ਹੈ. ਅਤੇ ਇੱਕ ਛੋਟਾ ਜਿਹਾ ਹਿੱਸਾ ਅਧਿਕਾਰਤ ਰਿਕਾਰਡਾਂ ਲਈ ਖਾਸ ਤੌਰ 'ਤੇ ਉਨ੍ਹਾਂ ਦੇ ਪ੍ਰਚਾਰ ਮੁੱਲ ਲਈ ਸੁਰੱਖਿਅਤ ਨਹੀਂ ਕੀਤਾ ਜਾਂਦਾ ਹੈ। ਚੋਮਸਕੀ ਦੀ ਟਿੱਪਣੀ ਇੱਕ ਕਿਸਮ ਦਾ ਪ੍ਰਤੀਕੂਲ ਹੈ, ਘਟਨਾਵਾਂ ਦੇ ਕ੍ਰਮ ਦਾ ਇੱਕ ਅਣਅਧਿਕਾਰਤ ਦਸਤਾਵੇਜ਼ ਹੈ ਜਿਸ ਨੂੰ ਭਵਿੱਖ ਦੇ ਇਤਿਹਾਸਕਾਰ ਅਧਿਕਾਰਤ ਰਿਕਾਰਡ ਦੀ ਤੱਥ-ਜਾਂਚ ਕਰਨ ਲਈ ਖਿੱਚ ਸਕਦੇ ਹਨ ਕਿਉਂਕਿ ਉਹ ਅਤੀਤ ਨੂੰ ਪੁਨਰਗਠਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੀਅਤਨਾਮ ਵਿੱਚ ਅਮਰੀਕੀ ਅਪਰਾਧਾਂ ਜਾਂ ਫਲਸਤੀਨੀਆਂ ਵਿਰੁੱਧ ਇਜ਼ਰਾਈਲੀ ਅੱਤਿਆਚਾਰਾਂ ਦੀ ਸੂਚੀਬੱਧ ਕਰਨਾ 1856 ਵਿੱਚ ਤੀਰ ਯੁੱਧ ਜਾਂ 1857 ਦੇ ਮਹਾਨ ਭਾਰਤੀ ਵਿਦਰੋਹ ਬਾਰੇ ਮਾਰਕਸ ਦੀ ਪੱਤਰਕਾਰੀ ਨਾਲੋਂ ਘੱਟ ਮਹੱਤਵਪੂਰਨ ਨਹੀਂ ਹੋਵੇਗਾ। ਜਦੋਂ ਕਿ ਚੋਮਸਕੀ ਮਾਰਕਸ ਨਾਲ ਇੱਕ ਅਸਾਧਾਰਨ ਸਾਹ ਅਤੇ ਸ਼ਾਨਦਾਰ ਊਰਜਾ ਸਾਂਝੀ ਕਰਦਾ ਹੈ, ਉੱਥੇ ਦਿਲਚਸਪ ਵਿਰੋਧਾਭਾਸ ਵੀ ਹਨ। ਸਭ ਤੋਂ ਸਪੱਸ਼ਟ ਤੱਥ ਇਹ ਹੈ ਕਿ ਮਾਰਕਸ ਨੇ ਪੂੰਜੀਵਾਦੀ ਪ੍ਰਣਾਲੀ ਅਤੇ ਇਸਦੇ ਜ਼ੁਲਮ ਦੀ ਆਪਣੀ ਆਲੋਚਨਾ ਲਈ ਨੈਤਿਕ ਆਧਾਰ ਹੋਣ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕੀਤਾ ਸੀ। ਭਾਵੇਂ ਕਿ ਉਸਦਾ ਵਿਸ਼ਲੇਸ਼ਣ ਪੂੰਜੀਵਾਦ ਦੀ ਬੇਰਹਿਮੀ 'ਤੇ ਗੁੱਸੇ ਤੋਂ ਪ੍ਰੇਰਿਤ ਸੀ ਅਤੇ ਉਸ ਦੇ ਹਵਾਲੇ ਇੱਕ ਜ਼ਰੂਰੀ ਭਾਵਨਾ ਨਾਲ ਭਰੇ ਹੋਏ ਸਨ, ਇਸ ਵਿਸ਼ੇ 'ਤੇ ਉਸ ਦੇ ਸਪੱਸ਼ਟ ਬਿਆਨਾਂ ਨੇ ਉਸ ਦੀ ਆਲੋਚਨਾ ਨੂੰ ਨੈਤਿਕ ਨਿੰਦਾ ਵਜੋਂ ਲੈਣ ਦੇ ਵਿਰੁੱਧ ਚੇਤਾਵਨੀ ਦਿੱਤੀ ਸੀ। ਅਤੇ ਮਸ਼ਹੂਰ ਤੌਰ 'ਤੇ, ਉਸਨੇ ਕਦੇ ਵੀ ਨੈਤਿਕਤਾ 'ਤੇ ਕੁਝ ਨਹੀਂ ਲਿਖਿਆ, ਸਿਵਾਏ ਜਦੋਂ ਉਹ ਦੂਜੇ ਅਗਾਂਹਵਧੂ ਬੁੱਧੀਜੀਵੀਆਂ ਦਾ ਮਜ਼ਾਕ ਉਡਾ ਰਿਹਾ ਸੀ, ਜਿਨ੍ਹਾਂ ਨੇ ਆਪਣੇ ਆਦਰਸ਼ਕ ਰੁਖਾਂ ਨੂੰ ਵਧੇਰੇ ਸਪੱਸ਼ਟ ਕੀਤਾ ਸੀ। ਚੋਮਸਕੀ ਇਸ ਮਹੱਤਵਪੂਰਨ ਮਾਮਲੇ ਵਿੱਚ ਮਾਰਕਸ ਤੋਂ ਵੱਖਰਾ ਹੈ। ਉਹ ਸਪੱਸ਼ਟ ਤੌਰ 'ਤੇ ਨੈਤਿਕ ਜ਼ਿੰਮੇਵਾਰੀ ਨੂੰ ਗ੍ਰਹਿਣ ਕਰਦਾ ਹੈ ਜੋ ਇੱਕ ਬੁੱਧੀਜੀਵੀ ਹੋਣ ਦੇ ਨਾਲ ਆਉਂਦੀ ਹੈ ਅਤੇ, ਹੋਰ ਨੈਤਿਕ ਤੌਰ 'ਤੇ ਜੁੜੇ ਬੁੱਧੀਜੀਵੀਆਂ ਦਾ ਮਜ਼ਾਕ ਉਡਾਉਣ ਤੋਂ ਦੂਰ, ਉਹ ਆਪਣਾ ਗੁੱਸਾ ਉਨ੍ਹਾਂ ਲੋਕਾਂ' ਤੇ ਮੋੜਦਾ ਹੈ ਜੋ ਇੱਕ ਆਦਰਸ਼ ਏਜੰਡੇ ਤੋਂ ਇਨਕਾਰ ਕਰਦੇ ਹਨ। ਜਿਵੇਂ ਕਿ ਉਸਨੇ ਕਈ ਮੌਕਿਆਂ 'ਤੇ ਕਿਹਾ, ਬੁੱਧੀਜੀਵੀ ਅਤੇ ਅਕਾਦਮਿਕ ਆਧੁਨਿਕ ਸਮਾਜ ਦੇ ਅੰਦਰ ਇੱਕ ਬਹੁਤ ਹੀ ਵਿਸ਼ੇਸ਼ ਅਧਿਕਾਰ ਵਾਲੇ ਵਰਗ ਦਾ ਹਿੱਸਾ ਹਨ, ਅਤੇ ਇਸ ਵਿਸ਼ੇਸ਼ ਅਧਿਕਾਰ ਦੇ ਨਾਲ ਇੱਕ ਜ਼ਿੰਮੇਵਾਰੀ ਆਉਂਦੀ ਹੈ – ਇੱਕ ਨੈਤਿਕ ਜ਼ਿੰਮੇਵਾਰੀ, ਜੇ ਤੁਸੀਂ ਚਾਹੋ, ਨਾਜਾਇਜ਼ ਸ਼ਕਤੀ ਦਾ ਪਰਦਾਫਾਸ਼ ਕਰੋ ਅਤੇ ਉਸਦੇ ਵਿਰੁੱਧ ਲੜੋ। ਚੋਮਸਕੀ ਕੋਲ ਪੂੰਜੀਵਾਦ ਅਤੇ ਰਾਜ ਦਾ ਇੱਕ ਸਪਸ਼ਟ ਸੰਰਚਨਾਤਮਕ ਸਿਧਾਂਤ ਹੈ, ਪਰ ਬਹੁਤੇ ਅਕਾਦਮਿਕਾਂ ਦੇ ਉਲਟ, ਉਹ ਇਸਨੂੰ ਅਸਪਸ਼ਟ ਗੱਦ ਵਿੱਚ ਨਹੀਂ ਪਹਿਨਦਾ ਜਾਂ ਇਸਨੂੰ ਸੌ ਯੋਗਤਾਵਾਂ ਦੇ ਹੇਠਾਂ ਦੱਬਦਾ ਹੈ। ਉਸ ਦੀ ਉਸ ਜ਼ਿੰਮੇਵਾਰੀ ਨੂੰ ਅਪਣਾਉਣ ਅਤੇ ਅਮਰੀਕੀ ਹਮਲੇ ਦੀ ਤਿੱਖੀ ਆਲੋਚਨਾ ਨੇ ਉਸ ਦੇ ਬਹੁਤ ਸਾਰੇ ਆਲੋਚਕਾਂ ਨੂੰ ਇਹ ਦੋਸ਼ ਦੇਣ ਲਈ ਪ੍ਰੇਰਿਤ ਕੀਤਾ ਹੈ ਕਿ ਉਹ ਬੁਨਿਆਦੀ ਤੌਰ 'ਤੇ ਇੱਕ ਸਖ਼ਤ ਮਿਹਨਤੀ ਨੈਤਿਕਤਾਵਾਦੀ ਤੋਂ ਵੱਧ ਕੁਝ ਨਹੀਂ ਹੈ। ਚੋਮਸਕੀ ਨੂੰ ਇੱਕ ਪੱਤਰਕਾਰ ਵਜੋਂ ਵਰਣਨ ਕਰਨਾ ਅਸਾਧਾਰਨ ਨਹੀਂ ਹੈ ਜੋ ਅਮਰੀਕੀ ਸ਼ਕਤੀ ਦੀ ਬਹੁਤ ਜ਼ਿਆਦਾ ਨਿੰਦਾ ਕਰਦਾ ਹੈ ਪਰ ਬਹੁਤ ਘੱਟ ਸਿਧਾਂਤਕ ਵਿਸ਼ਲੇਸ਼ਣ ਕਰਦਾ ਹੈ। ਜੇ ਉਹਨਾਂ ਦੇ ਅੰਤਰੀਵ ਢਾਂਚੇ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ, ਤਾਂ ਇਸਨੂੰ ਅਕਸਰ ਇੱਕ ਸਾਜ਼ਿਸ਼ ਸਿਧਾਂਤ ਵਜੋਂ ਦਰਸਾਇਆ ਜਾਂਦਾ ਹੈ। ਅਸਲ ਵਿੱਚ, ਸੱਚਾਈ ਤੋਂ ਅੱਗੇ ਕੁਝ ਵੀ ਨਹੀਂ ਹੋ ਸਕਦਾ. ਸਾਜ਼ਿਸ਼ ਦਾ ਦੋਸ਼ ਚੋਮਸਕੀ ਲਈ ਉਹਨਾਂ ਸੰਸਥਾਵਾਂ ਦੀ ਵਿਨਾਸ਼ਕਾਰੀ ਆਲੋਚਨਾਵਾਂ ਨੂੰ ਸੰਖੇਪ ਰੂਪ ਵਿੱਚ ਖਾਰਜ ਕਰਨ ਦਾ ਇੱਕ ਸੁਵਿਧਾਜਨਕ ਤਰੀਕਾ ਰਿਹਾ ਹੈ ਜਿਨ੍ਹਾਂ ਦੀ ਉਹ ਜਾਂਚ ਕਰ ਰਿਹਾ ਹੈ। ਅਤੇ, ਅਸਲ ਵਿੱਚ, ਇਹ ਆਮ ਤੌਰ 'ਤੇ ਉਸਦੇ ਆਪਣੇ ਸਿਧਾਂਤਕ ਢਾਂਚੇ ਅਤੇ ਸਮਾਜਿਕ ਸਿਧਾਂਤ ਪ੍ਰਤੀ ਉਸਦੇ ਆਪਣੇ ਬਹੁਤ ਹੀ ਘਟੀਆ ਰੁਖ ਦੁਆਰਾ ਚਲਾਇਆ ਜਾਂਦਾ ਹੈ। ਚੋਮਸਕੀ ਕੋਲ ਅਸਲ ਵਿੱਚ ਪੂੰਜੀਵਾਦ ਅਤੇ ਰਾਜ ਦਾ ਇੱਕ ਸਪਸ਼ਟ ਸੰਰਚਨਾਤਮਕ ਸਿਧਾਂਤ ਹੈ, ਪਰ ਬਹੁਤੇ ਅਕਾਦਮਿਕਾਂ ਦੇ ਉਲਟ, ਉਹ ਇਸ ਨੂੰ ਕਲਪਨਾਹੀਣ ਗੱਦ ਵਿੱਚ ਸ਼ਿੰਗਾਰਦਾ ਨਹੀਂ ਹੈ ਜਾਂ ਇਸਨੂੰ ਸੌ ਯੋਗਤਾਵਾਂ ਦੇ ਹੇਠਾਂ ਦੱਬਦਾ ਹੈ।



ਅਤੇ ਇਹ ਉਹ ਹੈ ਜੋ ਬੁੱਧੀਜੀਵੀ ਵਜੋਂ ਕੰਮ ਕਰਨ ਵਾਲਿਆਂ ਲਈ ਚੋਮਸਕੀ ਦੀ ਤਿੱਖੀ ਨਫ਼ਰਤ ਨੂੰ ਉਜਾਗਰ ਕਰਦਾ ਹੈ। ਉਹ ਸਮਝਦਾ ਹੈ ਕਿ ਅਕਾਦਮਿਕ, ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਕੋਲ ਆਮ ਨਾਗਰਿਕਾਂ ਨਾਲੋਂ ਰਾਜਨੀਤਿਕ ਘਟਨਾਵਾਂ ਦੀ ਪੂਰੀ ਅਤੇ ਵਧੇਰੇ ਸਹੀ ਪੇਸ਼ਕਾਰੀ ਪ੍ਰਾਪਤ ਕਰਨ ਲਈ ਸਮਾਂ ਅਤੇ ਸਰੋਤ ਸਨ। ਉਹ ਬਹੁਤ ਹੀ ਵਿਸ਼ੇਸ਼ ਅਧਿਕਾਰ ਵਾਲੇ ਅਹੁਦਿਆਂ 'ਤੇ ਰਹੇ। ਅਤੇ ਇਸ ਦੇ ਨਾਲ, ਉਹ ਦਲੀਲ ਦਿੰਦਾ ਹੈ, ਇੱਕ ਨੈਤਿਕ ਜ਼ਿੰਮੇਵਾਰੀ ਵੀ ਆਉਣੀ ਚਾਹੀਦੀ ਹੈ. 'ਜੇਕਰ ਤੁਸੀਂ ਵਧੇਰੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋ', ਉਸਨੇ ਇੱਕ ਵਾਰ ਸਮਝਾਇਆ, 'ਤਾਂ ਤੁਸੀਂ ਵਧੇਰੇ ਜ਼ਿੰਮੇਵਾਰ ਹੋ. . . . ਐਮ.ਆਈ.ਟੀ. ਵਰਗੀਆਂ ਥਾਵਾਂ 'ਤੇ ਲੋਕਾਂ ਕੋਲ ਵਿਕਲਪ ਹਨ। ਉਨ੍ਹਾਂ ਕੋਲ ਵਿਸ਼ੇਸ਼ ਅਧਿਕਾਰ ਹਨ, ਉਨ੍ਹਾਂ ਕੋਲ ਸਿੱਖਿਆ ਹੈ, ਉਨ੍ਹਾਂ ਕੋਲ ਸਿਖਲਾਈ ਹੈ। ਇਸ ਵਿੱਚ ਜ਼ਿੰਮੇਵਾਰੀ ਹੈ। ਕੋਈ ਵਿਅਕਤੀ ਜੋ ਭੋਜਨ ਪ੍ਰਦਾਨ ਕਰਨ ਲਈ ਹਫ਼ਤੇ ਵਿੱਚ 50 ਘੰਟੇ ਕੰਮ ਕਰਦਾ ਹੈ ਅਤੇ ਰਾਤ ਨੂੰ ਥੱਕ ਕੇ ਵਾਪਸ ਆਉਂਦਾ ਹੈ ਅਤੇ ਟੀਵੀ ਚਾਲੂ ਕਰਦਾ ਹੈ, ਉਸ ਕੋਲ ਬਹੁਤ ਘੱਟ ਵਿਕਲਪ ਹਨ। ਇਹ ਨਹੀਂ ਸੀ ਕਿ ਪੰਜਾਹ ਘੰਟੇ ਕੰਮ ਕਰਨ ਵਾਲਾ ਆਦਮੀ ਇੱਕ ਆਟੋਮੈਟਿਕ ਮਸ਼ੀਨ ਸੀ: 'ਤਕਨੀਕੀ ਤੌਰ 'ਤੇ, ਇਸ ਆਦਮੀ ਕੋਲ ਵਿਕਲਪ ਹਨ', ਚੋਮਸਕੀ ਨੇ ਕਿਹਾ, 'ਪਰ ਉਹਨਾਂ ਦਾ ਅਭਿਆਸ ਕਰਨਾ ਬਹੁਤ ਔਖਾ ਹੈ, ਅਤੇ ਇਸਲਈ ਉਸਦੀ ਜ਼ਿੰਮੇਵਾਰੀ ਘੱਟ ਹੈ। ਇਹ ਸਿਰਫ ਉਹੀ ਪ੍ਰਾਇਮਰੀ ਹੈ।' ਜਦੋਂ ਪ੍ਰੋਫ਼ੈਸਰ, ਪੱਤਰਕਾਰ, ਅਤੇ ਉਨ੍ਹਾਂ ਵਰਗੇ ਹੋਰ ਲੋਕ ਕੁਲੀਨ ਵਰਗ ਦੇ ਸ਼ੋਸ਼ਣ ਵਿੱਚ ਰੁੱਝੇ ਹੋਏ ਸਨ, ਤਾਂ ਉਹ ਇੱਕ ਚੋਣ ਕਰ ਰਹੇ ਸਨ – ਇਹ ਬੁਨਿਆਦੀ ਸ਼ਿਸ਼ਟਾਚਾਰ ਨਾਲੋਂ ਪੇਸ਼ੇਵਰ ਸਫਲਤਾ ਨੂੰ ਤਰਜੀਹ ਦੇਣ ਤੋਂ ਆਇਆ ਹੈ। ਅਤੇ ਇਸ ਕਾਰਨ ਉਸ ਦੀ ਬੇਇੱਜ਼ਤੀ ਹੋਈ। ਚੋਮਸਕੀ ਅਤੇ ਮਾਰਕਸ ਵਾਂਗ ਬੁੱਧੀਜੀਵੀਆਂ ਦਾ ਨਿਰਾਦਰ ਬਹੁਤ ਘੱਟ ਚਿੰਤਕਾਂ ਨੇ ਕੀਤਾ ਹੈ। ਸ਼ਾਇਦ ਇਹ ਇਸ ਲਈ ਸੀ ਕਿਉਂਕਿ ਉਸ ਨੇ ਉਸ ਜਮਾਤ ਨਾਲ ਕਿਸੇ ਹੋਰ ਨਾਲੋਂ ਵੱਧ ਗੱਲਬਾਤ ਕਰਨੀ ਸੀ, ਅਤੇ ਉਸ ਦੀ ਕਾਇਰਤਾ ਅਤੇ ਲਾਲਚ ਨੂੰ ਦੇਖਣਾ ਸੀ। ਇਹ ਉਹ ਥਾਂ ਹੈ ਜਿੱਥੇ ਅਸੀਂ ਮਾਰਕਸ ਦੇ ਨਾਲ ਇੱਕ ਹੋਰ ਮੇਲ-ਮਿਲਾਪ ਦੇਖਦੇ ਹਾਂ। ਚੋਮਸਕੀ ਅਤੇ ਮਾਰਕਸ ਵਾਂਗ ਬੁੱਧੀਜੀਵੀਆਂ ਦਾ ਨਿਰਾਦਰ ਬਹੁਤ ਘੱਟ ਚਿੰਤਕਾਂ ਨੇ ਕੀਤਾ ਹੈ। ਸ਼ਾਇਦ ਇਹ ਇਸ ਲਈ ਸੀ ਕਿਉਂਕਿ ਉਸ ਨੂੰ ਕਿਸੇ ਹੋਰ ਨਾਲੋਂ ਉਸ ਵਰਗ ਨਾਲ ਵਧੇਰੇ ਗੱਲਬਾਤ ਕਰਨੀ ਪੈਂਦੀ ਸੀ, ਅਤੇ ਉਸ ਨੇ ਇਸ ਦੀ ਕਾਇਰਤਾ ਅਤੇ ਲਾਲਚ ਨੂੰ ਦੇਖਣਾ ਸੀ, ਇਸ ਦੇ ਭੌਤਿਕ ਇਨਾਮਾਂ ਦਾ ਪਿੱਛਾ ਕਰਨਾ ਜੋ ਕਿ ਚੀਜ਼ਾਂ ਦੀ ਯੋਜਨਾ ਵਿਚ ਥੋੜ੍ਹੀ ਜਿਹੀ ਰਕਮ ਤੋਂ ਵੱਧ ਮਹੱਤਵਪੂਰਨ ਨਹੀਂ ਸੀ। ਉਸਨੇ ਦੇਖਿਆ ਕਿ ਕਿਸ ਤਰ੍ਹਾਂ ਪੂਰੇ ਕਰੀਅਰ ਨੂੰ ਸਥਿਤੀ ਵਿੱਚ ਮਾਮੂਲੀ ਵਾਧੇ ਦੇ ਆਲੇ-ਦੁਆਲੇ ਆਕਾਰ ਦਿੱਤਾ ਗਿਆ ਸੀ, ਘੱਟੋ-ਘੱਟ ਸ਼ਾਲੀਨਤਾ ਦੇ ਮਾਪਦੰਡਾਂ ਦੀ ਕੀਮਤ 'ਤੇ। ਅਤੇ ਬਦਲੇ ਵਿੱਚ, ਦੋਵਾਂ ਨੂੰ ਪੇਸ਼ੇਵਰ ਅਕਾਦਮਿਕ ਅਤੇ ਰਾਏ ਨਿਰਮਾਤਾਵਾਂ ਦੁਆਰਾ ਸਭ ਤੋਂ ਵੱਧ ਬਦਨਾਮ ਕੀਤਾ ਗਿਆ ਹੈ ਅਤੇ ਨਫ਼ਰਤ ਕੀਤੀ ਗਈ ਹੈ, ਭਾਵੇਂ ਕਿ ਉਹਨਾਂ ਨੂੰ ਵਿਆਪਕ ਜਨਤਾ ਦੁਆਰਾ ਪਿਆਰ ਕੀਤਾ ਜਾਂਦਾ ਹੈ. ਪਰ ਸੱਚ ਤਾਂ ਇਹ ਹੈ ਕਿ ਜੇ ਚੋਮਸਕੀ ਨੇ ਕਦੇ ਵੀ ਬੁੱਧੀਜੀਵੀਆਂ ਦੀ ਨਿਰਾਦਰੀ ਕਰਨ ਵਾਲੀ ਕੋਈ ਗੱਲ ਨਾ ਕਹੀ ਹੁੰਦੀ ਤਾਂ ਵੀ ਉਹ ਉਨ੍ਹਾਂ ਨੂੰ ਨਫ਼ਰਤ ਕਰਦਾ ਸੀ। ਇਹ ਉਸਦੇ ਸਮਾਜਕ ਕਾਰਜ ਦੇ ਵਿਸ਼ਲੇਸ਼ਣ ਨਾਲ ਸਬੰਧਤ ਹੈ। ਮਾਰਕਸ ਵਾਂਗ ਚੋਮਸਕੀ ਵੀ ਬੁੱਧੀਜੀਵੀਆਂ ਦਾ ਮੂਲ ਕਾਰਜ ਪ੍ਰਧਾਨ ਵਰਗ ਦੇ ਹਿੱਤਾਂ ਦੀ ਪੂਰਤੀ ਕਰਨਾ ਮੰਨਦਾ ਹੈ। ਅਤੇ ਉਹ ਅਸਲੀਅਤ ਬਾਰੇ ਬੁਨਿਆਦੀ ਤੱਥਾਂ ਨੂੰ ਤੋੜ-ਮਰੋੜ ਕੇ ਅਤੇ ਦਬਾ ਕੇ ਹੀ ਅਜਿਹਾ ਕਰ ਸਕਦੇ ਹਨ। ਉਸਨੇ ਜ਼ੋਰ ਦੇ ਕੇ ਕਿਹਾ, "ਕਿਸੇ ਵਿਚਾਰਧਾਰਕ ਢਾਂਚੇ ਨੂੰ ਹਾਕਮ ਜਮਾਤ ਲਈ ਲਾਭਦਾਇਕ ਹੋਣ ਲਈ ਉਸ ਜਮਾਤ ਦੁਆਰਾ ਜਾਂ ਤਾਂ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਜਾਂ ਇਸ ਜਮਾਤ ਦੇ ਵਿਸ਼ੇਸ਼ ਹਿੱਤਾਂ ਨੂੰ ਸਰਵ ਵਿਆਪੀ ਹਿੱਤਾਂ ਦੇ ਰੂਪ ਵਿੱਚ ਮੰਨ ਕੇ ਉਸ ਜਮਾਤ ਦੁਆਰਾ ਸ਼ਕਤੀ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਇਸ ਲਈ ਇਹ ਕੁਦਰਤੀ ਤੌਰ 'ਤੇ ਦੇਖਿਆ ਜਾਵੇਗਾ ਕਿ ਇਸ ਵਰਗ ਦੇ ਨੁਮਾਇੰਦਿਆਂ ਨੂੰ ਆਮ ਹਿੱਤ ਵਿੱਚ ਸਮਾਜਿਕ ਨੀਤੀ ਨਿਰਧਾਰਤ ਕਰਨੀ ਚਾਹੀਦੀ ਹੈ। ਇਹ ਇੱਕ ਕਾਰਜਸ਼ੀਲ ਦਲੀਲ ਵਜੋਂ ਪੇਸ਼ ਕੀਤਾ ਗਿਆ ਹੈ, ਜਿਵੇਂ ਕਿ ਅਸੀਂ ਮਾਰਕਸ ਦੀਆਂ ਲਿਖਤਾਂ ਵਿੱਚ ਦੇਖਦੇ ਹਾਂ। ਪਰ ਚੋਮਸਕੀ ਨੇ ਉਹਨਾਂ ਕਾਰਨਾਤਮਕ ਚੈਨਲਾਂ 'ਤੇ ਬਹੁਤ ਵਿਸਥਾਰ ਨਾਲ ਕੰਮ ਕੀਤਾ ਹੈ ਜਿਨ੍ਹਾਂ ਦੁਆਰਾ ਬੁੱਧੀਜੀਵੀਆਂ ਨੂੰ ਸਰਮਾਏਦਾਰ ਜਮਾਤ ਦੇ ਘੇਰੇ ਵਿੱਚ ਲਿਆਂਦਾ ਜਾਂਦਾ ਹੈ, ਤਾਂ ਜੋ ਉਹ ਭਰੋਸੇਯੋਗ ਏਜੰਟ ਬਣ ਸਕਣ। ਇਹ ਮੀਡੀਆ ਦਾ ਉਸ ਦਾ ਮਸ਼ਹੂਰ ਸਿਧਾਂਤ ਹੈ, ਜਿਸ ਨੂੰ ਉਸ ਨੇ ਪ੍ਰਚਾਰ ਮਾਡਲ ਦਾ ਨਾਂ ਦਿੱਤਾ। ਚੋਮਸਕੀ ਮੀਡੀਆ 'ਤੇ ਵਿਚਾਰਧਾਰਾ ਦੇ ਆਪਣੇ ਵਿਸ਼ਲੇਸ਼ਣ ਨੂੰ ਕੇਂਦਰਿਤ ਕਰਦਾ ਹੈ ਕਿਉਂਕਿ ਇਹ ਸਭ ਤੋਂ ਮਹੱਤਵਪੂਰਨ ਚੈਨਲ ਹੈ ਜਿਸ ਦੁਆਰਾ ਕੁਲੀਨ ਵਰਗ ਆਪਣੀਆਂ ਰਣਨੀਤੀਆਂ ਲਈ ਸਮਰਥਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਿਉਂਕਿ ਉਸਨੇ ਇਸਨੂੰ 'ਪ੍ਰਚਾਰ ਮਾਡਲ' ਕਿਹਾ, ਇਸ ਨੂੰ ਮੀਡੀਆ ਕਿਵੇਂ ਕੰਮ ਕਰਦਾ ਹੈ ਅਤੇ ਵਿਚਾਰਧਾਰਕ ਹੇਰਾਫੇਰੀ ਦੀ ਕਹਾਣੀ ਵਜੋਂ ਇੱਕ ਕਿਸਮ ਦੀ ਸਾਜ਼ਿਸ਼ ਸਿਧਾਂਤ ਵਜੋਂ ਬਦਨਾਮ ਕੀਤਾ ਗਿਆ ਹੈ। ਦੋਵੇਂ ਦਾਅਵੇ ਬਿਲਕੁਲ ਗਲਤ ਹਨ। ਪਹਿਲਾਂ, ਪੂੰਜੀਵਾਦ ਦੇ ਇਸ ਵਿਸ਼ਲੇਸ਼ਣ ਵਾਂਗ, ਮੀਡੀਆ ਸਿਧਾਂਤ ਕਿਸੇ ਸਾਜ਼ਿਸ਼ 'ਤੇ ਭਰੋਸਾ ਨਹੀਂ ਕਰਦਾ, ਨਾ ਹੀ ਇਹ ਦਾਅਵਾ ਕਰਦਾ ਹੈ ਕਿ ਜਨਤਾ ਇਸ ਦੁਆਰਾ ਧੋਖਾ ਖਾ ਰਹੀ ਹੈ। ਇਸ ਦੀ ਬਜਾਏ ਇਹ ਇੱਕ ਉੱਚ ਸੰਰਚਨਾਤਮਕ ਸਿਧਾਂਤ ਹੈ ਕਿ ਕਿਵੇਂ ਮਾਲਕੀ ਅਤੇ ਨਿੱਜੀ ਹਿੱਤਾਂ ਦਾ ਪਿੱਛਾ ਮੀਡੀਆ ਦੇ ਨਿਮਰਤਾ ਦੀ ਵਿਆਖਿਆ ਕਰਦਾ ਹੈ। ਚੋਮਸਕੀ ਮੀਡੀਆ 'ਤੇ ਵਿਚਾਰਧਾਰਾ ਦੇ ਆਪਣੇ ਵਿਸ਼ਲੇਸ਼ਣ ਨੂੰ ਕੇਂਦਰਿਤ ਕਰਦਾ ਹੈ ਕਿਉਂਕਿ ਇਹ ਸਭ ਤੋਂ ਮਹੱਤਵਪੂਰਨ ਚੈਨਲ ਹੈ ਜਿਸ ਦੁਆਰਾ ਕੁਲੀਨ ਵਰਗ ਆਪਣੀਆਂ ਰਣਨੀਤੀਆਂ ਲਈ ਸਮਰਥਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਿੱਜੀ ਮਲਕੀਅਤ ਵਾਲੀਆਂ ਮੀਡੀਆ ਸੰਸਥਾਵਾਂ ਕਿਸੇ ਵੀ ਹੋਰ ਕਾਰਪੋਰੇਸ਼ਨ ਵਾਂਗ ਕੰਮ ਕਰਦੀਆਂ ਹਨ, ਜਿਸ ਵਿੱਚ ਮਾਲਕ ਉਹਨਾਂ ਲੋਕਾਂ ਨੂੰ ਨਿਯੁਕਤ ਕਰਦੇ ਹਨ ਜਿਨ੍ਹਾਂ 'ਤੇ ਉਹ ਭਰੋਸਾ ਕਰ ਸਕਦੇ ਹਨ ਕਿਉਂਕਿ ਇਹ ਲੋਕਾਂ ਦੇ ਹਿੱਤ ਅਤੇ ਦ੍ਰਿਸ਼ਟੀਕੋਣ ਉਹਨਾਂ ਦੇ ਆਪਣੇ ਨਾਲ ਜੁੜੇ ਹੋਏ ਹਨ। ਉਹ ਹਰ ਰੋਜ਼ ਆਪਣੇ ਸੰਪਾਦਕਾਂ ਨੂੰ ਇਹ ਦੱਸਣ ਲਈ ਫ਼ੋਨ ਕਾਲਾਂ ਨਹੀਂ ਕਰਦੇ ਕਿ ਉਨ੍ਹਾਂ ਨੂੰ ਕੀ ਪ੍ਰਕਾਸ਼ਿਤ ਕਰਨਾ ਹੈ। ਜਿਵੇਂ ਸੀਈਓ ਆਪਣੇ ਉੱਚ-ਪੱਧਰੀ ਪ੍ਰਬੰਧਕਾਂ ਦੀ ਜਾਂਚ ਕਰਦੇ ਹਨ, ਮੀਡੀਆ ਮਾਲਕ ਉਨ੍ਹਾਂ ਨੂੰ ਨਿਯੁਕਤ ਕਰਨ ਤੋਂ ਪਹਿਲਾਂ ਆਪਣੇ ਸੰਪਾਦਕਾਂ ਦੀ ਜਾਂਚ ਕਰਦੇ ਹਨ। ਉਹ ਉਹਨਾਂ 'ਤੇ ਭਰੋਸਾ ਕਰ ਸਕਦੇ ਹਨ ਕਿਉਂਕਿ ਸੰਪਾਦਕ ਉਹਨਾਂ ਦੇ ਵਰਗੀ ਪਿਛੋਕੜ ਤੋਂ ਆਉਂਦੇ ਹਨ, ਉਹਨਾਂ ਦੇ ਆਪਣੇ ਸਮਾਨ ਰਾਜਨੀਤਕ ਦ੍ਰਿਸ਼ਟੀਕੋਣ ਹੁੰਦੇ ਹਨ, ਅਤੇ ਜੋ ਬਦਲੇ ਵਿੱਚ ਉਹਨਾਂ ਨੂੰ ਆਪਣੇ ਵਿਚਾਰਧਾਰਕ ਦ੍ਰਿਸ਼ਟੀਕੋਣ ਜਾਂ ਕੈਰੀਅਰ ਦਾ ਸਮਰਥਨ ਮਹਿਸੂਸ ਕਰਦੇ ਹਨ ਜੋ ਉਹਨਾਂ ਨੂੰ ਭਰੋਸੇਮੰਦ ਬਣਾਉਂਦੇ ਹਨ। ਮੀਡੀਆ ਮਾਲਕਾਂ ਨੂੰ ਕੁਝ ਵੀ ਮਾਈਕ੍ਰੋਮੈਨੇਜ ਕਰਨ ਦੀ ਲੋੜ ਨਹੀਂ ਹੈ, ਕਿਸੇ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਕੀ ਕਹਿਣਾ ਹੈ ਜਾਂ ਕਰਨਾ ਹੈ।

ਇਹੀ ਕਾਰਨ ਹੈ ਕਿ ਮੈਂਡਰਿਨ ਵਰਗ ਕਿਸੇ ਵੀ ਤਰ੍ਹਾਂ ਚੋਮਸਕੀ ਨੂੰ ਨਫ਼ਰਤ ਕਰੇਗਾ – ਬੁੱਧੀਜੀਵੀਆਂ ਬਾਰੇ ਉਸਦਾ ਸਿਧਾਂਤ ਉਹਨਾਂ ਦੇ ਆਪਣੇ ਸਵੈ-ਚਿੱਤਰ ਦੇ ਵਿਰੁੱਧ ਹੈ। ਚੋਮਸਕੀ ਉਸ ਭੂਮਿਕਾ ਨੂੰ ਉਜਾਗਰ ਕਰਦਾ ਹੈ ਜੋ ਬਹੁਤ ਹੀ ਸਤਿਕਾਰਤ ਅਤੇ ਪ੍ਰਸ਼ੰਸਾਯੋਗ ਬੁੱਧੀਜੀਵੀ ਪ੍ਰਭਾਵਸ਼ਾਲੀ ਸਮੂਹਾਂ ਦੀ ਸ਼ਕਤੀ ਨੂੰ ਦੁਬਾਰਾ ਪੈਦਾ ਕਰਨ ਵਿੱਚ ਖੇਡਦੇ ਹਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸਨੇ ਆਪਣੇ ਡੂੰਘੇ ਸੰਰਚਨਾਤਮਕ ਸਿਧਾਂਤ ਨੂੰ ਇੱਕ ਸਾਜ਼ਿਸ਼ ਤੋਂ ਵੱਧ ਕੁਝ ਨਹੀਂ ਮੰਨਿਆ; ਕਿ ਉਨ੍ਹਾਂ ਨੇ ਉਸ ਨੂੰ ਨੈਤਿਕ ਤੌਰ 'ਤੇ ਪ੍ਰੇਰਿਤ ਵਿਗਿਆਨੀ ਦੀ ਬਜਾਏ ਨੈਤਿਕਤਾਵਾਦੀ ਦੱਸਿਆ; ਕਿ ਉਹਨਾਂ ਨੇ ਉਸਨੂੰ ਇੱਕ ਪਹਿਲੇ ਦਰਜੇ ਦੇ ਬੁੱਧੀਜੀਵੀ ਦੀ ਬਜਾਏ ਇੱਕ ਸਨਕੀ ਵਜੋਂ ਖਾਰਜ ਕਰ ਦਿੱਤਾ ਹੈ। ਪਰ ਇਹ ਉਸਦੇ ਕੰਮ ਦੀ ਇਕੋ ਇਕ ਸਮੱਗਰੀ ਨਹੀਂ ਹੈ. ਇਹ ਉਸ ਦੀ ਸ਼ੈਲੀ ਵੀ ਹੈ. ਸਾਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾਉਣਾ ਚਾਹੀਦਾ ਕਿ ਉਨ੍ਹਾਂ ਦੀ ਨਾਰਾਜ਼ਗੀ ਚੋਮਸਕੀ ਦੁਆਰਾ ਮਸ਼ਹੂਰ ਬੁੱਧੀਜੀਵੀਆਂ ਨਾਲ ਜੁੜੇ ਆਮ ਜਾਲ ਨੂੰ ਰੱਦ ਕਰਨ ਤੋਂ ਪੈਦਾ ਹੁੰਦੀ ਹੈ। ਨੋਮ ਸਿਰਫ਼ ਅਕਾਦਮਿਕ ਸੱਭਿਆਚਾਰ ਲਈ ਸ਼ਰਮਨਾਕ ਰਿਹਾ ਹੈ। ਜਿਸ ਤਰੀਕੇ ਨਾਲ ਉਹ ਆਪਣੇ ਆਪ ਨੂੰ ਪੇਸ਼ ਕਰਦਾ ਹੈ ਉਹ ਪ੍ਰੋਫੈਸਰਾਂ ਨੂੰ ਉਸਦੀ ਸਵੈ-ਪ੍ਰਸਤੁਤੀ ਅਤੇ ਉਸਦੇ ਅਸਲ ਵਿਵਹਾਰ ਦੇ ਵਿਚਕਾਰਲੇ ਪਾੜੇ ਦੀ ਨਿਰੰਤਰ ਯਾਦ ਦਿਵਾਉਂਦਾ ਹੈ। ਉਹ ਸਰਲ, ਸਪਸ਼ਟ ਭਾਸ਼ਾ ਵਿੱਚ ਗੱਲ ਕਰਦੇ ਹਨ; ਉਹ ਵਿਦਵਾਨ ਰੈਂਕ ਦਾ ਇੱਕ ਪ੍ਰਤਿਭਾਵਾਨ ਹੈ, ਫਿਰ ਵੀ ਉਹ 'ਸਮਾਜਿਕ ਸਿਧਾਂਤ' ਕਹੇ ਜਾਣ ਵਾਲੇ ਦਿਖਾਵੇ ਲਈ ਖੁੱਲ੍ਹੇਆਮ ਘਿਣ ਕਰਦਾ ਹੈ; ਉਹ ਆਪਣੇ ਵਾਰਤਾਕਾਰ ਨੂੰ ਬੇਇੱਜ਼ਤ ਕੀਤੇ ਬਿਨਾਂ, ਪੂਰੀ ਇਮਾਨਦਾਰੀ ਨਾਲ ਉਸ ਨੂੰ ਪੁੱਛੇ ਹਰ ਸਵਾਲ ਦਾ ਜਵਾਬ ਦਿੰਦਾ ਹੈ; ਉਹ ਹਰ ਪੱਤਰ ਜਾਂ ਈਮੇਲ ਦਾ ਜਵਾਬ ਦਿੰਦਾ ਹੈ ਜੋ ਉਸਨੂੰ ਪ੍ਰਾਪਤ ਹੁੰਦਾ ਹੈ, ਆਮ ਤੌਰ 'ਤੇ ਇੱਕ ਜਾਂ ਦੋ ਦਿਨਾਂ ਦੇ ਅੰਦਰ, ਕਈ ਵਾਰ ਘੰਟਿਆਂ ਦੇ ਅੰਦਰ। ਇਹ ਸਭ – ਹਰ ਦਿਨ, ਹਰ ਵਾਰ ਜਦੋਂ ਉਸਨੇ ਇਹ ਕੀਤਾ ਹੈ – ਉਹਨਾਂ ਦੀਆਂ ਸੰਸਥਾਵਾਂ ਵਿੱਚ ਮੈਂਡਰਿਨਾਂ ਲਈ ਇੱਕ ਝਿੜਕ ਹੈ। ਚੋਮਸਕੀ ਵਿਦਿਅਕ ਰੈਂਕ ਦਾ ਇੱਕ ਪ੍ਰਤਿਭਾਵਾਨ ਹੈ, ਫਿਰ ਵੀ ਉਹ 'ਸਮਾਜਿਕ ਸਿਧਾਂਤ' ਕਹੇ ਜਾਣ ਵਾਲੇ ਦਿਖਾਵੇ ਲਈ ਖੁੱਲ੍ਹੇਆਮ ਘਿਣ ਕਰਦਾ ਹੈ; ਉਹ ਆਪਣੇ ਵਾਰਤਾਕਾਰ ਨੂੰ ਬੇਇੱਜ਼ਤ ਕੀਤੇ ਬਿਨਾਂ, ਪੂਰੀ ਇਮਾਨਦਾਰੀ ਨਾਲ ਉਸ ਨੂੰ ਪੁੱਛੇ ਹਰ ਸਵਾਲ ਦਾ ਜਵਾਬ ਦਿੰਦਾ ਹੈ; ਉਹ ਹਰ ਪੱਤਰ ਜਾਂ ਈਮੇਲ ਦਾ ਮਸ਼ਹੂਰ ਜਵਾਬ ਦਿੰਦਾ ਹੈ ਜੋ ਉਸਨੂੰ ਪ੍ਰਾਪਤ ਹੁੰਦਾ ਹੈ। ਬੇਮਿਸਾਲ ਸ਼ਕਤੀਸ਼ਾਲੀ ਸਿਧਾਂਤ ਦੇ ਬਾਵਜੂਦ ਉਸਨੇ ਅਪਣਾਇਆ ਹੈ ਅਤੇ ਸਿਧਾਂਤ ਜੋ ਉਸਨੇ ਵਿਕਸਤ ਕੀਤਾ ਹੈ,

ਚੋਮਸਕੀ ਸਮਾਜਿਕ ਸਿਧਾਂਤ ਦੀ ਲੰਬੀ ਚਰਚਾ ਨੂੰ ਨਫ਼ਰਤ ਕਰਦਾ ਹੈ। ਇਹ ਇਸ ਤਰ੍ਹਾਂ ਕਿਉਂ ਹੈ? ਇਹਨਾਂ ਦੇ ਸੁਭਾਅ ਸਮੇਤ ਕਈ ਕਾਰਨ ਹਨ। ਇਸਦਾ ਇੱਕ ਹਿੱਸਾ ਪ੍ਰਮਾਣਿਤ ਬੁੱਧੀਜੀਵੀਆਂ ਦੇ ਦਿਖਾਵੇ ਲਈ ਉਸਦੀ ਨਫ਼ਰਤ ਤੋਂ ਪੈਦਾ ਹੋਇਆ; ਕੁਝ ਉਹਨਾਂ ਦੇ ਵਿਸ਼ਵਾਸ ਤੋਂ ਪੈਦਾ ਹੁੰਦੇ ਹਨ, ਸਹੀ ਤੌਰ 'ਤੇ, ਵਧੇਰੇ ਸਥਾਪਿਤ ਵਿਗਿਆਨਾਂ ਦੀ ਤੁਲਨਾ ਵਿੱਚ, ਸਮਾਜਿਕ ਜਾਂਚ ਵਿੱਚ ਕੁਝ ਸਿਧਾਂਤ ਹਨ ਜੋ ਸੱਚਮੁੱਚ ਡੂੰਘੇ ਹਨ ਜਾਂ ਹੈਰਾਨੀਜਨਕ ਨਤੀਜੇ ਪੈਦਾ ਕਰਦੇ ਹਨ। ਪਰ ਇਸ ਦਾ ਬਹੁਤ ਸਾਰਾ ਸਬੰਧ ਆਮ ਲੋਕਾਂ ਨੂੰ ਉਸ ਕੰਮ ਲਈ ਪ੍ਰੇਰਿਤ ਕਰਨ ਦੀ ਉਸਦੀ ਇੱਛਾ ਨਾਲ ਹੈ ਜਿਸ ਲਈ ਉਸਨੇ ਆਪਣਾ ਜੀਵਨ ਸਮਰਪਿਤ ਕੀਤਾ ਹੈ। ਉਹ ਦੁਬਾਰਾ ਸਹੀ ਮੰਨਦਾ ਹੈ ਕਿ ਭਾਵੇਂ ਸਮਾਜਵਾਦੀਆਂ ਕੋਲ ਪੂੰਜੀਵਾਦ ਦਾ ਬਹੁਤ ਸ਼ਕਤੀਸ਼ਾਲੀ ਸਿਧਾਂਤ ਹੈ, ਉਸ ਸਿਧਾਂਤ ਦੇ ਮੂਲ ਤੱਤ ਬਹੁਤ ਜ਼ਿਆਦਾ ਸਰਲ ਹਨ ਅਤੇ ਜੋ ਕੋਈ ਵੀ ਥੋੜਾ ਜਿਹਾ ਯਤਨ ਕਰਨ ਲਈ ਤਿਆਰ ਹੈ, ਉਸਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਮੱਸਿਆ ਇਹ ਹੈ ਕਿ ਸਿਧਾਂਤ ਨੂੰ ਪਹੁੰਚਯੋਗ ਬਣਾਉਣ ਅਤੇ ਇਸਨੂੰ ਆਮ ਲੋਕਾਂ ਦੇ ਹੱਥਾਂ ਵਿੱਚ ਪਾਉਣ ਦੇ ਤਰੀਕੇ ਲੱਭਣ ਦੀ ਬਜਾਏ, ਬਹੁਤ ਸਾਰੇ ਬੁੱਧੀਜੀਵੀ ਆਪਣਾ ਜ਼ਿਆਦਾਤਰ ਸਮਾਂ ਇਸ ਨੂੰ ਰਹੱਸਮਈ ਬਣਾਉਣ ਅਤੇ ਆਮ ਲੋਕਾਂ ਨੂੰ ਚੇਤਾਵਨੀ ਦੇਣ ਵਿੱਚ ਬਿਤਾਉਂਦੇ ਹਨ ਕਿ ਇਹ ਇੱਕ ਅਜਿਹਾ ਕੰਮ ਹੈ ਜੋ ਸਿਰਫ ਲੋਕਾਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਛੱਡਣ ਲਈ ਸਭ ਤੋਂ ਵਧੀਆ। ਚੋਮਸਕੀ ਲਈ, ਅਜਿਹਾ ਕਰਨ ਦਾ ਤਰੀਕਾ ਇਹ ਹੈ ਕਿ ਸਿਧਾਂਤ ਨੂੰ ਜਿੰਨੀ ਜਲਦੀ ਅਤੇ ਸਰਲ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ, ਅਤੇ ਫਿਰ ਸ਼ਕਤੀ ਦੇ ਕੇਂਦਰਾਂ ਅਤੇ ਉਹਨਾਂ ਦੇ ਆਲੇ ਦੁਆਲੇ ਦੇ ਲੇਖਕਾਂ ਦੁਆਰਾ ਫੈਲਾਏ ਗਏ ਝੂਠਾਂ ਨੂੰ ਬੇਨਕਾਬ ਕਰਨ ਦੇ ਵਧੇਰੇ ਮਹੱਤਵਪੂਰਨ ਕੰਮ ਵਿੱਚ ਰੁੱਝਿਆ ਜਾਵੇ। ਇਹਨਾਂ ਝੂਠਾਂ ਦੇ ਪਰਦਾਫਾਸ਼ ਕਰਕੇ ਹੀ ਕਿਰਤੀ ਲੋਕ ਇਹ ਸਮਝ ਸਕਦੇ ਹਨ ਕਿ ਉਹਨਾਂ ਦੀ ਨਿਰਾਸ਼ਾ ਜਾਇਜ਼ ਹੈ, ਇਹ ਸਾਰਾ ਕੁਝ ਅਸਲ ਵਿੱਚ ਧਾਂਦਲੀ ਹੈ, ਤਾਂ ਜੋ ਉਹ ਸਾਡੇ ਸੰਸਾਰ ਨੂੰ ਜਮਹੂਰੀਅਤ ਕਰਨ ਲਈ ਸਿਆਸੀ ਸੰਘਰਸ਼ ਦੇ ਹਿੱਸੇ ਵਜੋਂ ਇੱਕ ਵਿਕਲਪਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਲਈ ਪ੍ਰੇਰਿਤ ਹੋ ਸਕਣ। ਇਸ ਲਈ, ਹੱਲ ਇਹ ਹੈ ਕਿ ਮੂਲ ਸਿਧਾਂਤਾਂ ਨੂੰ ਸੰਖੇਪ ਵਿੱਚ ਬਿਆਨ ਕੀਤਾ ਜਾਵੇ ਅਤੇ ਫਿਰ ਵਿਸਤਾਰ ਵਿੱਚ ਦਿਖਾਇਆ ਜਾਵੇ ਕਿ ਉਹ ਦੁਨੀਆਂ ਦੇ ਹਰ ਹਿੱਸੇ ਵਿੱਚ ਕਿਵੇਂ ਕੰਮ ਕਰਦੇ ਹਨ, ਕੇਸ ਦਰ ਕੇਸ, ਉਦਾਹਰਣ ਦੁਆਰਾ: ਇਹ ਦਰਸਾਉਣ ਲਈ ਕਿ ਹਰ ਜਗ੍ਹਾ ਦੇ ਸ਼ਾਸਕ ਇੱਕੋ ਤਰਕ ਦੀ ਪਾਲਣਾ ਕਰਦੇ ਹਨ ਅਤੇ ਹਰ ਜਗ੍ਹਾ ਕੰਮ ਕਰਨ ਵਾਲੇ ਲੋਕ ਹਨ ਬਹੁਤ ਹੀ ਸਮਾਨ ਪਾਬੰਦੀਆਂ ਦੇ ਅਧੀਨ। ਇੱਕ, ਦੋ, ਬਹੁਤ ਸਾਰੇ ਚੋਮਸਕੀ! ਸਾਡੇ ਵਿੱਚੋਂ ਜਿਹੜੇ ਵਿਚਾਰਾਂ ਦੇ ਖੇਤਰ ਵਿੱਚ ਕੰਮ ਕਰਦੇ ਹਨ, ਉਨ੍ਹਾਂ ਲਈ ਇਹ ਸੱਚ ਹੈ ਕਿ ਚੋਮਸਕੀ ਦੇ ਅਨੁਭਵੀ ਕੰਮ ਵਿੱਚ ਇੱਕ ਕਿਸਮ ਦਾ ਦੁਹਰਾਓ ਹੈ। ਕਦੇ-ਕਦੇ ਅਸੀਂ ਬੋਰ ਮਹਿਸੂਸ ਕਰਦੇ ਹਾਂ ਜਦੋਂ ਅਸੀਂ ਇੱਕ ਹੋਰ ਲਿਖਤ ਦਾ ਸਾਹਮਣਾ ਕਰਦੇ ਹਾਂ ਜਿਸ ਵਿੱਚ ਉਹ ਹਾਕਮ ਜਮਾਤ ਦੇ ਸ਼ੋਸ਼ਣ ਦਾ ਪਰਦਾਫਾਸ਼ ਕਰਦਾ ਹੈ। ਪਰ ਇਹ ਸਿਰਫ ਇਸ ਲਈ ਹੈ ਕਿਉਂਕਿ ਪੱਤਰਕਾਰ ਅਤੇ ਅਕਾਦਮਿਕ ਆਪਣਾ ਬਹੁਤ ਸਾਰਾ ਸਮਾਂ ਪੜ੍ਹਨ, ਅਤੇ ਖਾਸ ਕਰਕੇ ਆਪਣੇ ਕੰਮ ਨੂੰ ਪੜ੍ਹਨ ਵਿੱਚ ਬਿਤਾਉਂਦੇ ਹਨ। ਚੋਮਸਕੀ ਦੇ ਜ਼ਿਆਦਾਤਰ ਸਰੋਤਿਆਂ ਲਈ, ਜੋ ਉਸ ਦੀਆਂ ਸਾਰੀਆਂ ਲਿਖਤਾਂ ਨੂੰ ਉਸ ਦੇ ਕੰਮ ਦੇ ਹਿੱਸੇ ਵਜੋਂ ਧਿਆਨ ਨਹੀਂ ਦਿੰਦੇ ਹਨ, ਦੁਹਰਾਉਣ ਦੀ ਅਜਿਹੀ ਕੋਈ ਭਾਵਨਾ ਨਹੀਂ ਹੈ। ਉਹ ਉਹਨਾਂ ਕੋਲ ਆਉਂਦੇ ਹਨ ਜਦੋਂ ਉਹਨਾਂ ਨੂੰ ਉਹਨਾਂ ਦੀ ਲੋੜ ਹੁੰਦੀ ਹੈ, ਅਤੇ ਜਦੋਂ ਉਹ ਆਉਂਦੇ ਹਨ, ਉਹਨਾਂ ਨੂੰ ਉਹ ਪ੍ਰਾਪਤ ਹੁੰਦਾ ਹੈ ਜੋ ਉਹ ਲੱਭ ਰਹੇ ਹੁੰਦੇ ਹਨ - ਪੁਸ਼ਟੀ ਕਰਦੇ ਹਨ ਕਿ ਉਹਨਾਂ ਦੀ ਪ੍ਰਵਿਰਤੀ ਸਹੀ ਹੈ, ਕਿ ਉਹਨਾਂ ਨਾਲ ਦੁਬਾਰਾ ਝੂਠ ਬੋਲਿਆ ਗਿਆ ਹੈ। ਨੋਇਮ ਉਹਨਾਂ ਨੂੰ ਅਸਾਧਾਰਣ ਵਿਸਥਾਰ ਵਿੱਚ, ਅਤੇ ਕਲੀਨਿਕਲ ਸ਼ੁੱਧਤਾ ਨਾਲ ਇਹ ਦਰਸਾਉਂਦਾ ਹੈ ਕਿ ਮੀਡੀਆ ਦੁਆਰਾ ਉਹਨਾਂ ਨੂੰ ਦਿੱਤੇ ਗਏ ਬਿਰਤਾਂਤ, ਉਸ 'ਘਿਣਾਉਣੀ ਕਹਾਵਤ' ਲਈ, ਜੋ ਕਿ ਸਮਿਥ ਨੇ ਬਹੁਤ ਸਮਾਂ ਪਹਿਲਾਂ ਪ੍ਰਗਟ ਕੀਤਾ ਸੀ, ਲਈ ਹੋਰ ਕੁਝ ਨਹੀਂ ਹਨ। ਸਾਡੇ ਲਈ ਸਭ ਕੁਝ, ਤੁਹਾਡੇ ਲਈ ਕੁਝ ਨਹੀਂ। ਅਸੀਂ ਇਸ ਨੂੰ ਜਿੰਨਾ ਚਾਹੋ ਫੈਂਸੀ ਬਣਾ ਸਕਦੇ ਹਾਂ, ਬੁੱਧੀਜੀਵੀਆਂ ਨੂੰ ਪਸੰਦ ਕਰਨ ਵਾਲੀਆਂ ਸਾਰੀਆਂ ਸੂਖਮਤਾਵਾਂ ਨੂੰ ਜੋੜ ਸਕਦੇ ਹਾਂ, ਪਰ ਦਿਨ ਦੇ ਅੰਤ ਵਿੱਚ ਕੀ ਕੋਈ ਅਜਿਹਾ ਫਾਰਮੂਲਾ ਹੈ ਜੋ ਨਵਉਦਾਰਵਾਦੀ ਯੁੱਗ ਨੂੰ ਇਸ ਤੋਂ ਬਿਹਤਰ ਬਿਆਨ ਕਰਦਾ ਹੈ? ਚੋਮਸਕੀ ਦਾ ਸਾਰਾ ਜੀਵਨ ਇਸ ਨੁਕਤੇ 'ਤੇ ਜ਼ੋਰ ਦੇਣ ਅਤੇ ਦਿਖਾਉਣ ਲਈ ਸਮਰਪਿਤ ਸੀ।

ਇਹ ਉਹ ਚੀਜ਼ ਹੈ ਜਿਸ ਦੀ ਕੋਈ ਵੀ ਸਭਿਅਕ ਵਿਅਕਤੀ ਇੱਛਾ ਕਰ ਸਕਦਾ ਹੈ, ਅਤੇ ਵਿਦਿਅਕ ਸੰਸਥਾਵਾਂ ਦੇ ਹਰ ਵਿਅਕਤੀ ਨੂੰ ਇਸ ਨੂੰ ਨਾ ਸਿਰਫ਼ ਪ੍ਰੇਰਨਾ ਵਜੋਂ, ਸਗੋਂ ਇੱਕ ਫਰਜ਼ ਵਜੋਂ ਲੈਣਾ ਚਾਹੀਦਾ ਹੈ। ਸ਼ਾਇਦ ਕੋਈ ਹੋਰ ਨੋਮ ਚੋਮਸਕੀ ਨਹੀਂ ਹੋਵੇਗਾ। ਪ੍ਰਤਿਭਾ, ਨੈਤਿਕ ਅਖੰਡਤਾ, ਬੇਅੰਤ ਊਰਜਾ ਅਤੇ ਲੰਬੀ ਉਮਰ ਦਾ ਇਹ ਸੁਮੇਲ ਅਸਲ ਵਿੱਚ ਕਦੇ ਨਹੀਂ ਦੇਖਿਆ ਗਿਆ ਹੈ. ਇਹ ਹਰ ਕੁਝ ਪੀੜ੍ਹੀਆਂ ਵਿੱਚ ਹੀ ਹੁੰਦਾ ਹੈ ਕਿ ਕੋਈ ਵਿਅਕਤੀ ਉਸ ਸੁਮੇਲ ਦੇ ਨੇੜੇ ਕੁਝ ਲੈ ਕੇ ਆਉਂਦਾ ਹੈ। ਪਰ ਇਹ ਇੱਕ ਉੱਚ ਮਿਆਰੀ ਹੈ. ਚੋਮਸਕੀ ਦਾ ਸਾਰਾ ਜੀਵਨ ਇਸ ਗੱਲ 'ਤੇ ਜ਼ੋਰ ਦੇਣ ਅਤੇ ਦਿਖਾਉਣ ਲਈ ਸਮਰਪਿਤ ਰਿਹਾ ਹੈ ਕਿ ਉਸ ਦੇ ਪ੍ਰੋਜੈਕਟ ਦਾ ਸਾਰ ਕੁਝ ਅਜਿਹਾ ਹੈ ਜਿਸ ਦੀ ਕੋਈ ਵੀ ਸਭਿਅਕ ਵਿਅਕਤੀ ਇੱਛਾ ਕਰ ਸਕਦਾ ਹੈ ਅਤੇ ਇਹ ਕਿ ਵਿਦਿਅਕ ਸੰਸਥਾਵਾਂ ਵਿੱਚ ਹਰ ਵਿਅਕਤੀ ਨੂੰ ਇਸ ਨੂੰ ਨਾ ਸਿਰਫ਼ ਪ੍ਰੇਰਨਾ ਵਜੋਂ ਵਰਤਣਾ ਚਾਹੀਦਾ ਹੈ, ਸਗੋਂ ਇੱਕ ਪ੍ਰੇਰਨਾ ਵਜੋਂ ਵੀ ਲੈਣਾ ਚਾਹੀਦਾ ਹੈ। ਡਿਊਟੀ ਇਹ ਬਹੁਤ ਹੀ ਅਸੰਭਵ ਹੈ ਕਿ ਪ੍ਰਮਾਣਿਤ ਪੇਸ਼ੇਵਰ ਜੋ ਆਪਣੇ ਆਪ ਨੂੰ ਬੁੱਧੀਜੀਵੀ ਕਹਿੰਦੇ ਹਨ ਕਦੇ ਵੀ ਇੱਕ ਸਮੂਹ ਦੇ ਰੂਪ ਵਿੱਚ ਇਸ ਕੰਮ ਵਿੱਚ ਸ਼ਾਮਲ ਹੋਣਗੇ। ਪਰ ਅੱਜ ਦੇ ਕਾਰਕੁੰਨਾਂ ਦੀ ਉੱਭਰ ਰਹੀ ਪੀੜ੍ਹੀ ਉੱਤੇ ਚੋਮਸਕੀ ਦੇ ਪ੍ਰਭਾਵ ਨੂੰ ਦੇਖਣਾ ਕੋਈ ਔਖਾ ਨਹੀਂ ਹੈ। ਫਲਸਤੀਨੀ ਕਾਜ਼ ਲਈ ਸਮਰਥਨ ਦੇ ਅਸਾਧਾਰਣ ਖੁਲਾਸੇ ਅਤੇ ਗਾਜ਼ਾ ਵਿੱਚ ਇਜ਼ਰਾਈਲ ਦੀ ਬੇਰਹਿਮੀ ਦੀ ਮੁੱਖ ਧਾਰਾ ਮੀਡੀਆ ਦੇ ਬਚਾਅ ਵਿੱਚ ਇਹ ਕਿਤੇ ਵੀ ਸਪੱਸ਼ਟ ਨਹੀਂ ਹੈ। ਚੋਮਸਕੀ ਦੀਆਂ ਬਹੁਤ ਸਾਰੀਆਂ ਦਲੀਲਾਂ, ਅਸਲ ਵਿੱਚ ਉਸ ਦੁਆਰਾ ਵਰਤੇ ਗਏ ਵਾਕਾਂਸ਼, ਆਮ ਹੋ ਰਹੇ ਹਨ। ਭਾਵੇਂ ਉਸਦਾ ਸਿੱਧਾ ਹਵਾਲਾ ਨਹੀਂ ਦਿੱਤਾ ਗਿਆ ਹੈ, ਉਸਦਾ ਪਰਛਾਵਾਂ ਵਿਸ਼ਾਲ ਹੈ ਅਤੇ ਉਸਦੀ ਮੌਜੂਦਗੀ ਸਰਵ ਵਿਆਪਕ ਹੈ। ਮੈਂ ਕਲਪਨਾ ਨਹੀਂ ਕਰ ਸਕਦਾ ਕਿ ਉਸ ਨੂੰ ਮੀਡੀਆ ਆਲੋਚਕਾਂ ਅਤੇ ਗੈਰ-ਪ੍ਰਮਾਣਿਤ ਟਿੱਪਣੀਕਾਰਾਂ ਦੀ ਇੱਕ ਫੌਜ ਨੂੰ ਆਲੋਚਨਾ ਅਤੇ ਸੂਚਿਤ ਅਸਹਿਮਤੀ ਨੂੰ ਲੈ ਕੇ ਦੇਖ ਕੇ ਕੋਈ ਖੁਸ਼ੀ ਹੋਈ. ਇਹ ਸੱਚ ਹੈ ਕਿ ਨੋਮ ਚੋਮਸਕੀ ਦੁਬਾਰਾ ਕਦੇ ਨਹੀਂ ਹੋਵੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਨੋਮ ਚੋਮਸਕੀ ਬਣਨਾ ਚਾਹੀਦਾ ਹੈ।

ਧੰਨਵਾਦ ਸਹਿਤ ਜੈਕੋਬਿਨ

# ਸਰਕਾਰੀ ਸਾਏ ਹੇਠ ਘੱਟ ਗਿਣਤੀ ਮੁਸਲਮਾਨਾਂ ਦੀ ਤਰਾਸਦੀ



ਡਾ. ਬਲਜਿੰਦਰ
94170-79720
singh.drbaljinder@gmail.com




ਬਕੌਲ ਪਾਰਟੀ ਪ੍ਰਧਾਨ ਕਾਗਰਸ ਮਲਿਕਾਰਜੁਨ ਖਰਗੇ, 18ਵੀ ਲੋਕ ਸਭਾ ਦੀਆਂ ਹਾਲੀਆ ਚੋਣਾਂ ਲਈ ਕੀਤੇ ਗਏ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਮੰਦਰ-ਮਸਜਿਦ-ਮੁਸਲਿਮ ਲਫ਼ਜ਼ਾਂ ਨੂੰ 421 ਵਾਰੀ ਉੱਚਰਿਆ ਹੈ। ਧਰਮ ਤੇ ਫਿਰਕੇ ਦਾ ਮੁੱਦਾ ਹਰ ਵੰਨਗੀ ਦੇ ਸਿਆਸਤਦਾਨਾਂ ਲਈ ਇੱਕ ਅਜਿਹੀ ਸੰਜੀਵਨੀ ਹੈ ਜਿਹੜੀ ਲੋਕਾਂ ਦਰਮਿਆਨ ਵੰਡੀਆਂ ਪਾਕੇ ਉਹਨਾਂ ਨੂੰ ਚੋਣਾਂ 'ਚ ਜਿੱਤ ਦੁਆਉਂਦੀ ਹੈ। ਇਸੇ ਲਈ ਹੀ ਤਾਂ ਉਹ ਲੋਕਾਂ ਨੂੰ ਦਰਪੇਸ਼ ਮਸਲਿਆਂ ਨੂੰ ਪਰ੍ਹੇ ਧੱਕਦਿਆਂ ਸ਼ਰਧਾ ਤੇ ਭਾਵੁਕਤਾ ਨਾਲ ਜੁੜੇ ਅਜਿਹੇ ਮਸਲਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਦੇ ਹਨ। ਅਤੇ ਜਿੱਥੋਂ ਕਿਤੇ ਵੀ ਅਜਿਹੀ ਧਾਰਮਕ ਆਸਥਾ ਨੂੰ ਹੁਲਾਰਾ ਮਿਲਦਾ ਹੋਵੇ ਉਹ ਉੱਥੇ ਜਾਕੇ ਨਤਮਸਤਕ ਹੁੰਦੇ ਹਨ ਤੇ ਵੋਟਾਂ ਮੰਗਦੇ ਹਨ।

ਧਰਮ/ਫਿਰਕੇ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਸਿਆਸਤਦਾਨਾਂ ਵੱਲੋਂ ਵਰਤੋਂ 'ਚ ਲਿਆਂਦੇ ਜਾਣਾ ਤਾਂ ਕਿਸੇ ਹੱਦ ਤੱਕ ਸਮਝ 'ਚ ਆ ਸਕਦਾ ਹੈ, ਪਰ ਐਥੇ ਤਾਂ ਗੱਲ ਹੀ ਰਿਆਸਤ ਵੱਲੋਂ, ਹਕੂਮਤ ਵੱਲੋਂ, ਮੁਲਕ ਦੀ ਜਮਹੂਰੀ ਢੰਗ ਨਾਲ ਚੁਣੀ ਗਈ ਸਰਕਾਰ ਦੇ ਇੱਕ ਸਲਾਹਕਾਰ ਅਦਾਰੇ ਵੱਲੋਂ ਹੀ ਕਿਸੇ ਇੱਕ ਧਾਰਮਕ ਘੱਟ ਗਿਣਤੀ ਫਿਰਕੇ ਨੂੰ ਨਿਸ਼ਾਨਾ ਬਣਾ ਉਹਨੂੰ ਬਹੁ ਗਿਣਤੀ ਫਿਰਕੇ ਲਈ ਖ਼ਤਰਾ ਬਣਾ ਪੇਸ਼ ਕਰਨ ਦੀ ਹੈ। ਐਥੇ ਅਸੀਂ ਗੱਲ ਕਰ ਰਹੇ ਹਾਂ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਆਰਥਕ ਮਾਮਲਿਆਂ ਬਾਰੇ ਸਲਾਹ ਦੇਣ ਵਾਲੀ ਸਲਾਹਕਾਰ ਕੌਂਸਲ ਦੀ। ਜੀਹਨੇ ਸ਼ੇਅਰ ਆਫ ਰਿਲੀਜੀਅਸ ਮਾਈਨਾਰਿਟੀਜ਼: ਏ ਕਰਾਸ ਕੰਟਰੀ ਅਨਾਲਸਿਸ (1950-2015) (ਧਾਰਮਕ ਘੱਟ-ਗਿਣਤੀਆਂ ਦੀ ਸੰਖਿਆ ਦਾ ਅਨੁਪਾਤ: ਮੁਲਕ ਪੱਧਰਾ ਅਧਿਐਨ) ਨਾਮੀਂ ਆਪਣੀ ਇੱਕ ਰਿਪੋਰਟ ਅੰਦਰ ਇਹ ਕਿਹਾ ਹੈ ਕਿ ਮੁਲਕ ਅੰਦਰ ਮੁਸਲਿਮ ਆਬਾਦੀ ਬੜੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਹ ਦੇਸ਼ ਦੀ ਹਿੰਦੂ ਆਬਾਦੀ ਲਈ ਖਤਰਾ ਬਣਦੀ ਹੈ।

ਭਾਵੇਂ ਆਪਣੀ ਇਸ ਰਿਪੋਰਟ ਅੰਦਰ ਹੀ ਉਹ ਇਹ ਵੀ ਕਹਿੰਦੇ ਹਨ ਕਿ ਭਾਵੇਂ ਕਿ ਇਸ ਪੂਰੇ ਅਮਲ 'ਚ ਕਿਸੇ ਵੀ ਮੁਲਕ ਅੰਦਰ ਧਾਰਮਕ ਆਬਾਦੀ 'ਚ ਤਬਦੀਲੀ ਆਉਣਾ ਇੱਕ ਬਹੁਭਾਂਤਾ ਤੇ ਬਹੁਵਿਧਾ ਵਰਤਾਰਾ ਹੁੰਦਾ ਹੈ ਅਤੇ ਧਾਰਮਕ ਆਬਾਦੀ 'ਚ ਤਬਦੀਲੀ ਲਿਆਉਣ ਵਾਲੇ ਹਕੀਕੀ ਕਾਰਨਾਂ ਦੀ ਨਿਸ਼ਾਨਦੇਹੀ ਕਰਨੀ ਇਸ ਪਰਚੇ ਦੇ ਖੇਤਰ ਤੋਂ ਬਾਹਰ ਦੀ ਗੱਲ ਹੈ, ਪਰ ਮੁਲਕ ਅੰਦਰ ਮੁਸਲਿਮਾਂ ਤੇ ਹੋਰਨਾਂ ਘੱਟ ਗਿਣਤੀਆਂ ਦੀ ਆਬਾਦੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।

ਇਹਦੇ 'ਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਰਥਕ ਸਲਾਹਕਾਰ ਕੌਂਸਲ ਦੀ ਇਸ ਰਿਪੋਰਟ ਤੋਂ 'ਸੇਧ' ਲੈਂਦਿਆਂ ਮੁਲਕ ਦੇ 'ਚੌਕੀਦਾਰ' ਸਮੇਤ ਉਹਦੇ ਹੋਰ ਬਹੁਤੇਰੇ ਸਾਰਥੀਆਂ ਨੇ ਮੁਸਲਿਮ ਘੱਟ ਗਿਣਤੀ ਨੂੰ ਆਪਣੇ ਨਿਸ਼ਾਨੇ 'ਤੇ ਲਿਆ। ਆਪਣੇ ਸਾਰੇ ਚੋਣ ਪ੍ਰਚਾਰ ਦੌਰਾਨ ਮੋਦੀ ਤੇ ਭਾਜਪਾ ਦੇ ਹੋਰ ਪ੍ਰਚਾਰਕਾਂ ਦੀ ਤਿੱਖੀ ਧਾਰ ਮੁਸਲਿਮ ਵਿਰੋਧੀ ਹੀ ਰਹੀ। ਜਿਹਾ ਕਿ ਮੁੱਖ ਧਾਰਾਵੀ ਮੀਡੀਆ ਰਿਪੋਰਟਾਂ ਤੋਂ ਉਜਾਗਰ ਹੁੰਦਾ ਹੈ।

ਪਰ ਹਕੀਕੀ ਪੱਧਰ 'ਤੇ ਕੀ ਇਹ ਗੱਲ ਸੱਚ ਹੈ ਕਿ ਮੁਸਲਮਾਨਾਂ ਦੀ ਹੀ ਆਬਾਦੀ ਵਧ ਰਹੀ ਹੈ? ਆਬਾਦੀ ਦੇ ਲਿਹਾਜ਼ ਨਾਲ ਜ਼ਮੀਨੀ ਪੱਧਰ 'ਤੇ ਹਾਲਾਤ ਵੱਖਰੇ ਹਨ। 1950 'ਚ ਹਿੰਦੂ ਆਬਾਦੀ ਕੁੱਲ ਆਬਾਦੀ ਦਾ 84.7% ਸੀ ਜਦਕਿ ਮੁਸਲਮਾਨ ਕੁੱਲ ਦਾ 9.8% ਬਣਦੇ ਸਨ। 1950-2015 ਦੇ ਅਰਸੇ ਦੌਰਾਨ ਹੀ ਕੁੱਲ ਹਿੰਦੂ ਆਬਾਦੀ ਅੰਦਰ ਵੀ ਵਾਧਾ ਦਰਜ ਕੀਤਾ ਗਿਆ ਹੈ। ਇਹ ਹੁਣ 701000000 (ਸੱਤ ਸੌ ਇੱਕ ਮਿਲੀਅਨ) ਯਾਨੀ ਕਿ ਸੱਤਰ ਕਰੋੜ ਦਸ ਲੱਖ ਹੈ ਜਦਕਿ ਕੁੱਲ ਮੁਸਲਿਮ ਆਬਾਦੀ ਅੱਜ ਕੱਲ੍ਹ 146000000 (ਇੱਕ ਸੌ ਛਿਆਲੀ ਮਿਲੀਅਨ) ਯਾਨੀ ਕਿ ਚੌਦਾਂ ਕਰੋੜ ਸੱਠ ਲੱਖ ਰਿਕਾਰਡ ਕੀਤੀ ਗਈ ਹੈ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਇਸੇ ਅਰਸੇ ਦੌਰਾਨ ਹੀ ਹਿੰਦੂ ਧਰਮ ਦਾ ਅੰਗ ਮੰਨੇ ਜਾਂਦੇ ਹੋਰਨਾਂ ਫਿਰਕਿਆਂ ਦੀ ਆਬਾਦੀ ਅੰਦਰ ਵੀ ਵੱਡੀਆਂ ਤਬਦੀਲੀਆਂ ਨੋਟ ਕੀਤੀਆਂ ਗਈਆਂ ਹਨ। ਮਿਸਾਲ ਵਜੋਂ ਬੋਧੀ ਆਬਾਦੀ 1519.6% ਵਧੀ ਹੈ, ਸਿੱਖਾਂ ਦੀ ਸੰਖਿਆ 'ਚ 49.2% ਵਾਧਾ ਦਰਜ ਕੀਤਾ ਗਿਆ ਹੈ ਜਦਕਿ ਪਾਰਸੀ ਭਾਈਚਾਰੇ ਦੀ ਆਬਾਦੀ 'ਚ 86.7% ਦੀ ਗਿਰਾਵਟ ਦਰਜ ਕੀਤੀ ਗਈ ਹੈ।

ਅਮਰੀਕਾ ਦੀ ਪਿਊ ਰਿਸਰਚ ਸੈਂਟਰ ਨਾਮੀ ਸੰਸਥਾ ਵੱਲੋਂ 2021 'ਚ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ 1947 ਦੀ ਵੰਡ ਤੋਂ ਬਾਅਦ ਦੇ ਸਮੇਂ ਦੌਰਾਨ ਛੇ ਵੱਖ-ਵੱਖ ਧਾਰਮਕ ਫਿਰਕਿਆਂ ਦੀ ਆਬਾਦੀ 'ਚ ਵਾਧੇ ਦੀ ਦਰ 1951-2011 ਦੇ ਸਮੇਂ ਦੌਰਾਨ ਮੁਕਾਬਲਤਨ ਖੜੋਤ ਵਾਲੀ ਰਹੀ ਹੈ। ਪੀਐੱਨ ਮਾਰੀਭੱਟ ਤੇ ਫਰਾਂਸਿਜ਼ ਜ਼ੇਵੀਅਰ ਵੱਲੋਂ ਮਿਲਕੇ 2005 'ਚ ਕੀਤੀ ਗਈ ਇੱਕ ਖੋਜ ਦੌਰਾਨ ਦੱਸਿਆ ਗਿਆ ਹੈ ਕਿ 2021 ਤੱਕ ਮੁਸਲਿਮ ਆਬਾਦੀ 'ਚ ਵਾਧੇ ਦੀ ਦਰ ਆਪਣੇ ਸਿਖਰ ਯਾਨੀ ਕਿ 18.8% ਵਾਧੇ ਦੀ ਦਰ 'ਤੇ ਅੱਪੜ ਜਾਵੇਗੀ।

ਇਹਦੀ ਹਮਾਇਤ 'ਚ ਨੈਸ਼ਨਲ ਫੈਮਿਲੀ ਹੈਲਥ ਸਰਵੇ ਰਿਪੋਰਟ ਦੇ ਹਵਾਲੇ ਨਾਲ ਪਾਪੂਲੇਸ਼ਨ ਫਾਊਂਡੇਸ਼ਨ ਆਫ ਇੰਡੀਆ ਦੀ ਇੱਕ ਰਿਪੋਰਟ ਦਿੱਤੀ ਜਾ ਸਕਦੀ ਹੈ। ਜੀਹਦੇ 'ਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਮੁਸਲਿਮ ਭਾਈਚਾਰੇ ਅੰਦਰ ਜਣਨ ਦਰ 'ਚ ਗਿਰਾਵਟ ਦਰਜ ਕੀਤੀ ਗਈ ਹੈ। ਅਤੇ ਇਸ ਕਰਕੇ ਵੀ ਇਹ ਵਾਧਾ ਦਰ ਸਿਖਰ ਵਾਲੀ ਦਿਖਾਈ ਗਈ ਹੈ।

ਕਿਸੇ ਵੀ ਫਿਰਕੇ ਜਾਂ ਮੁਲਕ ਦੀ ਆਬਾਦੀ ਬਾਰੇ ਅੰਕੜਿਆਂ ਨੂੰ ਉਸਦੇ ਸਮਾਜਕ-ਆਰਥਕ ਵਿਕਾਸ ਦੇ ਪ੍ਰਸੰਗ 'ਚ ਪੇਸ਼ ਕਰਨਾ ਇੱਕ ਬਹੁਤ ਹੀ ਅਹਿਮ ਕਾਰਜ ਹੁੰਦਾ ਹੈ। ਕਿਸੇ ਪਰਿਵਾਰ ਨੇ ਆਪਣੇ ਪਰਿਵਾਰ ਅੰਦਰ ਕਿੰਨੇ ਜੀਅ ਜਣਨੇ ਹਨ ਇਹ ਉਸ ਜਾਂ ਇਸ ਪਰਿਵਾਰ ਦੀ ਆਪਣੀ ਸਮਝ-ਬੂਝ ਜਾਂ ਹਾਲਾਤਾਂ 'ਤੇ ਨਿਰਭਰ ਕਰਦਾ ਹੈ। ਇਹ ਬਹੁਤਾ ਕਰਕੇ ਉਸ ਪਰਿਵਾਰ ਦੀ ਸਿੱਖਿਆ ਦੇ ਪੱਧਰ ਤੇ ਉਸ ਦੇ ਸਮਾਜਕ ਆਰਥਕ ਪਿਛੋਕੜ 'ਤੇ ਨਿਰਭਰ ਕਰਦਾ ਹੁੰਦਾ ਹੈ ਨਾ ਕਿ ਇਕੱਲਾ ਧਰਮ ਦੇ ਆਧਾਰ 'ਤੇ। ਕਿਸੇ ਭਾਈਚਾਰੇ ਜਾਂ ਪਰਿਵਾਰ ਦੀ ਆਬਾਦੀ 'ਚ ਵਾਧਾ ਉਸਦੇ ਖੁਸ਼ਹਾਲ ਹੋਣ ਦਾ ਸੂਚਕ ਹੋਣਾ ਲਾਜ਼ਮੀ ਨਹੀਂ ਹੈ। ਉਲਟੇ ਰੁਖ ਦੇਖਿਆਂ ਹੁੰਦਾ ਇਸਦੇ ਉਲਟ ਹੈ ਕਿ ਉਸ ਪਰਿਵਾਰ ਜਾਂ ਭਾਈਚਾਰੇ ਨੂੰ ਉਹਦੇ ਵਾਧੇ ਨਾਲ ਜੁੜੀਆਂ ਗੱਲਾਂ ਦਾ ਇਲਮ ਹੀ ਨਹੀਂ ਹੁੰਦਾ।

ਇਹ ਵੀ ਧਿਆਨ 'ਚ ਆਇਆ ਹੈ ਕਿ ਖੁਸ਼ਹਾਲ ਪਰਿਵਾਰਾਂ ਅੰਦਰ ਜਣਨ ਸਮਰੱਥਾ ਨੂੰ ਲੈ ਕੇ ਵੀ ਮਸਲੇ ਹਨ। ਬਹੁਤ ਸਾਰੀਆਂ ਖੋਜ ਰਿਪੋਰਟਾਂ ਅੰਦਰ ਉਹਨਾਂ ਪਰਿਵਾਰਾਂ ਦੀ ਜਣਨ-ਸ਼ਕਤੀ ਅੰਦਰ ਗਿਰਾਵਟ ਦਰਜ ਕੀਤੀ ਗਈ ਹੈ। ਕਿਸੇ ਪਰਿਵਾਰ ਜਾਂ ਭਾਈਚਾਰੇ ਦੀ ਆਬਾਦੀ 'ਚ ਵਾਧਾ ਹੋਣ ਦਾ ਅਰਥ ਇਹ ਨਹੀਂ ਹੈ ਕਿ ਉਹ ਪਰਿਵਾਰ/ਭਾਈਚਾਰਾ ਵਧੀਆ ਪੱਧਰ ਦਾ ਜੀਵਨ ਜਿਓਂ ਰਿਹਾ ਹੈ। ਉਲਟਾ ਇਹ ਹੈ ਕਿ ਮੁਲਕ ਦੇ ਵਿਕਾਸ ਦੀ ਖਬਰਸਾਰ ਉਸ ਭਾਈਚਾਰੇ ਦੀ ਪਹੁੰਚ ਤੋਂ ਅਜੇ ਕੋਹਾਂ ਦੂਰ ਪਈ ਹੁੰਦੀ ਹੈ।

ਮੁਸਲਿਮ ਭਾਈਚਾਰੇ ਦੀ ਆਬਾਦੀ 'ਚ ਵਾਧੇ ਦੇ ਹਿੰਦੂ ਭਾਈਚਾਰੇ ਲਈ ਖਤਰਨਾਕ ਹੋਣ ਦੀਆਂ ਮੋਦੀ ਸਮੇਤ ਭਾਜਪਾ ਦੇ ਸਾਰੇ ਆਗੂਆਂ ਵੱਲੋਂ ਦਿੱਤੇ ਗਏ ਨਫਰਤੀ ਭਾਸ਼ਨ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਲੋਕਾਂ ਦੀ ਧਰਮ ਆਧਾਰਤ ਸਿਆਸੀ ਪਾਲਾਬੰਦੀ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ ਹੈ। 2024 ਦੀਆਂ 18ਵੀ ਲੋਕ ਸਭਾ ਦੀਆਂ ਚੋਣਾਂ 'ਚ ਜਿੱਤ ਹਾਸਲ ਕਰ ਆਪਣੇ 'ਅਬਕੀ ਬਾਰ 400 ਪਾਰ' ਦੇ ਨਾਅਰੇ ਨੂੰ ਸਾਕਾਰ ਕਰ ਪਾਰਲੀਮੈਂਟ 'ਚ ਬਹੁਸੰਮਤੀ ਹਾਸਲ ਕਰਕੇ ਸਰਕਾਰ ਸਥਾਪਤ ਕਰਨ ਦਾ ਹੈ। ਅਤੇ ਉਹਨਾਂ ਨੇ ਆਪਣੇ ਇਹਨਾਂ ਮਨਸੂਬਿਆਂ ਨੂੰ ਕਦੇ ਛੁਪਾਇਆ ਵੀ ਨਹੀਂ ਹੈ ਕਿ ਦੋ-ਤਿਹਾਈ ਬਹੁਮਤ ਹਾਸਲ ਕਰਕੇ ਉਹ ਭਾਰਤੀ ਸੰਵਿਧਾਨ ਅੰਦਰ ਮੁੱਢੋਂ-ਸੁੱਢੋਂ ਸੋਧਾਂ ਨੂੰ ਅੰਜ਼ਾਮ ਦੇਣਗੇ। ਇਸ ਲਈ ਉਹਨਾਂ ਨੇ ਨਫ਼ਰਤ ਦਾ ਅਜਿਹਾ ਅਭਿਯਾਨ ਬਹੁਤ ਪਹਿਲਾਂ ਤੋਂ ਹੀ ਵਿੱਢਿਆ ਹੋਇਆ ਹੈ। ਬਾਬਰੀ ਮਸਜਦ-ਰਾਮ ਮੰਦਰ ਵਿਵਾਦ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਹੈ। ਜੋ ਕਿ ਇਸੇ ਪ੍ਰਾਜੈਕਟ ਦਾ ਹੀ ਹਿੱਸਾ ਹੈ।

ਬਹੁਤ ਸਾਰੇ ਲੋਕਾਂ ਨੂੰ ਇਹ ਭੁਲੇਖਾ ਹੋਊ ਕਿ ਹੁਣ ਤਾਂ ਮੋਦੀ ਪੀਐੱਮ ਬਣ ਗਿਆ ਹੁਣ ਤਾਂ ਇਹ ਫਿਰਕੂ ਨਫਰਤ ਨੂੰ ਠੱਲ੍ਹ ਪੈ ਜਾਊਗੀ। ਪਰ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਜਾਣ ਨਾਲ ਹੁਣ ਇਹ ਸਿਲਸਿਲਾ ਬੰਦ ਨਹੀਂ ਹੋਣ ਵਾਲਾ। ਕਿਉਂਕਿ ਰਾਜ ਕਰਨ ਵਾਲੇ ਵਰਗ ਕੋਲ ਲੋਕਾਂ ਨੂੰ ਸਮਾਜਕ-ਆਰਥਕ ਪੱਧਰ 'ਤੇ ਕੋਈ ਰਿਆਇਤਾਂ ਜਾਂ ਸਹੂਲਤਾਂ ਪ੍ਰਦਾਨ ਕਰਾਉਣ ਦਾ ਕੋਈ ਵੀ ਅਜੰਡਾ ਨਹੀਂ ਹੈ। ਸੰਕਟ ਮੂੰਹ ਆਏ ਹਾਕਮ ਵਰਗਾਂ ਨੇ ਅਜਿਹੀ ਫਿਰਕੂ ਪਾਲਾਬੰਦੀ ਨੂੰ ਹੋਰ ਤੇਜ਼ ਹੀ ਕਰਨਾ ਹੈ। ਅਤੇ ਇਸੇ ਮਕਸਦ ਲਈ ਹੀ ਉਹ ਵਿੱਦਿਆ ਵਿੱਦਿਅਕ ਅਦਾਰੇ-ਯੂਨੀਵਰਸਿਟੀਆਂ/ਕਾਲਜਾਂ/ਖੋਜ ਸੰਸਥਾਵਾਂ, ਸਿਲੇਬਸਾਂ ਅਤੇ ਹਕੂਮਤੀ ਮਸ਼ੀਨਰੀ ਦੇ ਹਰ ਅਦਾਰੇ ਨੂੰ ਆਪਣੇ ਪ੍ਰਚਾਰ ਤੇ ਪਸਾਰ ਲਈ ਵਰਤਦੇ ਹਨ ਜਿਵੇਂ ਕਿ ਇਸ ਮਾਮਲੇ 'ਚ ਆਰਥਕ ਸਲਾਹਕਾਰ ਕੌਂਸਲ ਨੂੰ ਵਰਤਿਆ ਹੈ। ਲੋਕਾਂ ਦੀ ਆਪਣੀ ਭਾਈਚਾਰਕ ਸਾਂਝ ਤੇ ਹਾਕਮ ਧੜਿਆਂ ਬਾਰੇ ਸਪੱਸ਼ਟਤਾ ਹੀ ਅਜਿਹੀ ਨਾਖੁਸ਼ਗਵਾਰ ਹਾਲਤ ਨੂੰ ਹਾਂ ਪੱਖੀ ਮੋੜਾ ਦੇ ਸਕਦੀ ਹੈ।

## ਗ਼ਜ਼ਲ

ਦਿਲ ਨੂੰ ਦਿਲ ਦਾ ਰਾਹ ਹੁੰਦਾ ਏ।
ਦਿਲ ਦਾ ਦਿਲ ਗਵਾਹ ਹੁੰਦਾ ਏ।

ਮਿਲ ਜਾਏ ਜੇ ਰੂਹ ਦਾ ਸਾਥੀ,
ਪੈਂਡਾ ਸੌਖਾ ਗਾਹ ਹੁੰਦਾ ਏ।

ਬੇੜਾ ਜਿਹੜਾ ਪਾਰ ਲਗਾਏ,
ਓਹੀ ਸਫ਼ਲ ਮਲਾਹ ਹੁੰਦਾ ਏ'

ਲੋਕਾਂ ਦੀ ਜੋ ਗੱਲ ਹੈ ਕਰਦਾ,
ਪਲ ਵਿਚ ਉਹ ਫ਼ਨਾਹ ਹੁੰਦਾ ਏ।

ਦਿਲ ਕਿਸੇ ਦਾ ਜੇ ਟੁੱਟ ਜਾਏ,
ਮੰਦਰ-ਮਸਜਿਦ ਢਾਹ ਹੁੰਦਾ ਏ।

ਨੱਚਣ ਦੀ ਇਕ ਉਮਰ ਏ ਹੁੰਦੀ,
ਫਿਰ ਨਾ 'ਥਈਆ ਥਾ' ਹੁੰਦਾ ਏ।

ਗਿੱਟੇ ਗੋਡੇ ਰਹਿ ਜਾਵਣ ਜਦ,
ਫਿਰ ਕਿੱਥੇ ਜਾ-ਆ ਹੁੰਦਾ ਏ।

ਦਾਦ ਮਿਲੇ ਕਵਿਤਾ ਨੂੰ ਭਾਰੀ,
ਕਵੀਆਂ ਨੂੰ ਇਹ ਚਾਅ ਹੁੰਦਾ ਏ।



ਬੇਸਿਰ ਪੈਰ ਸੁਣਾਏ ਜਿਹੜਾ,
'ਝੰਡ' ਉਹ ਮੰਚ ਤੋਂ ਲਾਹ ਹੁੰਦਾ ਏ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

## ਨਜ਼ਮ

(ਵਿਦੇਸ਼ਾਂ ਦੀ ਧਰਤੀ 'ਤੇ ਯੂਨੀਵਰਸਿਟੀਆਂ ਵਿੱਚੋਂ ਫਲਸਤੀਨ ਦੇ ਹੱਕਾਂ ਲਈ ਉੱਠੀ ਲਹਿਰ ਨੂੰ ਸਮਰਪਿਤ)

ਕੁੱਝ ਲੋਕ ਮਰੇ ਨਵਜੰਮਿਆਂ ਦੇ
ਹੱਥਾਂ ਵਿੱਚ ਪੁਤਲੇ ਫੜ ਕੇ
ਫਲਸਤੀਨ ਦਾ ਚਿਹਰਾ ਬਣ ਕੇ
ਤਰਸ ਰਹੇ ਲੋਕਾਂ ਲਈ
ਜ਼ਿੰਦਾਬਾਦ ਦਾ ਨਾਹਰਾ ਬਣ ਕੇ
ਟੈਂਟਾਂ ਵਿੱਚ ਰਾਤਾਂ ਕੱਟ ਕੇ
ਪੁਲਸ ਦੀਆਂ ਕੁੱਟਾਂ ਖਾ ਕੇ
ਆਪਣੇ 'ਤੇ ਕੇਸ ਪਵਾ ਕੇ
ਲੜਨ ਮਰਨ ਦੀਆਂ ਸੌਂਹਾਂ ਖਾਂਦੇ
ਮਨੁੱਖਤਾ ਦੇ ਹੱਕਾਂ ਦੀ ਹਾਮੀ ਭਰਦੇ
ਅਡੋਲ ਖੜ੍ਹੇ ਹਨ।

ਮੈਂ ਸੱਤਵੀਂ ਮੰਜ਼ਲ ਦੇ
ਮਾਲੇ 'ਤੇ ਬੈਠੀ
ਕੌਫੀ ਦੇ ਨਾਲ ਡੋਨਟ ਖਾਂਦੀ
ਚੁਸਕੀਂ ਚੁਸਕੀਂ
ਘੁੱਟ ਘੁੱਟ ਪੀਂਦੀ
ਇਹ ਸਾਰਾ ਮੰਜ਼ਰ ਦੇਖ ਰਹੀ ਹਾਂ
ਨਾਲੋਂ ਨਾਲ ਸੋਚਾਂ ਦੀਆਂ
ਉਡਾਣਾਂ ਵਿੱਚੋਂ
ਟੈਂਟਾਂ ਤੇ ਸੱਤਵੀਂ ਮੰਜ਼ਲ ਦੀ
ਵਿੱਥ ਮਾਪ ਰਹੀ ਹਾਂ
ਇੱਛਾ ਅਤੇ ਹਿੰਮਤ ਦੇ
ਪਰ ਤੋਲ ਰਹੀ ਹਾਂ।

ਟੈਂਟਾਂ ਵਿੱਚ ਵਸੇਬਾ ਕਰਨਾ
ਮੈਨੂੰ ਕੰਬਣੀ ਛੇੜ ਗਿਆ ਹੈ
ਪੁਲਸ ਦੀ ਕੁੱਟ ਸੋਚ ਕੇ
ਦਿਲ ਤਾਂ ਪੂਰਾ ਦਹਿਲ ਗਿਆ ਹੈ
ਝੱਟ ਮੈਂ ਬੇਸ਼ਰਮੀ, ਮੱਕਾਰੀ, ਬੁਜ਼ਦਿਲੀ
ਖ਼ੁਦਗਰਜ਼ੀ ਦਾ ਪੱਲੂ ਫੜ ਕੇ
ਪਰਦਿਆਂ ਨੂੰ ਬੰਦ ਕਰ ਕੇ
ਆਪਣੇ ਅੰਦਰ 'ਨੇਰ੍ਹਾ ਕਰ ਕੇ
ਚਾਨਣ ਵੱਲੋਂ ਓਹਲਾ ਕਰ ਕੇ
ਅੱਖਾਂ ਮੀਚ ਲਈਆਂ ਹਨ
ਕਬੂਤਰ ਵਾਂਗ
ਜੋ ਅੱਖਾਂ ਬੰਦ ਕਰ
ਬਿੱਲੀ ਦੇ ਨਾ ਹੋਣ ਦਾ
ਆਪਣੇ 'ਤੇ ਆਈ ਆਫ਼ਤ
ਟਲ ਜਾਣ ਦਾ ਭਰਮ ਪਾਲਦਾ ਹੈ।



ਪਰਮਿੰਦਰ ਕੌਰ ਸਵੈਚ
604 760 4794

## ਜੈਸਾ ਰਾਜਾ...

ਦੇਵਤਾ ਹੁੰਦੇ ਨੇ
ਪਾਪ-ਪੁੰਨ ਤੋਂ ਪਰ੍ਹੇ

ਉਵੇਂ ਹੀ
ਰਾਜਾ ਹੁੰਦੈ
ਸੱਚ-ਝੂਠ ਤੋਂ ਉੱਪਰ

ਰਾਜਾ
ਨੁਮਾਇੰਦਾ ਹੁੰਦੈ
ਰੱਬ ਦਾ

ਰਾਜਾ
ਨਾ ਝੂਠ ਬੋਲਦੈ
ਨਾ ਸੱਚ ਬੋਲਦੈ

ਉਹ ਸਿਰਫ਼
ਬੋਲਦਾ ਹੀ ਰਹਿੰਦੈ
ਕਵੀਗਣ ਕੱਢਦੇ ਨੇ
ਅਰਥ
ਚਾਪਲੂਸ ਗਾਉਂਦੇ ਨੇ
ਮਹਿਮਾ

ਪਰਜਾ ਲੱਭਦੀ ਹੈ
ਆਪਣੇ ਅਰਥ
ਦਰਬਾਰੀ ਗਾਉਂਦੇ ਨੇ
ਆਪਣਾ ਰਾਗ
ਜਿਸ ਨੂੰ ਕਿਹਾ ਜਾਂਦੈ
ਰਾਗ ਦਰਬਾਰੀ

ਰਾਜੇ ਲਈ
ਅਰਥ ਦਾ ਅਰਥ
ਹੋਰ
ਰਾਜ ਲਈ
ਬਿਲਕੁੱਲ ਹੋਰ
ਪਰਜਾ ਲਈ
ਮੂਲੋਂ ਹੋਰ

ਜਿਹੜਾ ਰਾਜਾ
ਰਾਸ਼ਨ ਦਿੰਦੈ
ਪੈਸਾ ਦਿੰਦੈ
ਜਾਂ ਵਾਅਦਾ ਕਰਦੈ
ਦੇਣ ਦਾ

ਅਰਥ
ਲੱਭਣਾ ਬਣਦੈ
ਉਸਦੇ ਰਾਸ਼ਨ 'ਚੋਂ
ਨਾਕਿ ਉਸਦੇ ਭਾਸ਼ਣ 'ਚੋਂ



ਜੈਸਾ ਰਾਜਾ
ਤੈਸੀ ਪਰਜਾ

ਮੂਲ ਲੇਖਕ: ਧ੍ਰੁਬ ਨਾਥ
ਅਨੁ. : ਯਸ਼ ਪਾਲ
9814535005


## ਯੋਗਾ !

- ਯੋਗਾ ਕਰਾਂਗੇ
ਰੋਜ ਕਰਾਂਗੇ!
ਜਦੋਂ ਭੁੱਖਿਆਂ ਦਾ
ਢਿੱਡ ਭਰੇਗਾ!
ਫਿਰ-
ਸਾਡਾ ਵੀ ਦਿਲ ਕਰੇਗਾ!
ਗੋਗੜ ਵਧੇਗੀ
ਢਿੱਡ ਅੰਦਰ-ਬਾਹਰ ਕਰਾਂਗੇ!
ਪੁੱਠਾ - ਸਿੱਧਾ ਹੋਵਾਂਗੇ !
ਨੱਚਾਂਗੇ, ਟੱਪਾਂਗੇ!
ਖੂਬ ਹੱਸਾਂਗੇ!
ਬਸ-
ਦੇ ਦਿਓ ਇੱਕ ਬੁਰਕੀ ਜੀਣ ਲਈ!
ਦਿਲ ਕਰਦਾ ਥੀਣ ਲਈ!!

-ਸੁਖਦੇਵ ਸਲੇਮਪੁਰੀ
09780620233

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਕਾਮਰੇਡਾਂ ਨਾਲ ਤੁਰਦਿਆਂ (ਅਰੁੰਧਤੀ ਰਾਏ)




ਕਿਤਾਬ ਪੜ੍ਹਦਿਆਂ ਵਿਚਾਰ ਕਰਦਿਆਂ
ਪਤਾ ਹੀ ਨਾ ਲੱਗਿਆ
ਕਦੋਂ ਮੈਂ ਕਾਮਰੇਡਾਂ ਮਗਰ ਹੋ ਤੁਰਿਆ
ਜਾਂ ਸ਼ਾਇਦ ਅਰੁੰਧਤੀ ਰਾਏ ਦੀ
ਵਾਰਤਕ ਨੇ ਮੈਨੂੰ ਤੋਰ ਲਿਆ
ਮੇਰੀਆਂ ਮੁੱਠੀਆਂ ਵਿਚ ਭਰੀ
ਡਰ ਦੀ ਰੇਤ ਕਿਰ ਗਈ
ਬਸਤਰ ਭਰਮ ਦਾ ਤਾਰ ਤਾਰ ਹੋ ਗਿਆ
ਕਦਮ ਕਦਮ ਹਥਿਆਰ ਹੋ ਗਿਆ
ਹੌਲਾਂ ਫੁੱਲ ਵਰਗਾ ਭਾਰ ਹੋ ਗਿਆ
ਜੰਗਲ ਮੇਰਾ ਮੈਂ ਜੰਗਲ ਦਾ ਕਰਜ਼ਦਾਰ ਹੋ ਗਿਆ
ਬੇਵੱਸਾਂ ਦੇ ਹੰਝੂ
ਬਲਾਤਕਾਰਾਂ ਦਾ ਖ਼ੌਫ਼
ਭੁੱਖ ਤਿਹਾ ਮੌਤ ਦਾ ਤਾਂਡਵ
ਆਪਣੇ ਹੱਕਾਂ ਦੀ ਵਕਾਲਤ ਕਬਜ਼ਾ ਨਹੀ ਹੁੰਦਾ
ਦੇਸ਼ ਪਿਆਰ ਦਾ ਜਜ਼ਬਾ ਹੁੰਦਾ ਹੈ
ਜਿੰਦੇ ਹੋਣ ਦੇ ਅਹਿਸਾਸ
ਮੂੰਹ ਖੋਲਣ ਦਾ ਸੰਤਾਪ
ਬੋਲਣ ਦੀ ਸਜ਼ਾ
ਬਲਾਤਕਾਰੀਆਂ ਦੇ ਮੂੰਹਾਂ ਦੀਆਂ ਝੱਗਾਂ
ਘਰਾਂ ਨੂੰ ਲੱਗੀਆਂ ਅੱਗਾਂ
ਇਨਸਾਨਾਂ ਨੂੰ ਸਮਝਣ ਜਿਵੇਂ
ਹੋਣ ਗਾਈਆਂ ਮੱਝਾਂ
ਉਹ ਲੜ ਰਹੇ ਹਨ ਜ਼ਮੀਨ ਤੇ
ਨਾਟਕ ਕਰ ਰਹੇ ਹਨ ਸਟੇਜ ਉੱਤੇ
ਫੈਸਲਾ ਕਰਨਾ ਚਾਹੁੰਦੇ ਬਰਾਬਰ ਦੀ ਮੇਜ਼ ਉੱਤੇ
ਗੁਨਾਹ ਸਿਰਫ ਹੈ
ਸੁੱਤਿਆਂ ਨੂੰ ਜਗਾ ਕੇ ਅੱਖਾਂ ਵਿੱਚ ਸੁਪਨੇ ਭਰਨਾ
ਸਿਰ ਉਠਾ ਕੇ ਜਿਉਣ ਦਾ ਯਤਨ ਕਰਨਾ
ਹਵਾ ਲਈ ਪਾਣੀ ਲਈ
ਚਕੋਣੀ ਆਸ ਲਈ
ਭੁੱਖ ਪਿਆਸ ਲਈ
ਭੁੱਖ ਸੰਤਾਪ ਹੁੰਦੀ ਹੈ
ਜਦ ਮੈਂ ਰਮਜ਼ਾਂ ਜਾਣੀਆਂ
ਹੁਣ ਮੁੜਨਾ ਮੁਸ਼ਕਲ ਹੈ ਹਾਣੀਆਂ
ਸੁਖਦੇਵ ਨੂੰ ਛੱਡ ਕੇ
ਕਮਲਾਂ ਦੀਆਂ ਘਸੀਆਂ ਚਪਲੀਆਂ ਦੀ ਆਵਾਜ਼
ਪੁਕਾਰ ਰਹੀ ਹੈ
ਉਮੀਦ ਜ਼ਿੰਦਾ ਰੱਖਣ ਦਾ ਕਰ ਆਹਰ ਰਹੀ ਹੈ
ਸੀਸ ਤਲੀ ਤੇ ਧਰੀ ਫਿਰਦੇ ਹਨ ਉਹ ਸ਼ਾਹਸਵਾਰ
ਹੁਣ ਆਰ ਜਾਂ ਪਾਰ

ਪਰਮਿੰਦਰ ਰਮਨ

## ਭਾਈਚਾਰੇ ਦੀ ਹਾਰ

ਜਦ ਵੀ ਵੋਟਾਂ ਵਾਲਾ ਕਿਤੇ ਨਗਾਰਾ ਵੱਜਦਾ ਏ,
ਲੋਕ ਰਾਜ ਤੇ ਦਿਲ ਸਭਦਾ ਬਲਿਹਾਰ ਹੀ ਜਾਂਦਾ ਏ।
ਕਿਹੜੇ ਕਿਹੜੇ ਲੀਡਰ ਦੇਸ਼ ਤਰੱਕੀ ਚਾਹੁੰਦੇ ਨੇ,
ਮਿਲ ਸਭਨਾਂ ਨੂੰ ਦੱਸਣ ਦਾ ਅਧਿਕਾਰ ਹੀ ਜਾਂਦਾ ਏ।
ਨਿੱਜੀ ਗਰਜਾਂ ਦੇ ਨਾਲ ਲੋਕੀਂ ਵੋਟਾਂ ਪਾਉਂਦੇ ਨੇ,
ਪੈਸਾ ਵੰਡਿਆ ਕਈ ਵਾਰੀ ਕੰਮ ਸਾਰ ਹੀ ਜਾਦਾ ਏ।
ਜੰਤਾ ਪੈਰੀਂ ਕਰਨ ਦੀ ਕੋਈ ਨੀਤੀ ਬਣਦੀ ਨਾਂ,
ਵੋਟਰ ਨੂੰ ਮਿਲ ਸੁਪਨਿਆ ਦਾ ਸੰਸਾਰ ਹੀ ਜਾਂਦਾ ਏ।
ਰੋਟੀ ਆਪ ਕਮਾਵਣ ਜੋਗਾ ਵੋਟਰ ਨਾਂ ਹੋ ਜਾਏ,
ਲੋਕਾਂ ਕੋਲੇ ਸਸਤੀ ਦਾ ਪਰਚਾਰ ਹੀ ਜਾਂਦਾ ਏ।
ਰਿਸ਼ਤੇਦਾਰਾਂ ਮਿੱਤਰਾਂ ਦੇ ਵਿੱਚ ਕੰਧਾਂ ਕਰ ਦੇਣਾਂ,
ਰਾਜਨੀਤਕ ਦਾ ਤਪਦਾ ਹਿਰਦਾ ਠਾਰ ਹੀ ਜਾਂਦਾ ਏ।
ਸਾਲਾਂ ਦੇ ਨਾਲ ਸਾਂਝ ਜੋ ਲੋਕਾਂ ਅੰਦਰ ਬਣਦੀ ਏ,
ਇੱਕੋ ਸੀਜਨ ਸਾਰਾ ਕੁਝ ਡਕਾਰ ਹੀ ਜਾਂਦਾ ਏ।
ਭਾਵੇਂ ਵੰਡਕੇ ਨਸ਼ੇ ਲੋਕ ਕੁਝ ਜਿੱਤ ਵੀ ਜਾਂਦੇ ਨੇ,
ਪਰ ਹਰ ਵਾਰੀ ਭਾਈਚਾਰਾ ਹਾਰ ਹੀ ਜਾਂਦਾ ਏ।

ਡਾ. ਗੁਰਮੀਤ ਸਿੰਘ ਬਰਸਾਲ (ਕੈਲੇਫੋਰਨੀਆਂ)

## ਬਾਬਾ ਨਾਨਕ ਤੇ ਮਰਦਾਨਾ

ਭਾਈ ਮਰਦਾਨਿਆ!
ਕਿੰਨਾ ਵਧੀਆ "ਸੰਨੀ ਡੇਅ" ਹੈ
ਛੇੜ ਫ਼ਿਰ ਸਰੰਗੀ ਦੀ ਤਾਰ ਕੋਈ

"ਜੀ! ਮੈਂ ਸੋਚਦਾ!
ਆਪਾਂ ਘਰ ਨੂੰ ਵਾਪਸ ਚੱਲੀਏ
ਇਹਨਾਂ ਲੋਕਾਂ ਨੇ ਆਪਦੇ ਹੱਕਾਂ ਲਈ ਨਹੀਂ ਲੜ੍ਹਨਾ
ਅਸੀ ਐਵੇਂ ਠੋਕਰਾਂ ਖਾਂਦੇ ਫਿਰਦੇ ਹਾਂ
ਤਰਕ ਤੇ ਏਕਾ ਸਿਖਾਉਂਦੇ ਫਿਰਦੇ ਹਾਂ
ਆਪਣਾ ਵਕਤ ਖ਼ਰਾਬ ਕਰਦੇ ਫ਼ਿਰਦੇ ਹਾਂ"

ਕਿਉਂ?
ਇਹ ਤੂੰ ਕਿਉਂ ਕਹਿ ਰਿਹਾ ਹੈਂ?
ਜੀ ਔਹ ਦੇਖੋ!
ਖਾਣ ਪੀਣ ਦਾ ਢੇਰ ਲੱਗਿਆ ਪਿਆ ਹੈ
ਗੁਦਾਮ ਭਰੇ ਪਏ ਹਨ
ਆਹ ਦੋ ਕੁ ਮੋਟੇ ਜਿਹੇ ਕੁੱਤੇ
ਕਿੰਨਾ ਖਾਈ ਜਾਂਦੇ ਹਨ
ਲੋੜ ਤੋਂ ਜ਼ਿਆਦਾ ਖਾਈ ਜਾਂਦੇ ਹਨ
ਗੋਗੜਾਂ ਵਧਾਈ ਜਾਂਦੇ ਹਨ
ਇਨ੍ਹਾਂ ਦੇ ਢਿੱਡ ਪਾਟਣ ਤੇ ਆਏ ਹੋਏ ਹਨ
ਪਰ ਇਨ੍ਹਾਂ ਦੀ ਨੀਅਤ ਨਹੀਂ ਭਰਦੀ
ਆਪਣੇ ਆਉਣ ਵਾਲਿਆਂ ਲਈ ਵੀ ਬਚਾਈ ਜਾਂਦੇ ਹਨ
ਲਕੋਈ ਜਾਂਦੇ ਹਨ
ਕਿਹੋ ਜਿਹੀ ਭੁੱਖ ਵਸੀ ਹੈ ਇਨ੍ਹਾਂ ਅੰਦਰ?

ਇਹ ਮਾੜਕੂ ਜਿਹੇ ਕੁੱਤਿਆਂ ਨੂੰ
ਬਊ ਬਊ ਕਰੀ ਜਾਂਦੇ ਹਨ
ਨਾਸਾਂ ਉਤਾਂਹ ਚੜ੍ਹਾਉਂਦੇ ਹਨ
ਭੱਜ ਜੋ ਇੱਥੋਂ ਦਾ ਨਾਅਰਾ ਲਾਉਂਦੇ ਹਨ
ਭੱਜ ਭੱਜ ਕੇ ਪਿੱਛੇ ਪੈਂਦੇ ਹਨ
ਵਿਚਾਰਿਆ ਦੇ ਗਿੱਟਿਆਂ ਤੇ ਦੰਦੀਆਂ ਵੱਢਦੇ ਹਨ
ਉਹ ਵਿਚਾਰੇ ਪਿੱਛਲੀਆਂ ਲੱਤਾਂ ਵਿੱਚ ਪੂਛ ਫਸਾ ਕੇ
ਭੁੱਖੇ ਪਿਆਸੇ ਡਰਦੇ ਹੋਏ ਦੂਰ ਭੱਜਦੇ ਹਨ
ਕਈ ਹੋਰ ਦੇਸ਼ਾਂ ਨੂੰ ਚਲੇ ਜਾਂਦੇ ਹਨ

ਜਦੋਂ ਭੁੱਖ ਫਿਰ ਸਤਾਉਂਦੀ ਹੈ
ਢਿੱਡ ਵਿੱਚ ਚੂਹੇ ਭਜਾਉਂਦੀ ਹੈ
ਇਹ ਫਿਰ ਢੇਰ ਵੱਲ ਨੂੰ ਆਹੁਲਦੇ ਹਨ
ਫਿਰ ਵੱਡੇ ਢਿੱਡਾਂ ਵਾਲੇ ਰੱਜੇ ਹੋਏ ਕੁੱਤੇ
ਇਨ੍ਹਾਂ ਨੂੰ ਡਰਾਉਂਦੇ ਧਮਕਾਉਂਦੇ ਹਨ
ਝਈਆਂ ਲੈ ਲੈ ਪੈਂਦੇਂ ਹਨ
ਇਨ੍ਹਾਂ ਨੂੰ ਧਰਮ, ਰੰਗ, ਜਾਤ-ਪਾਤ, ਬੋਲੀ, 'ਤੇ
ਸੱਭਿਆਚਾਰ ਦੇ ਨਾਂ ਤੇ ਆਪਸ ਵਿੱਚ ਲੜਾਉਂਦੇ ਹਨ
ਇੱਕ ਦੂਜੇ ਦੇ ਦੰਦੀਆਂ ਵਢਾਉਂਦੇ ਹਨ

ਬੱਸ ਮਰਦਾਨਿਆ!
ਇਹੀ ਆਪਾਂ ਦੇਖਣਾ ਹੈ
ਕਿ ਇਹ ਕਿੰਨ੍ਹਾਂ ਚਿਰ ਡਰਦੇ ਹਨ?
ਕੀ ਇਹ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਲੜਦੇ ਹਨ?
ਕੀ ਇਨ੍ਹਾਂ ਦੀਆਂ ਗੁੱਝੀਆਂ ਸਕੀਮਾਂ ਨੂੰ ਸਮਝਦੇ ਹਨ?
ਕੀ ਇਹ ਆਪਣੀ ਦੱਸੀ ਗੱਲ
Union is Strength ਨੂੰ ਪੱਲੇ ਬੰਨ੍ਹਦੇ ਹਨ?

ਜੀ! ਮੈਨੂੰ ਲੱਗਦਾ ਨਹੀਂ
ਜਦੋਂ ਕਾਲੇ ਕੁੱਤੇ ਲੜਨ ਲਈ ਖੱਬੇ ਪਾਸਿਉ ਆਉਂਦੇ ਹਨ
ਤਾਂ ਭੂਰੇ ਕੁੱਤੇ ਪਰ੍ਹਾਂ ਹੋ ਕੇ ਖੜ੍ਹੇ ਦੇਖਦੇ ਰਹਿੰਦੇ ਹਨ
ਜਦੋਂ ਭੂਰੇ ਕੁੱਤੇ ਸੱਜੇ ਪਾਸਿਉ ਆਉਂਦੇ ਹਨ
ਤਾਂ ਕਾਲੇ ਕੁੱਤੇ ਲੱਤਾਂ ਤੇ ਥੁਥੀ ਰੱਖ ਉਨ੍ਹਾਂ ਵੱਲ ਦੇਖਦੇ ਰਹਿੰਦੇ ਹਨ

ਮੈਨੂੰ ਲੱਗਦਾ
ਜਿੰਨ੍ਹਾ ਚਿਰ ਇਹ ਇਕੱਠੇ ਹੋ ਕੇ ਨਹੀਂ ਲੜਦੇ
ਇਹ ਭੁੱਖੇ ਮਰਨਗੇ 'ਤੇ ਮਰਦੇ ਰਹਿਣਗੇ
ਆਪਣੇ ਬੱਚਿਆਂ ਨੂੰ ਵੀ ਭੁੱਖੇ ਮਾਰਨਗੇ
ਰਾਜੇ ਸ਼ੀਂਹ ਮੁਕੱਦਮਾਂ ਤੋਂ ਡਰਦੇ ਰਹਿਣਗੇ

ਮਰਦਾਨਿਆ!
ਅਸਲ ਗੱਲ ਇਹ ਹੈ ਕਿ
ਇਨ੍ਹਾਂ ਭੁੱਖਿਆ ਕੁੱਤਿਆਂ ਵਿੱਚੋਂ
ਕੁਝ ਕਿਸੇ ਦੇ ਪਾਲਤੂ ਹਨ
ਤਾਂ ਹੀ ਇਹ ਇਕੱਠੇ ਹੋ ਕੇ ਨਹੀਂ ਲੜਦੇ
ਤਾਂ ਹੀ ਇਹ ਆਪਣੀ ਜਿੱਤਣ ਵਾਲੀ ਸਲ ?ਾਹ
ਜੁੜੋ ਤੇ ਆਪਣੇ ਹੱਕਾਂ ਲਈ ਲੜੋ
ਵਾਲੀ ਨੀਤੀ ਤੇ ਅਮਲ ਨਹੀਂ ਕਰਦੇ

ਜੀ!
ਫਿਰ ਤਾਂ ਇਨ੍ਹਾਂ ਦੇ ਦਿਮਾਗ ਪੱਥਰ ਦੇ ਹੋਏ
ਕੋਈ ਗੱਲ ਨਹੀਂ ਮਰਦਾਨਿਆ!
ਆਪਾਂ ਇਨ੍ਹਾਂ ਪੱਥਰਾਂ ਵਿੱਚ ਵੀ ਪਾਣੀ ਸਿੰਮਣ ਲਾਵਾਂਗੇ
ਆਪਾਂ ਇਨ੍ਹਾਂ ਪੱਥਰਾਂ ਵਿੱਚ ਵੀ ਪਾਣੀ ਸਿੰਮਣ ਲਾਵਾਂਗੇ



ਸਨੀ ਧਾਲੀਵਾਲ ਐਡਮਿੰਟਨ

# ਗਿਆਨ ਦੇ ਸਮਿਆਂ ਵਿਚ ਤਰਕਹੀਣ ਸਿਆਸਤ ਅਤੇ ਰਾਜ ਰਿਸ਼ਤਾ



ਜਸਵੰਤ ਜੀਰਖ
98151-69825



ਜੇ ਅਸੀਂ ਸਾਡੇ ਦੇਸ਼ ਦੇ ਮੁੱਢਲੇ (1947 ਤੋਂ ਬਾਅਦ ) ਅਤੇ ਮੌਜੂਦਾ ਰਾਜ ਪ੍ਰਬੰਧ ਤੇ ਸਿਆਸੀ ਪਹਿਲੂਆਂ ਦਾ ਤੁਲਨਾਤਮਕ ਅਧਿਅਨ ਕਰੀਏ ਤਾਂ ਬਹੁਤ ਕੁੱਝ ਬਦਲਿਆ, ਵਿਸਰਿਆ, ਉਸਰਿਆ ਆਦਿ ਦਿਮਾਗ ਵਿੱਚ ਘੁੰਮੇਗਾ, ਜਿਸ ਨੂੰ ਵੀਹਵੀਂ ਸਦੀ ਦੇ ਤਕਰੀਬਨ ਚੌਥੇ ਦਹਾਕੇ ਦੇ ਆਸ ਪਾਸ ਜਨਮੀਂ ਪੀੜ੍ਹੀ ਦੇ ਲੋਕਾਂ ਨੇ, ਜੋ ਅੱਜ 70ਵਿਆਂ ਜਾਂ ਇਸ ਤੋਂ ਵੱਧ ਦੀ ਉਮਰ ਵਿੱਚ ਪਹੁੰਚੀ ਹੋਈ ਹੈ, ਨੇ ਹੰਢਾਇਆ ਹੈ । ਹੋਰ 10-20 ਸਾਲਾਂ ਵਿੱਚ ਇਹ ਪੀੜ੍ਹੀ ਦੇਸ਼ ਦੀ ਜਨਸੰਖਿਆ ਵਿੱਚੋਂ ਅਲੋਪ ਹੋਣ ਜਾ ਰਹੀ ਹੈ। ਭਾਵੇਂ 1947 ਤੋਂ ਪਹਿਲਾਂ ਜਿਸ ਆਜ਼ਾਦੀ ਦੀ ਪ੍ਰਾਪਤੀ ਲਈ ਅਨੇਕਾਂ ਗ਼ਦਰੀ ਬਾਬੇ, ਭਗਤ ਸਰਾਭੇ ਫਾਸੀਆਂ ਦੇ ਰੱਸੇ ਚੁੰਮ ਗਏ, ਉਹ ਦੇਸ਼ ਨੂੰ ਨਸੀਬ ਨਹੀਂ ਹੋਈ। ਪਰ ਧਰਮਾਂ ਦੇ ਤਰਕਹੀਣ ਬੋਲ ਬਾਲੇ ਰਾਹੀਂ ਘੁੱਗ ਵਸਦੀ ਗੁਮਰਾਹ ਹੋਈ ਜਨਤਾ ਨੂੰ ਹਾਕਮਾਂ ਨੇ ਇਕ ਦੂਜੇ ਦਾ ਖ਼ੂਨ ਵਹਾਉਣ ਵੱਲ ਧੱਕ ਕੇ, ਲੱਖਾਂ ਲੋਕਾਂ ਦੇ ਉਜਾੜੇ ਰਾਹੀਂ ਜਿਹੜੀ ਆਜ਼ਾਦੀ ਪ੍ਰਾਪਤ ਵੀ ਹੋਈ, ਉਹ ਵੀ ਅੱਜ ਬਰਕਰਾਰ ਨਾ ਰਹੀ। ਦੇਸ਼ ਵਿੱਚ ਉਸ ਮੁੱਢਲੇ ਦੌਰ ਦੇ ਪ੍ਰਧਾਨ ਮੰਤਰੀਆਂ ਸਮੇਤ ਉਸ ਵੇਲੇ ਦੇ ਹੋਰ ਸਿਆਸਤਦਾਨਾਂ ਦੇ ਕਿਰਦਾਰ ਦੀ, ਜੇ ਅੱਜ ਦੇ ਪ੍ਰਧਾਨ ਮੰਤਰੀ ਅਤੇ ਹੋਰ ਵੱਖ ਵੱਖ ਸਿਆਸੀ ਪਾਰਟੀਆਂ ਦੇ ਲੀਡਰ ਅਖਵਾਉਣ ਵਾਲੇ ਲੋਕਾਂ ਦੇ ਕਿਰਦਾਰ ਦੀ ਤੁਲਨਾ ਕਰੀਏ ਤਾਂ ਇਹ ਦੇਸ਼ ਪ੍ਰਤੀ ਭਾਵਨਾਵਾਂ ਪੱਖੋਂ ਅਤਿ ਦੀ ਗਿਰਾਵਟ ਵੱਲ ਜਾਂਦਾ ਵਿਖਾਈ ਦੇਵੇਗਾ। ਭਾਵੇਂ ਉਸ ਵੇਲੇ ਅੰਗਰੇਜਾਂ ਵੱਲੋਂ ਚਲਾਏ ਜਾ ਰਹੇ ਰਾਜ ਪ੍ਰਬੰਧ ਨੂੰ ਬਦਲੇ ਬਿਨਾ, ਆਜ਼ਾਦੀ ਦੇ ਨਾਂ ਹੇਠ ਵੀ ਉਸੇ ਲੀਹ ਅਨੁਸਾਰ ਚਲਦਾ ਰੱਖਆ ਗਿਆ, ਪਰ ਦੇਸ਼ ਨੂੰ ਦਰਪੇਸ ਸਮੱਸਿਆਵਾਂ ਨਾਲ ਨਿਪਟਣ ਲਈ ਉਹਨਾਂ ਨੇਤਾਵਾਂ ਵੱਲੋਂ ਪੰਜ ਸਾਲਾ ਯੋਜਨਾਵਾਂ ਬਣਾ ਕੇ ਦੂਰ ਕਰਨ ਦੇ ਯਤਨ ਅਰੰਭ ਹੋਏ। ਦੇਸ਼ ਵਿੱਚੋਂ ਭੁੱਖ ਮਰੀ, ਗਰੀਬੀ, ਬੇਰੋਜ਼ਗਾਰੀ ਆਦਿ ਖਤਮ ਕਰਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਰਾਹੀਂ ਦੇਸ਼ ਦੇ ਵਿਕਾਸ ਅਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲਿਆਂ ਦੀ ਸ਼ੁਰੂਆਤ ਹੋਈ। ਦੇਸ਼ ਦੀ ਖੇਤੀ ਬਾੜੀ ਅਤੇ ਸਨਅਤ ਦੇ ਸੁਧਾਰ ਲਈ ਭਾਖੜਾ ਡੈਮ ਵਰਗੇ ਪਬਲਿਕ ਪ੍ਰੋਜੈਕਟ, ਨਹਿਰਾਂ, ਕੱਸੀਆਂ ਅਤੇ ਨਵੇਂ ਉਦਯੋਗਾਂ ਰਾਹੀਂ ਰੋਜ਼ਗਾਰ ਦੇ ਸਾਧਨਾਂ ਵਿੱਚ ਲਗਾਤਾਰ ਵਾਧਾ ਹੋਇਆ। ਸਿਆਸੀ ਆਗੂਆਂ ਵੱਲੋਂ ਦੇਸ਼ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਪ੍ਰਵਾਰਿਕ ਤੇ ਨਿੱਜੀ ਲੋਭ ਲਾਲਚ ਤਿਆਗਕੇ, ਦ੍ਰਿੜ੍ਹਤਾ, ਲਗਨ ਅਤੇ ਇਮਾਨਦਾਰੀ ਨਾਲ ਨਿਭਾਈਆਂ ਆਪਣੀਆਂ ਜੁੰਮੇਵਾਰੀਆਂ ਵੀ ਸਾਹਮਣੇ ਵਿਖਾਈ ਦੇਣਗੀਆਂ। ਅਲੋਪ ਹੋਈ ਜਾ ਰਹੀ ਉਸ ਪੀਹੜੀ ਦੇ ਕਿਰਤੀ, ਕਿਸਾਨ ਲੋਕਾਂ ਨੇ ਵੀ ਆਪਣੀ ਸਖ਼ਤ ਮਿਹਨਤ ਦੇ ਬਲ ਨਾਲ ਦੇਸ਼ ਦੇ ਹਰ ਖੇਤਰ ਵਿੱਚ ਆਪਣਾ ਖ਼ੂਨ ਪਸੀਨਾ ਵਹਾਇਆ।

ਉਸ ਦੌਰ ਦੇ ਸਿਆਸੀ ਆਗੂਆਂ ਦੇ ਨਿੱਜੀ ਜੀਵਨ ’ਤੇ ਝਾਤ ਮਾਰਦਿਆਂ ਬਹੁਤ ਕੁੱਝ ਅਜਿਹਾ ਸਾਹਮਣੇ ਆ ਜਾਂਦਾ ਹੈ ਕਿ ਉਹਨਾਂ ਦੀਆਂ ਦੇਸ਼ ਪ੍ਰਤੀ ਵਫ਼ਾਦਾਰੀਆਂ ਦੇ ਜਜਬੇ ਅੱਗੇ ਸਿਰ ਝੁਕ ਜਾਂਦਾ ਹੈ। ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗੇ ਲੋਕਾਂ ਦੇ ਮਸੀਹਾ ਕਹਾਉਣ ਵਾਲੇ ਸਿਆਤਦਾਨਾਂ ਦੇ ਜੀਵਨ ਦੀਆਂ ਘਟਨਾਵਾਂ ਫਰੋਲਦਿਆਂ ਪਤਾ ਲਗਦਾ ਹੈ ਕਿ 1971 ਵਿੱਚ ਉਹ ਸੰਗਰੂਰ ਹਲਕੇ ’ਚੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਜਦੋਂ ਉਹ 1973 ਵਿੱਚ ਕਿਸਾਨੀ ਮੁੱਦੇ ’ਤੇ ਲੋਕ ਸਭਾ ਵਿੱਚ ਬੋਲ ਰਹੇ ਸਨ, ਤਾਂ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਿਸ ਕਰਕੇ ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜਦੋਂ ਉਹਨਾਂ ਨੂੰ ਚੁੱਕ ਕੇ ਸੈਂਟਰ ਹਾਲ ਵਿਖੇ ਲਿਆਂਦਾ ਤਾਂ ਉੱਥੇ ਹੀ ਮੌਤ ਹੋ ਗਈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਨਾਲ ਸੀ, ਉਹਨਾਂ ਦੀ ਹਾਜਰੀ ਵਿੱਚ ਹੀ ਜਦੋਂ ਸੁਤੰਤਰ ਜੀ ਦੇ ਗਲ ’ਚੋਂ ਘਸਿਆ ਤੇ ਮੈਲਾ ਜਿਹਾ ਝੋਲਾ ਲਾਹ ਕੇ ਫਰੋਲਿਆ, ਤਾਂ ਵਿੱਚੋਂ ਦੋ ਰੋਟੀਆਂ ਅਤੇ ਇੱਕ ਅੰਬ ਦੇ ਅਚਾਰ ਦੀ ਫਾੜੀ ਨਿਕਲੀ ਸੀ। ਇੰਦਰਾ ਗਾਂਧੀ ਸਮੇਤ ਹੋਰ ਸਾਰੇ ਇਹ ਵੇਖ ਹੈਰਾਨ ਤੇ ਹੱਕੇ ਬੱਕੇ ਰਹਿ ਗਏ । ਇਹੋ ਜਿਹੇ ਸਨ ਦੇਸ਼ ਨੂੰ ਬੁਲੰਦੀਆਂ ਤੇ ਪਹੁੰਚਾਉਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਨੇਤਾ ਜੋ ਘਰੋਂ ਰੁੱਖੀ ਰੋਟੀ ਬੰਨ੍ਹ ਕੇ ਪਾਰਲੀਮੈਂਟ ‘ਚ ਆਉਂਦੇ ਸਨ। ਅਜਿਹੇ ਹੋਰ ਨੇਤਾਵਾਂ ਦੀ ਜਿੰਦਗੀ ਬਾਰੇ ਵੀ, ਸਾਦਗੀ, ਇਮਾਨਦਾਰੀ ਅਤੇ ਦੇਸ਼ ਪ੍ਰਤੀ ਪਿਆਰ ਤੇ ਜਜਬੇ ਦੀਆਂ ਘਟਨਾਵਾਂ ਦੇ ਹਵਾਲੇ ਇਤਿਹਾਸ ਵਿੱਚ ਦਰਜ ਹਨ। ਉਹ ਨਾ ਤਾਂ ਦੇਸ਼ ਨੂੰ ਵੇਚਣ ਦੇ ਸੌਦੇ ਕਰਦੇ ਸਨ, ਨਾ ਬਜਰੀ ਰੇਤਾ ਖਾਂਦੇ ਸਨ ਤੇ ਨਾ ਹੀ ਸੜਕਾਂ ਤੇ ਹੋਰ ਮਾਲ ਖ਼ਜ਼ਾਨੇ। ਦੇਸ਼ ਦੀਆਂ ਸਮੱਸਿਆਵਾਂ ਅਤੇ ਉਹਨਾਂ ਉੱਪਰ ਕਾਬੂ ਪਾਉਣ ਲਈ ਸਾਰਥਕ ਹੱਲ ਖੋਜਣ ਲਈ ਪੜ੍ਹਦੇ, ਦਿਨ ਰਾਤ ਲੋਕਾਂ ਨਾਲ ਵਿਚਰਦੇ ਹੋਏ ਵਿਚਾਰਾਂ ਕਰਦੇ। ਬਿਨਾ ਕਿਸੇ ਧਰਮ ਤੇ ਜਾਤੀ ਭੇਦ ਭਾਵ ਤੋਂ ਦੇਸ਼ ਲਈ ਜੈ ਜਵਾਨ-ਜੈ ਕਿਸਾਨ ਦਾ ਨਾਹਰਾ ਬੁਲੰਦ ਕਰਨ ਵਰਗੇ ਉੱਚੇ ਸੁੱਚੇ ਕਿਰਦਾਰ ਵਾਲੇ ਉਹਨਾਂ ਨੇਤਾਵਾਂ ਤੋਂ ਅੱਜ ਦੇ ਆਗੂ ਕਿਉਂ ਨਹੀਂ ਸਿੱਖਦੇ ? ਕਿਉਂ ਨਹੀਂ ਉੱਭਰ ਰਹੇ ਉਸ ਤਰ੍ਹਾਂ ਦੇ ਸਿਆਸੀ ਆਗੂ ? ਅੱਜ ਅਨੇਕਾਂ ਸਵਾਲ ਖੜ੍ਹੇ ਹੁੰਦੇ ਹਨ।

ਅੱਜ ਦੇ ਸਿਆਸਤਦਾਨਾਂ ਦੇ ਕਿਰਦਾਰ ਕਿਉਂ ਪਹਿਲੇ ਨੇਤਾਵਾਂ ਤੋਂ ਗਿਰ ਚੁੱਕੇ ਹਨ ? ਕਿਉਂ ਅੱਜ ਵਿਗਿਆਨਿਕ ਯੁੱਗ ਵਿੱਚ ਵੀ ਤਰਕਹੀਣ ਤੇ ਗੈਰ ਵਿਗਿਆਨਿਕ ਅਧਾਰ ਤੇ ਮਨੁੱਖਤਾ ਨੂੰ ਧਰਮਾਂ, ਜਾਤਾਂ ਵਿੱਚ ਵੰਡਕੇ ਆਪਸ ਵਿੱਚ ਲੜਾਉਣ ਦੀ ਰਾਜਨੀਤੀ ਕੀਤੀ ਜਾਂਦੀ ਹੈ ? ਧਰਮ ਤੇ ਰਾਜਨੀਤੀ ਦਾ ਗੱਠ ਜੋੜ ਕਮਾਈ ਦਾ ਧੰਦਾ ਕਿਉਂ ਬਣ ਗਿਆ ? ਕਿਉਂ ਦੇਸ਼ ਤੋਂ ਵੱਧ ਨਿੱਜ ਭਾਰੂ ਹੋ ਰਿਹਾ ? ਅਜਿਹੇ ਅਨੇਕਾਂ ਹੀ ਸਵਾਲ ਵੀ ਸਿਰ ਚੁੱਕੀ ਖੜੇ ਹਨ। ਕਿਉਂ ਅੱਜ ਤਰ੍ਹਾਂ ਤਰ੍ਹਾਂ ਦੇ ਭ੍ਰਿਸ਼ਟਾਚਾਰ ਵਿੱਚ ਧਸੇ, ਨਿੱਜਪ੍ਰਸਤ, ਦਲ ਬਦਲੂ, ਗਵੱਈਏ, ਫਿਲਮੀ ਕਲਾਕਾਰ, ਕਮੇਡੀਅਨ, ਭਗਵਾਂ ਧਾਰੀ ਸਾਧੂ, ਯੋਗੀ ਆਦਿ ਦੀ ਭਰਮਾਰ ਦੇਸ਼ ਦੀ ਰਾਜਨੀਤੀ ਵਿੱਚ ਵਧ ਰਹੀ ਹੈ ? ਕੀ ਸਿਆਸੀ ਪਾਰਟੀਆਂ ਹੁਣ ਇਹਨਾਂ ਰਾਹੀਂ ਦੇਸ਼ ਦੀ ਰਾਜ ਚਲਾਇਆ ਕਰੇਗੀ ? ਭਾਵੇਂ ਹਰ ਵਿਅਕਤੀ ਨੂੰ ਰਾਜਨੀਤੀ ਵਿੱਚ ਆਉਣ ਦਾ ਜਮਹੂਰੀ ਹੱਕ ਹੈ, ਪਰ ਜੇ ਉਹ ਕਿਸੇ ਹੋਰ ਖੇਤਰ ਵਿੱਚ ਲੋਕਾਂ ‘ਚ ਮਕਬੂਲ ਹੈ ਤਾਂ ਉਸ ਦਾ ਫਾਇਦਾ ਰਾਜਨੀਤੀ ਵਿੱਚ ਲੈਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਸਮਝਕੇ ਉਹਨਾਂ ਨੂੰ ਹੱਲ ਕਰਨ ਦੀ ਬਹੁਤ ਅਹਿਮ ਜੁੰਮੇਵਾਰੀ ਨਿਭਾਉਣ ਦਾ ਕੰਮ ਹੈ। ਗਲਤ ਨੀਤੀਆਂ ਕਾਰਣ ਦੇਸ਼ ਦਾ ਹੁਲੀਆ ਇਸ ਤਰ੍ਹਾਂ ਦਾ ਬਣ ਗਿਆ ਕਿ ਇੱਕ ਪਾਸੇ ਦੇਸ਼ ਦੀ ਅੱਧ ਤੋਂ ਵੀ ਵੱਧ ਅਬਾਦੀ ਦੋ ਡੰਗ ਦੀ ਰੋਟੀ ਤੋਂ ਵੀ ਵਿਰਵੀ ਹੈ ਅਤੇ ਦੂਜੇ ਪਾਸੇ ਉਂਗਲਾਂ ਤੇ ਗਿਣਨ ਯੋਗ ਪੂੰਜੀਪਤੀਆਂ ਕੋਲ ਮਾਇਆ ਦੇ ਅੰਬਾਰ ਲੱਗੇ ਹੋਏ ਹਨ। ਦੇਸ਼ ਵਿੱਚ ਬੇਰੋਜਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਦੇ ਦੌਰ ਵਿੱਚ ਆਮ ਲੋਕਾਂ ਦਾ ਜੀਵਨ ਨਰਕ ਬਣ ਰਿਹਾ, ਪਰ ਦੂਜੇ ਪਾਸੇ ਕੁੱਝ ਕੁ ਕਰੋੜਪਤੀਆਂ ਦਾ ਸਰਮਾਇਆ ਲਗਾਤਾਰ ਉੱਪਰ ਵੱਲ ਜਾ ਰਿਹਾ ਹੈ। ਚੋਣਾ ਸਮੇਂ ਇਹਨਾਂ ਧਨਾਢਾਂ ਤੋਂ ਚੋਣ ਫੰਡ ਲੈ ਕੇ, ਬਦਲ ਵਿੱਚ ਹੋਰ ਵੱਡੇ ਕਾਰੋਬਾਰਾਂ ਦੇ ਠੇਕੇ ਦੇ ਕੇ ਲਏ ਫੰਡਾਂ ਦੀ ਭਰਪਾਈ ਕਰ ਦਿੱਤੀ ਜਾਂਦੀ ਹੈ। ਇਹ ਸਾਰੀ ਖੇਡ ਚੋਣ ਬਾਂਡਾਂ ਦੇ ਰੂਪ ਵਿੱਚ ਸਾਹਮਣੇ ਆ ਚੁੱਕੀ ਹੈ ਜਿਸ ਨੂੰ ਮਾਨ ਯੋਗ ਸੁਪਰੀਮ ਕੋਰਟ ਨੇ ਵੀ ਗੈਰ ਕਾਨੂੰਨੀ ਕਰਾਰ ਦਿੱਤਾ ਹੈ। ਇਸ ਲਈ ਭ੍ਰਿਸ਼ਟ ਸਿਆਸਤਦਾਨਾਂ ਵੱਲੋਂ ਚਲਾਏ ਜਾ ਰਹੇ ਇਸ ਸਮੁੱਚੇ ਪ੍ਰਬੰਧ ਨੂੰ, ਗਰਕ ਜਾਂ ਨਿੱਘਰ ਗਿਆ ਕਹਿਣਾ ਕੋਈ ਅਤਿਕਥਨੀ ਨਹੀਂ ਹੈ।

ਇਹ ਹੋਰ ਵੀ ਚਿੰਤਾਜਨਕ ਹੈ ਕਿ ਦੇਸ਼ ਵਿੱਚ ਹੁਣੇ ਹੋਈਆਂ ਲੋਕ ਸਭਾ ਚੋਣਾ ਵਿੱਚ ਚੁਣੇ ਗਏ ਕਈ ਲੀਡਰਾਂ ਖ਼ਿਲਾਫ਼ ਕਈ ਤਰ੍ਹਾਂ ਦੇ ਅਪਰਾਧਿਕ ਮਾਮਲੇ ਦਰਜ ਹਨ ਅਤੇ ਕਿੰਨੇ ਹੀ ਕ੍ਰੋੜਪਤੀ ਹਨ। ਅਖਬਾਰਾਂ ਵਿੱਚ ਐਸੋਸੀਏਸ਼ਨ ਫ਼ਾਰ ਡੈਮੋਕਰੇਟਿਕ ਰਿਫਾਰਮਸ (ਏ ਡੀ ਆਰ) ਦੀ ਰਿਪੋਰਟ ਦੇ ਜਬਾਨੀ ਐਨ ਡੀ ਏ ਦੀ ਨਵੀਂ ਬਣੀ 72 ਮੈਂਬਰੀ ਮੰਤਰੀ ਮੰਡਲ ਸਰਕਾਰ ਵਿੱਚ 28 ਮੰਤਰੀਆਂ ਦੇ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ । ਇਹਨਾਂ 28 ਸੰਸਦ ਮੈਂਬਰਾਂ ਨੇ ਆਪਣੇ ਹਲਫ਼ਨਾਮੇ ਵਿੱਚ ਹੀ ਐਲਾਨ ਕੀਤਾ ਹੈ ਕਿ ਉਹਨਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਜਿਹਨਾਂ ਵਿੱਚ ਹੱਤਿਆ ਦੀ ਕੋਸ਼ਿਸ਼, ਅਗਵਾ ਕਰਨਾ ਤੇ ਮਹਿਲਾਵਾਂ ਦੇ ਖ਼ਿਲਾਫ਼ ਅਪਰਾਧ ਵਰਗੇ ਮਾਮਲੇ ਸ਼ਾਮਲ ਹਨ। ਇਹਨਾਂ ਵਿੱਚੋਂ 2 ਮੰਤਰੀਆਂ ਨੇ ਐਲਾਨ ਕੀਤਾ ਹੈ ਕਿ ਉਹਨਾਂ ਖ਼ ?ਲਾਫ਼ ਧਾਰਾ 307 (ਹੱਤਿਆ ਕਰਨ ਦੀ ਕੋਸ਼ਿਸ਼) ਦੇ ਕੇਸ ਦਰਜ ਹਨ। ਪੰਜ ਮੰਤਰੀਆਂ ਦਾ ਐਲਾਨ ਹੈ ਕਿ ਉਹਨਾਂ ਵਿਰੁੱਧ ਮਹਿਲਾਵਾਂ ਨਾਲ ਸੰਬੰਧਿਤ ਮਾਮਲੇ ਦਰਜ ਹਨ। ਇਸ ਮੰਤਰੀ ਮੰਡਲ ਦੇ 8 ਮੰਤਰੀਆਂ ਵਿਰੁੱਧ ਨਫਰਤੀ ਭਾਸ਼ਨ ਦੇਣ ਨਾਲ ਜੁੜੇ ਮਾਮਲੇ ਦਰਜ ਹਨ। ਇਹਨਾਂ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ, ਧਰਮਿੰਦਰ ਪ੍ਰਧਾਨ, ਗਿਰੀਰਾਜ ਸਿੰਘ ਸ਼ੋਭਾ ਕਰੰਦਲਾਜੇ ਨਿਤਿਆਨੰਦ ਰਾਏ ਦੇ ਨਾਂਅ ਸ਼ਾਮਲ ਹਨ।

ਇਸੇ ਤਰ੍ਹਾਂ ਸਭ ਤੋਂ ਵੱਧ ਜਾਇਦਾਦ ਵਾਲੇ ਕਰੋੜ ਪਤੀਆਂ ਦੇ ਮਾਮਲੇ ਵਿੱਚ ਆਂਧਰਾ ਪ੍ਰਦੇਸ਼ ਦੇ ਗੁੰਟੂਰ ਹਲਕੇ ਤੋਂ ਜਿੱਤੇ ਆਗੂ ਡਾ. ਚੰਦਰਸ਼ੇਖਰ ਪੇਮਾਸਾਨੀ ਕੋਲ 5705 ਕਰੋੜ, ਦੂਜੇ ਨੰ: ਤੇ ਜੋਤੀਰਾਦਿੱਤਿਆ ਸਿੰਧੀਆ ਕੋਲ 424 ਕਰੋੜ ਅਤੇ ਇਸੇ ਤਰ੍ਹਾਂ ਜਨਤਾ ਦਲ (ਐਸ) ਦੇ ਐਚ ਡੀ ਕੁਮਾਰ ਸਵਾਮੀ ਕੋਲ 217 ਕਰੋੜ ਦੀ ਜਾਇਦਾਦ ਹੈ। ਹੋਰ ਕਈ ਮੰਤਰੀ ਅਜਿਹੇ ਹਨ ਜਿਹਨਾਂ ਕੋਲ 100 - 100 ਕਰੋੜ ਤੋਂ ਜਿਆਦਾ ਦੀ ਜਾਇਦਾਦ ਹੈ, ਇਹਨਾਂ ਵਿੱਚ ਅਸ਼ਵਨੀ ਵੈਸ਼ਣਵ, ਰਾਓ ਇੰਦਰਜੀਤ ਸਿੰਘ ਤੇ ਪਿਊਸ਼ ਗੋਇਲ ਵੀ ਸ਼ਾਮਲ ਹਨ। ਦੂਜੇ ਪਾਸੇ ਦੇਸ਼ ਦੀ 80 ਕਰੋੜ ਤੋਂ ਵੀ ਵੱਧ ਜਨਤਾ ਸਰਕਾਰ ਵੱਲੋਂ ਦਿੱਤੇ ਜਾਂਦੇ ਕਫਾਇਤੀ ਰੇਟ ਜਾਂ ਮੁੱਫਤ ਰਾਸ਼ਣ ’ਤੇ ਗੁਜਾਰਾ ਕਰਨ ਲਈ ਮਜਬੂਰ ਹੈ। ਸਰਕਾਰ ਇਸ ਦਿੱਤੇ ਜਾ ਰਹੇ ਰਾਸ਼ਣ ਨੂੰ ਬੜੇ ਫ਼ਖ਼ਰ ਨਾਲ ਆਪਣੀ ਵੱਡੀ ਪ੍ਰਾਪਤੀ ਦੱਸ ਰਹੀ ਹੈ, ਜਦੋਂਕਿ ਇਹ ਬੜੀ ਸ਼ਰਮ ਦੀ ਗੱਲ ਹੈ ਕਿ ਅੰਗਰੇਜ਼ਾਂ ਤੋਂ ਬਾਅਦ ਪੌਣੀ ਸਦੀ ਬੀਤ ਜਾਣ ਬਾਅਦ ਵੀ ਅਜੇ ਤੱਕ ਉਹ ਰੋਟੀ ਕਮਾਉਣ ਯੋਗ ਕੋਈ ਰੋਜ਼ਗਾਰ ਦੇਣ ਦੇ ਯੋਗ ਵੀ ਨਹੀਂ ਕੀਤੇ ਜਾ ਸਕੇ। ਗੱਲਾਂ ਦੇਸ਼ ਨੂੰ ਦੁਨੀਆਂ ਦੀ ਵੱਡੀ ਆਰਥਿਕ ਸ਼ਕਤੀ ਵਿੱਚ ਪ੍ਰਵੇਸ ਕਰਨ ਦੀਆਂ ਕੀਤੀਆਂ ਜਾ ਰਹੀਆਂ ਹਨ, ਜਦੋਂਕਿ ਵਿਦੇਸ਼ੀ ਕਰਜ਼ਾ ਅਮਰ ਵੇਲ ਵਾਂਗ ਵਧ ਰਿਹਾ ਹੈ ਅਤੇ ਦੇਸ਼ ਦੇ ਸਾਰੇ ਕਮਾਊ ਅਦਾਰੇ ਵੇਚਕੇ ਕਾਰਪੋਰੇਟਾਂ ਦੇ ਹਵਾਲੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ।

ਲੋਕ ਰਾਜ ਦੇ ਨਾਂ ਹੇਠ ਵੋਟਾਂ ਰਾਹੀਂ ਲੋਕਾਂ ਵੱਲੋਂ ਹਰਾਏ ਹੋਏ ਉਮੀਦਵਾਰ ਨੂੰ ਮੰਤਰੀਆਂ ਦੇ ਔਹੁਦੇ ਦੇ ਕੇ ਨਿਵਾਜਣਾ ਕੀ ਲੋਕ ਰਾਜ ਦੇ ਨਾਂ ਤੇ ਵੋਟਾਂ ਰਾਹੀਂ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਨਹੀਂ ? ਜੇਕਰ ਕੋਈ ਸਰਕਾਰ ਦੀਆਂ ਦੇਸ਼ ਵਿਰੋਧੀ ਗਤੀਵਿੱਧੀਆਂ ਬਾਰੇ ਅਸਹਿਮਤੀ ਪ੍ਰਗਟਾਉਂਦਿਆਂ ਲੋਕ ਚੇਤਨਾ ਫੈਲਾਉਣ ਦੀ ਆਵਾਜ ਉਠਾਉਂਦਾ ਹੈ ਤਾਂ ਉਸ ਖਿਲਾਫ ਦੇਸ਼ ਧਰੋਹੀ ਵਰਗੇ ਕੇਸ ਦਰਜ ਕਰਕੇ ਉਸ ਦੀ ਦੇਸ਼ ਪੱਖੀ ਸਹੀ ਆਵਾਜ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ। ਕਿੰਨੇ ਹੀ ਅਜਿਹੇ ਲੋਕ ਅੱਜ ਵੀ ਬਿਨਾ ਕੋਈ ਕੇਸ ਚਲਾਏ ਜੇਲ੍ਹਾਂ ਵਿੱਚ ਬੰਦ ਹਨ।


ਸਰਕਾਰਾਂ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਵੀ ਲੋਕਾਂ ਨੂੰ ਧਰਮਾਂ, ਜਾਤਾਂ ਅਤੇ ਇਲਾਕਿਆਂ ਆਦਿ ਦੇ ਨਾਂ ਹੇਠ ਵੰਡਕੇ ਆਪਣਾ ਵੋਟ ਬੈਂਕ ਵਧਾਉਣ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਦਿੰਦੀਆਂ। ਇਹਨਾਂ ਚੋਣਾ ਵਿੱਚ ਵੀ ਧਰਮ ਅਧਾਰਤ ਨਫਰਤੀ ਭਾਸ਼ਾ ਵਰਤਕੇ ਇੱਕ ਧਰਮ ਦੀ ਜਾਇਦਾਦ ਅਤੇ ਔਰਤਾਂ ਦੇ ਮੰਗਲ ਸੂਤਰ ਤੱਕ, ਦੂਸਰੇ ਧਰਮਾਂ ਵਿੱਚ ਵੰਡ ਦੇਣ ਦੇ ਫਿਰਕੂ ਭਾਸ਼ਣ ਦਿੱਤੇ ਗਏ, ਜੋ ਕਿ ਸ਼ਰੇਆਮ ਫਿਕਾਪ੍ਰਸਤੀ ਫੈਲਾਉਣ ਦਾ ਮਾਮਲਾ ਹੈ। ਪਰ ਨਾ ਕਿਸੇ ਚੋਣ ਕਮਿਸਨ ਤੇ ਨਾ ਹੀ ਕਿਸੇ ਕਾਨੂੰਨ ਨੇ ਇਸ ਦਾ ਕੋਈ ਠੋਸ ਨੋਟਿਸ ਲਿਆ। ਦੂਜੇ ਪਾਸੇ ਅਮਨ ਕਾਨੂੰਨ ਬਣਾਈ ਰੱਖਣ ਦੇ ਨਾਂ ਹੇਠ, ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜ ਰਹੇ ਲੋਕਾਂ ਦੇ ਘੋਲਾਂ ਨੂੰ ਗੈਰ ਕਾਨੂੰਨੀ ਕਹਿ ਕੇ ਝੱਟ ਕੇਸ ਦਰਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਸਪਸਟ ਹੈ ਕਿ ਦੇਸ਼ ਪੱਖੀ ਲੋਕਾਂ ਲਈ ਕਾਨੂੰਨ ਹੋਰ ਅਤੇ ਦੇਸ਼ ਨੂੰ ਵੇਚਣ ਵਾਲੇ ਸਿਆਸਤਦਾਨਾ ਲਈ ਕਾਨੂੰਨ ਹੋਰ। ਇਹ ਸਭ ਦੇਸ਼ ਦੇ ਗਰਕ ਚੁੱਕੇ ਰਾਜ ਪ੍ਰਬੰਧ ਦੀਆਂ ਨਿਸ਼ਾਨੀਆਂ ਹਨ।

ਦੇਸ਼ ਦੇ ਗਰਕ ਚੁੱਕੇ ਇਸ ਰਾਜ ਪ੍ਰਬੰਧ ਅਤੇ ਸਿਆਸਤਦਾਨਾਂ ਦੇ ਗਿਰ ਚੁੱਕੇ ਕਿਰਦਾਰ ਵੱਲ ਵਧ ਰਹੇ ਰੁਝਾਨ ਨੂੰ ਬ੍ਰੇਕਾਂ ਲਾਉਣ ਲਈ, ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਅਜਿਹੇ ਹਾਲਾਤਾਂ ਤੋਂ ਛੁਟਕਾਰਾ ਪਾਉਣ ਲਈ ਦੇਸ਼ ਦੀ ਜਨਤਾ ਦੀ ਜੁੰਮੇਵਾਰੀ ਬਣਦੀ ਹੈ ਕਿ ਉਹ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਅਜਿਹੇ ਸਿਆਸਤਦਾਨਾਂ ਅਤੇ ਉਹਨਾਂ ਦੇ ਚਾਪਲੂਸ ਘੜੱਮ ਚੌਧਰੀਆਂ ਦੇ ਦਬਾਅ ਹੇਠੋਂ ਨਿੱਕਲਕੇ ਆਪਣੀ ਜੱਥੇਬੰਦਕ ਤਾਕਤ ਮਜਬੂਤ ਕਰਦਿਆਂ ਦੇਸ਼ ਨੂੰ ਇਹਨਾਂ ਦੀ ਚੁੰਗਲ ਵਿੱਚੋਂ ਕੱਢਣ ਲਈ ਅੱਗੇ ਆਉਣ। ਕਿਉਂਕਿ ਮੌਜੂਦਾ ਵੋਟ ਸਿਸਟਮ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਬੈਠੇ ਦਲਾਲ ਕਿਸਮ ਦੇ ਘੜੱਮ ਚੌਧਰੀਆਂ ਦੀ ਦੇਖ ਰੇਖ ਹੇਠ ਚਲਾਇਆ ਜਾ ਰਿਹਾ ਹੈ ਜੋ ਸਰਕਾਰੇ ਦਰਬਾਰੇ ਲੋਕਾਂ ਦੇ ਮਾੜੇ ਮੋਟੇ ਕੰਮ ਕਰਵਾਉਣ ਲਈ ਸਿਆਸੀ ਅਤੇ ਪ੍ਰਸਾਸਨਿਕ ਵਿਚੋਲੇ ਵਜੋਂ ਵਿਚਰਦੇ ਹਨ। ਭਾਵੇਂ ਇਹਨਾਂ ਚੋਣਾਂ ਵਿੱਚ ਲੋਕ ਇਸ ਗੱਲ ਨੂੰ ਸਮਝਕੇ ਅੱਗੇ ਵੀ ਆਏ ਹਨ ਅਤੇ ਸਿਆਸੀ ਉਮੀਦਵਾਰਾਂ ਤੋਂ ਸਿੱਧੇ ਸਵਾਲ ਪੁੱਛਣ ਲੱਗੇ ਹਨ ਜੋ ਆਣ ਵਾਲੇ ਬਦਲ ਲਈ ਸ਼ੁਭ ਸੰਕੇਤ ਹੈ। ਇਸ ਤੋਂ ਬਿਨਾਂ ਦੇਸ਼ ਨੂੰ ਵੇਚਣ ਦੇ ਰਾਹ ਟੁਰੇ ਸਿਆਸਤਦਾਨਾਂ ਨੂੰ ਰੋਕਣ ਅਤੇ ਗਰਕ ਚੁੱਕੇ ਰਾਜ ਪ੍ਰਬੰਧ ਨੂੰ ਬਦਲ ਕੇ ਨਵਾਂ ਉਸਾਰਨ ਦਾ ਕੰਮ ਪੂਰਾ ਨਹੀਂ ਹੋਵੇਗਾ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# 'ਸੰਮਾਂ ਵਾਲੀ ਡਾਂਗ' ਨਾਟਕ : ਜੀਵਨ ਦੀਆਂ ਕੌੜੀਆਂ ਹਕੀਕਤਾਂ ਦੀ ਪੇਸ਼ਕਾਰੀ







ਬਰੈਂਪਟਨ, (ਡਾ. ਝੰਡ) : ਲੰਘੇ ਸ਼ਨੀਵਾਰ 22 ਜੂਨ ਨੂੰ 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਮਿਲ ਕੇ ਵਿਸ਼ਵ ਪੰਜਾਬੀ ਭਵਨ ਵਿਚ ਡਾ. ਸਾਹਿਬ ਸਿੰਘ ਦੇ ਇਕ-ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਦਾ 200ਵਾਂ ਸ਼ੋਅ ਸਫ਼ਲਤਾ ਪੂਰਵਕ ਕਰਵਾਇਆ ਗਿਆ। ਮੱਧ-ਵਰਗੀ ਕਿਸਾਨੀ ਅਤੇ ਪੇਂਡੂ ਦਲਿਤ ਵਰਗ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਬਿਆਨ ਕਰਦੇ ਇਸ ਨਾਟਕ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। 200 ਦੇ ਲੱਗਭੱਗ ਸੀਟਾਂ ਵਾਲਾ ਹਾਲ ਪੂਰਾ ਭਰਿਆ ਹੋਇਆ ਸੀ।

ਨਾਟਕ ਵਿਚ ਡਾ. ਸਾਹਿਬ ਸਿੰਘ ਵੱਲੋਂ ਇਸ ਦੇ ਨਾਇਕ ਬਖਤਾਵਰ ਸਿੰਘ ਤੇ ਹੋਰ ਪਾਤਰਾਂ ਦੀਆਂ ਵੱਖ-ਵੱਖ ਨਿਭਾਈਆਂ ਗਈਆਂ ਭੂਮਿਕਾਵਾਂ ਦੇ ਭਾਵਪੂਰਤ ਅੰਦਾਜ਼ ਵੇਖਣੇ ਹੀ ਬਣਦੇ ਸਨ, ਖ਼ਾਸ ਕਰਕੇ ਉਸਦੀ ਬੇਟੀ ਦੀ ਡੋਲ਼ੀ ਤੋਰਨ ਅਤੇ ਬੇਟੇ ਪਾਲੀ ਦੀ ਮੌਤ ਨੂੰ ਦਰਸਾਉਣ ਵਾਲੇ ਦ੍ਰਿਸ਼ਾਂ ਨੇ ਤਾਂ ਸਾਰੇ ਦਰਸ਼ਕਾਂ ਨੂੰ ਹੀ ਭਾਵੁਕ ਕਰ ਦਿੱਤਾ। ਨਾਟਕ ਵਿੱਚ ਬਾਖ਼ੂਬੀ ਦਰਸਾਇਆ ਗਿਆ ਕਿ ਕਿਵੇਂ ਭਾਰੀ ਮੀਂਹ ਤੇ ਝੱਖੜ ਦੌਰਾਨ ਬਿਜਲੀ ਦੀ ਨੰਗੀ ਤਾਰ ਢਿੱਲੀ ਹੋਣ ਕਰਕੇ ਅਚਾਨਕ ਸਿਰ 'ਤੇ ਟਰੰਕ ਚੁੱਕੀ ਆਉਂਦੇ ਪਾਲੀ ਉੱਪਰ ਡਿੱਗਦੀ ਹੈ ਅਤੇ ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਜਾਂਦੀ ਹੈ। ਮੋਢੇ 'ਤੇ ਪਾਏ ਹੋਏ ਡੱਬੀਆਂ ਵਾਲੇ ਪਰਨੇ (ਸਾਫ਼ੇ) ਨੂੰ ਖਿਲਰੇ ਹੋਏ ਦੋਹਾਂ ਹੱਥਾਂ ਵਿਚ ਲਮਕਾਅ ਕੇ ਉਹ ਆਪਣੇ ਬੇਟੇ ਪਾਲੀ ਦੀ ਲਾਸ਼ ਦਾ ਅਤੀ ਕਰੁਣਾਮਈ ਦ੍ਰਿਸ਼ ਪੇਸ਼ ਕਰਦਾ ਹੈ। ਏਸੇ ਤਰ੍ਹਾਂ ਧੀ ਦੀ ਡੋਲ਼ੀ ਤੋਰਨ ਸਮੇਂ ਪਿੱਠ-ਭੂਮੀ 'ਚ ਚੱਲ ਰਹੇ ਗੀਤ "ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ" ਨੇ ਇਸ ਸੀਨ ਨੂੰ ਹੋਰ ਵੀ ਭਾਵੁਕ ਕਰ ਦਿੱਤਾ।

ਏਨਾ ਹੀ ਨਹੀਂ ਨਾਟਕ ਵਿਚ ਬਹੁਤ ਸਾਰੇ ਹਾਸਰਸ, ਵਿਅੰਗਾਤਮਿਕ ਅਤੇ ਰੋਮਾਂਟਿਕ ਸੀਨ ਵੀ ਸਨ। ਸਟੇਜ ਦੇ ਇੱਕ ਪਾਸੇ ਰੱਖੀ ਗਈ ਦੇਸ਼ ਦੇ ਪ੍ਰਧਾਨ ਮੰਤਰੀ ਦੀ ਉੱਚੀ ਕੁਰਸੀ ਨੂੰ ਮੁਖ਼ਾਤਿਬ ਹੋ ਕੇ ਬਖਤਾਵਰ ਸਿੰਘ ਉੱਚੀ ਆਵਾਜ਼ ਵਿਚ ਕਹਿੰਦਾ ਹੈ, "ਪਿਛਲੇ 75-76 ਸਾਲਾਂ ਵਿੱਚ ਇਸ ਕੁਰਸੀ ਉੱਪਰ ਕਈ ਪ੍ਰਧਾਨ ਮੰਤਰੀ ਬੈਠੇ ਹਨ। ਉਨ੍ਹਾਂ ਵਿੱਚੋਂ ਬਹੁਤੇ ਤਾਂ ਬੋਲਦੇ ਹੀ ਨਹੀਂ ਹਨ, ਦੇਸ਼ ਦੇ ਮਸਲਿਆਂ ਨੂੰ ਉਨ੍ਹਾਂ ਹੱਲ ਕੀ ਕਰਨਾ ਸੀ। ਇੱਕ ਤਾਂ ਬਿਲਕੁਲ ਹੀ 'ਘੁੰਨਾ' ਜਿਹਾ ਬਣ ਕੇ ਬੈਠਾ ਰਿਹਾ ਤੇ ਹੁਣ ਇੱਕ ਹੈ ਕਿ ਬੋਲਣੋਂ ਹੱਟਦਾ ਈ ਨਹੀਂ। ਉਸ ਦੇ 'ਮਨ ਕੀ ਬਾਤ' ਹੀ ਨਹੀਂ ਮੁੱਕਦੀ। ਬੱਸ, ਗੱਲਾਂ ਨਾਲ ਹੀ ਸਾਰੀ ਜਾਂਦਾ ਹੈ।"

ਖੁੱਲ੍ਹੇ ਜਿਹੇ ਬੁਣੇ ਹੋਏ 'ਜਾਲ਼ੀਦਾਰ ਪਰਦੇ' ਜੋ ਘਰ ਦੇ ਵਿਹੜੇ ਅਤੇ ਅੰਦਰਲੇ ਕਮਰਿਆਂ ਵਿਚਕਾਰ 'ਦੀਵਾਰ' ਦਾ ਕੰਮ ਕਰਦਾ ਹੈ, ਦੇ ਪਿੱਛਲੇ ਪਾਸੇ ਜਾ ਕੇ ਬਖਤਾਵਰ ਸਿੰਘ ਨੀਲੇ ਅਤੇ ਲਾਲ ਕਪੜਿਆਂ ਦੇ ਸਿਰਿਆਂ ਨੂੰ ਆਪਣੇ ਹੱਥ ਵਿੱਚ ਕਲਾਮਈ ਤਰੀਕੇ ਨਾਲ ਉਲਝਾ ਕੇ ਆਪਣੇ ਵਿਵਾਹਿਤ ਜੀਵਨ ਦੇ ਰੋਮਾਂਟਿਕ ਦਿਨਾਂ ਨੂੰ ਬਾਖ਼ੂਬੀ ਦਰਸਾਉਂਦਾ ਹੈ ਅਤੇ ਇੱਕ ਹੋਰ ਸੀਨ ਵਿੱਚ ਇਕ ਫੁਲਕਾਰੀ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਆਪਣੀ ਬੇਟੀ ਦੇ ਵਿਆਹ ਦੇ ਦਿਨ ਨੂੰ ਯਾਦ ਕਰਦਾ ਹੈ। ਇਸ ਤਰ੍ਹਾਂ ਦੇ ਕਈ ਹੋਰ ਦ੍ਰਿਸ਼ਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੇ ਮੋਢੇ 'ਤੇ ਸੁੱਟੇ ਹੋਏ 'ਸਾਫ਼ੇ' ਦੀਆਂ ਵੱਖ-ਵੱਖ ਹਰਕਤਾਂ ਦੇ ਨਾਲ ਬਹੁਤ ਹੀ ਕਲਾਮਈ ਢੰਗ ਨਾਲ ਪੇਸ਼ ਕੀਤਾ।

ਨਾਟਕ ਵਿਚ ਡਾ. ਸਾਹਿਬ ਸਿੰਘ ਨੇ 2020 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੀ ਵਧੇਰੇ ਚੱਲੇ 'ਕਿਸਾਨ ਅੰਦੋਲਨ' ਨੂੰ ਵੀ ਬੜੇ ਵਧੀਆ ਤਰ੍ਹਾਂ ਪੇਸ਼ ਕੀਤਾ ਹੈ। ਨਾਇਕ ਬਖਤਾਵਰ ਸਿੰਘ ਦੱਸਦਾ ਹੈ ਕਿ ਕਿਵੇਂ ਉਸ ਦਾ ਬਾਪ ਭਾਰਤੀ ਫ਼ੌਜ ਵਿੱਚੋਂ ਸੇਵਾ-ਮੁਕਤ ਹੋਣ ਪਿਛੋਂ ਆਪਣੀ ਥੋੜ੍ਹੀ ਜਿਹੀ ਜ਼ਮੀਨ 'ਤੇ ਖੇਤੀ ਕਰਦਿਆਂ ਕਿਵੇਂ ਉਹ ਆਪਣੇ ਸਾਥੀ ਕਿਸਾਨਾਂ ਨਾਲ ਇਸ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਇਆ ਅਤੇ ਇਸ ਦੌਰਾਨ ਕਿਵੇਂ ਉਹ ਅੰਦੋਲਨ ਵਿਚ ਸ਼ਹੀਦ ਹੋ ਗਿਆ। ਇਸ ਤਰ੍ਹਾਂ ਨਾਟਕਕਾਰ ਵੱਲੋਂ ਸਰਕਾਰਾਂ ਦੇ "ਜੈ ਜਵਾਨ" ਤੇ "ਜੈ ਕਿਸਾਨ" ਦੇ ਫੋਕੇ ਨਾਅਰਿਆਂ ਦੀ ਪੋਲ ਬਾਖ਼ੂਬੀ ਖੋਲ੍ਹੀ ਗਈ ਹੈ।

ਨਾਟਕ ਵਿਚ ਡਾ. ਸਾਹਿਬ ਨੇ ਇਹ ਵੀ ਦੱਸਿਆ ਹੈ ਕਿ ਪੰਜਾਬੀ ਆਪਣੇ ਕਈ ਮਸਲਿਆਂ ਦੇ ਹੱਲ ਆਪ ਹੀ ਕੱਢ ਲੈਂਦੇ ਹਨ। ਖੇਤਾਂ ਵਿੱਚ ਹਲ ਵਾਹੁੰਦਿਆਂ ਲੱਤ ਉੱਪਰ ਵੱਜੇ ਹੋਏ ਫ਼ਾਲੇ ਦੇ ਡੂੰਘੇ ਫੱਟ 'ਤੇ ਗਿੱਲੀ ਮਿੱਟੀ ਰੱਖ ਕੇ ਵੱਗਦਾ ਹੋਇਆ ਖ਼ੂਨ ਬੰਦ ਕਰ ਲੈਂਦੇ ਹਨ। ਪੱਠੇ ਵੱਢਦਿਆਂ ਦਾਤਰੀ ਹੱਥ 'ਤੇ ਫਿਰ ਜਾਣ 'ਤੇ ਉਸ ਉੱਪਰ ਪਿਸ਼ਾਬ ਕਰਕੇ ਹੀ ਜ਼ਖ਼ਮ ਨੂੰ ਠੀਕ ਕਰ ਲੈਂਦੇ ਹਨ। ਉਹ ਖੇਤਾਂ ਵਿਚ ਅਤੇ ਘਰਾਂ ਦੇ ਵਿਹੜਿਆਂ ਵਿਚ ਆਏ ਸੱਪਾਂ ਨੂੰ ਕੁਝ ਨਹੀਂ ਕਹਿੰਦੇ ਅਤੇ ਸੋਟੀ ਨਾਲ ਮਾੜਾ ਜਿਹਾ ਛੇੜ ਕੇ ਅੱਗੇ ਜਾਣ ਦਿੰਦੇ ਹਨ ਪਰ ਉਹ ਸੱਪ ਜਦੋਂ ਉਨ੍ਹਾਂ ਦੇ ਘਰਾਂ ਦੇ ਅੰਦਰ ਆ ਵੜਦੇ ਹਨ ਤਾਂ ਕਿਵੇਂ ਉਨ੍ਹਾਂ ਦੀਆਂ ਸਿਰੀਆਂ ਨੂੰ ਆਪਣੀਆਂ ਸੰਮਾਂ ਵਾਲੀਆਂ ਡਾਂਗਾਂ ਨਾਲ ਫੇਹ ਸੁੱਟਦੇ ਹਨ।

ਸਵਾ ਘੰਟੇ ਚੱਲੇ ਇਸ ਨਾਟਕ ਵਿੱਚ ਕਈ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲੇ। ਦੁੱਖ, ਸੁੱਖ, ਗ਼ਮੀ, ਖ਼ੁਸ਼ੀ, ਗੁੱਸੇ ਤੇ ਨਾਰਾਜ਼ਗੀ ਦੇ ਕਈ ਦੌਰ ਆਏ ਜਿਨ੍ਹਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੀ ਕਲਾ ਨਾਲ ਮੰਚ ਉੱਪਰ ਬਾਖ਼ੂਬੀ ਉਘੇੜਿਆ। ਇਸ ਦੌਰਾਨ ਕਈ ਦਰਸ਼ਕ (ਸਮੇਤ ਇਨ੍ਹਾਂ ਸਤਰਾਂ ਦੇ ਲੇਖਕ) ਆਪਣੀਆਂ ਅੱਖਾਂ ਪੂੰਝਦੇ ਅਤੇ ਡੁਸਕਦੇ ਹੋਏ ਵਿਖਾਈ ਦਿੱਤੇ। ਨਾਟਕ ਦੀ ਸਮਾਪਤੀ 'ਤੇ ਸਰੋਤਿਆਂ ਵੱਲੋਂ ਖੜੇ ਹੋ ਕੇ ਤਾੜੀਆਂ ਦੀ ਗੂੰਜ ਵਿਚ ਇਸ ਦੀ ਭਰਪੂਰ ਸਰਾਹਨਾ ਕੀਤੀ ਗਈ। ਕਈਆਂ ਨੇ ਬਾਅਦਵਿਚ ਸਟੇਜ ਉੱਪਰ ਜਾ ਕੇ ਡਾ. ਸਾਹਿਬ ਸਿੰਘ ਦੇ ਨਾਲ ਖਲੋ ਕੇ ਤਸਵੀਰਾਂ ਵੀ ਖਿਚਵਾਈਆਂ। ਇਹ ਇਸ ਨਾਟਕ ਦੀ ਵੱਡੀ ਪ੍ਰਾਪਤੀ ਸੀ। 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਡਾ. ਸਾਹਿਬ ਸਿੰਘ ਨੂੰ ਸਨਮਾਨਿਤ ਕੀਤਾ ਗਿਆ।









Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4



THE HARP GREWAL ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS



Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary



Punjabi Rang Radio



CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਚਾਰ ਕਿਰਤ ਕੋਡ - ਕਿਰਤੀਆਂ ਦੇ ਜਮਹੂਰੀ ਅਧਿਕਾਰਾਂ ਦੇ ਗਲ 'ਚ ਅੰਗੂਠਾ

ਨਰਭਿੰਦਰ
93544-30211



***ਦਰਅਸਲ ਭਾਰਤੀ ਹਕੂਮਤ ਮਜ਼ਦੂਰਾਂ ਦੇ ਅਧਿਕਾਰਾਂ ਪ੍ਰਤੀ ਕਦੇ ਵੀ ਗੰਭੀਰ ਨਹੀਂ ਰਹੇ। ਜਿਹੜੇ ਅਧਿਕਾਰ ਮਜ਼ਦੂਰਾਂ ਨੇ ਹਾਸਲ ਕੀਤੇ ਸਨ ਇਹ ਬਰਤਾਨਵੀ ਹਾਕਮਾਂ ਵਿਰੁੱਧ ਮੁਕਤੀ ਦੀ ਲੜਾਈ ਦਾ ਸਿੱਟੇ ਹਨ ਜਾਂ ਫਿਰ 1947 ਤੋਂ ਪਿਛੋਂ ਮਜ਼ਦੂਰ ਟਰੇਡ ਯੂਨੀਅਨ ਲਹਿਰ ਦਾ ਹਾਸਲ ਹਨ। 90ਵਿਆਂ ਤੋਂ ਪਿਛੋਂ ਮਜ਼ਦੂਰਾਂ ਦੀ ਲਹਿਰ ਦੀ ਜਥੇਬੰਦਕ ਤਾਕਤ ਖਿੰਡਨੀ ਸ਼ੁਰੂ ਹੋਈ ਅਤੇ ਹਾਕਮ ਉਨ੍ਹਾਂ ਨੂੰ ਮਿਲੇ ਤੁੱਛ ਅਧਿਕਾਰਾਂ ਨੂੰ ਵੀ ਖੋਹਣ ਚਲ ਪਏ। ਵਿਸ਼ੇਸ਼ ਕਰਕੇ ਹੁਣ ਜਦੋਂ ਬੇਰੁਜ਼ਗਾਰੀ ਆਪਣੀ ਸਭ ਤੋਂ ਸਿਖਰਲੀ ਸੀਮਾ ਉਤੇ ਪਹੁੰਚ ਗਈ ਹੈ ਤਾਂ ਕਾਰਪੋਰੇਟ ਪੂੰਜੀ ਲਈ ਆਪਣੇ ਮੁਨਾਫ਼ਿਆਂ ਨੂੰ ਹੋਰ ਵਧਾਉਣ ਲਈ ਸਸਤੀ ਤੋਂ ਸਸਤੀ ਅਤੇ ਬਿਨਾਂ ਕਿਸੇ ਬੰਦੇਜ਼ ਤੇ ਦਬਾਅ ਦੇ ਮਜ਼ਦੂਰਾਂ ਦੀ ਪੂਰਤੀ ਦੀ ਲੋੜ ਹੈ। – ਸੰਪਾਦਕ***

